ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



ਪਹਿਲੀ ਜੁਲਾਈ : ਕਨੇਡਾ ਦਿਵਸ

ਸਾਲ : 4 ਅੰਕ : 06 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਜੂਨ 2013

Canadian Citizenship Test ਸਿਟੀਜ਼ਨਸ਼ਿਪ ਟੈਸਟ 'ਚ ਫੇਲ੍ਹ ਹੋਣ ਵਾਲਿਆਂ ਨੂੰ .... ਪੰਨਾ-3



ਯਾਦਗਾਰ ਨਾਲ ਅਕਾਲੀ-ਭਾਜਪਾ 'ਚ ਆ ਸਕਦੀ ਹੈ ਦਰਾਰ ਪੰਨਾ-9



ਲੋਕ ਦਿਲਾਂ ਉੱਤੇ ਰਾਜ ਪੈਸੇ ਦੇ ਸਿਰ 'ਤੇ ਨਹੀਂ ਕਲਾ ਸਿਰ 'ਤੇ ਹੁੰਦਾ ਹੈ ਪੰਨਾ-28



ਆਬ ਦੇ ਨਿਸ਼ਾਨ 'ਚ ਚੇਤਨਾ ਦੇ ਮੰਥਨ ਪੰਨਾ-46

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

# ਹਾਰਪਰ ਸਰਕਾਰ ਦੇ ਵਕਾਰ ਨੂੰ ਢਾਹ

## ਡਫੀ ਦੇ ਖਰਚਿਆਂ ਦੀ ਜਾਂਚ ਆਰ.ਸੀ.ਐਮ.ਪੀ. ਹਵਾਲੇ

ਓਟਾਵਾ (ਨਦਬ) ਸਟੀਫਨ ਹਾਰਪਰ ਸਰਕਾਰ ਨੂੰ ਅੱਜ ਕੱਲ੍ਹ ਆਪਣੇ ਚੀਫ਼ ਆਫ਼ ਸਟਾਫ ਨਾਈਜ਼ਲ ਰਾਈਟ ਵਲੋਂ ਸੈਨੇਟਰ ਮਾਈਕ ਡਫੀ ਨੂੰ ਦਿੱਤੀ ਗਈ 90 ਹਜ਼ਾਰ ਡਾਲਰ ਦੀ ਆਰਥਕ ਮੱਦਦ ਕਾਰਨ ਖਾਸੀ ਮੁਸ਼ਕਲ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਇਸ ਮਾਮਲੇ ਬਾਰੇ ਥਾਂ-ਥਾਂ ਸਫ਼ਾਈ ਦੇਣੀ ਪੈ ਰਹੀ ਹੈ। ਹੁਣ ਅੰਦਰੂਨੀ ਵਿੱਤੀ ਮਾਮਲਿਆਂ ਸਬੰਧੀ ਸੈਨੇਟ ਕਮੇਟੀ ਨੇ ਸਰਬਸੰਮਤੀ ਨਾਲ ਸੈਨੇਟਰ ਮਾਈਕ ਡਫੀ ਦੇ ਖਰਚਿਆਂ ਸਬੰਧੀ ਦਾਅਵਿਆਂ ਦਾ ਮਾਮਲਾ ਆਰ.ਸੀ.ਐਮ.ਪੀ. ਹਵਾਲੇ ਕਰਨ ਦਾ ਫ਼ੈਸਲਾ ਕੀਤਾ ਹੈ। ਸੈਨੇਟ ਕਲਰਕ ਨੇ ਇਹ ਰਿਪੋਰਟ ਦਿੱਤੀ ਸੀ ਕਿ ਜਿਸ ਸਮੇਂ ਡਫੀ ਸੈਨੇਟ ਦੇ ਕੰਮ ਕਾਰਨ ਓਟਾਵਾ ਨਹੀਂ ਸਨ ਹੁੰਦੇ, ਤਾਂ ਵੀ ਉਹ ਆਪਣੇ ਖਰਚਿਆਂ ਲਈ ਦਾਅਵਾ ਪੇਸ਼ ਕਰ ਦਿੰਦੇ ਸਨ। ਇਸ ਤੋਂ ਪਹਿਲਾਂ ਸੈਨੇਟ ਦੇ ਖਰਚਿਆਂ ਸਬੰਧੀ ਸਕੈਂਡਲ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਪ੍ਰਸ਼ਨ ਕਾਲ ਦੌਰਾਨ ਪ੍ਰਧਾਨ ਮੰਤਰੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। **(ਬਾਕੀ ਸਫ਼ਾ 4 'ਤੇ)**



# ਦਾਊਦ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਕ੍ਰਿਕਟਰ ਸ੍ਰੀਸੰਥ, ਚੰਡੀਲਾ ਅਤੇ ਚੌਹਾਨ

ਨਵੀਂ ਦਿੱਲੀ (ਨਦਬ) : ਆਈ.ਪੀ.ਐਲ. ਸਪਾਟ ਫ਼ਿਕਸਿੰਗ ਮਾਮਲੇ 'ਚ ਦਿੱਲੀ ਪੁਲਿਸ ਨੇ ਇਕ ਹੋਰ ਵੱਡਾ ਖੁਲਾਸਾ ਕੀਤਾ ਹੈ। ਕ੍ਰਿਕਟ ਖਿਡਾਰੀ ਸ੍ਰੀਸੰਥ, ਅਜੀਤ ਚੰਡੀਲਾ ਅਤੇ ਅੰਕਿਤ ਚੌਹਾਨ ਅੰਡਰਵਰਲਡ ਸਰਗਣੇ ਦਾਊਦ ਇਬਰਾਹੀਮ ਅਤੇ ਛੋਟਾ ਸ਼ਕੀਲ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਪੁਲੀਸ ਨੇ ਇਸੇ ਅਧਾਰ 'ਤੇ ਦਾਊਦ ਅਤੇ ਛੋਟਾ ਸ਼ਕੀਲ ਨੂੰ ਵੀ ਦੋਸ਼ੀ ਬਣਾਇਆ ਹੈ। ਨਾਲ ਹੀ ਤਿੰਨਾਂ ਖਿਡਾਰੀਆਂ ਸਣੇ ਗ੍ਰਿਫ਼ਤਾਰ 23 ਜਣਿਆਂ ਖ਼ਿਲਾਫ਼ ਮਕੋਕਾ ਤਹਿਤ ਕੇਸ ਦਰਜ ਕਰ ਲਿਆ ਹੈ। ਇਸੇ ਦੌਰਾਨ ਸੱਟੇਬਾਜ਼ੀ ਵਿਚ ਗ੍ਰਿਫ਼ਤਾਰ ਵਿੰਦੂ ਸਿੰਘ ਰੰਧਾਵਾ ਅਤੇ ਚੇਨਈ ਸੁਪਰਕਿੰਗਜ਼ ਦੇ ਸਾਬਕਾ ਮੁਖੀ ਗੁਰਨਾਥ ਮਯਪਨ ਨੂੰ ਜ਼ਮਾਨਤ ਮਿਲ ਗਈ ਹੈ।

*(ਸਪਾਟ ਫ਼ਿਕਸਿੰਗ ਮਾਮਲੇ 'ਤੇ ਵਿਸ਼ੇਸ਼ ਸਮਗਰੀ ਪੜ੍ਹੋ ਸਫ਼ਾ 35 'ਤੇ)*

REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ
ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (CELL)
780-450-6300 (24 HRS)
FAX: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
MLS
4107-99 St NW, Edmonton

ALL INDIA
RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa
Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh

# ਆਰ.ਟੀ.ਆਈ. ਤੋਂ ਡਰੀਆਂ ਸਾਰੀਆਂ ਪਾਰਟੀਆਂ ਹੋਈਆਂ ਇਕ

ਨਵੀਂ ਦਿੱਲੀ (ਨਦਬ) ਸੂਚਨਾ ਦਾ ਅਧਿਕਾਰ (ਆਰ.ਟੀ.ਆਈ.) ਦੇਣ ਵਾਲੀ ਕਾਂਗਰਸ ਪਾਰਟੀ ਹੀ ਹੁਣ ਖ਼ੁਦ ਇਸ ਦੇ ਦਾਇਰੇ ਵਿਚ ਆਉਣ ਨੂੰ ਤਿਆਰ ਨਹੀਂ। ਭਾਰਤੀ ਜਨਤਾ ਪਾਰਟੀ, ਜਨਤਾ ਦਲ (ਯੂ) ਅਤੇ ਬਾਕੀ ਪਾਰਟੀਆਂ ਨੇ ਵੀ ਕੇਂਦਰੀ ਸੂਚਨਾ ਕਮਿਸ਼ਨ ਦੇ ਛੇ ਕੌਮੀ ਪਾਰਟੀਆਂ ਨੂੰ ਆਰ.ਟੀ.ਆਈ. ਦੇ ਦਾਇਰੇ ਵਿਚ ਲਿਆਉਣ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ।

ਕਾਂਗਰਸ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਦਾ ਕਹਿਣਾ ਹੈ ਕਿ ਇਸ ਨਾਲ ਜਮਹੂਰੀ ਵਿਵਸਥਾ ਕਮਜ਼ੋਰ ਹੋਵੇਗੀ। ਭਾਜਪਾ ਆਗੂ ਮੁਖ਼ਤਾਰ ਅੱਬਾਸ ਨਕਵੀ ਨੇ ਇਸ ਨੂੰ ਸੰਵਿਧਾਨਕ ਸੰਕਟ ਦੱਸਿਆ। ਯਾਦ ਰਹੇ ਕਿ ਸੂਚਨਾ ਕਮਿਸ਼ਨ ਵਲੋਂ 3 ਜੂਨ ਨੂੰ ਕੌਮੀ ਪਾਰਟੀਆਂ ਨੂੰ ਆਰ.ਟੀ.ਆਈ. ਦਾਇਰੇ ਵਿਚ ਲਿਆਂਦਾ ਗਿਆ ਹੈ ਅਤੇ ਛੇ ਮਹੀਨਿਆਂ ਵਿਚ ਇਨ੍ਹਾਂ ਨੂੰ ਸੂਚਨਾ ਅਧਿਕਾਰੀ ਨਿਯੁਕਤ ਕਰਨ ਨੂੰ ਕਿਹਾ ਹੈ। ਕੌਮੀ ਪਾਰਟੀਆਂ ਨੂੰ ਸੂਚਨਾ ਅਧਿਕਾਰ ਦੇ ਦਾਇਰੇ ਵਿਚ ਇਸ ਲਈ ਲਿਆਂਦਾ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਨੂੰ ਅਸਿੱਧੇ ਤੌਰ 'ਤੇ ਸਰਕਾਰੀ ਮਦਦ ਮਿਲਦੀ ਹੈ। ਸਸਤੀ ਜ਼ਮੀਨ, ਕਿਰਾਏ ਵਿਚ ਛੋਟ, ਟੈਕਸਾਂ ਵਿਚ ਛੋਟ ਅਤੇ ਰੇਡੀਓ ਤੇ ਦੂਰਦਰਸ਼ਨ 'ਤੇ ਮੁਫ਼ਤ ਸਮਾਂ ਵੀ ਮਿਲਦਾ ਹੈ। ਉਧਰ ਸਿਆਸੀ ਪਾਰਟੀਆਂ ਦੀ ਦਲੀਲ ਹੈ ਕਿ ਉਨ੍ਹਾਂ ਨੂੰ ਸਰਕਾਰ ਤੋਂ ਕੋਈ ਵਿੱਤੀ ਮਦਦ ਨਹੀਂ ਮਿਲਦੀ ਅਤੇ ਇਸ ਨਾਲ ਨਿੱਜਤਾ ਦਾ ਅਧਿਕਾਰ ਖ਼ਤਮ ਹੋ ਜਾਵੇਗਾ ਅਤੇ ਵਿਰੋਧੀ ਇਸ ਦਾ ਲਾਭ ਉਠਾਉਣਗੇ। ਇਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਪਹਿਲਾਂ ਹੀ ਚੋਣ ਕਮਿਸ਼ਨ ਨੂੰ ਸਹੀ ਜਾਣਕਾਰੀ ਦੇ ਦਿੰਦੇ ਹਨ।

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

146ਵੇਂ ਕਨੇਡਾ ਦਿਵਸ ਦੀਆਂ ਲੱਖ-ਲੱਖ ਵਧਾਈਆਂ
Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

Do you think the Alberta government should go back into debt to pay for programs?
Do you think Alberta should live within its means so our children aren't paying off our debt?
We want to hear your voice, Alberta!
Visit www.albertasvoice.ca and tell us what you think.
Leader, Wildrose Official Opposition
ALBERTA'S voice
WILDROSE
OFFICIAL OPPOSITION



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਕੋਮਿਊਨਿਟੀ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ,
ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet






ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals
All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਕਨੇਡਾ ਦੀ ਵਸੋਂ ਬਾਰੇ ਨਵੇਂ ਅੰਕੜੇ ਜਾਰੀ

**2006 ਤੇ 2011 ਦਰਮਿਆਨ ਕਨੇਡਾ ਵਿਚ ਆਏ ਇਮੀਗ੍ਰੈਂਟਸ ਦਾ ਵਾਸਾ**

- ਓਨਟਾਰੀਓ : 43.1 ਫ਼ੀਸਦੀ
- ਕਿਊਬਿਕ : 19.2 ਫ਼ੀਸਦੀ
- ਬ੍ਰਿਟਿਸ਼ ਕੋਲੰਬੀਆ : 15.9 ਫ਼ੀਸਦੀ
- ਅਲਬਰਟਾ : 12.4 ਫ਼ੀਸਦੀ
- ਮੈਨੀਟੋਬਾ : 5 ਫ਼ੀਸਦੀ
- ਸਸਕੈਚਵਨ : 2.3 ਫ਼ੀਸਦੀ
- ਨੋਵਾ ਸਕੋਸ਼ੀਆ : 0.9 ਫ਼ੀਸਦੀ
- ਨਿਊ ਬਰੰਜ਼ਵਿਕ : 0.2 ਫ਼ੀਸਦੀ
- ਪ੍ਰਿੰਸ ਐਡਵਰਡ ਆਈਲੈਂਡ : 0.2 ਫ਼ੀਸਦੀ
- ਨਿਊਫਾਊਂਡਲੈਂਡ : 0.2 ਫ਼ੀਸਦੀ

ਟੋਰਾਂਟੋ (ਨਦਬ) ਸਟੈਟੇਸਟਿਕਸ ਕਨੇਡਾ ਵੱਲੋਂ ਜਾਰੀ ਕੀਤੇ ਗਏ 2011 ਦੇ ਨੈਸ਼ਨਲ ਹਾਊਸਹੋਲਡ ਸਰਵੇਖਣ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਦੇਸ਼ ਵਿਚ ਇਮੀਗ੍ਰੇਸ਼ਨ ਦਾ ਆਧਾਰ ਬਦਲ ਰਿਹਾ ਹੈ। ਕਨੇਡਾ ਵਿਚ 6.7 ਮਿਲੀਅਨ ਆਬਾਦੀ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਵਿਦੇਸ਼ਾਂ ਵਿਚ ਪੈਦਾ ਹੋਏ, ਇਹ ਅੰਕੜਾ ਦੇਸ਼ ਦੀ ਕੁੱਲ ਆਬਾਦੀ ਦਾ 20 ਫ਼ੀਸਦੀ ਤੋਂ ਵੀ ਵੱਧ ਹੈ। ਇਸ ਨਾਲ ਕਨੇਡਾ ਜੀ-8 ਮੁਲਕਾਂ ਵਿਚੋਂ ਸਭ ਤੋਂ ਵੱਧ ਇਮੀਗ੍ਰੈਂਟਸ ਦੀ ਆਬਾਦੀ ਵਾਲਾ ਮੁਲਕ ਬਣ ਜਾਂਦਾ ਹੈ। ਕਨੇਡਾ ਤੋਂ ਬਾਅਦ ਸਭ ਤੋਂ ਵੱਧ ਇਮੀਗ੍ਰੈਂਟਸ 13 ਫ਼ੀਸਦੀ ਜਰਮਨੀ ਵਿਚ ਹਨ ਤੇ ਤੀਜੇ ਸਥਾਨ ਉੱਤੇ 12.9 ਫ਼ੀਸਦੀ ਅਮਰੀਕਾ ਕੋਲ ਹਨ। ਆਸਟਰੇਲੀਆ ਵਿਚ ਇਮੀਗ੍ਰੈਂਟਸ ਦੀ ਆਬਾਦੀ 26.8 ਫ਼ੀਸਦੀ ਹੈ ਤੇ ਇਸ ਤਰ੍ਹਾਂ ਉਹ ਇਨ੍ਹਾਂ ਸਾਰਿਆਂ ਤੋਂ ਇਸ ਮਾਮਲੇ ਵਿਚ ਅੱਗੇ ਹੈ। ਸਰਵੇਖਣ ਵਿਚ ਆਖਿਆ ਗਿਆ ਹੈ ਕਿ ਵਿਦੇਸ਼ਾਂ ਵਿਚ ਪੈਦਾ ਹੋਏ 1,162,900 ਲੋਕ 2006 ਤੇ 2011 ਦਰਮਿਆਨ ਕਨੇਡਾ ਆ ਗਏ। ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਮੱਧ ਪੂਰਬ ਸਮੇਤ ਏਸ਼ਿਆਈ ਮੁਲਕਾਂ ਵਿਚੋਂ ਇੱਧਰ ਆਏ। ਕਨੇਡਾ ਵਿਚ ਇਮੀਗ੍ਰੈਂਟਸ ਦੇ ਆਉਣ ਦੇ ਤਿੰਨ ਮੁੱਖ ਥਾਂ ਫਿਲੀਪੀਨ (13.1), ਚੀਨ (10.5) ਤੇ ਭਾਰਤ (10.4) ਹਨ। ਇਮੀਗ੍ਰੈਂਟਸ ਵਿਚੋਂ 90 ਫ਼ੀਸਦੀ ਓਨਟਾਰੀਓ, ਕਿਊਬਿਕ, ਬੀ.ਸੀ. ਤੇ ਅਲਬਰਟਾ ਵਿਚ ਵੱਸੇ ਹੋਏ ਹਨ। ਕੁੱਝ ਕੁ ਇਮੀਗ੍ਰੈਂਟਸ ਅਟਲਾਂਟਿਕ ਕਨੇਡਾ ਵਿਚ ਵੀ ਵੱਸੇ ਹੋਏ ਹਨ। ਇਮੀਗ੍ਰੈਂਟਸ ਵਿਚ ਸ਼ਹਿਰੀ ਕੇਂਦਰਾਂ ਵਿਚ ਵੱਸਣ ਦਾ ਬਹੁਤਾ ਰੁਝਾਨ ਰਿਹਾ ਹੈ। 2006 ਤੇ 2011 ਦਰਮਿਆਨ ਕਨੇਡਾ ਆਏ ਇਮੀਗ੍ਰੈਂਟਸ ਵਿਚੋਂ 62.5 ਫ਼ੀਸਦੀ ਕਨੇਡਾ ਦੇ ਤਿੰਨ ਵੱਡੇ ਸ਼ਹਿਰਾਂ ਮੌਂਟਰੀਅਲ, ਵੈਨਕੂਵਰ ਜਾਂ ਟੋਰਾਂਟੋ ਵਿਚ ਵੱਸੇ ਹੋਏ ਹਨ। ਇਨ੍ਹਾਂ ਸ਼ਹਿਰਾਂ ਵਿਚ ਦੇਸ਼ ਦੀ ਸਮੁੱਚੀ ਆਬਾਦੀ ਦਾ 35 ਫ਼ੀਸਦੀ ਇਮੀਗ੍ਰੈਂਟਸ ਰਹਿੰਦੇ ਹਨ।

ਕਨੇਡਾ ਦਾ ਧਾਰਮਕ ਵਿਸ਼ਲੇਸ਼ਣ ਵੀ ਘੱਟ ਵੱਖਰਾ ਨਹੀਂ ਹੈ, ਇੱਥੇ ਰਹਿਣ ਵਾਲੇ ਲੋਕਾਂ ਦੀ ਵੱਡੀ ਆਬਾਦੀ ਖੁਦ ਨੂੰ ਇਸਾਈ ਧਰਮ ਦੀ ਪੈਰੋਕਾਰ ਦੱਸਦੀ ਹੈ। 22.1 ਮਿਲੀਅਨ ਲੋਕ ਖੁਦ ਬਾਰੇ ਦੱਸਦੇ ਹਨ ਕਿ ਉਹ ਇਸਾਈ ਹਨ, ਇਨ੍ਹਾਂ ਵਿਚੋਂ ਅੰਦਾਜ਼ਨ 12.7 ਮਿਲੀਅਨ ਖੁਦ ਨੂੰ ਰੋਮਨ ਕੈਥੋਲਿਕ ਦੱਸਦੇ ਹਨ। ਇਕ ਮਿਲੀਅਨ ਤੋਂ ਕੁੱਝ ਵੱਧ (ਕੁੱਲ ਆਬਾਦੀ ਦਾ 3.2 ਫ਼ੀਸਦੀ) ਮੁਸਲਮਾਨਾਂ ਦਾ ਹੈ। 1.5 ਫ਼ੀਸਦੀ ਹਿੰਦੂ ਭਾਈਚਾਰੇ ਦੇ ਲੋਕ ਹਨ, 1.4 ਫ਼ੀਸਦੀ ਸਿੱਖ ਧਰਮ ਦੇ ਲੋਕ ਹਨ, 1.1 ਫ਼ੀਸਦੀ ਬੋਧੀ ਤੇ ਇਕ ਫ਼ੀਸਦੀ ਯਹੂਦੀ ਹਨ। ਵਧੇਰੇ ਅਹਿਮ ਸ਼ਾਇਦ ਉਹ 7.8 ਮਿਲੀਅਨ ਲੋਕ (23.9 ਫ਼ੀਸਦੀ) ਹਨ, ਜਿਹੜੇ ਆਖਦੇ ਹਨ ਕਿ ਉਹ ਕਿਸੇ ਧਰਮ ਨਾਲ ਨਹੀਂ ਜੁੜੇ ਹੋਏ। ਇਹ ਅੰਕੜਾ ਉਨ੍ਹਾਂ 16.5 ਫ਼ੀਸਦੀ ਲੋਕਾਂ ਨਾਲੋਂ ਜ਼ਿਆਦਾ ਹੈ, ਜਿਨ੍ਹਾਂ 2001 ਦੀ ਮਰਦਮਸ਼ੁਮਾਰੀ ਵਿਚ ਆਖਿਆ ਸੀ ਕਿ ਉਹ ਧਾਰਮਕ ਨਹੀਂ ਹਨ।

# ਸਿਟੀਜ਼ਨਸ਼ਿਪ ਟੈਸਟ 'ਚ ਫੇਲ੍ਹ ਹੋਣ ਵਾਲਿਆਂ ਨੂੰ ਮਿਲੇਗਾ ਇਕ ਹੋਰ ਮੌਕਾ




ਵੈਨਕੂਵਰ (ਨਦਬ) ਫੈਡਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਨਵੇਂ ਨਿਯਮਾਂ ਅਨੁਸਾਰ ਜਿਹੜੇ ਸਿਟੀਜ਼ਨਸ਼ਿਪ ਟੈਸਟ ਵਿੱਚੋਂ ਫੇਲ੍ਹ ਹੋਣਗੇ ਉਨ੍ਹਾਂ ਨੂੰ ਇੱਕ ਮੌਕਾ ਹੋਰ ਮਿਲੇਗਾ। ਸਿਟੀਜ਼ਨਸ਼ਿਪ ਅਰਜ਼ੀਆਂ ਦੀ ਪ੍ਰਕਿਰਿਆ ਪੂਰੀ ਹੋਣ ਵਿੱਚ ਔਸਤਨ 23 ਮਹੀਨੇ ਦਾ ਸਮਾਂ ਲੱਗਦਾ ਹੈ, ਇਮੀਗ੍ਰੇਸ਼ਨ ਮੰਤਰੀ ਜੇਸਨ ਕੇਨੀ ਸੰਭਾਵੀ ਕੈਨੇਡੀਅਨਾਂ ਨੂੰ ਇਹ ਟੈਸਟ ਪਾਸ ਕਰਨ ਲਈ ਇੱਕ ਹੋਰ ਮੌਕਾ ਦੇਣਾ ਚਾਹੁੰਦੇ ਹਨ। ਇਸ ਸਮੇਂ ਜਿਹੜੇ ਲੋਕ ਇਸ ਟੈਸਟ ਵਿੱਚ ਅਸਫਲ ਰਹਿੰਦੇ ਹਨ ਉਨ੍ਹਾਂ ਨੂੰ ਜੱਜ ਦੇ ਸਾਹਮਣੇ ਪੇਸ਼ ਹੋਣਾ ਪੈਂਦਾ ਹੈ ਜਿਸ ਨਾਲ ਇਸ ਪ੍ਰਕਿਰਿਆ ਵਿੱਚ ਹੋਰ ਦੇਰ ਹੁੰਦੀ ਹੈ। ਪਿਛਲੇ ਮਹੀਨੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਮਾਂਟਰੀਅਲ ਤੇ ਵੈਨਕੂਵਰ ਵਿਚਲੇ ਬਿਨੈਕਾਰਾਂ ਨੂੰ ਆਪਣੀ ਸੁਣਵਾਈ ਨਿਰਧਾਰਤ ਕਰਨ ਲਈ 29 ਮਹੀਨੇ ਤੱਕ ਉਡੀਕ ਕਰਨੀ ਪਈ ਸੀ। ਨਵੇਂ ਨਿਯਮਾਂ ਤਹਿਤ ਅਸਫਲ ਰਹਿਣ ਵਾਲੇ ਬਿਨੈਕਾਰਾਂ ਨੂੰ ਫੌਰਨ ਇਹ ਦੱਸ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਚਾਰ ਤੋਂ ਅੱਠ ਹਫਤਿਆਂ ਵਿੱਚ ਹੀ ਦੁਬਾਰਾ ਟੈਸਟ ਦੇਣ ਦਾ ਮੌਕਾ ਦਿੱਤਾ ਜਾਵੇਗਾ। ਜਿਹੜੇ ਦੂਜੀ ਵਾਰੀ ਵੀ ਇਸ ਟੈਸਟ ਵਿੱਚ ਅਸਫਲ ਰਹਿੰਦੇ ਹਨ ਉਨ੍ਹਾਂ ਨੂੰ ਸਿਟੀਜ਼ਨਸ਼ਿਪ ਜੱਜ ਅੱਗੇ ਪੇਸ਼ ਹੋਣ ਲਈ ਲਾਈਨ ਵਿੱਚ ਲੱਗਣਾ ਹੋਵੇਗਾ। ਨਵੇਂ ਨਿਯਮ ਪੂਰਬ ਪ੍ਰਭਾਵੀ ਹੋਣਗੇ, ਭਾਵ ਜੱਜ ਨਾਲ ਮੀਟਿੰਗ ਲਈ ਪਹਿਲਾਂ ਤੋਂ ਹੀ ਲਾਈਨ ਵਿੱਚ ਲੱਗੇ ਲੋਕਾਂ ਨੂੰ ਵੀ ਦੁਬਾਰਾ ਟੈਸਟ ਦੇਣ ਦਾ ਸੱਦਾ ਦਿੱਤਾ ਜਾਵੇਗਾ। ਸ਼ੁਰੂ ਵਿੱਚ ਲਈ ਜਾਣ ਵਾਲੀ 200 ਡਾਲਰ ਸਿਟੀਜ਼ਨਸ਼ਿਪ ਐਪਲੀਕੇਸ਼ਨ ਫੀਸ, ਵਿੱਚ ਹੀ ਦੂਜਾ ਟੈਸਟ ਤੇ ਲੋੜ ਪੈਣ ਉੱਤੇ ਜੱਜ ਤੋਂ ਮੁਲਾਂਕਣ ਕਰਵਾਉਣ ਦਾ ਖਰਚ ਵੀ ਪੂਰਾ ਪੈ ਜਾਵੇਗਾ। ਕੈਨੇਡਾ ਦੀ ਨਾਗਰਿਕਤਾ ਹਾਸਲ ਕਰਨ ਦੇ ਯੋਗ ਹੋਣ ਦੀ ਗੱਲ ਤੋਂ ਜੱਜ ਨੂੰ ਰਾਜ਼ੀ ਨਾ ਕਰਵਾ ਸਕਣ ਵਾਲਿਆਂ ਨੂੰ ਇਹ ਪ੍ਰਕਿਰਿਆ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਹੋਵੇਗੀ ਤੇ ਇਸ ਲਈ ਨਵੀਂ ਫੀਸ ਵੀ ਦੇਣੀ ਹੋਵੇਗੀ। ਇਸ ਦੇ ਨਾਲ ਹੀ ਹੁਣ ਸਰਕਾਰ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੇ ਆਪਣੇ ਗੁਣਾਂ ਦੇ ਅਧਾਰ ਉੱਤੇ ਮਨਜ਼ੂਰੀ ਦੇਵੇਗੀ। ਇਸ ਤੋਂ ਪਹਿਲਾਂ ਜਦੋਂ ਇੱਕ ਰਿਸ਼ਤੇਦਾਰ ਨਾਲੇਜ ਜਾਂ ਭਾਸ਼ਾ ਸਬੰਧੀ ਟੈਸਟ ਦੇਣ ਵਿੱਚ ਅਸਫਲ ਹੁੰਦਾ ਸੀ ਤਾਂ ਉਸੇ ਅਰਜ਼ੀ ਦੇ ਬਾਕੀ ਬਿਨੈਕਾਰਾਂ ਨੂੰ ਅਗਲੇ ਪਾਏਦਾਨ ਉੱਤੇ ਪਹੁੰਚਣ ਤੋਂ ਰੋਕ ਦਿੱਤਾ ਜਾਂਦਾ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ।

# ਕੀ 20 ਸੈਂਟ ਦੇ ਵਾਧੇ ਨਾਲ ਗ਼ਰੀਬੀ ਦੂਰ ਹੋਵੇਗੀ ?

ਐਡਮਿੰਟਨ (ਨਦਬ) ਅਲਬਰਟਾ ਵਿੱਚ ਘੱਟੋ-ਘੱਟ ਮਿਹਨਤਾਨਾ ਲੈਣ ਵਾਲਿਆਂ ਦੀ ਤਨਖ਼ਾਹ ਵਿੱਚ ਪ੍ਰਤੀ ਘੰਟਾ 20 ਸੈਂਟ ਦਾ ਵਾਧਾ ਹੋਵੇਗਾ। ਇਹ ਦੋ ਸਾਲ ਪਹਿਲਾਂ ਬਣਾਏ ਗਏ ਫਾਰਮੂਲੇ ਅਨੁਸਾਰ ਹੋਵੇਗਾ ਜਿਸ ਵਿੱਚ ਤਨਖ਼ਾਹ ਨੂੰ ਜ਼ਿੰਦਗੀ ਦੇ ਰੋਜ਼ਾਨਾ ਖਰਚਿਆਂ ਨਾਲ ਜੋੜਿਆ ਗਿਆ ਹੈ। ਮਨੁੱਖੀ ਸੇਵਾਵਾਂ ਸਬੰਧੀ ਮੰਤਰੀ ਡੇਵ ਹੈਂਕੋਕ ਨੇ ਦੱਸਿਆ ਕਿ ਸੂਬੇ ਵਿੱਚ ਦੋ ਪ੍ਰਤੀਸ਼ਤ ਤੋਂ ਵੀ ਘੱਟ ਮੁਲਾਜ਼ਮ ਘੱਟ ਤੋਂ ਘੱਟ ਕਮਾਉਂਦੇ ਹਨ। ਇੱਥੇ ਜ਼ਿਕਰਯੋਗ ਹੈ ਕਿ 20 ਸੈਂਟ ਦਾ ਐਲਾਨਿਆ ਗਿਆ ਵਾਧਾ ਇੱਕ ਸਤੰਬਰ ਤੋਂ ਲਾਗੂ ਹੋਵੇਗਾ ਤੇ ਇਹ ਸਾਲਾਨਾ ਆਮ ਵਾਧੇ ਦੇ ਨਾਲ ਹਫ਼ਤਾਵਾਰੀ ਆਮ ਆਮਦਨ ਦੇ ਹਿਸਾਬ ਅਤੇ ਕਨਜ਼ਿਊਮਰ ਪ੍ਰਾਈਸ ਇੰਡੈਕਸ 'ਤੇ ਅਧਾਰਿਤ ਹੋਵੇਗਾ। ਇਸ ਹਿਸਾਬ ਨਾਲ ਨੈਨੀ ਦਾ ਕੰਮ ਕਰਨ ਵਾਲੀਆਂ ਦੀ ਤਨਖ਼ਾਹ ਵਿੱਚ ਮਹੀਨੇ ਦੇ ਹਿਸਾਬ ਨਾਲ 1803 ਡਾਲਰ ਦਾ ਵਾਧਾ ਹੋਵੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜਦੋਂ ਘੱਟੋ-ਘੱਟ ਤਨਖ਼ਾਹ ਵਿੱਚ 35 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਸੀ ਤਾਂ ਬਹੁਤ ਸਾਰੇ ਲੋਕਾਂ ਦਾ ਕਹਿਣਾ ਸੀ ਕਿ ਇਸ ਨਾਲ ਅਲਬਰਟਾ ਵਿੱਚ ਗਰੀਬੀ 'ਤੇ ਕੋਈ ਬਹੁਤਾ ਅਸਰ ਨਹੀਂ ਪਿਆ।

# ਸੈਲ ਫ਼ੋਨ ਦਾ ਕੰਟਰੈਕਟ ਰੱਦ ਕੀਤਾ ਜਾ ਸਕੇਗਾ

ਓਟਵਾ : (ਨਦਬ) : "ਦੋ ਸਾਲ ਬਾਅਦ ਸੈਲ ਫੋਨ ਦਾ ਕੰਟਰੈਕਟ ਬਿਨਾਂ ਕਿਸੇ ਕੈਂਸਲੇਸ਼ਨ ਫੀਸ ਤੋਂ ਕੈਂਸਲ ਕੀਤਾ ਜਾ ਸਕੇਗਾ ਅਤੇ ਇਕ ਮਾਸਿਕ ਚੱਕਰ ਵਿਚ ਵਾਧੂ ਡਾਟਾ ਵਰਤਣ 'ਤੇ ਵੱਧ ਤੋਂ ਵੱਧ $50 ਚਾਰਜ ਕੀਤੇ ਜਾਣਗੇ ਜਦ ਕਿ ਇੰਟਰਨੈਸ਼ਨਲ ਰੋਮਿੰਗ ਦੀ ਵੱਧ ਵਰਤੋਂ ਕਰਨ 'ਤੇ ਵੱਧ ਤੋਂ ਵੱਧ $100 ਚਾਰਜ ਕੀਤੇ ਜਾਣਗੇ।" ਇਹ ਨਵੀਆਂ ਸੋਧਾਂ ਗਾਹਕਾਂ ਦੀ ਸੁਵਿਧਾਂ ਲਈ ਅੱਜ ਕੈਨੇਡੀਅਨ ਰੇਡੀਓ-ਟੈਲੀਵਿਜ਼ਨ ਟੈਲੀਕਮਿਊਨੀਕੇਸ਼ਨ ਕਮਿਸ਼ਨ (ਸੀਆਰਟੀਸੀ) ਨੇ ਜਾਰੀ ਕੀਤੀਆਂ ਹਨ। ਕਮਿਸ਼ਨ ਦਾ ਇਹ ਕਹਿਣਾ ਹੈ ਕਿ ਇਹ ਸੋਧਾਂ 2 ਦਸੰਬਰ 2013 ਤੋਂ ਨਵੇਂ ਕੰਟਰੈਕਟਾਂ ਲਈ ਲਾਗੂ ਹੋਣਗੀਆਂ। ਸੀਆਰਟੀਸੀ ਦੇ ਚੇਅਰ ਜ਼ੀਨ ਪੈਰੀ ਬਲੈਸ ਦਾ ਕਹਿਣਾ ਹੈ ਕਿ ਕੈਨੇਡੀਅਨ ਘਰਾਂ, ਨੌਕਰੀ, ਸਫਰ ਦੌਰਾਨ ਅਤੇ ਸਕੂਲਾਂ ਵਿਚ ਇਹ ਸੁਵਿਧਾਵਾਂ ਵਰਤਦੇ ਹਨ ਅਤੇ ਉਹਨਾਂ ਦੀ ਸਹੂਲਤ ਲਈ ਇਹ ਨਵੀਆਂ ਸੋਧਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਸੀਆਰਟੀਸੀ ਨੇ ਇਹਨਾਂ ਸੋਧਾਂ ਲਈ ਪਬਲਿਕ ਕੋਲੋਂ ਵਿਚਾਰ ਲਏ ਸਨ ਜਿਹਨਾਂ 'ਤੇ ਵਿਚਾਰ ਕਰਨ ਤੋਂ ਬਾਅਦ ਇਹ ਅੱਜ ਜਾਰੀ ਕੀਤੀਆਂ ਗਈਆਂ ਹਨ। ਨਵੀਆਂ ਸੋਧਾਂ ਵਿਚ ਇਹ ਵੀ ਸ਼ਾਮਲ ਹੈ ਕਿ ਕਿਸੇ ਸੈਲ ਫੋਨ ਦੀ ਪੂਰੀ ਅਦਾਇਗੀ ਕਰਨ ਤੋਂ ਬਾਅਦ 90 ਦਿਨਾਂ ਵਿਚ ਸੈਲ ਫੋਨ ਅਨਲਾਕ ਕੀਤਾ ਜਾਵੇਗਾ। ਗਾਹਕ 15 ਦਿਨਾਂ ਤੱਕ ਕਿਸੇ ਸੈਲਫੋਨ ਨੂੰ ਵਰਤ ਕੇ ਵਾਪਸ ਕਰ ਸਕਦਾ ਹੈ ਅਗਰ ਉਸਨੂੰ ਸੇਵਾਵਾਂ ਚੰਗੀਆਂ ਨਾ ਲੱਗਣ ਅਤੇ ਗਾਹਕ ਆਪਣੀ ਮਿਆਦ ਦਰਮਿਆਨ ਕੀਤੀਆਂ ਗਈਆਂ ਤਬਦੀਲੀਆਂ ਨੂੰ ਮੰਨਣ ਲਈ ਪਾਬੰਦ ਨਹੀਂ ਹੋਵੇਗਾ।

SAHARA INSURANCE GROUP
PERFECT BLEND FOR YOUR INSURANCE & INVESTMENT



DEEP GREWAL
204-996-2571

CALL US TODAY FOR SUPER VISA INSURANCE
SUPER VISA INSURANCE AT VERY LOW PRICE

Life Insurance | RESP, RRSP
Mortgage Insurance | Open Investment
Disability Insurance | Retirement Planning
Visitor Insurance | Dental Insurance

Associated with all major Life Insurance Companies
Associated with all major Life Insurance Companies
Unit # F-10, 1833 INKSTER BLVD, WINNIPEG, MB R2X 1R3
Phone : (204) 632-1333, Fax : (204) 480-8708
info@saharainsurancegroup .ca www.saharainsurancegroup.ca

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Dr. Sandeep Dhaliwal
DMD

Take Home Whitening Kits
with new patient exams & cleaning !

Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Accepting New Patients
Appointments @780-440-5001
4444-36 Ave NW Edmonton, AB T6L 3S1

# ਸਟੀਫ਼ਨ ਮੰਡੇਲ ਵਲੋਂ ਮੇਅਰ ਦੀ ਚੋਣ ਨਾ ਲੜਨ ਦਾ ਫ਼ੈਸਲਾ

ਐਡਮਿੰਟਨ (ਨਦਬ) : ਸਟੀਫਨ ਮੰਡੇਲ ਨੇ ਮੇਅਰ ਲਈ ਚੌਥੀ ਵਾਰ ਦੀਆਂ ਚੋਣਾਂ ਨਾ ਲੜਨ ਦਾ ਫੈਸਲਾ ਲਿਆ ਹੈ। ਉਨ੍ਹਾਂ ਪਿਛਲੇ ਦਿਨੀਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਵਕਤ ਆ ਗਿਆ ਹੈ ਕਿ ਸ਼ਹਿਰ ਦੀ ਵਗਡੋਰ ਨਵੀਂ ਲੀਡਰਸ਼ਿਪ ਦੇ ਹੱਥਾਂ ਵਿਚ ਸੌਂਪੀ ਜਾਵੇ। ਉਨ੍ਹਾਂ ਕਿਹਾ ਕਿ ਐਡਮਿੰਟਨ ਵੱਡਾ ਸ਼ਹਿਰ ਹੈ, ਇਥੇ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਹਨ ਪਰ ਇਸ ਲਈ ਸਖ਼ਤ ਮਿਹਨਤ ਦੀ ਜਰੂਰਤ ਹੈ ਤੇ ਮੈਨੂੰ ਜਾਪਦਾ ਹੈ ਕਿ ਸ਼ਾਇਦ ਮੈਂ ਭਵਿੱਖ ਵਿਚ ਉਸ ਉਤਸ਼ਾਹ ਨਾਲ ਕੰਮ ਨਹੀਂ ਕਰ ਸਕਾਂਗਾ, ਜਿਸ ਤਰ੍ਹਾਂ ਕਿ ਮੈਂ ਕਰਦਾ ਆਇਆ ਹਾਂ। ਮੈਂ ਹੁਣ ਆਰਾਮ ਦੀ ਜਰੂਰਤ ਮਹਿਸੂਸ ਕਰਦਾ ਹਾਂ। 67 ਸਾਲਾ ਮੰਡੇਲ ਜੋ ਕਿ ਪਿਛਲੇ ਨੌਂ ਸਾਲਾਂ ਤੋਂ ਸ਼ਹਿਰ ਦੇ ਮੇਅਰ ਹਨ, ਨੇ ਕਿਹਾ ਕਿ ਲੰਘੇ ਸਮੇਂ ਵਿਚ ਕੌਂਸਲ ਦੇ ਅੱਗੇ ਬਹੁਤ ਵੱਡੀਆਂ ਚੁਣੌਤੀਆਂ ਸਨ। ਸ਼ਹਿਰ ਵਿਚ ਬਹੁਤ ਸਾਰੇ ਲੋਕਾਂ ਕੋਲ ਘਰ ਨਹੀਂ ਸਨ। ਸ਼ਹਿਰ ਦੀ ਲਗਾਤਾਰ ਤੇਜੀ ਨਾਲ ਵਧਦੀ ਆਬਾਦੀ ਨਾਲ ਸਮਾਜਕ ਸੇਵਾਵਾਂ ਪ੍ਰਭਾਵਤ ਹੋ ਰਹੀਆਂ ਸਨ ਪਰ ਚੰਗੀ ਗੱਲ ਇਹ ਸੀ ਕਿ ਇਸ ਕੌਂਸਲ ਕੋਲ ਅਜਿਹੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਸਮਰੱਥਾ ਸੀ ਤੇ ਇਕ ਦ੍ਰਿਸ਼ਟੀਕੋਣ ਸੀ। ਉਨ੍ਹਾਂ ਇਹ ਵੀ ਕਿਹਾ ਕਿ ਕਮਿਊਨਿਟੀ ਵੱਲੋਂ ਵੀ ਉਨ੍ਹਾਂ ਨੂੰ ਹਮੇਸ਼ਾ ਭਰਵਾਂ ਸਮਰਥਨ ਮਿਲਦਾ ਰਿਹਾ ਹੈ। ਉਨ੍ਹਾਂ ਸਭ ਕੌਂਸਲਰਾਂ ਦਾ ਧੰਨਵਾਦ ਕੀਤਾ ਜਿਹੜੇ ਉਸ ਨਾਲ ਮੋਢਾ ਨਾਲ ਮੋਢਾ ਜੋੜ ਕੇ ਖੜੇ ਰਹੇ।

ਸਾਬਕਾ ਪ੍ਰੀਮੀਅਰ ਅਤੇ ਆਪਣੇ ਪਰਮ ਮਿੱਤਰ ਸਟੈਲਮੈਕ ਦਾ ਧੰਨਵਾਦ ਕਰਦਿਆਂ ਮੰਡੇਲ ਨੇ ਕਿਹਾ ਕਿ ਸਟੈਲਮੈਕ ਦੀ ਸਖ਼ਸ਼ੀਅਤ ਉਨ੍ਹਾਂ ਨੂੰ ਹਮੇਸ਼ਾ ਟੁੰਬਦੀ ਰਹੀ ਹੈ ਤੇ ਉਹ ਸਟੈਲਮੈਕ ਦੀ ਕਾਰਜਸ਼ੈਲੀ ਤੋਂ ਬਹੁਤ ਪ੍ਰਭਾਵਤ ਹਨ। ਉਨ੍ਹਾਂ ਨੇ ਹਮੇਸ਼ਾ ਸ਼ਹਿਰ ਦੇ ਵਿਕਾਸ ਬਾਰੇ ਸੋਚਿਆ ਹੈ।

## ਫ਼ੈਸਲਾ ਕਰਨ ਵਿਚ ਦੇਰੀ

ਉਮੀਦ ਇਹ ਸੀ ਕਿ ਮੰਡੇਲ ਦੀ ਯੋਜਨਾ ਮੁਤਾਬਕ ਇਹ ਐਲਾਨ ਪਿਛਲੇ ਮਹੀਨੇ ਉਦੋਂ ਕੀਤਾ ਜਾਣਾ ਚਾਹੀਦਾ ਸੀ ਜਦੋਂ ਉਨ੍ਹਾਂ ਨੇ ਸਟੇਟ ਆਫ਼ ਦੀ ਸਿਟੀ ਨੂੰ ਸੰਬੋਧਨ ਕੀਤਾ ਸੀ ਪਰ ਇਸ ਮੀਟਿੰਗ ਵਿਚ ਉਨ੍ਹਾਂ ਨੇ ਸੂਬਾ ਸਰਕਾਰ ਦੀ ਕਾਰਜਸ਼ੈਲੀ 'ਤੇ ਹੀ ਟਿੱਪਣੀਆਂ ਕੀਤੀਆਂ ਸਨ। ਮੀਟਿੰਗ ਵਿਚ ਲਗਭਗ ਦੋ ਹਜ਼ਾਰ ਵਪਾਰੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਨੇ ਇਹ ਜ਼ਾਹਰ ਕੀਤਾ ਸੀ ਕਿ ਉਨ੍ਹਾਂ ਦੀ ਪਹਿਲੀ ਚਿੰਤਾ ਸਰਕਾਰ ਵੱਲੋਂ ਕਮਿਊਨਿਟੀ ਅਤੇ ਯੂਨੀਵਰਸਿਟੀ ਦੇ ਫੰਡਾਂ ਵਿਚ ਕੀਤੀ ਜਾ ਰਹੀ ਕਟੌਤੀ ਹੈ ਜਿਸ ਨਾਲ ਸ਼ਹਿਰ ਦਾ ਵਿਕਾਸ ਪ੍ਰਭਾਵਤ ਹੋਵੇਗਾ। ਇਥੇ ਉਨ੍ਹਾਂ ਨੇ ਰਿਟਾਇਰਮੈਂਟ ਦੇ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਤਰਜੀਹ ਨਹੀਂ ਦਿੱਤੀ ਸੀ। ਖੈਰ ਹੁਣ ਸਭ ਕੁੱਝ ਸਪੱਸ਼ਟ ਹੋ ਗਿਆ ਹੈ। ਹੁਣ ਮੇਅਰ ਦੀ ਕੁਰਸੀ ਲਈ ਜਿਹੜੇ ਆਗੂ ਸਰਗਰਮ ਨਜ਼ਰ ਆ ਰਹੇ ਹਨ; ਉਨ੍ਹਾਂ ਵਿਚ ਕੌਂਸਲਰ ਅਮਰਜੀਤ ਸੋਹੀ, ਕੈਰਨ ਲੀਬੋਵੀਕੀ ਅਤੇ ਡੌਨ ਇਵਸਨ ਹਨ। ਕੌਂਸਲਰ ਕੈਰੀ ਡੋਟੀ ਨੇ ਵੀ ਮੇਅਰ ਬਣਨ ਲਈ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸ ਬਾਰੇ ਟਿੱਪਣੀ ਕਰਦਿਆਂ ਮੰਡੇਲ ਨੇ ਕਿਹਾ ਕਿ ਅਕਤੂਬਰ ਵਿਚ ਮੇਅਰ ਦੀ ਕੁਰਸੀ ਲਈ ਚੋਣ ਕਰਨ ਖਾਤਰ ਵੋਟਰਾਂ ਕੋਲ ਕਈ ਬਦਲ ਹੋਣਗੇ।

# ਪੋਸਟਲ ਡਲਿਵਰੀ ਤੇ ਆਊਟਸੋਰਸਿੰਗ ਦੇ ਵਿਰੋਧ 'ਚ ਹੜਤਾਲ

ਐਡਮਿੰਟਨ (ਨਦਬ) : ਪਿਛਲੇ ਦਿਨੀਂ ਫੋਰਟ ਮੈਕ ਮੁਰੇ ਵਿਚ ਡਾਕਖਾਨੇ ਵਿਚ ਕੰਮ ਕਰਦੇ 50 ਮੁਲਾਜ਼ਮ ਇਸ ਲਈ ਹੜਤਾਲ 'ਤੇ ਚਲੇ ਗਏ ਕਿਉਂਕਿ ਕਨੇਡਾ ਪੋਸਟ ਉਨ੍ਹਾਂ ਤੋਂ ਪਾਰਸਲ ਡਲਿਵਰੀ ਦੇ ਆਊਟਸੋਰਸਿੰਗ ਦਾ ਕੰਮ ਕਰਵਾਉਣਾ ਚਾਹੁੰਦੀ ਸੀ। ਇਸ ਸਬੰਧੀ ਕਨੇਡੀਅਨ ਯੂਨੀਅਨ ਆਫ਼ ਪੋਸਟਲ ਵਰਕਰਜ਼ ਲੋਕਲ 736 ਦੇ ਪ੍ਰਧਾਨ ਡਾਨਾ ਗੈਬਰੀਅਲ ਨੇ ਦੱਸਿਆ ਕਿ ਵਰਕਰਾਂ ਦਾ ਕਹਿਣਾ ਹੈ ਕਿ ਉਹ ਪਹਿਲਾਂ ਤੋਂ ਨਿਸ਼ਚਿਤ ਕੀਤੀਆਂ ਸ਼ਰਤਾਂ 'ਤੇ ਹੀ ਕੰਮ ਕਰ ਸਕਦੇ ਹਨ ਤੇ ਉਨ੍ਹਾਂ ਤੋਂ ਆਊਟਸੋਰਸਿੰਗ ਦਾ ਕੰਮ ਲੈਣਾ ਨਾਜਾਇਜ਼ ਹੈ। ਵਰਕਰਾਂ ਨੇ ਮੰਗ ਕੀਤੀ ਹੈ ਕਿ ਏਜੰਸੀ ਆਊਟਸੋਰਸਿੰਗ ਦੇ ਕੰਮ ਲਈ ਭੇਜੇ ਲੈਟਰ ਨੂੰ ਵਾਪਸ ਲਵੇ। ਗੈਬਰੀਅਲ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੇ ਵਰਕਰ ਠੇਕੇ ਦੇ ਇਸ ਕੰਮ 'ਤੇ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਨੌਕਰੀਆਂ ਖਤਰੇ ਵਿਚ ਪੈ ਸਕਦੀਆਂ ਹਨ।

ਦੂਜੇ ਪਾਸੇ ਕਨੇਡਾ ਪੋਸਟ ਦੀ ਬੁਲਾਰਾ ਅਨਿਕ ਲੂਜ਼ੀਅਰ ਨੇ ਕਿਹਾ ਹੈ ਕਿ ਆਊਟਸੋਰਸਿੰਗ ਦੇ ਕੰਮ ਨੂੰ ਲੈ ਕੇ ਖਾਹਮ-ਖਾਹ ਦਾ ਵਿਵਾਦ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਸਮੇਂ ਤੋਂ ਪਾਰਸ਼ਲਾਂ ਦਾ ਕੰਮ ਬਹੁਤ ਵਧ ਗਿਆ ਹੈ ਤੇ ਸਟਾਫ ਘੱਟ ਹੋਣ ਕਾਰਣ ਇਹ ਕੰਮ ਚੰਗੀ ਤਰ੍ਹਾਂ ਨਹੀਂ ਹੋ ਰਿਹਾ ਜਿਸਨੂੰ ਦੇਖਦਿਆਂ ਏਜੰਸੀ ਵੱਲੋਂ ਇਹਨਾਂ ਵਰਕਰਾਂ ਨੂੰ ਇਹ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਕੰਮ ਵਿਚ ਉਨ੍ਹਾਂ ਦੀ ਨੌਕਰੀ ਨੂੰ ਕੋਈ ਖਤਰਾ ਨਹੀਂ; ਇਹ ਗੱਲ ਮੁਲਾਜ਼ਮ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਕਨੇਡਾ ਪੋਸਟ ਪਿਛਲੇ ਕਾਫ਼ੀ ਸਮੇਂ ਤੋਂ ਇਸ ਕੰਮ ਲਈ ਨਵੀਂ ਭਰਤੀ ਕਰਨਾ ਚਾਹੁੰਦਾ ਹੈ ਪਰ ਇਸ ਕੰਮ ਵਿਚ ਕਿਸੇ ਦੀ ਦਿਲਚਸਪੀ ਹੀ ਨਹੀਂ। ਜਦੋਂਕਿ ਇਸ ਸਬੰਧੀ ਗੈਬਰੀਅਲ ਦਾ ਕਹਿਣਾ ਹੈ ਕਿ ਜੇਕਰ ਪੋਸਟਲ ਵਰਕਰਾਂ ਨੂੰ ਚੰਗੀਆਂ ਸੁਵਿਧਾਵਾਂ ਦਿੱਤੀਆਂ ਜਾਣ ਤਾਂ ਉਹ ਜ਼ਰੂਰ ਇਹ ਨੌਕਰੀ ਕਰਨਗੇ। ਉਨ੍ਹਾਂ ਕਿਹਾ ਕਿ ਪੋਸਟਲ ਵਰਕਰਾਂ ਦਾ ਸ਼ੁਰੂਆਤੀ ਮਿਹਨਤਾਨਾ 19 ਡਾਲਰ ਪ੍ਰਤੀ ਘੰਟਾ ਹੈ ਤੇ ਆਮ ਤੌਰ ਉੱਤੇ ਵਰਕਰ ਦਿਨ ਵਿਚ ਦਸ ਘੰਟੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਕਨੇਡਾ ਪੋਸਟ ਨੂੰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਭੇਜੀਆਂ ਗਈਆਂ ਹਨ।

ਸਫ਼ਾ ਇਕ ਦੀ ਬਾਕੀ

# ਹਾਰਪਰ ਸਰਕਾਰ ਦੇ ਵਕਾਰ ਨੂੰ ਢਾਹ

ਉਹ ਇਹ ਜਾਨਣਾ ਚਾਹੁੰਦੇ ਸਨ ਕਿ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਵਿਚ ਤੁਰੰਤ ਕਾਰਵਾਈ ਕਿਉਂ ਨਹੀਂ ਕੀਤੀ? ਬਾਅਦ ਵਿਚ ਪ੍ਰਧਾਨ ਮੰਤਰੀ ਨੇ ਇਹ ਮੰਨਿਆ ਕਿ ਉਨ੍ਹਾਂ ਨੂੰ ਨਾਈਜ਼ਲ ਰਾਈਟ ਦਾ ਅਸਤੀਫ਼ਾ ਪਹਿਲਾਂ ਹੀ ਲੈ ਲੈਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਹਾਰਪਰ ਦੇ ਸਾਬਕਾ ਚੀਫ਼ ਆਫ਼ ਸਟਾਫ ਉਤੇ ਇਹ ਦੋਸ਼ ਹੈ ਕਿ ਉਸ ਨੇ ਸੈਨੇਟਰ ਮਾਈਕ ਡਫੀ ਦੇ ਖਰਚਿਆਂ ਦੀ ਭਰਪਾਈ ਕਰਨ ਲਈ ਉਸ ਨੂੰ 90 ਹਜ਼ਾਰ ਡਾਲਰ ਦੀ ਆਰਥਕ ਮੱਦਦ ਕੀਤੀ ਸੀ। ਉਧਰ ਸੈਨੇਟਰ ਮਾਈਕ ਡਫੀ ਦਾ ਕਹਿਣਾ ਹੈ ਕਿ ਉਹ ਮੁਕੰਮਲ ਤੇ ਖੁੱਲ੍ਹੀ ਜਾਂਚ ਚਾਹੁੰਦੇ ਹਨ ਤਾਂ ਜੋ ਸਚਾਈ ਸਭ ਦੇ ਸਾਹਮਣੇ ਆ ਸਕੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸੈਨੇਟਰ ਹੀ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜੋ ਕੋਈ ਵੀ ਉਨ੍ਹਾਂ ਦੇ ਸਫ਼ਰ ਅਤੇ ਹਾਊਸਿੰਗ ਅਲਾਊਂਸ ਦੇ ਦਾਅਵਿਆਂ ਦੀ ਜਾਂਚ ਕਰੇਗਾ, ਉਹ ਉਸ ਨੂੰ ਪੂਰਾ ਸਹਿਯੋਗ ਦੇਣਗੇ।

ਇਸੇ ਦੌਰਾਨ ਫੈਡਰਲ ਦੀ ਕੰਜ਼ਰਵੇਟਿਵ ਸਰਕਾਰ ਦੇ ਵਕਾਰ ਨੂੰ ਇਕ ਹੋਰ ਝਟਕਾ ਉਦੋਂ ਲੱਗਾ, ਜਦੋਂ ਪ੍ਰਧਾਨ ਮੰਤਰੀ ਦੇ ਚੀਫ਼ ਆਫ਼ ਸਟਾਫ ਨਾਈਜ਼ਲ ਰਾਈਟ ਦੇ ਅਸਤੀਫ਼ੇ ਤੋਂ ਬਾਅਦ ਸੈਨੇਟਰ ਪਾਮੇਲਾ ਵਾਲਿਨ ਨੇ ਕੰਜ਼ਰਵੇਟਿਵ ਪਾਰਟੀ ਨੂੰ ਅਲਵਿਦਾ ਆਖ ਦਿੱਤਾ। ਯਾਦ ਰਹੇ ਕਿ ਸੈਨੇਟਰ ਪਾਮੇਲਾ ਵਾਲਿਨ ਦੇ ਸਫ਼ਰ ਸਬੰਧੀ ਖਰਚਿਆਂ ਦੇ ਬਾਹਰੋਂ ਕਰਵਾਏ ਜਾ ਰਹੇ ਆਡਿਟ ਦੇ ਨਤੀਜੇ ਹਾਲੇ ਸਾਹਮਣੇ ਆਉਣੇ ਹਨ। ਉਨ੍ਹਾਂ ਦੇ ਸਫ਼ਰ ਸਬੰਧੀ ਖਰਚਿਆਂ ਦੀ ਬਾਹਰੀ ਆਡਿਟ ਦੀ ਪ੍ਰਕਿਰਿਆ ਦਸੰਬਰ 2012 ਤੋਂ ਚੱਲ ਰਹੀ ਹੈ। ਇਸੇ ਦੌਰਾਨ ਇਹ ਖ਼ਬਰ ਵੀ ਆਈ ਹੈ ਕਿ ਸੈਨੇਟ ਕਮੇਟੀ ਦੀ ਰਿਪੋਰਟ ਵਿਚ ਸਿਫ਼ਾਰਸ਼ ਕੀਤੀ ਗਈ ਹੈ ਕਿ ਲਿਬਰਲ ਸੈਨੇਟਰ ਮੈਕ ਹਾਰਬ ਤੇ ਆਜ਼ਾਦ ਸੈਨੇਟਰ ਪੈਟਰਿਕ ਬਰੇਜ਼ੀਊ ਪਿਛਲੇ ਦੋ ਸਾਲਾਂ ਦੇ ਆਪਣੇ ਹਾਊਸਿੰਗ ਦੇ ਸਫ਼ਰ ਸਬੰਧੀ ਖਰਚਿਆਂ ਨੂੰ ਮੁੜ ਅਦਾ ਕਰਨ। ਇਹ ਵੀ ਕਿਹਾ ਗਿਆ ਹੈ ਕਿ ਅਗਲੇ ਸਾਲ ਲਈ ਇਨ੍ਹਾਂ ਦੋਵਾਂ ਦੇ ਖਰਚਿਆਂ ਉੱਤੇ ਨਜ਼ਰ ਰੱਖੀ ਜਾਵੇ। ਯਾਦ ਰਹੇ ਕਿ ਹਾਰਬ ਵਲੋਂ ਲਿਬਰਲ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ।

# ਐਡਮਿੰਟਨ ਤੇ ਕੈਲਗਰੀ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ

ਐਡਮਿੰਟਨ/ਕੈਲਗਰੀ (ਵਤਨਦੀਪ ਸਿੰਘ ਗਰੇਵਾਲ/ ਜਸਜੀਤ ਸਿੰਘ ਧਾਮੀ) : ਐਡਮਿੰਟਨ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਅਰਦਾਸ ਕਰਕੇ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਗੁਰਦੁਆਰਾ ਮਿਲਵੁਡਜ਼ ਨੂੰ ਰਵਾਨਾ ਹੋਇਆ। ਵੱਖ-ਵੱਖ ਗੁਰੂਘਰਾਂ, ਹੈਂਡ ਵੇ ਸਕੂਲ ਅਤੇ ਖਾਲਸਾ ਸਕੂਲ ਦੇ ਫਲੋਟ ਪੂਰੀ ਤਰ੍ਹਾਂ ਨਾਲ ਸਜਾਏ ਗਏ। ਭਾਈ ਅੰਮ੍ਰਿਤਪਾਲ ਸਿੰਘ ਸੰਗਰੂਰ, ਨਿਰਮਲ ਸਿੰਘ, ਹਰਪ੍ਰੀਤ ਸਿੰਘ ਅੰਮ੍ਰਿਤਸਰ ਵਾਲੇ ਅਤੇ ਗਿਆਨੀ ਗੁਰਦੇਵ ਸਿੰਘ ਦੇ ਕੀਰਤਨੀ ਜਥਿਆਂ ਵੱਲੋਂ ਰਸਭਿੰਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਬੱਦੋਵਾਲ ਵਾਲੀਆਂ ਬੀਬੀਆਂ, ਜਤਿੰਦਰ ਸਿੰਘ ਨੂਰ ਅਤੇ ਗੁਰਮੁਖ ਸਿੰਘ ਵਲਟੋਹਾ ਦੇ ਜਥਿਆਂ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਵਿਚ ਨਵਾਂ ਜੋਸ਼ ਭਰ ਦਿੱਤਾ। ਸੜਕਾਂ ਦੇ ਆਲੇ-ਦੁਆਲੇ ਤੇ ਗੁਰੂਘਰਾਂ ਵਿਚ ਸੰਗਤਾਂ ਵੱਲੋਂ ਖੁੱਲ੍ਹੇ ਲੰਗਰ ਲਗਾਏ ਗਏ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਅਲਬਰਟਾ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ, ਕੈਬਨਿਟ ਮੰਤਰੀ ਮਨਮੀਤ ਸਿੰਘ ਭੁੱਲਰ, ਵਿਧਾਇਕ ਨਰੇਸ਼ ਭਾਰਦਵਾਜ, ਸਪੀਕਰ ਜੀਨ ਜਵੈਸ ਡੇਸਕੀ, ਲਿਬਰਲ ਆਗੂ ਤੇ ਵਿਧਾਇਕ ਡਾ: ਰਾਜ ਸ਼ਰਮਨ, ਕਨੇਡਾ ਸਰਕਾਰ ਦੇ ਖੇਡ ਮੰਤਰੀ ਬੱਲ ਗੋਸਲ, ਐਨ. ਡੀ. ਪੀ. ਦੇ ਵਿਧਾਇਕ ਡੇਵਡ ਐਗਨ, ਮੇਅਰ ਸਟੀਫਨ ਮੰਡੇਲ, ਕਾਸਲਰ ਅਮਰਜੀਤ ਸੋਹੀ, ਕਾਸਲਰ ਕੈਰੀ ਡੋਟੀ, ਐਡਮਿੰਟਨ ਪੁਲਿਸ ਦੇ ਮੁਖੀ ਮਹਿੰਦਰ ਬੰਗਾ, ਡਾਨ ਮਾਈਨ, ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਰਪੂਰ ਸਿੰਘ ਧਾਂਦਰਾ ਤੋਂ ਇਲਾਵਾ ਹੋਰਨਾਂ ਰਾਜਨੀਤਕ ਤੇ ਧਾਰਮਿਕ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਵਿਸਾਖੀ ਨਗਰ ਕੀਰਤਨ ਕਮੇਟੀ ਵੱਲੋਂ ਪ੍ਰੀਮੀਅਰ ਐਲੀਸਨ ਰੈਡਫੋਰਡ ਨੂੰ ਸਨਮਾਨ-ਚਿੰਨ੍ਹ ਵੀ ਭੇਟ ਕੀਤਾ ਗਿਆ। ਸਟੇਜ ਦੀ ਭੂਮਿਕਾ ਨਿਰਮਲ ਸਿੰਘ ਭੂਈ ਵੱਲੋਂ ਨਿਭਾਈ ਗਈ। ਅਖੀਰ ਵਿਚ ਗੁਰਦੁਆਰਾ ਮਿਲਵੁਡਜ਼ ਦੇ ਪ੍ਰਧਾਨ ਭਾਈ ਸੁਰਿੰਦਰ ਸਿੰਘ ਹੁੰਝਣ, ਸਿੰਘ ਸਭਾ ਦੇ ਪ੍ਰਧਾਨ ਮੇਹਰ ਸਿੰਘ ਗਿੱਲ, ਗੁਰੂ ਨਾਨਕ ਸਿੱਖ ਸੁਸਾਇਟੀ ਦੇ ਪ੍ਰਧਾਨ ਕਰਨੈਲ ਸਿੰਘ ਮਾਂਗਟ ਨੇ ਸਮੂਹ ਸੇਵਾਦਾਰਾਂ, ਪ੍ਰਸ਼ਾਸਨ, ਐਡਮਿੰਟਨ ਪੁਲਿਸ ਤੇ ਸੰਗਤਾਂ ਦਾ ਧੰਨਵਾਦ ਕੀਤਾ।









ਇਸੇ ਤਰ੍ਹਾਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੈਲਗਰੀ ਸ਼ਹਿਰ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਕੈਲਗਰੀ ਸ਼ਹਿਰ ਤੇ ਆਸ-ਪਾਸ ਦੇ ਸ਼ਹਿਰਾਂ ਤੋਂ ਇਲਾਵਾ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਐਡਮਿੰਟਨ, ਵੈਨਕੂਵਰ, ਸਰੀ, ਐਵਫੋਰਡ, ਰੀਜ਼ਾਇਨਾਂ, ਵਿਨੀਪੈਗ, ਅਮਰੀਕਾ ਤੇ ਇੰਗਲੈਂਡ ਤੋਂ ਵੀ ਸ਼ਰਧਾਲੂਆਂ ਨੇ ਭਾਰੀ ਗਿਣਤੀ 'ਚ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪਾਇਆ ਗਿਆ ਉਪਰੰਤ ਅਰਦਾਸ ਕਰ ਕੇ 11 ਵਜੇ ਨਗਰ ਕੀਰਤਨ ਰਵਾਨਾ ਹੋਇਆ। ਨਗਰ ਕੀਰਤਨ 'ਚ ਗਤਕੇ ਦੇ ਕਰਤੱਬ ਵਿਖਾਉਂਦੇ ਹੋਏ ਕੈਨੇਡੀਅਨ ਸਿੱਖ ਬੱਚਿਆਂ ਨੇ ਹਾਜ਼ਰੀ ਲਗਵਾਈ। ਇਸ ਸਮੇਂ ਪ੍ਰਸਿੱਧ ਕੀਰਤਨੀ ਜਥਿਆਂ ਭਾਈ ਹਰਪਿੰਦਰ ਸਿੰਘ, ਭਾਈ ਕਾਰਜ ਸਿੰਘ ਦਮਦਮੀ ਟਕਸਾਲ, ਭਾਈ ਜੁਗਿੰਦਰ ਸਿੰਘ ਜਲੰਧਰ ਵਾਲੇ, ਭਾਈ ਰੇਸ਼ਮ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਰਣਜੀਤ ਸਿੰਘ ਗੋਹਰ ਮਸਕੀਨ ਕਥਾ ਵਾਚਕ, ਭਾਈ ਜਤਿੰਦਰ ਸਿੰਘ ਨੂਰਪੁਰੀ ਦਾ ਢਾਡੀ ਜਥਾ, ਗਿਆਨੀ ਗੁਰਮੁੱਖ ਸਿੰਘ ਵਲਟੋਹਾ ਢਾਡੀ ਜਥਾ, ਬੱਦੋਵਾਲ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਤੇ ਸ. ਭਰਪੂਰ ਸਿੰਘ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਹ ਨਗਰ ਕੀਰਤਨ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਉਪਰੰਤ ਗੁਰਦੁਆਰਾ ਸਾਹਿਬ ਦੇ ਬਾਹਰ ਸਟੇਜ ਲਾਈ ਗਈ। ਜਿਸ ਵਿੱਚ ਅਲਬਰਟਾ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ ਨੇ ਨਗਰ ਕੀਰਤਨ 'ਚ ਸ਼ਾਮਿਲ ਹੋਈਆਂ ਸੰਗਤਾਂ ਨੂੰ ਵਧਾਈ ਦਿੱਤੀ। ਇਸ ਸਮੇਂ ਐਡਵੋਕੇਟ ਦਵਿੰਦਰ ਸ਼ੋਰੀ ਸੰਸਦ ਮੈਂਬਰ, ਸ. ਮਨਮੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਅਲਬਰਟਾ ਸਰਕਾਰ, ਸ. ਦਰਸ਼ਨ ਸਿੰਘ ਕੰਗ ਵਿਧਾਇਕ, ਜਿਮ ਸਟੀਵਨਸਨ ਐਲਡਰਮੈਨ, ਡਾ. ਰਾਜ ਸ਼ਰਮਨ ਪ੍ਰਧਾਨ ਲਿਬਰਲ ਪਾਰਟੀ ਅਲਬਰਟਾ, ਡੈਨੀਅਲ ਸਮਿੱਥ ਵਿਰੋਧੀ ਧਿਰ ਅਲਬਰਟਾ ਸਰਕਾਰ, ਨਹਿਦੀਨ ਨੈਸ਼ੀ ਮੇਅਰ ਕੈਲਗਰੀ ਸ਼ਹਿਰ ਤੇ ਕਈਆਂ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਭਾਈ ਬਲਜਿੰਦਰ ਸਿੰਘ ਸੰਧੂ ਤੇ ਭਾਈ ਮਨਰਾਜ ਸਿੰਘ ਨੇ ਨਿਭਾਈ। ਅਖੀਰ 'ਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਰਨੈਲ ਸਿੰਘ ਨਿੱਝਰ ਨੇ ਸਾਰੇ ਵਲੰਟੀਅਰ, ਪ੍ਰਬੰਧਕ ਕਮੇਟੀ, ਪ੍ਰਸ਼ਾਸਨ, ਕੈਲਗਰੀ ਪੁਲਿਸ ਤੇ ਸੰਗਤਾਂ ਦਾ ਧੰਨਵਾਦ ਕੀਤਾ।

# ਲਿਬਰਲ ਪਾਰਟੀ ਦੀ ਬੀ.ਸੀ. ਵਿਚ ਅਣਕਿਆਸੀ ਜਿੱਤ

- ਪ੍ਰੀਮੀਅਰ ਕ੍ਰਿਸਟੀ ਕਲਾਰਕ 785 ਵੋਟਾਂ ਨਾਲ ਹਾਰੀ
- ਤਿੰਨ ਪੰਜਾਬੀ ਉਮੀਦਵਾਰ ਜਿੱਤੇ
- ਹਾਰਪਰ ਵਲੋਂ ਕ੍ਰਿਸਟੀ ਨੂੰ ਸ਼ਾਨਦਾਰ ਜਿੱਤ ’ਤੇ ਵਧਾਈ

ਵੈਨਕੂਵਰ (ਨਦਬ) : ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ 85 ਵਿਧਾਨਕਾਰਾਂ ਵਾਲੀ 40ਵੀਂ ਵਿਧਾਨ ਸਭਾ ਚੋਣਾਂ ਜੋ 14 ਮਈ ਨੂੰ ਹੋਈਆਂ ਹਨ ਵਿੱਚ ਬੀ.ਸੀ. ਲਿਬਰਲ ਪਾਰਟੀ ਨੇ ਲਗਾਤਾਰ ਚੌਥੀ ਵਾਰ ਇਤਿਹਾਸਕ ਜਿੱਤ ਪ੍ਰਾਪਤ ਕੀਤੀ 85 ਵਿਧਾਨਕਾਰਾਂ ਵਾਲੀ ਅਸੈਂਬਲੀ ਵਿਚੋਂ 51 ਸੀਟਾਂ ਪ੍ਰਾਪਤ ਕਰਕੇ ਸ਼ਪਸ਼ਟ ਬਹੁਮਤ ਪ੍ਰਪਤ ਕਰ ਲਈ ਹੈ ਅਤੇ ਬੀ.ਸੀ. ਐਨ.ਡੀ.ਪੀ. ਜਿਸਨੇ ਆਪਣੀ ਹਾਰ ਕਬੂਲ ਲਈ ਹੈ ਨੂੰ ਸਿਰਫ 32 ਸੀਟਾਂ ਹੀ ਪ੍ਰਾਪਤ ਹੋਈਆਂ ਹਨ। 1 ਸੀਟ ਲਗਾਤਾਰ ਦੂਜੀ ਵਾਰ ਡੈਲਟਾ ਸਾਊਥ ਤੋਂ ਨਿੱਕੀ ਹਟਿੰਗਟਨ (ਅਜ਼ਾਦ ਉਮੀਦਵਾਰ) ਅਤੇ 1 ਗਰੀਨ ਪਾਰਟੀ ਨੂੰ ਨਸੀਬ ਹੋਈ ਹੈ। ਇਸ ਚੋਣ ਦਾ ਦਿਲਚਸਪ ਪਹਿਲੂ ਇਹ ਰਿਹਾ ਕਿ ਪ੍ਰੀਮੀਅਰ ਕ੍ਰਿਸਟੀ ਕਲਾਰਕ ਆਪਣੀ ਵੈਨਕੂਵਰ ਗਰੇ ਰਾਈਡਿੰਗ ਵਾਲੀ ਸੀਟ ਐਨਡੀਪੀ ਤੋਂ 785 ਵੋਟਾਂ ਨਾਲ ਹਾਰ ਗਈ। 1924 ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਬੀਸੀ ਦਾ ਪ੍ਰੀਮੀਅਰ ਸੀਟ ਜਿੱਤਣ ਤੋਂ ਬਗੈਰ ਹੀ ਬਣਿਆ ਹੈ। ਹੋ ਸਕਦਾ ਹੈ ਕਿ ਕੋਈ ਐਮਐਲਏ ਆਪਣੀ ਸੀਟ ਛੱਡ ਦੇਵੇ ਅਤੇ ਕ੍ਰਿਸਟੀ ਉਪ ਚੋਣ ਰਾਹੀਂ ਚੋਣ ਜਿੱਤ ਕੇ ਅਸੈਂਬਲੀ ਵਿਚ ਆ ਜਾਵੇ।

ਓਨਟਾਰੀਓ, ਅਲਬਰਟਾ ਤੋਂ ਬਾਅਦ ਹੁਣ ਬ੍ਰਿਟਿਸ਼ ਕੋਲੰਬੀਆਂ ਦੀਆਂ ਚੋਣਾਂ ਵਿੱਚ ਸਾਰੇ ਸਰਵੇਖਣ ਹੋਏ ਝੂਠੇ ਸਾਬਤ ਹੋਏ। ਇਸ ਵਾਰ ਬੀ.ਸੀ. ਵਿੱਚ ਹੁਣ ਤੱਕ ਜਿੰਨੇ ਵੀ ਸਰਵੇ ਹੋਏ ਸਨ ਉਨ੍ਹਾਂ ਵਿੱਚ ਬੀ.ਸੀ. ਐਨ.ਡੀ.ਪੀ ਨੂੰ ਜੇਤੂ ਕਰਾਰ ਦਿੱਤਾ ਗਿਆ ਸੀ ਪਰ ਵੋਟਰਾਂ ਨੇ ਲਿਬਰਲ ਪਾਰਟੀ ਦੇ ਤਾਕਤਵਰ ਅਰਥਚਾਰੇ ਦੇ ਪ੍ਰਚਾਰ ਦਾ ਪ੍ਰਭਾਵ ਕਬੂਲ ਕਿ ਇਸਨੂੰ ਜਿੱਤਾ ਦਿੱਤਾ। ਲਿਬਰਲ ਲੀਡਰ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਹਮੇਸ਼ਾਂ ਮੁਸਕਰਾਉਂਦੇ ਹੋਏ ਆਪਣੀ ਪਾਰਟੀ ਦੀ ਮਹਿੰਮ ਨੂੰ ਸਖਤ ਮਿਹਨਤ ਨਾਲ ਚਲਾਇਆ ਅਤੇ ਇਸਦੇ ਡਿਗਦੇ ਹੋਏ ਗ੍ਰਾਫ ਨੂੰ ਉਤੇ ਕਰ ਦਿੱਤਾ ਜਿਹੜੇ ਲਿਬਰਲ ਲੀਡਰ ਪਾਰਟੀ ਨੂੰ ਡੁੱਬਦੀ ਹੋਈ ਬੇੜੀ ਸਮਝ ਕੇ ਇਸਨੂੰ ਕਿਨਾਰਾ ਕਰ ਗਏ ਸਨ ਹੁਣ ਡੂੰਘੀਆਂ ਸੋਚਾਂ ਵਿੱਚ ਪਏ ਹੋਏ ਇਹ ਹੋ ਕੀ ਗਿਆ। ਇਸ ਵਾਰ ਪੰਜਾਬੀ ਮੂਲ ਦੇ ਲੱਗਭਗ 27 ਉਮੀਦਵਾਰ ਵੱਖ ਵੱਖ ਪਾਰਟੀਆਂ ਵਲੋਂ ਖੜੇ ਹੋਏ ਹਨ ਅਤੇ ਇਸ ਤੋਂ ਇਲਾਵਾ 6 ਪੰਜਾਬਣਾਂ ਵੀ ਇਸ ਚੋਣ ਮੈਦਾਨ ਵਿੱਚ ਵੱਖ ਵੱਖ ਪਾਰਟੀਆਂ ਵਲੋਂ ਉਮੀਦਵਾਰ ਚੋਣ ਲੜ ਰਹੇ ਸਨ ਜਿਨ੍ਹਾਂ ਵਿਚੋਂ ਸਿਰਫ ਤਿੰਨ ਉਮੀਦਵਾਰ ਸਫਲ ਹੋ ਸਕੇ ਹਨ

ਲਿਬਰਲ ਪਾਰਟੀ ਤੋਂ ਸਾਬਕਾ ਆਰ.ਸੀ.ਐਮ.ਪੀ. ਇੰਸਪੈਕਟਰ ਅਮਰੀਕ ਵਿਰਕ (ਸਰੀ- ਟਾਇਨਹੈਡ) , ਐਨ.ਡੀ.ਪੀ ਦੇ ਰਾਜ ਚੋਹਾਨ ਅਤੇ ਹੈਰੀ ਬੈਂਸ (ਸਰੀ-ਨਿਊਟਨ) ਤੋਂ ਜਿੱਤੇ ਹਨ ਅਤੇ ਹਾਰਣ ਵਾਲੇ ਪ੍ਰਮੁਖ ਉਮੀਦਵਾਰ ਜਗਰੂਪ ਬਰਾੜ (ਸਰੀ- ਫਲੀਟਵੁਡ) ,ਅਮਰੀਕ ਮਾਹਲ (ਸਰੀ ਪੈਨੋਰੈਮਾ) ਕੁਲਜੀਤ ਕੌਰ (ਸਰੀ ਵਾਲੀ) , ਡਾ.ਅਮਰੀਕ ਤੁੰਗ (ਸਰੀ-ਗਰੀਨਟਿੰਬਰ) ,ਵਕੀਲ ਸੁਖਮਿੰਦਰ ਸਿੰਘ ਵਿਰਕ (ਸਰੀ-ਨਿਊਟਨ) , ਹਨ। ਚੋਣਾਂ ਜਿੱਤਣ ਤੋਂ ਬਾਅਦ ਹੁਣ ਪਤਾ ਲਗੇਂਗਾ ਕਿ ਬੀ.ਸੀ. ਦੇ ਘਾਟੇ ਵਾਲੇ ਬਜਟ ਨਾਲ ਲਿਬਰਲ ਸਰਕਾਰ ਲੋਕਾਂ ਦੇ ਜੀਵਨ ਨੂੰ ਸੁਧਾਰਣ ਦਾ ਕਿਨ੍ਹਾਂ ਕੁ ਯਤਨ ਕਰਦੀ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਹਾਲੇ ਤਾਂ ਪਾਰਟੀ ਆਪਣੀ ਜਿੱਤ ਦੇ ਜਸ਼ਨ ਮਨਾ ਰਹੀ ਹੈ। ਬੀਸੀ ਵਿਚ ਲਿਬਰਲ ਪਾਰਟੀ ਵਲੋਂ ਸ਼ਾਨਦਾਰ ਜਿੱਤ ’ਤੇ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੂੰ ਵਧਾਈ ਦਿੰਦਿਆਂ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ ਕਿ ਮੈਂ ਆਪਣੇ ਵਲੋਂ ਅਤੇ ਸਮੁੱਚੇ ਕੈਨੇਡਾ ਵਾਸੀਆਂ ਵਲੋਂ ਆਪ ਨੂੰ ਵਧਾਈ ਦਿੰਦਾ ਹਾਂ ਅਤੇ ਬੀਸੀ ਅਤੇ ਸਮੁੱਚੇ ਕੈਨੇਡੀਅਨ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਆਪ ਨਾਲ ਮਿਲ ਕੇ ਕੰਮ ਕਰਨ ਦਾ ਮੌਕਾ ਮਿਲੇਗਾ ਤਾਂ ਕਿ ਸਮੁੱਚੇ ਕੈਨੇਡੀਅਨਾਂ ਦੀ ਆਰਥਿਕਤਾ ਮਜਬੂਤ ਹੋਵੇਗੀ।

# ਪੀਟਰ ਸੰਧੂ ਨੇ ਕੀਤਾ ਸਰਕਾਰੀ ਜ਼ਿੰਮੇਵਾਰੀਆਂ ਤੋਂ ਪਿਛੇ ਹੱਟਣ ਦਾ ਫ਼ੈਸਲਾ

ਐਡਮਿੰਟਨ (ਨਦਬ) : ਵਿੱਤੀ ਬੇਨਿਯਮੀਆਂ ਨੂੰ ਲੈ ਕੇ ਲੱਗੇ ਦੋਸ਼ਾਂ ਦੇ ਚਲਦਿਆਂ ਐਡਮਿੰਟਨ ਤੋਂ ਐਮ ਐਲ ਏ ਪੀਟਰ ਸੰਧੂ ਨੇ ਸਰਕਾਰੀ ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਦਾ ਫੈਸਲਾ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸੀ ਬੀ ਸੀ ਨਿਊਜ਼ ਵੱਲੋਂ ਨਸ਼ਰ ਕੀਤੀ ਗਈ ਖ਼ਬਰ ਅਨੁਸਾਰ ਪੀਟਰ ਸੰਧੂ ਦੀ ਹਾਊਸਿੰਗ ਬਿਲਡਿੰਗ ਕੰਪਨੀ ਨਿਊ ਵਿਊ ਹੋਮਜ਼ ਕਈ ਕੰਪਨੀਆਂ ਅਤੇ ਮਜ਼ਦੂਰਾਂ ਦੀ ਕਰਜ਼ਾਈ ਹੈ। ਬਿਲਾਂ ਦੇ ਭੁਗਤਾਨ ਨੂੰ ਲੈ ਕੇ ਇਨ੍ਹਾਂ ਕੰਪਨੀਆਂ ਵੱਲੋਂ ਅਦਾਲਤਾਂ ਦੇ ਦਰਵਾਜ਼ੇ ਵੀ ਖੜਕਾਏ ਗਏ ਹਨ ਪਰ ਐਮ ਐਲ ਏ ਹੁੰਦੇ ਹੋਏ ਪੀਟਰ ਸੰਧੂ ਨੇ ਜਨਤਕ ਤੌਰ 'ਤੇ ਇਸ ਸਬੰਧੀ ਕਦੇ ਕੋਈ ਜਾਣਕਾਰੀ ਨਸ਼ਰ ਨਹੀਂ ਕੀਤੀ। ਉਹਨਾਂ ਦੇ ਇਸ ਵਿਹਾਰ ਨਾਲ ਸੂਬੇ ਵਿੱਚ ਬਣੇ ਕਨਫਲਿਕਟਸ ਆਫ਼ ਇੰਟਰੱਸਟ ਐਕਟ ਦੀ ਉਲੰਘਣਾ ਹੋਈ ਹੈ, ਜਦੋਂਕਿ ਇਸ ਕਾਨੂੰਨ ਤਹਿਤ ਆਪਣੀ ਪੂਰੀ ਪੂੰਜੀ ਦੀ ਜਾਣਕਾਰੀ ਦੇ ਨਾਲ ਨਾਲ ਸਮੁੱਚੇ ਵਿੱਤੀ ਲੈਣ-ਦੇਣ ਦੀ ਜਾਣਕਾਰੀ ਦੇਣਾ ਜ਼ਰੂਰੀ ਹੁੰਦਾ ਹੈ। ਮਾਮਲੇ ਦਾ ਖੁਲਾਸਾ ਉਦੋਂ ਹੋਇਆ ਜਦੋਂ ਪੀਟਰ ਸੰਧੂ ਨੇ ਕਰਜ਼ੇ ਦੇ ਮਾਮਲੇ ਨੂੰ ਲੈ ਕੇ ਕੋਰਟ ਵਿੱਚ ਚੱਲ ਰਹੇ ਮੁਕੱਦਮੇ ਦੌਰਾਨ ਹਲਫ਼ਨਾਮਾ ਪੇਸ਼ ਕੀਤਾ, ਜਿਸ ਵਿੱਚ ਇਹ ਦਰਸਾਇਆ ਗਿਆ ਸੀ ਕਿ ਦਸੰਬਰ 2012 ਤੋਂ ਲੈ ਕੇ ਫਰਵਰੀ ਦੇ ਅੱਧ ਤੱਕ ਉਹ ਭਾਰਤ ਵਿੱਚ ਸਨ, ਸੀਬੀਸੀ ਨੇ ਇਹ ਦਾਅਵਾ ਕੀਤਾ ਕਿ ਉਹ ਇਸ ਸਮੇਂ ’ਚ ਭਾਰਤ ਵਿੱਚ ਨਹੀਂ ਸਗੋਂ ਕਨੇਡਾ ’ਚ ਹੀ ਸਨ। ਇਸੇ ਦੌਰਾਨ ਸੰਧੂ ਨੇ ਪੀਸੀ ਕਾਕਸ ਤੋਂ ਅਸਤੀਫ਼ਾ ਦੇ ਦਿੱਤਾ, ਪਰ ਉਹ ਬਤੌਰ ਐਮ ਐਲ ਏ ਬਣੇ ਰਹਿਣਗੇ। ਹੁਣ ਇਸ ਮਾਮਲੇ ਨੂੰ ਲੈ ਕੇ ਅਲਬਰਟਾ ਦੇ ਐਥਿਕਸ ਕਮਿਸ਼ਨਰ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਜਿਸ ਨੂੰ ਕਿ ਪੀਟਰ ਸੰਧੂ ਵੱਲੋਂ ਖੁਦ ਹੀ ਜਾਂਚ ਦੀ ਬੇਨਤੀ ਕੀਤੀ ਗਈ ਸੀ।



**ਪਾਰਟੀ ਨੂੰ ਅਸਤੀਫ਼ਾ ਭੇਜਿਆ ਪਰ ਬਣੇ ਰਹਿਣਗੇ ਐਮ.ਐਲ.ਏ.**

# ਮਿਲਵੁੱਡਜ਼ ਕਮਿਊਨਿਟੀ ਪੈਟਰੋਲ ਨੂੰ ਮਿਲਿਆ ਅਲਬਰਟਾ ਕਰਾਇਮ ਪਰਵੈਨਸ਼ਨ ਅਵਾਰਡ



ਐਡਮਿੰਟਨ (ਨਦਬ) ਹਰ ਸਾਲ ਦੀ ਤਰ੍ਹਾਂ 22 ਵੇਂ ਸਾਲਾਨਾ ਅਲਬਰਟਾ ਕਰਾਇਮ ਪਰਵੈਨਸ਼ਨ ਅਵਾਰਡ ਦੇ ਸਮਾਰੋਹ ਮੌਕੇ ਇਸ ਵਾਰ ਪੁਲੀਸ ਕਮਿਊਨਿਟੀ ਕੌਲੈਬਰੇਸ਼ਨ ਅਵਾਰਡ ਮਿਲਵੁੱਡਜ਼ ਕਮਿਊਨਿਟੀ ਪੈਟਰੋਲ ਨੂੰ ਦਿੱਤਾ ਗਿਆ। ਇਸ ਵਾਰ ਦਾ ਸਮਾਰੋਹ ਸਰਕਾਰੀ ਹਾਊਸ ਵਿੱਚ ਆਰਸੀਐਮਪੀ ਦੀ 'ਕੇ' ਡਿਵੀਜ਼ਨ ਦੇ ਸਹਿਯੋਗ ਨਾਲ ਕਰਵਾਇਆ ਗਿਆ; ਜਿਸ ਵਿੱਚ ਅਲਬਰਟਾ ਦੇ ਜਸਟਿਸ ਐਂਡ ਸੋਲੀਸਟਰ ਜਨਰਲ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਇਹ ਅਵਾਰਡ ਕਾਨੂੰਨ ਵਿਰੋਧੀ ਅਨਸਰਾਂ ਤੋਂ ਕਮਿਊਨਿਟੀ ਦੀ ਸੁਰੱਖਿਆ ਲਈ ਵਿਸ਼ੇਸ਼ ਤੌਰ 'ਤੇ ਯੋਗਦਾਨ ਪਾਉਣ ਵਾਲੇ ਵਿਅਕਤੀ, ਸਮਾਜਕ ਸੰਸਥਾ, ਪੁਲੀਸ ਮੁਲਾਜ਼ਮ ਜਾਂ ਪੁਲਿਸ ਕਮਿਊਨਿਟੀ ਨੂੰ ਸਾਂਝੇ ਤੌਰ 'ਤੇ ਦਿੱਤਾ ਜਾਂਦਾ ਹੈ। ਮਿਲਵੁੱਡਜ਼ ਕਮਿਊਨਿਟੀ ਪੈਟਰੋਲ ਅਤੇ ਹੋਰਾਂ ਨੂੰ ਮਿਲਣ ਵਾਲਾ ਇਹ ਅਵਾਰਡ ਪੁਲੀਸ ਕਮਿਊਨਿਟੀ ਕੌਲੈਬਰੇਸ਼ਨ ਸ਼੍ਰੇਣੀ ਦਾ ਹੈ, ਜਿਹੜਾ ਕਿ ਪੁਲੀਸ ਨੂੰ ਦੱਖਣੀ-ਪੂਰਬੀ ਐਡਮਿੰਟਨ ਵਿੱਚ ਉਸਦੀ ਕਾਰਗੁਜ਼ਾਰੀ ਬਦਲੇ ਦਿੱਤਾ ਗਿਆ ਹੈ। ਪਿਛਲੇ ਕੁੱਝ ਸਾਲਾਂ ਤੋਂ ਇਸ ਖੇਤਰ ਵਿੱਚ ਅਪਰਾਧਾਂ 'ਤੇ ਰੋਕਥਾਮ ਲਈ ਗਸਤ ਕਾਫ਼ੀ ਸਹਾਇਕ ਸਿੱਧ ਹੋਈ ਹੈ, ਖ਼ਾਸ ਕਰਕੇ ਸੜਕਾਂ ਨਾਲ ਜੁੜੇ ਅਪਰਾਧਾਂ ਨੂੰ ਕਾਫ਼ੀ ਠੱਲ ਪਈ ਹੈ। ਐਡਮਿੰਟਨ ਵਾਸੀ ਕਮਿਊਨਿਟੀ ਪੈਟਰੋਲ ਦੇ ਧੰਨਵਾਦੀ ਹਨ; ਜਿਨ੍ਹਾਂ ਸਦਕਾ ਉਹਨਾਂ ਨੂੰ ਸੁਰੱਖਿਅਤ ਜੀਵਨ ਜਿਉਣ ਵਿੱਚ ਆਸਾਨੀ ਹੋਈ ਹੈ।

# ਗ਼ਦਰ ਸ਼ਤਾਬਦੀ ਨੂੰ ਸਮਰਪਤ ਮੇਲਾ ਮਾਵਾਂ-ਧੀਆਂ ਦਾ ਕਰਵਾਇਆ






ਐਡਮਿੰਟਨ (ਨਦਬ) : ਅੱਜ ਦੀ ਤੇਜ਼ ਰਫ਼ਤਾਰ ਜਿੰਦਗੀ ’ਚ ਵੱਧ ਰਹੇ ਪੀੜ੍ਹੀ ਪਾੜੇ ਨੂੰ ਮੇਟਣ ਦੀ ਕੋਸ਼ਿਸ਼ ਲਈ ਯਤਨਸ਼ੀਲ ਪੰਜਾਬੀ ਕਲਚਰ ਐਸੋਸੀਏਸ਼ਨ ਆਫ਼ ਐਲਬਰਟਾ ਵਲੋਂ 2 ਜੂਨ ਨੂੰ ਮਾਹਾਰਾਜਾ ਪੈਲਿਸ ਵਿਖੇ ਸੰਸਥਾ ਦੀ ਸਭਿਆਚਾਰਕ ਨਿਰਦੇਸ਼ਕਾ ਸ੍ਰੀਮਤੀ ਬਖਸ਼ ਸੰਘਾ ਦੀ ਅਣਥੱਕ ਮਿਹਨਤ ਤੇ ਅਰਵਿੰਦ ਸੇਖੋਂ, ਕੁਲਦੀਪ ਧਾਲੀਵਾਲ, ਇੰਦਰਾ ਸਰੋਆ ਦੀ ਸਰਪਰਸਤੀ ਹੇਠ ਗ਼ਦਰ ਸ਼ਤਾਬਦੀ 2013 ਨੂੰ ਸਮਰਪਿਤ ‘ਮੇਲਾ ਮਾਵਾਂ ਧੀਆਂ’ ਦਾ ਕਰਵਾਇਆ ਗਿਆ। ਇਸ ਮੇਲੇ ਦਾ ਮਕਸਦ ਸੀ ਕਿ ਮਾਵਾਂ-ਧੀਆਂ, ਸੱਸਾਂ-ਨੂੰਹਾਂ, ਭੂਆ, ਚਾਚੀ, ਤਾਈ, ਮਾਮੀ, ਮਾਸੀ ਅਤੇ ਭਤੀਜੀ-ਭਾਣਜੀ ਦੇ ਰਿਸ਼ਤਿਆਂ ਨੂੰ ਮਾਵਾਂ-ਧੀਆਂ ਵਾਂਗ ਬਣਾਇਆ ਜਾਵੇ ਤਾਂ ਕਿ ਨਵੀਂ ਅਤੇ ਪੁਰਾਣੀ ਪੀੜ੍ਹੀ ਦੀਆਂ ਔਰਤਾਂ ਵਿਚਕਾਰ ਪਿਆਰ ਅਤੇ ਸਤਿਕਾਰ ਦੀ ਭਾਵਨਾ ਨੂੰ ਬਰਕਰਾਰ ਰੱਖਿਆ ਜਾ ਸਕੇ। ਇਹ ਉਪਰਾਲਾ ਸੰਸਥਾ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਸਾਲ ਭਰ ਕੀਤੇ ਜਾਂਦੇ ਕਈ ਪ੍ਰੋਗਰਾਮਾਂ ਵਿਚੋਂ ਇੱਕ ਹੈ। ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵੱਲੋਂ ਮਨਜੀਤ ਸਿੰਘ ਤੇ ਪੂਨਮ ਔਲਖ ਵੱਲੋਂ ਤਿਆਰ ਭੰਗੜਾ ਤੇ ਗਿੱਧਾ, ਹਰਪਿੰਦਰ ਸਰਾਓ ਵੱਲੋਂ ਛੋਟੀਆਂ ਬੱਚੀਆਂ ਦਾ ਗਿੱਧਾ, ਕੁੱਕੀ ਵੱਲੋਂ ਗਿੱਧਾ, ਜਗਜੀਤ ਤੇ ਹਰਮਨ ਵੱਲੋਂ ਗਿੱਧਾ, ਲਖਵੀਰ ਪਾਲ ਤੇ ਗੁਰਜੀਤ ਬਰਾੜ ਵੱਲੋਂ ਸਕਿੱਟ ਪੇਸ਼ ਕੀਤੀ ਗਈ। ਇਸ ਮੌਕੇ ਤੇ ਸੰਸਥਾ ਦੀ ਮੀਤ ਪ੍ਰਧਾਨ ਇੰਦਰਾ ਸਰੋਆ ਵੱਲੋਂ ਜਿਥੇ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਵੱਲੋਂ ਗ਼ਦਰ ਸ਼ਤਾਬਦੀ 2013 ਸੰਬਧੀ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਉਥੇ ਹੀ ਗ਼ਦਰ ਪਾਰਟੀ ਦੀ ਹੋਂਦ, ਪ੍ਰਾਪਤੀਆਂ ਅਤੇ ਮੌਜੂਦਾ ਸਮੇਂ ਸਨਮੁੱਖ ਚਣੌਤੀਆਂ ’ਤੇ ਵੀ ਖੁੱਲ ਕੇ ਵਿਚਾਰ ਪ੍ਰਗਟ ਕੀਤੇ।

ਕਰੀਬ 4 ਘੰਟੇ ਚੱਲੇ ਇਸ ਮੇਲੇ ਨੂੰ ਸਫ਼ਲਤਾ ਨਾਲ ਸਿਰੇ ਚੜਾਉਣ ਲਈ ਪਰਮਿੰਦਰ (ਟਿਪੀ) ਗਿੱਲ, ਰਾਣੀ ਧਾਲੀਵਾਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਮੇਲੇ ਵਿੱਚ ਛੋਟੀ ਉਮਰ ਦੀ ਧੀ ਤੋਂ ਲੈ ਕੇ ਵੱਡੀ ਉਮਰ ਦੀ ਮਾਂ ਤਕ ਕਰੀਬ 800 ਔਰਤਾਂ ਨੇ ਭਾਗ ਲਿਆ। ਮੇਲੇ ਵਿੱਚ ਜਿਥੇ ਲੋਕ ਬੋਲੀਆਂ, ਘੋੜੀਆਂ, ਸੁਹਾਗ ਖਾਸ ਰਹੇ ਉਥੇ ਹੀ ਸੰਸਥਾ ਦੀ ਸਭਿਆਚਾਰਕ ਨਿਰਦੇਸ਼ਕਾ ਸ੍ਰੀਮਤੀ ਬਖਸ਼ ਸੰਘਾ ਵਲੋਂ ਪੂਰੇ ਮੇਲੇ ਹਾਜ਼ਰ ਔਰਤਾਂ ਨੂੰ ਸਟੇਜ਼ ਤੋਂ ਵਾਰ-ਵਾਰ ਭਰੂਣ ਹੱਤਿਆ, ਦਾਜ, ਭਰੇਲੂ ਕਲੇਸ਼ ਦੇ ਖ਼ਿਲਾਫ਼ ਜੰਗ ਵਿਢਣ ਲਈ ਵੀ ਬੇਨਤੀ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਪਰਮਿੰਦਰ (ਟਿਪੀ) ਗਿੱਲ ਨੇ ਬਾਖੂਬੀ ਨਿਭਾਈ।

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ ਗੋਲਡਨ ਐਰੋ ਪੈਸਟ ਕੰਟਰੋਲ ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com





## Gadar Centennial Commemoration 2013
## A Tribute to Patriots and Heroes of the Gadar Movement

**Progressive Peoples Foundation of Edmonton**

**And**

**Punjab United Sports & Heritage Association of Edmonton**

*Organize*

# 6th Shaheed Bhagat Singh Sports Tournament

Dedicated to Shaheed Bhagat Singh and his co patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

## Saturday June 29 & Sunday June 30, 2013

**@Pollard Meadows School**
**1751 48 St NW Edmonton AB**













**For Further Information, please call:**

Iqbal Mahal: 780 995 7035; Dalbir Sangione: 780 995 5475; Mohinder Banga: 780 913 1820; Kamaljit Sidhu: 780 499 9913; Raju Virk: 780 298 4499; Dr. P.R Kalia: 780 485 2989; Prof. Raj Pannu: 780 439 9220; Gurcharan Brar: 780 265 3752; Harjinder Badesha: 780 265 1920; Gurvarinder Gill: 780 497 8801; Gursewak Mann: 587 920 7710; Parminder Dhaliwal: 780 994 1886; Darshan Khaira: 780 450 3834 : Jagdev Sohi: 780 940 9941 Navtej Bains: 780 200 2872; Joginder Randhawa: 780 914 6251; Bakhash Sangha: 780 660 7520; Kirtmeet Kohar: 780 200 5328; Rabinder Sra: 780 431 1692; Usha Bhachhu: 780 200 3078; Surinder Deol: 780 239 9038; Gurminder Moom: 780 450 2075; Gurtej Brar: 780 906 0371; Devinder Sunner: 780 952 7334; Parminder Sooch: 780 297 6105; Jasbir Sangha: 780 863 4055; Jasvir Deol 780 906 4497

### ਪ੍ਰੋਗਰੈਸਿਵ ਪੀਪਲਜ਼ ਫ਼ੈਡਰੇਸ਼ਨ ਆਫ਼ ਐਡਮਿੰਟਨ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ

# ਲੋਕਾਂ ਦੇ ਮਨ ਵਿਚ ਚਿਣਗ ਹੈ, ਬਸ ਉਸ ਨੂੰ ਚਿੰਗਿਆੜੀ ਲਾਉਣ ਦੀ ਲੋੜ ਹੈ : ਵਰਿਆਮ ਸੰਧੂ

ਐਡਮਿੰਟਨ (ਕਿਰਤਮੀਤ ) : ਪ੍ਰੋਗਰੈਸਿਵ ਪੀਪਲਜ਼ ਫ਼ੈਡਰੇਸ਼ਨ ਆਫ਼ ਐਡਮਿੰਟਨ (ਪੀ ਪੀ ਐਫ਼ ਈ) ਵੱਲੋਂ ਗ਼ਦਰ ਸ਼ਤਾਬਦੀ 2013 ਦੀ ਲੜੀ ਤਹਿਤ ਦੂਸਰਾ ਸਮਾਗਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਸਮਰਪਤ 'ਗ਼ਦਰ ਲਹਿਰ ਦਾ ਨਜ਼ਰੀਆ ਤੇ ਸਰੋਕਾਰ' ਵਿਸ਼ੇ 'ਤੇ ਸੁਲਤਾਨ ਬੈਂਕੁਇਟ ਹਾਲ ਵਿਖੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਸ੍ਰੀ ਵਰਿਆਮ ਸੰਧੂ (ਟਰਾਂਟੋ) ਅਤੇ ਵਤਨ ਦੇ ਸੰਪਾਦਕ ਸ੍ਰੀ ਸੁਖਵੰਤ ਹੁੰਦਲ (ਬੀ ਸੀ) ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਪ੍ਰਧਾਨਗੀ ਮੰਡਲ ਵਿੱਚ ਇਨ੍ਹਾਂ ਤੋਂ ਇਲਾਵਾ ਪੀ ਪੀ ਐਫ਼ ਈ ਦੇ ਪ੍ਰਧਾਨ ਦਲਬੀਰ ਸਾਂਗਿਆਣ ਵੀ ਸ਼ਾਮਿਲ ਸਨ।

ਸਮਾਗਮ ਦੀ ਸੁਰੂਆਤ ਕਰਦਿਆਂ ਸਟੇਜ ਸਕੱਤਰ ਗੁਰਸੇਵਕ ਮਾਨ ਨੇ ਜਿਥੇ ਮੀਡੀਏ ਦਾ ਧੰਨਵਾਦ ਕਰਨ ਉਪਰੰਤ ਕਿਹਾ ਕਿ ਇਨ੍ਹਾਂ ਸਮਾਗਮਾਂ ਨੂੰ ਕਰਵਾਉਣ ਦਾ ਕਾਰਨ ਗ਼ਦਰ ਪਾਰਟੀ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨਾ ਅਤੇ ਨੌਵਜਾਨਾਂ ਨੂੰ ਉਤਸ਼ਾਹਿਤ ਕਰਨਾ ਹੈ। ਉਪਰੰਤ ਪ੍ਰਧਾਨ ਦਲਬੀਰ ਸਾਂਗਿਆਣ ਨੇ ਸਭ ਨੂੰ ਜੀ ਆਇਆ ਆਖਦਿਆਂ ਕਿਹਾ ਕਿ ਪ੍ਰੋਗਰੈਸਿਵ ਪੀਪਲਜ਼ ਫ਼ੈਡਰੇਸ਼ਨ ਚਾਰ ਸੰਸਥਾਵਾਂ (ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਉਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ) ਨੂੰ ਮਿਲਾ ਕੇ ਬਣੀ ਹੈ ਤੇ 2007 ਤੋਂ ਕੰਮ ਕਰਦੀ ਆ ਰਹੀ ਹੈ। ਉਨ੍ਹਾਂ ਗ਼ਦਰ ਸ਼ਤਾਬਦੀ 2013 ਦੇ ਸਮਾਗਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਜੋਗਿੰਦਰ ਰੰਧਾਵਾ ਨੇ ਹਰਭਜਨ ਸਿੰਘ ਹੁੰਦਲ ਦੀ ਗ਼ਦਰੀ ਬਾਬਿਆਂ ਬਾਰੇ ਲਿਖੀ ਗ਼ਜ਼ਲ "ਪਲ-ਪਲ ਸੂਲੀ ਟੰਗੇ ਦਿਨ, ਵਰ੍ਹਿਆਂ ਪਿਛੋਂ ਅੱਜ ਕਿਉਂ ਚੰਗੇ ਲੱਗਣ ਸਾਨੂੰ ਦਿਨ।" ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੀ।

ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਪੁਹੰਚੇ ਫ਼ਿਲਮ ਨਿਰਦੇਸ਼ਕ ਰਾਜੀਵ ਸ਼ਰਮਾ (ਜਿਨ੍ਹਾਂ ਦੀ ਪੰਜਾਬੀ ਫ਼ਿਲਮ 'ਨਾਬਰ' ਨੂੰ ਕੌਮੀ ਪੁਰਸਕਾਰ ਮਿਲਇਆ ਹੈ) ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲੋਕ-ਪੱਖੀ ਸਿਨੇਮੇ ਦੀ ਘਾਟ ਬਰਕਰਾਰ ਹੈ। ਜਦੋਂ ਅਸੀਂ ਵੱਡੇ ਹੋਏ ਤਾਂ ਜਿਹੜੀਆਂ ਫ਼ਿਲਮਾਂ ਦੇਖੀਆਂ ਉਸ ਵਿਚ ਕੁੜੀ-ਮੁੰਡੇ ਦੇ ਪਿਆਰ ਜਾਂ ਜ਼ਮੀਨ ਦੀ ਵੰਡ ਬਾਰੇ ਹੀ ਦਿਖਾਇਆ ਜਾਂਦਾ ਸੀ। ਉਪਰੰਤ ਜਦੋਂ ਗੁਰਸ਼ਰਨ ਭਾਅਜੀ ਨੂੰ ਮਿਲੇ ਤਾਂ ਸਮਾਜਕ ਕਦਰਾਂ-ਕੀਮਤਾਂ ਦੀ ਸਮਝ ਆਈ ਕਿ ਕਿਵੇਂ ਸਰਮਾਏਦਾਰੀ ਲੁੱਟ ਖਸੁੱਟ ਕਰ ਰਹੀ ਹੈ। ਭਾਅਜੀ ਨਾਲ ਕੰਮ ਕਰਦਿਆਂ ਹੀ ਉਹ ਲੋਕ-ਪੱਖੀ ਸਿਨੇਮੇ ਨੂੰ ਸਮਰਪਤ ਹੋ ਗਏ। ਉਨ੍ਹਾਂ ਕਿਹਾ ਕਿ ਨਾ ਤਾਂ ਉਸ ਵੇਲੇ ਤੇ ਨਾ ਅੱਜ ਹੀ, ਲੋਕਾਂ ਦੇ ਦੁੱਖ ਦਰਦ ਦੀ ਗੱਲ ਕਰਨ ਵਾਲਾ ਕੋਈ ਮੀਡੀਆ ਹੈ। ਅਜਿਹੇ ਕਈ ਲੋਕ ਮਸਲੇ ਹਨ, ਜਿਨ੍ਹਾਂ ਬਾਰੇ ਵੱਡੇ ਪਰਦੇ 'ਤੇ ਕੰਮ ਹੀ ਨਹੀਂ ਹੋ ਰਿਹਾ। ਇਸ ਲਈ ਉਹ ਇਹੀ ਕੋਸ਼ਿਸ਼ ਕਰਦੇ ਹਨ ਤੇ ਕਰਦੇ ਰਹਿਣਗੇ ਕਿ ਜਿਨ੍ਹਾਂ ਲੋਕਾਂ ਬਾਰੇ ਸਾਡਾ ਸਿਨੇਮਾ ਗੱਲ ਨਹੀਂ ਕਰਦਾ ਪਰ ਉਹ ਸਮਾਜ ਦਾ ਮੁੱਖ ਹਿੱਸਾ ਹਨ, ਬਾਰੇ ਗੱਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਿਨੇਮਾ ਦਾ ਮਤਲਬ ਹੀ ਇਹੀ ਹੈ ਕਿ ਬੰਦੇ ਨੂੰ ਬਿਹਤਰ ਇਨਸਾਨ ਬਣਾਇਆ ਜਾਵੇ ਤਾਂ ਜੋ ਹਰ ਕੋਈ ਇਕ ਦੂਜੇ ਦਾ ਦੁੱਖ-ਦਰਦ ਸਮਝ ਸਕੇ।

ਉਪਰੰਤ ਸ੍ਰੀ ਸੁਖਵੰਤ ਹੁੰਦਲ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗ਼ਦਰ ਲਹਿਰ ਦੀ ਸਥਾਪਨਾਂ ਕੀਤੀ, ਉਸ 'ਚ ਹਿੱਸਾ ਲਿਆ ਉਹ ਲੋਕ ਵੀ ਸਾਡੇ ਵਾਂਗ ਆਮ ਲੋਕ ਹੀ ਸਨ। ਪਰ ਉਨ੍ਹਾਂ ਨੇ ਆਪਣੀ ਜ਼ਮੀਰ ਨੂੰ ਪਛਾਣਿਆ ਤੇ ਗ਼ਦਰ ਲਹਿਰ ਦੀ ਸਥਾਪਨਾ ਕੀਤੀ। ਗ਼ਦਰ ਲਹਿਰ ਦੌਰਾਨ ਸਭ ਤੋਂ ਛੋਟੀ ਉਮਰ 'ਚ ਸ਼ਹੀਦ ਹੋਣ ਵਾਲੇ ਕਰਤਾਰ ਸਿੰਘ ਸਰਾਭਾ ਕੈਲੀਫ਼ੋਰਨੀਆ ਉਚ ਵਿਦਿਆ ਲਈ ਆਏ, ਪਰ ਇਥੋਂ ਦੇ ਹਾਲਾਤਾ ਨੇ ਉਨ੍ਹਾਂ ਦੇ ਮਨ ਵਿਚ ਭਾਰਤ ਦੀ ਆਜ਼ਾਦੀ ਲਈ ਚਿਣਗ ਪੈਦਾ ਕੀਤੀ। ਸਰਾਭੇ ਨੇ ਬਹੁਤ ਘੱਟੇ ਸਮੇਂ ਵਿਚ ਵੱਡੇ ਕਾਰਜ ਕੀਤੇ ਤੇ ਆਪਣੇ ਮਕਸਦ ਲਈ ਆਪਣਾ ਸਭ ਕੁੱਝ ਨਿਸ਼ਾਵਰ ਕਰ ਦਿੱਤਾ। ਉਨ੍ਹਾਂ ਦਸਿਆ ਕਿ ਸਰਾਭੇ ਹੁਰਾਂ ਨੂੰ ਲਗਦਾ ਸੀ ਕਿ ਹਿੰਦੁਸਤਾਨ ਦੇ ਲੋਕ ਉਨ੍ਹਾਂ ਦੇ ਨਾਲ ਤੁਰਨਗੇ ਪਰ ਜਦੋਂ ਅਮਰੀਕਾ ਤੋਂ ਭਾਰਤ ਜਾਣ ਉਪਰੰਤ ਉਨ੍ਹਾਂ ਦੀ ਉਮੀਦ ਦੇ ਉਲਟ ਹੋਇਆ ਤਾਂ ਵੀ ਉਹ ਡੋਲੋ ਨਹੀ ਤੇ ਹੋਰ ਉਤਸਾਹ ਨਾਲ ਕੰਮ ਕੀਤਾ।






ਪ੍ਰੋਗਰੈਸਿਵ ਪੀਪਲਜ਼ ਫ਼ੈਡਰੇਸ਼ਨ ਆਫ਼ ਐਡਮਿੰਟਨ ਵੱਲੋਂ 'ਗ਼ਦਰ ਲਹਿਰ ਦਾ ਨਜ਼ਰੀਆ ਤੇ ਸਰੋਕਾਰ' ਵਿਸ਼ੇ 'ਤੇ ਕਰਵਾਏ ਸੈਮੀਨਾਰ ਦੀਆਂ ਝਲਕੀਆਂ। ਅਰਮਿਨ ਦਿਓਲ

ਸ੍ਰੀ ਹੁੰਦਲ ਨੇ ਕਿਹਾ ਕਿ ਸਵਾਲ ਉਠਦਾ ਹੈ ਕਿ ਅਸੀਂ ਗ਼ਦਰੀਆਂ ਤੋਂ ਕਿਵੇਂ ਪ੍ਰੇਰਣਾ ਲੈ ਸਕਦੇ ਹਾਂ ਤਾਂ ਇਸ ਦੇ ਉਤਰ ਵੱਜ਼ੋ ਸਾਨੂੰ ਉਸ ਵੇਲੇ ਦੇ ਹਾਲਾਤ ਤੇ ਮੌਜੂਦਾ ਹਾਲਾਤਾ ਨੂੰ ਸਮਝਣਾ ਪਵੇਗਾ। ਸਭ ਤੋਂ ਪਹਿਲਾਂ ਸਾਨੂੰ ਗ਼ਦਰੀਆਂ ਦੇ ਸ਼ਰਧਾਲੂ ਤੇ ਭਗਤ ਬਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੇ ਉਲਟ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾਉਣਾ ਚਾਹੀਦਾ ਹੈ। ਜਦੋਂ ਅਸੀਂ ਕਿਸੇ ਦੇ ਸ਼ਰਧਾਲੂ ਬਣ ਜਾਂਦੇ ਹਾਂ ਤਾਂ ਅਸੀਂ ਸਮਝਦੇ ਹਾਂ ਕਿ ਇਹ ਕੰਮ ਰੱਬ ਵਰਗੇ ਲੋਕ ਹੀ ਕਰ ਸਕਦੇ ਹਨ ਅਸੀਂ ਨਹੀਂ। ਇਸ ਲਈ ਸਾਨੂੰ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਉਨ੍ਹਾਂ ਦਾ ਅਧੂਰਾ ਕੰਮ ਪੂਰਾ ਕਰਨਾ ਚਾਹੀਦਾ ਹੈ। ਸਾਨੂੰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਹੀ ਨਵੇਂ ਢੰਗ ਤਰੀਕੇ ਲੱਭ ਕੇ ਗ਼ਦਰੀਆਂ ਦੇ ਮਕਸਦ ਨੂੰ ਪੂਰਾ ਕਰਨਾ ਚਾਹੀਦਾ ਹੈ। ਉਸ ਵੇਲੇ ਵੀ ਕਿਸਾਨੀ ਤੇ ਆਮ ਲੋਕਾਂ ਦੀ ਹਾਲਤ ਪਤਲੀ ਸੀ ਤੇ ਸਰਮਾਏਦਾਰੀ ਭਾਰੂ ਸੀ, ਅੱਜ ਵੀ ਹਲਾਤ ਉਵੇਂ ਦੇ ਉਵੇਂ ਹੀ ਹਨ। ਅੱਜ ਵੀ ਸਿਰਫ਼ ਉਪਰਲੇ 20 ਫ਼ੀਸਦੀ ਲੋਕ 80 ਫ਼ੀਸਦੀ ਲੋਕਾਂ ਦੀ ਕਮਾਈ ਆਪਣੀਆਂ ਜੇਬਾਂ 'ਚ ਪਾ ਰਹੇ ਹਨ। ਇਸ ਨਾ-ਬਰਾਬਰੀ ਤੇ ਲੁੱਟ-ਖਸੁੱਟ ਦੇ ਵਿਰੁੱਧ ਗ਼ਦਰੀ ਬਾਬੇ ਲੜੇ ਸਨ ਤੇ ਅੱਜ ਵੀ ਉਹੀ ਨਾ-ਬਰਾਬਰੀ ਸਾਡੇ ਸਾਹਮਣੇ ਜਿਉਂ ਦੀ ਤਿਉਂ ਖੜੀ ਹੈ। ਜੇ ਅਸੀਂ ਗ਼ਦਰੀਆਂ ਨੂੰ ਸੱਚੀ ਸ਼ਰਧਾਂਜਲੀ ਦੇਣੀ ਹੈ ਜਾਂ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨਾ ਹੈ ਤਾਂ ਸਾਨੂੰ ਅੱਜ ਦੀ ਸਰਮਾਏਦਾਰੀ ਨੂੰ ਟੱਕਰ ਦੇਣੀ ਪਵੇਗੀ।

ਵਿਚਾਰ ਚਰਚਾ ਨੂੰ ਸਿਖ਼ਰ ਵੱਲ ਲੈ ਜਾਦਿਆਂ ਸ੍ਰੀ ਵਰਿਆਮ ਸੰਧੂ ਨੇ ਕਿਹਾ ਕਿ ਸਾਨੂੰ ਗ਼ਦਰ ਲਹਿਰ ਦੇ ਅਦਰਸ਼ਾਂ/ਸਿਧਾਂਤਾਂ ਨੂੰ ਸਮਝ ਕੇ ਤੇ ਉਸ ਤੋਂ ਪ੍ਰੇਰਣਾ ਲੈ ਕੇ ਅੱਗੇ ਤੁਰਨਾ ਚਾਹੀਦਾ ਹੈ। ਉਨ੍ਹਾਂ ਪ੍ਰਤੀ ਅੰਨੀ ਸ਼ਰਧਾ ਰੱਖਣ ਦੀ ਬਜਾਏ ਸਾਨੂੰ ਸਮਝਣਾ ਚਾਹੀਦਾ ਹੈ ਕਿ ਗ਼ਦਰੀ ਬਾਬੇ ਕੌਣ ਸਨ? ਉਨ੍ਹਾਂ ਕਿਹਾ ਕਿ ਗ਼ਦਰ ਲਹਿਰ ਦੇ ਨਜ਼ਰੀਏ ਅਤੇ ਸਰੋਕਾਰਾਂ ਬਾਰੇ ਅੱਜ ਦੇ ਲੋਕਾਂ ਨੂੰ ਨਹੀਂ ਪਤਾ, ਕਿਉਂਕਿ ਰਾਜ ਕਰ ਰਹੀਆਂ ਤਾਕਤਾਂ ਲੋਕ-ਪੱਖੀ ਲਹਿਰਾਂ ਨੂੰ ਜਾਂ ਤਾਂ ਤਰੋੜ-ਮਰੋੜ ਕੇ ਪੇਸ਼ ਕਰਦੀਆਂ ਹਨ ਜਾਂ ਲੋਕਾਂ ਤਕ ਪਹੁੰਚਣ ਹੀ ਨਹੀਂ ਦਿੰਦੀਆਂ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਰਮਾਏਦਾਰੀ ਵੱਲੋਂ ਜੋ ਗ਼ਦਰੀ ਲਹਿਰ ਬਾਰੇ ਭਰਮ-ਭੁਲੇਖੇ ਪੈਦਾ ਕੀਤੇ ਗਏ ਹਨ; ਉਨ੍ਹਾਂ ਨੂੰ ਦੂਰ ਕਰਕੇ ਸੱਚ ਨੂੰ ਲੋਕਾਂ ਸਾਹਮਣੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਗ਼ਦਰੀਆਂ ਦਾ ਨਿਸ਼ਾਨਾਂ ਸਪੱਸ਼ਟ ਸੀ ਕਿ ਨੌਜਵਾਨਾਂ, ਲੋਕਾਂ ਤੇ ਫ਼ੌਜ ਨੂੰ ਨਾਲ ਜੋੜ ਕੇ ਬਰਾਬਰੀ ਵਾਲਾ ਤੇ ਜਮਹੂਰੀ ਰਾਜ ਸਥਾਪਤ ਕੀਤਾ ਜਾਵੇ, ਪਰ ਇਹ ਸੱਚ ਸਾਡੇ ਸਾਹਮਣੇ ਨਹੀਂ ਆਇਆ। ਹਕੂਮਤ ਨੇ ਗ਼ਦਰੀਆਂ ਨੂੰ ਡਾਕੂ, ਕਾਤਲ ਬਣਾ ਕੇ ਪੇਸ਼ ਕੀਤਾ। ਲੋਕਾਂ ਵਿਚ ਗ਼ਦਰੀਆਂ ਬਾਰੇ ਨਫ਼ਰਤ ਪੈਦਾ ਕੀਤੀ ਤਾਂ ਕਿ ਉਹ ਭਾਰਤ ਵਿਚ ਲੋਕ ਲਹਿਰ ਸਥਾਪਤ ਨਾ ਕਰ ਸਕਣ।

ਸ੍ਰੀ ਸੰਧੂ ਨੇ ਅੱਗੇ ਕਿਹਾ ਕਿ ਮੁਕੰਮਲ ਆਜ਼ਾਦੀ ਦਾ ਏਜੰਡਾ/ਨਾਹਰਾ ਸਭ ਤੋਂ ਪਹਿਲਾਂ ਗ਼ਦਰੀਆਂ ਨੇ ਆਪਣੀ ਪਾਰਟੀ ਵਲੋਂ ਐਲਾਨਿਆ ਸੀ। ਪਰ ਸਾਡੇ ਨੇਤਾਵਾਂ ਨੇ ਗ਼ਦਰੀਆਂ ਨੂੰ ਅਹਿੰਸਕ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕੀਤਾ। ਜਦੋਂ ਕਿ ਉਨ੍ਹਾਂ ਨੇਤਾਵਾਂ ਵਲੋਂ ਹੀ ਅਹਿੰਸਾ ਦਾ ਸਹਾਰਾ ਲੈ ਕੇ ਆਪਣੇ ਮਕਸਦ ਨੂੰ ਪੂਰਾ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਹੁਣ ਵੱਡਾ ਸਵਾਲ ਪੈਦਾ ਕੀਤਾ ਜਾ ਰਿਹਾ ਹੈ ਕਿ ਗ਼ਦਰ ਲਹਿਰ ਸਿੱਖ ਲਹਿਰ ਸੀ? ਗ਼ਦਰੀ ਸਿੱਖ ਸਨ? ਉਨ੍ਹਾਂ ਨੂੰ ਸਿੱਖ ਕਹਿਣ ਦੀ ਬਜਾਏ ਹਿੰਦੁਸਤਾਨੀ ਕਿਉਂ ਕਿਹਾ ਜਾ ਰਿਹਾ ਹੈ? ਉਨ੍ਹਾਂ ਸਪਸ਼ਟ ਕੀਤਾ ਕਿ ਕੁਝ ਧਿਰਾਂ ਵੱਲੋਂ ਹਰ ਥਾਂ ਇਹ ਪ੍ਰਚਾਰ ਕਰਕੇ ਕਿ ਗ਼ਦਰੀ ਤਾਂ ਸਿਰਫ਼ ਸਿੱਖ ਸਨ ਜਾਂ ਗ਼ਦਰ ਲਹਿਰ ਸਿੱਖ ਲਹਿਰ ਸੀ, ਗਦਰ ਲਹਿਰ ਦੀ ਮਹਾਨ ਵਿਰਾਸਤ ਨੂੰ ਲੀਰੋ-ਲੀਰ ਕਰਨ ਦੇਬ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਿਲਕੁੱਲ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਵੇਲੇ 85 ਫ਼ੀਸਦੀ ਗ਼ਦਰੀ ਸਿੱਖ ਸਨ। ਪਰ ਕੀ ਆਪਣੇ ਪੁਰਾਣੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਉਸ ਵੇਲੇ ਦੇ ਪ੍ਰਸੰਗ ਵਿਚ ਲੜਾਈ ਲੜਨੀ ਸਮਝ ਵਾਲੀ ਗੱਲ ਨਹੀਂ ਹੈ? ਕੀ ਉਹ ਸਿੱਖ, ਹਿੰਦੂ, ਮੁਸਲਮਾਨ ਹੀ ਰਹੇ? ਨਹੀਂ ਉਹ ਇਨਸਾਨਾਂ ਵਾਂਗੂ ਰਹੇ ਤੇ ਆਪਣੀ ਲੜਾਈ ਲੜੀ। ਗ਼ਦਰੀ ਬਾਬਿਆਂ ਨੇ ਇਨਸਾਨ ਵਿਚੋਂ ਇਨਸਾਨ ਲੱਭਿਆ। ਗ਼ਦਰੀਆਂ ਨੇ ਗੁਰਦੁਆਰਿਆਂ ਤੋਂ ਹੀ ਸਾਰੇ ਘੋਲਾਂ ਦੀ ਸ਼ੁਰੂਆਤ ਕੀਤੀ ਤੇ ਉਹ ਸੋਸ਼ਲਿਸਟ ਪਾਰਟੀ ਦੇ ਮੈਂਬਰ ਵੀ ਸਨ। ਗ਼ਦਰੀ ਬਾਬਿਆਂ ਦੀ ਸਿੱਖੀ ਗੁਰੂਆਂ ਦੀ ਸਿੱਖੀ ਸੀ, ਗੁਰਦੁਆਰਿਆਂ ਵਿਚ ਵਿਚਾਰਾਂ ਦੇਸ਼ ਦੀ ਆਜ਼ਾਦੀ ਬਾਰੇ ਹੁੰਦੀਆਂ ਹਨ। ਗ਼ਦਰੀਆਂ ਨੇ ਫਾਂਸੀ ਵੇਲੇ ਅਰਦਾਸ ਉਪਰੰਤ, ਕੌਮੀ ਗੀਤ ਗਾ ਕੇ ਫਾਂਸੀਆਂ ਦੇ ਰੱਸੇ ਚੁੰਮੇ। ਗ਼ਦਰੀਆਂ ਦੀ ਸਿੱਖੀ ਇਕ ਭੁਗੋਲਕ ਖਿਤੇ ਦੀ ਨਹੀਂ ਸੀ ਬਲਕਿ ਉਹ ਵਿਸ਼ਾਲ ਸਿੱਖੀ ਦੇ ਮਾਲਕ ਸਨ। ਗ਼ਦਰ ਲਹਿਰ ਨੇ ਸਿੱਖੀ ਦਾ ਨਵਾਂ ਸਦੰਰਭ ਦਿੱਤਾ, ਨਵਾਂ ਰਾਹ ਦਿੱਤਾ। ਗ਼ਦਰੀਆਂ ਦੀ ਸਿੱਖੀ ਸਰਬਤ ਦੇ ਭਲੇ ਵਾਲੀ, ਕੌਮਾਂਤਰੀ ਸਿੱਖੀ ਸੀ।

ਵਰਿਆਮ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਗ਼ਦਰੀ ਬਾਬੇ ਜੜ੍ਹਾਂ ਨਾਲੋਂ ਟੁੱਟਣ ਦੀ ਬਜਾਏ ਅੰਤਰਾਸ਼ਟਰੀ ਸਮੱਸਿਆਵਾਂ ਬਾਰੇ ਵੀ ਜਾਨਣਾ ਚਾਹੁੰਦੇ ਸਨ। ਗ਼ਦਰੀ ਆਪਣੇ ਇਤਿਹਾਸ ਨਾਲ ਵੀ ਜੁੜੇ ਰਹੇ ਤੇ ਕੌਮਾਂਤਰੀ ਇਤਿਹਾਸ/ਸਮੱਸਿਆਵਾਂ ਦੀ ਜਾਣਕਾਰੀ ਵੀ ਪ੍ਰਾਪਤ ਕੀਤੀ। ਫਾਂਸੀਆਂ ਚੜ੍ਹਨ ਵੇਲੇ ਹਿੰਦੂ ਸਿੱਖ ਮੁਸਲਮਾਨ ਇਕੱਠੇ ਹੀ ਫ਼ਾਂਸੀ ਚੜ੍ਹਦੇ ਸਨ ਤੇ ਅੱਜ ਸਾਨੂੰ ਫਿਰਕੂਪੁਣੇ ਵਿਚ ਵੰਡਣ ਦੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜਿੰਨ੍ਹਾਂ ਚਿਰ ਅਸੀਂ ਆਪਣੀਆਂ ਜੜ੍ਹਾਂ ਨੂੰ ਅੰਤਰਾਸ਼ਟਰੀਅਤਾ ਨਾਲ ਨਹੀਂ ਜੋੜਾਂਗੇ ਓਨਾਂ ਚਿਰ ਅਸੀਂ ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕਦੇ। ਲੋਕ ਮਰ ਨਹੀਂ ਗਏ, ਉਨ੍ਹਾਂ ਦੇ ਮਨ ਵਿਚ ਚਿਣਗ ਹੈ, ਬਸ ਉਸ ਨੂੰ ਚਿੰਗਿਆੜੀ ਲਾਉਣ ਦੀ ਲੋੜ ਹੈ, ਜਾਗ ਲਾਉਣ ਦੀ ਜ਼ਰੂਰਤ ਹੈ।

ਇਸ ਮੌਕੇ ਡਾ. ਰਾਜ ਪੰਨੂੰ ਨੇ ਗ਼ਦਰ ਪਾਰਟੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਵਲੋਂ ਦਿੱਤੀਆਂ ਕੁਰਬਾਨੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਜਿਨ੍ਹਾਂ ਕਦਰਾਂ ਕੀਮਤਾਂ ਲਈ ਉਨ੍ਹਾਂ ਲੜਾਈਆਂ ਲੜੀਆਂ, ਉਹ ਚੁਣੌਤੀਆਂ ਅੱਜ ਵੀ ਸਾਡੇ ਸਾਹਮਣੇ ਖੜੀਆਂ ਹਨ। ਨੌਜਵਾਨਾਂ ਨੂੰ ਗ਼ਦਰ ਪਾਰਟੀ ਦਾ ਇਤਿਹਾਸ ਪੜ੍ਹਨ ਦੀ ਜ਼ਰੂਰਤ ਹੈ। ਸੈਮੀਨਾਰ ਨੂੰ ਐਮ.ਐਲ.ਏ. ਨਰੇਸ਼ ਭਾਰਦਵਾਜ ਨੇ ਵੀ ਸੰਬੋਧਨ ਕੀਤਾ। ਅੰਤ ਵਿਚ ਸਵਾਲ ਜਵਾਬ ਹੋਏ ਅਤੇ ਸੰਸਥਾ ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਸਭ ਦਾ ਧੰਨਵਾਦ ਕੀਤਾ।




**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor
*Now I have access to almost all banks and more than 25 lenders.*
ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ
call @ 780-934-7217 (Cell) or Email anjali.agarwal@mortgagegroup.com
TMG

# ਲਹਿੰਦਾ ਪੰਜਾਬ

ਆਸਿਫ਼ ਰਜ਼ਾ

## ਬਰਗਰ ਜਿਆਲੇ



ਡਿਫੈਂਸ ਲਾਹੌਰ ਤੇ ਕਰਾਚੀ ਵਿਚ ਚੋਣਾਂ ਅੰਦਰ ਹੋਈ ਧਾਂਦਲੀ ਦੇ ਖ਼ਿਲਾਫ਼ ਜਿਹੜੇ ਮਰਦ ਜ਼ਨਾਨੀਆਂ ਧਰਨਾ ਦੇ ਰਹੇ ਹਨ ਉਹ ਇਕ ਉਚੇਚਾ ਦ੍ਰਿਸ਼ ਵਿਖਾ ਰਹੇ ਹਨ। ਅਜੇ ਤੀਕਰ ਜਿਆਲੇ ਮਾੜਿਆਂ ਤਬਕਿਆਂ ਤੇ ਮੁਹੱਲਿਆਂ ਵਿੱਚ ਜੰਮਦੇ ਸਨ। ਡਿਫੈਂਸ ਵਿਚ ਰਹਿਣ ਵਾਲੇ ਦੂਰੋਂ ਬਹਿ ਕੇ ਤਮਾਸ਼ਾ ਵੇਖਦੇ ਹੁੰਦੇ ਸਨ। ਪਰ ਹੁਣ ਜਦੋਂ ਬਾਕੀ ਪਾਰਟੀਆਂ ਜਿਆਲੀਆਂ ਤੋਂ ਵਾਂਝਾ ਦਿਸਦੀਆਂ ਹਨ ਤਾਂ ਪਾਕਿਸਤਾਨ ਤਹਿਰੀਕੇ ਇਨਸਾਫ਼ (ਇਮਰਾਨ ਖ਼ਾਨ ਦੀ ਪਾਰਟੀ) ਨੇ ਖਾਂਦੇ ਪੀਂਦੇ ਲੋਕਾਂ ਨੂੰ ਹਲੂਣ ਕੇ ਬਾਹਰ ਹੀ ਨਹੀਂ ਕੱਢਿਆ ਸਗੋਂ ਉਨ੍ਹਾਂ ਨੂੰ ਸੱਚੀ ਮੁੱਚੀ ਦੇ ਜਿਆਲਿਆਂ ਦਾ ਰੂਪ ਦੇ ਦਿੱਤਾ ਹੈ।

ਇਹ ਬਰਗਰ ਜਿਆਲੇ ਇਮਰਾਨ ਖ਼ਾਨ ਨੂੰ ਜੋ ਵੀ ਸਮਝਦੇ ਹਨ; ਅਪਣੀ ਸੋਚ ਵਿਚ ਚੋਖੇ ਕੱਟੜਪੰਥੀ ਹਨ ਤੇ ਇਮਰਾਨ ਖ਼ਾਨ ਦੇ ਖ਼ਿਲਾਫ਼ ਗੱਲ ਕਰਨ ਵਾਲੇ ਦੀ ਮਾਂ-ਭੈਣ ਇਕ ਕਰਨ ਵਿਚ ਢਿੱਲ ਨਹੀਂ ਕਰਦੇ। ਸ਼ਾਇਦ ਇਹਨਾਂ ਜਿਆਲਿਆਂ ਵਿਚ ਆਪਣੇ ਤਬਕੇ ਦਾ ਵੀ ਗ਼ਰੂਰ ਹੈ ਜੋ ਹਰ ਕਿਸੇ ਨੂੰ ਮੰਦਾ ਆਖ ਸਕਦੇ ਹਨ। ਇਹਨਾਂ ਦਾ ਅਕੀਦਾ ਨਵੇਂ ਨਵੇਂ ਮਜ਼ਹਬ ਬਦਲੀ ਕਰਨ ਵਾਲਿਆਂ ਵਰਗਾ ਹੈ ਤੇ ਇਹ ਅਸੀਂ ਜਾਣਨੇ ਹਾਂ ਕਿ ਨਵੇਂ ਨਵੇਂ ਮਜ਼ਹਬ ਬਦਲੀ ਕੀਤੇ ਲੋਕ ਬਹੁਤੇ ਹੀ ਬੁਨਿਆਦ ਪ੍ਰਸਤ ਹੁੰਦੇ ਹਨ। ਇਮਰਾਨ ਖ਼ਾਨ ਦੇ ਇਹ ਜਿਆਲੇ ਆਪਣੇ ਸਿਆਸੀ ਅਕੀਦਿਆਂ ਨੂੰ ਅਖ਼ੀਰੀ ਸੱਚ ਮੰਨਦੇ ਹਨ ਤੇ ਇਸੇ ਲਈ ਉਨ੍ਹਾਂ ਨੂੰ ਯਕੀਨ ਨਹੀਂ ਆ ਸਕਦਾ ਜੋ ਉਹ ਇਲੈਕਸ਼ਨ ਹਾਰ ਵੀ ਗਏ ਹਨ।

*ਮਨਜ਼ੂਰ ਇਜਾਜ਼*

## ਮੁਰਦਾ ਸ਼ਾਂਤੀ ਨਾਲ ਭਰਿਆ ਪਾਕਿਸਤਾਨ




ਪਾਸ਼ ਚੜ੍ਹਦੇ ਪੰਜਾਬ ਦੇ ਇਕ ਜਗਤ ਜਾਣੂ ਅਗੋਂਹੇ ਵਿਚਾਰਾਂ ਦੇ ਸ਼ਾਇਰ ਸਨ ਜਿਹਨਾਂ ਨੂੰ ਸਿੱਖ ਤਾਲਿਬਾਨ ਮਤਲਬ ਖ਼ਾਲਿਸਤਾਨੀਆਂ ਨੇ ਸ਼ਹੀਦ ਕਰ ਦਿੱਤਾ ਸੀ। ਆਪਣੀ ਇੱਕ ਨਜ਼ਮ ਉਹ ਵਿਚ ਆਖਦੇ ਨੇ:

ਕਿਰਤ ਦੀ ਲੁਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਸਭ ਤੋਂ ਖ਼ਤਰਨਾਕ ਹੁੰਦਾ ਏ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ

ਇਹ ਨਜ਼ਮ ਸਾਰੇ ਜਹਾਨ 'ਤੇ ਇਕੋ ਜਿਹੀ ਢੁਕਦੀ ਏ ਪਰ ਅੱਜ ਬੈਠੇ ਬੈਠੇ ਇਸ ਨਜ਼ਮ ਦਾ ਖ਼ਿਆਲ ਕਰਾਚੀ ਦੇ ਖ਼ੂਨ ਖ਼ਰਾਬੇ ਅਤੇ ਬਲੋਚਿਸਤਾਨ ਵਿਚ ਅਜ਼ਾਦੀ ਦੀ ਤਹਿਰੀਕ ਦੀਆਂ ਵੀਡਓਜ਼ ਵੇਖਕੇ ਆਇਆ। ਕਰਾਚੀ ਦੀਆਂ ਵਿਡੀਓਜ਼ ਵੇਖਕੇ ਜਾਪਦਾ ਏ ਪਈ ਕਿਸੇ ਨੂੰ ਸ਼ਹਿਰ ਵਿਚ ਅਮਨ ਦੀ ਕੋਈ ਚਿੰਤਾ ਨਹੀਂ ਏ ਤੇ ਬਲੋਚਿਸਤਾਨ ਦੀ ਵੀਡੀਥਓਜ਼ ਵੇਖਕੇ ਲਗਦਾ ਏ ਪਈ ਉਨ੍ਹਾਂ ਦੀ ਅਜ਼ਾਦੀ ਦੀ ਤਹਿਰੀਕ ਕੁੱਝ ਕਬੀਲਿਆਂ ਤੇ ਸਰਦਾਰਾਂ ਦੀ ਈ ਨਹੀਂ ਏ ਸਗੋਂ ਇਹ ਬਲੋਚੀ ਤੇ ਵਿਚਲੇ ਮੇਲ ਦੀ ਤਹਿਰੀਕ ਬਣ ਗਈ ਏ। ਅੱਜ ਉਥੇ ਫਿਰ ਬੰਗਲਾਦੇਸ਼ ਵਰਗਾ ਹਾਲ ਹੋ ਗਿਆ ਏ ਤੇ ਸਾਡੀ ਫ਼ੌਜ ਉਹੋ ਕੁੱਝ ਕਰ ਰਹੀ ਏ ਜੋ ਉਹਨੇ ਬੰਗਲਾਦੇਸ਼ ਵਿੱਚ ਕੀਤਾ ਸੀ। ਅਸੀਂ ਪੰਜਾਬੀ ਤੇ ਮਹਾਜਰ ਮੁਰਦਾ ਸ਼ਾਂਤੀ ਨਾਲ ਨੱਕੋ ਨੱਕ ਉਹੋ ਕੁੱਝ ਸੋਚ ਰਹੇ ਤੇ ਆਖ ਰਹੇ ਹਾਂ ਜੋ ਉਸ ਵੇਲ਼ੇ ਕਹਿੰਦੇ ਸਾਂ। ਸਾਨੂੰ ਬਲੋਚੀ ਨਹੀਂ ਬਲੋਚਿਸਤਾਨ ਚਾਹੀਦਾ ਏ। ਇਹ ਹਾਲ ਹੋਇਆ ਕਿਵੇਂ? ਇਹਦਾ ਜ਼ਿੰਮੇਵਾਰ ਕੌਣ ਏ?

ਪਾਕਿਸਤਾਨ ਦੀ ਰਿਆਸਤ ਵਿਚ ਹਾਕਮ ਇਲਾਕਿਆਂ ਤੇ ਜਥਿਆਂ ਨੇ ਲਿਆਕਤ ਅਲੀ ਖ਼ਾਨ ਅਤੇ ਜ਼ਿਆ ਦੇ ਨਜ਼ਰੀਆ ਪਾਕਿਸਤਾਨ ਦੀ ਭੰਗ ਪੀਤੀ ਹੋਈ ਏ। ਇਕ ਰੱਬ' ਇਕ ਮਜ਼ਹਬ ਤੇ ਇਕ ਬੋਲੀ (ਉਰਦੂ) ਦੇ ਬੁਲਡੋਜ਼ਰ ਨਾਲ ਅਸੀਂ ਸਾਰੇ ਪਾਕਿਸਤਾਨ ਨੂੰ ਇਕ ਮੁੱਠ ਕਰਨ ਨਿਕਲੇ ਸਾਂ ਪਰ ਹੋਇਆ ਕੀ? ਬੰਗਲਾਦੇਸ਼ ਤੇ ਬਲਡੋਜ਼ਰ ਹੇਠਾਂ ਲਹੂ ਲੁਹਾਨ ਹੋ ਕੇ ਵੱਖਰਾ ਹੋ ਗਿਆ ਤੇ ਬਾਕੀ ਬਚੇ ਪਾਕਿਸਤਾਨ ਵਿੱਚ ਜਿਵੇਂ ਜਿਵੇਂ ਇਸ ਨਜ਼ਰੀਏ ਦੇ ਮੰਨਣ ਵਾਲਿਆਂ (ਫ਼ੌਜ ਤੇ ਮਜ਼੍ਹਬੀ ਜਮਾਅਤਾਂ) ਦਾ ਸਿਆਸੀ ਅਸਰ ਵਧਿਆ ਪਾਕਿਸਤਾਨ ਅੰਦਰੋਂ ਟੁੱਟਣਾ ਸ਼ੁਰੂ ਹੋ ਗਿਆ' ਬਲੋਚਿਸਤਾਨ ਹੋਵੇ ਯਾਂ ਕਰਾਚੀ ਇਸੇ ਕਰਤੂਤ ਦੇ ਸਿੱਟੇ ਨੇ। ਅਸੀਂ ਇਕੋ ਸੂਰਤ ਵਿਚ ਪਾਕਿਸਤਾਨ ਨੂੰ ਬਚਾ ਸਕਦੇ ਆਂ ਪਈ ਉਸ ਬਲੋਚ ਪੜ੍ਹਿਆਰ (ਸਟੂਡੰਟ) ਦੀ ਅਵਾਜ਼ ਨੂੰ ਸੁਣੀਏ। ਪਰ ਇਹ ਹੋਵੇਗਾ ਨਹੀਂ ਕਿਉਂ ਜੇ ਅਸੀਂ ਨਜ਼ਰੀਆ ਪਾਕਿਸਤਾਨ ਦੀ ਮੁਰਦਾ ਸ਼ਾਂਤੀ ਨਾਲ ਭਰੇ ਹੋਏ ਹਾਂ।

## ਪਾਕਿਸਤਾਨੀ ਦਾਊਦ ਇਬਰਾਹੀਮ



ਕਿਹੜਾ ਬੰਦਾ ਜਿਸ ਦਾਊਦ ਇਬਰਾਹੀਮ ਦਾ ਨਾਂ ਨਾ ਸੁਣਿਆ ਹੋਸੀ। ਮਗਰ ਪਾਕਿਸਤਾਨ ਦਾ ਇਕ ਸਿਆਸੀ ਲੀਡਰ ਅਲਤਾਫ਼ ਹੁਸੈਨ ਦਾਊਦ ਇਬਰਾਹੀਮ ਤੋਂ ਕਿਤੇ ਵੱਧ ਤਾਕਤਵਰ ਸਾਬਤ ਹੋਇਆ ਹੈ। ਦਾਊਦ ਦੇ ਕਹਿਣ 'ਤੇ ਸੌ ਬੰਦੇ ਮਾਰੇ ਜਾ ਸਕਦੇ ਨੇਂ ਤਾਂ ਇਸ ਅਲਤਾਫ਼ੇ ਦੇ ਆਖਣ 'ਤੇ ਲੱਖਾਂ ਬੰਦਿਆਂ ਨੂੰ ਮੌਤ ਦੀ ਨੀਂਦ ਸੁਲਾਇਆ ਜਾ ਸਕਦਾ ਹੈ। ਹਰ ਵਾਰੀ ਚੋਣਾਂ ਦੇ ਵਿਚ ਲੱਖਾਂ ਦੀ ਗਿਣਤੀ ਨਾਲ ਜਿਤਣ ਵਾਲੇ ਇਸ ਮੁਜਰਮ ਨੇ ਸਿਰਫ਼ ਇਕ ਸੂਬੇ ਨੂੰ ਹੀ ਹਾਈਜੈਕ ਨਹੀਂ ਕੀਤਾ ਹੋਇਆ ਸਗੋਂ ਪੂਰੇ ਪਾਕਿਸਤਾਨ ਵਿਚ ਇਸ ਦੀ ਧੌਂਸ ਤੇ ਗੁੰਡਾਗਰਦੀ ਨੇ ਅੱਤ ਮਚਾਈ ਹੋਈ ਹੈ।

ਪਿੱਛੇ ਜਿਹੇ ਇਸ ਨੇ ਆਪਣੀ ਮੁਖ਼ਾਲਿਫ਼ ਜਮਾਤ ਤਹਰੀਕੇ ਇਨਸਾਫ਼ ਦੀ ਨਾਇਬ ਸਦਰ ਜ਼ਹਿਰਾ ਸ਼ਾਹਿਦ ਨੂੰ ਇਕ ਇਸ਼ਾਰੇ ਨਾਲ ਘਰ ਦੇ ਬਾਹਰ ਗੋਲੀਆਂ ਮਰਵਾ ਦਿਤੀਆਂ। ਤੇ ਉਸ ਨਿਮਾਣੀ ਦੀ ਮੌਤ ਹੋ ਗਈ। ਪੂਰੀ ਕਰਾਚੀ ਜੋ ਕਿ ਪਾਕਿਸਤਾਨ ਦੀ ਰੀੜ੍ਹ ਦੀ ਹੱਡੀ ਹੈ ਇਸ ਦਾਊਦ ਇਬਰਾਹੀਮ ਨੇ ਹਾਈਜੈਕ ਕੀਤੀ ਹੋਈ ਹੈ। ਇਹ ਝੂਠਾ ਲੀਡਰ ਜ਼ਿਆ-ਉ-ਲਹਕ ਦੇ ਮਾਰਸ਼ਲ ਲਾ ਦੀ ਪੈਦਾਵਾਰ ਹੈ । ਪਾਕਿਸਤਾਨ ਪੀਪਲਜ਼ ਪਾਰਟੀ ਨੂੰ ਤੋੜਨ ਵਾਸਤੇ ਇਜਨਸੀਆਂ ਨੇ ਉਸ ਦੇ ਸਾਹਮਣੇ ਇਕ ਦੋ ਨੰਬਰ ਸਿਆਸੀ ਧੜਾ ਉਸਾਰਿਆ ਜਿਸ ਦੀਆਂ ਬੁਨਿਆਦਾਂ ਅਜ ਆਪ ਸਰਕਾਰ ਕੋਲੋਂ ਵੀ ਨਹੀਂ ਹਲਾਈਆਂ ਜਾ ਰਹੀਆਂ। ਇਹ ਧੜਾ ਅੱਤਵਾਦ ਵਿਚ ਏਨਾ ਅੱਗੇ ਵਧ ਚੁਕਾ ਹੈ ਕਿ ਅਖ਼ਬਾਰ, ਟੀ ਵੀ ਤੱਕ ਉਸ ਤੋਂ ਡਰੇ ਹੋਏ ਨੇਂ।

ਕੁੱਝ ਮਹੀਨਿਆਂ ਪਹਿਲਾਂ ਤੇ ਟੀ ਵੀ ਉੱਤੇ ਉਸ ਦਾ ਕਾਰਟੂਨ ਜਾਂ ਕਿਸੇ ਟਾਕ ਸ਼ੋ ਵਿਚ ਉਸ ਉੱਤੇ ਟਿੱਪਣੀ ਤੱਕ ਨਹੀਂ ਸੀ ਕੀਤੀ ਜਾ ਸਕਦੀ ਤੇ



ਕਿਸੇ ਅਖ਼ਬਾਰ ਨੂੰ ਉਸ ਦੇ ਖ਼ਿਲਾਫ਼ ਬਿਆਨ ਦੀ ਹਿੰਮਤ ਨਹੀਂ ਸੀ। ਪਰ ਕਈ ਬੇ ਗੁਨਾਹਾਂ ਦੇ ਖ਼ੂਨ ਵਿਚ ਲਿਬੜੇ ਇਸ ਮੁਜਰਮ ਦੇ ਹੱਥ ਅੱਗੇ ਜਾ ਕੇ ਕਮਜ਼ੋਰ ਹੋ ਰਹੇ ਨੇਂ ਤੇ ਲੋਕਾਂ ਨੇ ਇਸ ਦਾ ਇਹਤਜਾਜ ਕਰਨਾ ਸ਼ੁਰੂ ਕਰ ਦਿਤਾ ਹੈ। ਇਹ ਲੀਡਰ ਲੰਦਨ ਬੈਠਾ ਫੋਨ 'ਤੇ ਆਪਣੇ ਬੰਦਿਆਂ ਨੂੰ ਖ਼ਿਤਾਬ ਕਰਦਾ ਹੈ ਤੇ ਪਾਰਟੀ ਦੇ ਫੈਸਲੇ ਹੋਣ ਜਾਂ ਕਿਸੇ ਨੂੰ ਰਾਹ ਤੋਂ ਹਟਾਣਾਂ ਸਾਰੇ ਲੰਦਨੋਂ ਹੁੰਦੇ ਨੇਂ। ਵੇਖੀਏ ਕਿੰਨੇ ਚਿਰ ਬਾਅਦ ਇਹ ਜ਼ੁਲਮਾਂ ਦੀ ਗਹਿਰ ਲੱਥਦੀ ਹੈ ਤੇ ਕਰਾਚੀ ਦੀ ਮਾਸੂਮ ਲੋਕਾਈ ਇਸ ਦਾਊਦ ਇਬਰਾਹੀਮ ਦੇ ਜ਼ੋਰ ਤੇ ਧਗਾਣ ਤੋਂ ਰਿਹਾਈ ਹਾਸਲ ਕਰਦੀ ਹੈ।

## ਲੋਡ ਸ਼ੈਡਿੰਗ (ਕੱਟ ਲੱਗਣ) ਦਾ ਜਿਨ ਪਿਛਲੀ ਹਕੂਮਤ ਖਾ ਗਿਆ!

ਇਹ ਗੱਲ ਤਾਂ ਯਕੀਨੀ ਏ ਕਿ ਪੀਪਲਜ਼ ਪਾਰਟੀ ਦੀ ਖ਼ੌਫ਼ਨਾਕ ਹਾਰ ਵਿਚ ਜਿੱਥੇ ਉਹਦੇ ਵਡਿਆਰਾਂ ਦੀ ਕੁਰੱਪਸ਼ਨ ਤੇ ਕੁਰੱਪਸ਼ਨ ਦੀਆਂ ਕਹਾਣੀਆਂ ਦਾ ਹਥ ਏ' ਉਥੇ ਲੋਡ ਸ਼ੈਡਿੰਗ ਨੇ ਵੀ ਮੁਢਲਾ ਕਿਰਦਾਰ ਅਦਾ ਕੀਤਾ ਏ। ਲੋਡ ਸ਼ੈਡਿੰਗ ਨੇ ਪਾਕਿਸਤਾਨੀਆਂ ਨੂੰ ਮਾਨਸਕ ਰੋਗੀ ਬਣਾ ਛੱਡਿਆ ਏ ਤੇ ਉਹ ਦਿਨੋ ਦਿਨ ਚਿੜਚਿੜੇ ਹੁੰਦੇ ਜਾ ਰਹੇ ਨੇਂ'। ਮਿਜ਼ਾਜ ਵਿਚ ਇੰਤਕਾਮ ਤੇ ਦੂਜੀਆਂ



ਵਾਸਤੇ ਮੁਸ਼ਕਿਲਾਂ ਪੈਦਾ ਕਰਨ ਦਾ ਅਸਰ ਵੱਧ ਰਿਹਾ ਏ ਤੇ ਇਹਦੇ ਪਾਰੋਂ ਸਮਾਜ ਵਿਚ ਜੋ ਖ਼ਰਾਬੀਆਂ ਪੈਦਾ ਹੋ ਰਹੀਆਂ ਨੇਂ', ਉਨ੍ਹਾਂ ਦੀ ਗਿਣਤੀ ਕਰਨਾ ਵੀ ਮੁਮਕਿਨ ਨਹੀਂ।

ਇਹ ਮਸਅਲਾ ਇਕੌਨਮੀ ਦੇ ਨਾਲ ਨਾਲ ਇਨਸਾਨੀ ਵੀ ਏ। ਆਉਣ ਵਾਲੀ ਨਵਾਜ਼ ਸ਼ਰੀਫ਼ ਹਕੂਮਤ ਬਾਅਜ਼ ਮਾਮਲਿਆਂ ਵਿੱਚ ਬਹੁਤ ਕੁੱਝ ਕਰਨ ਦੀ ਪੁਜ਼ੀਸ਼ਨ ਵਿਚ ਏ ਤੇ ਉਮੀਦ ਏ ਕਿ ਲੋਡ ਸ਼ੈਡਿੰਗ ਦੇ ਮਾਮਲੇ ਵਿਚ ਉਹ ਬਿਹਤਰ ਨਤੀਜ਼ੇ ਦਵੇਗੀ। ਨਵਾਜ਼ ਲੀਗ ਦੇ ਹੁੰਦਿਆਂ ਕਾਰੋਬਾਰੀ ਤੇ ਕਾਰਖ਼ਾਨੇਦਾਰਾਂ ਦੀ ਪੁਜ਼ੀਸ਼ਨ ਹਮੇਸ਼ਾ ਚੰਗੀ ਹੁੰਦੀ ਏ ਤੇ ਲੋਡ ਸ਼ੈਡਿੰਗ ਘਟਾ ਕੇ ਉਨ੍ਹਾਂ ਦੀ ਹਾਲਤ ਚੰਗੀ ਬਣਾਣ ਲਈ ਲਾਜ਼ਮਨ ਜਤਨ ਕੀਤੇ ਜਾਵਣਗੇ।

## ਕਰਜ਼ਾ ਦਰ ਕਰਜ਼ਾ

ਇਕ ਖ਼ਬਰ ਹੈਰਾਨ ਕਰਣ ਵਾਲੀ ਵੀ ਏ ਤੇ ਪ੍ਰੇਸ਼ਾਨ ਕਰਣ ਵਾਲੀ ਵੀ। ਪਿਛਲੀ ਸਰਕਾਰ ਜਾਂਦੇ ਜਾਂਦੇ 960 ਅਰਬ ਰੁਪਏ ਦਾ ਭਾਰ ਅਵਾਮ ਉੱਤੇ ਲੱਦ ਗਈ ਏ ਮਤਲਬ ਅਗਲੇ ਚਾਰ ਮਹੀਨਿਆਂ ਵਿਚ ਪਾਕਿਸਤਾਨ ਸਰਕਾਰ ਨੂੰ ਮੁਲਕੀ ਤੇ ਗ਼ੈਰ ਮੁਲਕੀ ਕਰਜ਼ਿਆਂ ਦੇ ਸੂਦ ਦੀ ਮਦ ਵਿਚ 960 ਅਰਬ ਰੁਪਏ ਦੀ ਰਕਮ ਅਦਾ ਕਰਨੀ ਹੋਵੇਗੀ। ਇਹ ਹਕੂਮਤ ਤਾਂ ਮਾਸ਼ਾਅੱਲਾਹ ਆਪਣੀ ਮੁਦਤ " ਬੜੀ ਕਾਮਯਾਬੀ" ਦੇ ਨਾਲ ਮੁਕੰਮਲ ਕਰ ਕੇ ਚਲੀ ਗਈ ਪਰ ਇਹ ਭਾਰ ਹੁਣ ਆਈ ਹਕੂਮਤ ਨੂੰ ਈ ਚੁੱਕਣਾ ਪਵੇਗਾ ਪਰ ਅਸਲ ਭਾਰ ਤਾਂ ਅਵਾਮ ਤੇ ਈ ਪੈਣਾ ਏ। ਸਾਡੇ ਪੜ੍ਹਨਹਾਰਾਂ ਨੂੰ ਯਾਦ ਹੋਵੇਗਾ ਕਿ ਮੁਸ਼ੱਰਫ਼ ਦੌਰ ਦੇ ਮੁੱਢ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਸਰਕਾਰ ਨੂੰ ਕੁਝ ਮੁਸ਼ਕਲ ਫ਼ੈਸਲੇ ਕਰਨੇ ਹੋਣਗੇ; ਅਵਾਮ ਕੁਝ ਅਰਸੇ ਲਈ ਇਹ ਭਾਰ ਬਰਦਾਸ਼ਤ ਕਰ ਲਵੇ ਤੇ ਇਹਦੇ ਬਾਅਦ ਖ਼ੁਸ਼ਹਾਲੀ ਦਾ ਦੌਰ ਆਵੇਗਾ ਪਰ ਇਸ ਦੌਰ ਦੇ ਖ਼ਜ਼ਾਨੇ ਦੇ ਵਜ਼ੀਰ ਤੇ ਬਾਅਦ ਦੇ ਵਜ਼ੀਰ-ਏ-ਆਜ਼ਮ ਬੜੇ ਚਿਰਾਂ ਤੀਕ ਅਵਾਮ ਨੂੰ ਸਬਜ਼ ਬਾਗ਼ ਵਿਖਾਂਦੇ ਵਿਖਾਂਦੇ ਪਰਵੇਜ਼ ਮੁਸ਼ੱਰਫ਼ ਦੇ ਨਾਲ ਆਪਣੀ ਆਪਣੀ ਮੰਜ਼ਿਲ ਨੂੰ ਰਵਾਨਾ ਹੋ ਗਏ ਤੇ ਅਵਾਮ ਅੱਜ ਤੀਕ ਇਸ "ਖ਼ੁਸ਼ਹਾਲੀ" ਦੇ ਦੌਰ ਨੂੰ ਤਰਸ ਰਹੀ ਏ ਜੋ ਉਨ੍ਹਾਂ ਨੂੰ ਮੁਸ਼ਕਿਲ ਹਾਲਾਤ ਗੁਜ਼ਾਰਨ ਦੇ ਬਾਅਦ ਵੇਖਣਾ ਸੀ। ਕਹਿੰਦੇ ਨੇਂ ਕਿ ਤਾਰੀਖ਼ ਆਪਣੇ ਆਪ ਨੂੰ ਦੁਹਰਾਂਦੀ ਏ ਤੇ ਓਹੋ ਵੇਲਾ ਆ ਚੁੱਕਿਆ ਏ ਤੇ ਅਵਾਮ ਔਕੜਾਂ ਤੋਂ ਲੰਘ ਰਹੀ ਏ ਤੇ ਸ਼ਾਇਦ ਇਸੇ ਤਰ੍ਹਾਂ ਲੰਘਦੀ ਰਵ੍ਹੇਗੀ ਤੇ ਖ਼ੁਸ਼ਹਾਲੀ ਦਾ ਪੁਰਾਣਾ ਖ਼ਾਬ ਪੂਰਾ ਨਹੀਂ ਹੋ ਸਕੇਗਾ ਪਰ ਜੇ ਇਹ ਆਖਿਆ ਜਾਵੇ ਕਿ ਤਾਰੀਖ਼ ਆਪਣੇ ਆਪ ਨੂੰ ਨਹੀਂ ਦੁਹਰਾਂਦੀ ਅਸੀਂ ਤਾਰੀਖ਼ ਨੂੰ ਆਪਣਾ ਆਪ ਦੁਹਰਾਨ ਲਈ ਮਜਬੂਰ ਕਰਦੇ ਆਂ ਜੋ ਹਾਲਾਤ ਇਸ ਵੇਲ਼ੇ ਨੇਂ ਉਹ ਹੋਰਾਂ ਨੇ ਨਹੀਂ ਆਪ ਸਰਕਾਰ ਨੇ ਪੈਦਾ ਕੀਤੇ ਨੇਂ। ਜਿਹੜੇ ਦੇਸ ਵਿਚ ਟੈਕਸ ਦੇਣ ਵਾਲੇ ਹੌਲੀ ਹੌਲੀ ਘੱਟ ਹੁੰਦੇ ਜਾਵਣ ਉਥੇ ਖ਼ੁਸ਼ਹਾਲੀ ਦਾ ਖ਼ਾਬ ਕਿਵੇਂ ਪੂਰਾ ਹੋ ਸਕਦਾ ਏ। ਗੱਲ ਸੋਚਣ ਦੀ ਏ...

## ਕੁੱਤੀ ਰਲ ਗਈ ਚੋਰਾਂ ਨਾਲ

(ਚੋਣਾਂ ਵਿਚ ਉਹ ਹਾਰੀਆਂ ਹੋਈਆਂ ਪਾਰਟੀਆਂ ਰਲ ਕੇ ਬਹਿ ਗਈਆਂ ਨੇਂ ਜੋ ਪੰਜ ਸਾਲ ਇਕ ਦੂਜੇ ਖ਼ਿਲਾਫ਼ ਲੜਦੀਆਂ ਰਹੀਆ)



ਕੁੱਤੀ ਰਲ ਗਈ ਚੋਰਾਂ ਨਾਲ
ਕਾਹਦੇ ਸ਼ਿਕਵੇ ਹੋਰਾਂ ਨਾਲ
ਜਿਸ ਦਿਨ ਵੀ ਮੈਂ ਬੋਲਾਂ ਸੱਚ
ਲੰਘੇ ਰਾਤ ਟਕੋਰਾਂ ਨਾਲ

ਉਹਦੀ ਨੰਬਰ ਵਨ ਪੁਜ਼ੀਸ਼ਨ
ਡਟ ਕੇ ਜਿਹੜਾ ਲਵੇ ਕਮਿਸ਼ਨ
ਅੱਜ ਕਲ੍ਹ ਦੇ ਪਟਵਾਰੀ ਕੋਲੋਂ
ਪੜ੍ਹਦਾ ਫਿਰੇ ਸ਼ੈਤਾਨ ਟਿਊਸ਼ਨ

ਆਵੇ ਹੜ੍ਹ ਚਨ੍ਹਾਂ ਦਾ ਭਾਵੇਂ ਡੋਲੀਂ ਨਾ
ਫੁਲ ਜਿੰਦੜੀ ਦਾ ਕੰਡਿਆਂ ਵਿਚ ਰੋਲੀਂ ਨਾ
ਵੇਲਾ ਜਦ ਨਿਕਾਹ ਦਾ ਆਵੇ ਭਲਿਆ ਲੋਕਾ!
ਮੁੱਲਾਂ ਭਾਵੇਂ ਜੋ ਵੀ ਪੁੱਛੇ ਬੋਲੀਂ ਨਾ

ਉਹ ਹੋਣਗੇ ਫਨ੍ਹੇਖ਼ਾਂ ਤੇ ਮੈਂ ਵੀ ਘੱਟ ਨਹੀਂ
ਮੇਰੀ ਹਿੱਕ ਤੇ ਲਾ ਸਕਦੇ ਉਹ ਫੱਟ ਨਹੀਂ
ਕਦੀ ਸਬੱਬੀਂ ਆਹਮਣੇ ਸਾਹਮਣੇ ਹੋ ਜਾਵੇ ਤੇ
ਭੱਜਣ ਲੱਗਿਆਂ ਮੈਂ ਤੇ ਲਾਉਂਦਾ ਝੱਟ ਨਹੀਂ

*ਮੁਰਲੀ ਧਰਨ*

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਬਲਾਕ ਸੰਮਤੀ ਚੋਣਾਂ 'ਚ ਵੀ ਅਕਾਲੀ-ਭਾਜਪਾ ਜੇਤੂ




ਪੰਜਾਬ ਵਿਚ ਪਹਿਲਾਂ ਵਿਧਾਨ ਸਭਾ ਚੋਣਾਂ, ਫਿਰ ਨਿਗਮ ਚੋਣਾਂ ਅਤੇ ਹੁਣ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਨੇ ਵੱਡੀ ਜਿੱਤ ਹਾਸਲ ਕੀਤੀ ਹੈ। ਅਕਾਲੀ-ਭਾਜਪਾ ਗਠਜੋੜ ਜ਼ਿਲ੍ਹਾ ਪ੍ਰੀਸ਼ਦ ਦੀਆਂ 331 ਸੀਟਾਂ ਵਿਚੋਂ 235 'ਤੇ ਅਤੇ ਬਲਾਕ ਸੰਮਤੀ ਦੀਆਂ 2732 ਸੀਟਾਂ ਵਿਚੋਂ 1993 'ਤੇ ਅੱਗੇ ਰਿਹਾ ਹੈ। ਅੰਮ੍ਰਿਤਸਰ, ਪਟਿਆਲਾ, ਫ਼ਰੀਦਕੋਟ, ਬਠਿੰਡਾ, ਕਪੂਰਥਲਾ, ਫ਼ਰੀਦਕੋਟ ਅਤੇ ਮੋਹਾਲੀ ਵਿਚ ਗਠਜੋੜ ਨੇ ਪੂਰਨ ਬਹੁਮਤ ਹਾਸਲ ਕੀਤਾ ਹੈ। ਅੰਮ੍ਰਿਤਸਰ ਵਿਚ ਅਕਾਲੀ-ਭਾਜਪਾ ਗਠਜੋੜ ਨੇ ਸਾਰੇ 9 ਬਲਾਕ ਸੰਮਤੀਆਂ 'ਤੇ ਚੋਣਾਂ ਜਿੱਤੀਆਂ। ਪੰਜ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਨੇ ਪਿਛਲੀ ਵਾਰ ਵੀ ਜਿੱਤ ਹਾਸਲ ਕੀਤੀ ਸੀ। ਲਗਾਤਾਰ ਤੀਜੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਦੀ ਜਿੱਤ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਲੋਕਾਂ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਪੰਜਾਬ ਵਿਚ ਪੰਚਾਇਤੀ ਚੋਣਾਂ ਵਿਚ ਵੋਟਰਾਂ ਦੇ ਰੁਖ਼ ਤੋਂ ਸਾਫ਼ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਲਈ ਮੁਸ਼ਕਲ ਹੋ ਸਕਦੀ ਹੈ। ਹੁਣ ਕਾਂਗਰਸ ਕੋਲ 8 ਲੋਕ ਸਭਾ ਸੀਟਾਂ ਹਨ। ਸ਼੍ਰੋਮਣੀ ਅਕਾਲੀ ਦਲ ਕੋਲ ਚਾਰ ਅਤੇ ਇਕ ਸੀਟ ਭਾਜਪਾ ਕੋਲ ਹੈ। ਵਿਧਾਨ ਸਭਾ ਅਤੇ ਪੰਚਾਇਤੀ ਚੋਣਾਂ ਦੇ ਨਤੀਜੇ ਭਵਿੱਖ ਵਿਚ ਉਲਟ ਫੇਰ ਵੱਲ ਇਸ਼ਾਰਾ ਕਰ ਰਹੇ ਹਨ।

## ਯਾਦਗਾਰ ਨਾਲ ਅਕਾਲੀ-ਭਾਜਪਾ 'ਚ ਆ ਸਕਦੀ ਹੈ ਦਰਾਰ



ਹਰਿਮੰਦਰ ਸਾਹਿਬ ਵਿਚ ਬਣੀ ਅਪਰੇਸ਼ਨ ਬਲਿਊ ਸਟਾਰ ਦੀ ਯਾਦਗਾਰ ਅਕਾਲੀ ਭਾਜਪਾ ਗਠਜੋੜ ਵਿਚਕਾਰ ਦਰਾਰ ਦਾ ਕਾਰਨ ਬਣਦੀ ਨਜ਼ਰ ਆ ਰਹੀ ਹੈ। ਪੰਜਾਬ ਭਾਜਪਾ ਕੋਰ ਕਮੇਟੀ ਦੀ ਮੀਟਿੰਗ ਵਿਚ ਇਸ ਮੁੱਦੇ 'ਤੇ ਗੰਭੀਰ ਚਰਚਾ ਹੋਈ। ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਵਿਚ ਦਿੱਤੇ ਭਰੋਸੇ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਰੁਖ਼ ਨੂੰ ਗੰਭੀਰਤਾ ਨਾਲ ਲਿਆ ਗਿਆ। ਭਾਜਪਾ ਹੁਣ ਇਸ ਮੁੱਦੇ ਨੂੰ ਲੈ ਕੇ ਕੇਂਦਰੀ ਲੀਡਰਸ਼ਿਪ ਕੋਲ ਜਾ ਰਹੀ ਹੈ। ਦਰਅਸਲ; ਭਾਜਪਾ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਇਸ ਸੰਵੇਦਨਸ਼ੀਲ ਮੁੱਦੇ 'ਤੇ ਕਾਂਗਰਸ ਨੂੰ ਸਿਆਸਤ ਕਰਨ ਦਾ ਕੋਈ ਮੌਕਾ ਨਹੀਂ ਦੇਣਾ ਚਾਹੁੰਦੀ। ਕੋਰ ਕਮੇਟੀ ਦੇ ਇਕ ਮੈਂਬਰ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਭਾਜਪਾ ਦਾ ਰੁਖ਼ ਬਿਲਕੁਲ ਸਪੱਸ਼ਟ ਹੈ। ਭਿੰਡਰਾਂਵਾਲੇ ਦੇ ਸਮਰਥਕ ਨਿੱਜੀ ਜਾਇਦਾਦ 'ਤੇ ਯਾਦਗਾਰ ਬਣਾ ਸਕਦੇ ਹਨ, ਉਸ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਸਥਾਨ 'ਤੇ ਵੱਖਵਾਦੀ ਤੱਤਾਂ ਦੀ ਯਾਦਗਾਰ ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿਚ ਗ਼ਲਤ ਸੰਦੇਸ਼ ਜਾਵੇਗਾ ਅਤੇ ਇਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਵੇਗਾ।

## ਜਮ੍ਹਾਂ ਕਰਵਾਏ ਹਥਿਆਰਾਂ ਦੀ ਵਾਪਸੀ 'ਤੇ ਸਖ਼ਤੀ ਕਰੇਗੀ ਸਰਕਾਰ



ਪੰਜਾਬ ਸਰਕਾਰ ਦੇ ਹੁਕਮਾਂ 'ਤੇ ਇਸ ਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਥਾਣਿਆਂ ਜਾਂ ਹਥਿਆਰਾਂ ਦੀਆਂ ਰਜਿਸਟਰਡ ਦੁਕਾਨਾਂ ਵਿਚ ਜਮ੍ਹਾਂ ਕਰਵਾਏ ਗਏ ਲੋਕਾਂ ਦੇ ਹਥਿਆਰ ਹੁਣ ਛੇਤੀ ਵਾਪਸ ਨਹੀਂ ਮਿਲਣਗੇ। ਪੰਜਾਬ ਪੁਲੀਸ ਪਹਿਲਾਂ ਇਨ੍ਹਾਂ ਸਾਰੇ ਹਥਿਆਰਾਂ ਦੀ ਵੈਰੀਫ਼ਿਕੇਸ਼ਨ ਕਰਵਾਏਗੀ। ਇਸ ਤੋਂ ਬਾਅਦ ਹੀ ਇਹ ਹਥਿਆਰ ਲੋਕਾਂ ਨੂੰ ਵਾਪਸ ਕੀਤੇ ਜਾਣਗੇ। ਵੈਰੀਫ਼ਿਕੇਸ਼ਨ ਦੌਰਾਨ ਹੀ ਦੇਖਿਆ ਜਾਵੇਗਾ ਕਿ ਹਥਿਆਰ ਦਾ ਲਾਇਸੈਂਸ ਲੀਗਲ ਹੈ ਜਾਂ ਨਹੀਂ। ਜੇਕਰ ਕਿਸੇ ਵਿਅਕਤੀ ਦੇ ਹਥਿਆਰ ਦਾ ਲਾਈਸੈਂਸ ਲੀਗਲ ਨਾ ਪਾਇਆ ਗਿਆ, ਜਾਂ ਲਾਈਸੈਂਸ ਦੀ ਮਿਆਦ ਖ਼ਤਮ ਹੋਈ ਤਾਂ ਲਾਈਸੈਂਸ ਨੂੰ ਨਾਜਾਇਜ਼ ਮੰਨਦੇ ਹੋਏ ਜ਼ਬਤ ਕਰ ਲਿਆ ਜਾਵੇਗਾ ਅਤੇ ਸਬੰਧਤ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਜਾਵੇਗਾ। ਪੰਜਾਬ ਪੁਲੀਸ ਅਨੁਸਾਰ ਚੋਣਾਂ ਦੌਰਾਨ ਪੂਰੇ ਸੂਬੇ ਵਿਚ ਤਕਰੀਬਨ ਡੇਢ ਲੱਖ ਹਥਿਆਰ ਥਾਣਿਆਂ ਵਿਚ ਜਮ੍ਹਾਂ ਕਰਵਾਏ ਗਏ ਸਨ। ਪਰ ਹਥਿਆਰ ਜਮ੍ਹਾਂ ਕਰਵਾਉਣ ਦੇ ਬਾਵਜੂਦ 19 ਮਈ ਨੂੰ ਲੰਬੀ ਦੇ ਮਾਨਵਾਲਾ ਵਿਚ ਵਿਵਾਦ ਸਕੂਲ ਵਿਚ ਬਣੇ ਬੂਥ 'ਤੇ ਕਬਜ਼ੇ ਨੂੰ ਲੈ ਕੇ ਸ਼ੁਰੂ ਹੋਇਆ। ਇਸ ਦੌਰਾਨ ਦੋਸ਼ ਲੱਗਾ ਕਿ ਅਕਾਲੀ ਸਮਰਥਕਾਂ ਨੇ ਬੂਥ 'ਤੇ ਕਬਜ਼ਾ ਕਰ ਕੇ ਕਾਂਗਰਸ ਦੇ ਪੋਲਿੰਗ ਏਜੰਟ ਗਗਨਦੀਪ ਸਿੰਘ ਨੂੰ ਮਾਰਿਆ ਅਤੇ ਉਸ ਨੂੰ ਬਾਹਰ ਕੱਢ ਦਿੱਤਾ। ਇਸ ਦੌਰਾਨ ਫ਼ਾਇਰਿੰਗ ਵੀ ਕੀਤੀ ਗਈ। ਦੂਜੇ ਪਾਸੇ ਪੰਜਾਬ ਪੁਲੀਸ ਦਾ ਮੰਨਣਾ ਹੈ ਕਿ ਚੋਣਾਂ ਦੌਰਾਨ ਜਦ ਤੋਂ ਲੋਕਾਂ ਨੇ ਹਥਿਆਰ ਜਮ੍ਹਾਂ ਕਰਵਾਏ ਹਨ, ਉਦੋਂ ਤੋਂ ਪੰਜਾਬ ਵਿਚ ਗੋਲੀ ਚਲਣ ਦੀਆਂ ਘਟਨਾਵਾਂ ਨਹੀਂ ਹੋਈਆਂ।

## ਪੰਜਾਬ 'ਚ ਬਿਜਲੀ ਸੰਕਟ

ਗਰਮੀ ਦਾ ਮੌਸਮ ਸ਼ੁਰੂ ਹੁੰਦੇ ਹੀ ਪੰਜਾਬ ਵਿਚ ਬਿਜਲੀ ਸੰਕਟ ਵਧਣ ਲੱਗਾ ਹੈ। ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਅਣ-ਐਲਾਨੇ ਬਿਜਲੀ ਕੱਟਾਂ ਕਾਰਨ ਲੋਕਾਂ ਦੀ ਪ੍ਰੇਸ਼ਾਨੀ ਰੋਜ਼ਾਨਾ ਵਧਦੀ ਜਾ ਰਹੀ ਹੈ। ਇਸ ਸਮੇਂ ਬਿਜਲੀ ਦੀ ਮੰਗ ਆਮ ਦਿਨਾਂ ਦੇ ਮੁਕਾਬਲੇ 20 ਫ਼ੀਸਦੀ ਵੱਧ ਚੁੱਕੀ ਹੈ ਅਤੇ ਇਹ 1580 ਲੱਖ ਯੂਨਿਟ ਨੂੰ ਪਾਰ ਕਰ ਗਈ ਹੈ। ਮੌਜੂਦਾ ਹਾਲਤ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀ ਇਸ ਮੰਗ ਨੂੰ ਪੂਰਾ ਕਰਨ ਲਈ ਪੂਰਾ ਯਤਨ ਕਰਨ ਦੇ ਦਾਅਵੇ ਕਰ ਰਹੇ ਹਨ। ਅਗਲੇ ਮਹੀਨੇ ਝੋਨੇ ਦੀ ਬਿਜਾਈ ਸ਼ੁਰੂ ਹੋ ਜਾਵੇਗੀ ਅਤੇ ਬਿਜਲੀ ਦੀ ਕਿੱਲਤ ਹੋਰ ਵਧੇਗੀ। ਇਸ ਦਾ ਕਾਰਨ ਇਹ ਹੈ ਕਿ ਝੋਨੇ ਦੇ ਸੀਜਨ ਦੇ



ਚਲਦਿਆਂ ਕੇਂਦਰੀ ਪੂਲ 'ਤੇ ਬਿਜਲੀ ਦਾ ਬੋਝ ਕਾਫ਼ੀ ਵੱਧ ਜਾਵੇਗਾ ਅਤੇ ਇਸ ਸਮੇਂ ਸੂਬੇ ਨੂੰ ਉਥੋਂ ਜੋ ਬਿਜਲੀ ਹੁਣ ਆਸਾਨੀ ਨਾਲ ਮਿਲ ਰਹੀ ਹੈ, ਉਸ ਵਿਚ ਨਿਸਚਿਤ ਤੌਰ 'ਤੇ ਕਮੀ ਆਵੇਗੀ, ਕਿਉਂਕਿ ਉਸ ਸਮੇਂ ਹੋਰ ਸੂਬਿਆਂ ਦੀ ਵੀ ਮੰਗ ਵਧੇਗੀ। ਪਿਛਲੇ ਤਜ਼ਰਬਿਆਂ ਅਨੁਸਾਰ ਗਰਮੀਆਂ ਵਿਚ ਬਿਜਲੀ ਦੀ ਮੰਗ ਰੋਜ਼ਾਨਾ 1300 ਲੱਖ ਯੂਨਿਟ ਦੇ ਨੇੜੇ ਪਹੁੰਚ ਜਾਂਦੀ ਹੈ, ਜਦਕਿ ਪੰਜਾਬ ਦੇ ਸਾਰੇ ਸਰੋਤਾਂ ਤੋਂ ਪੈਦਾਵਾਰ 1100 ਲੱਖ ਯੂਨਿਟ ਰਹਿੰਦੀ ਹੈ। ਇਸ ਪ੍ਰਕਾਰ 200 ਲੱਖ ਯੂਨਿਟ ਦੀ ਕਮੀ ਦੇ ਅੰਤਰ ਨੂੰ ਬਿਜਲੀ ਕੱਟਾਂ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਸ ਸਾਲ ਹੁਣੇ ਤੋਂ ਹੀ ਇਹ ਸਾਢੇ ਪੰਦਰਾਂ ਸੌ ਦਾ ਅੰਕੜਾ ਪਾਰ ਕਰ ਗਈ ਹੈ ਅਤੇ ਝੋਨੇ ਦੇ ਸੀਜਨ ਦੌਰਾਨ ਇਸ ਦੇ ਹੋਰ ਵੀ ਵੱਧਣ ਦੀ ਉਮੀਦ ਹੈ। ਇਸ ਪ੍ਰਕਾਰ ਯਕੀਨਨ ਆਉਣ ਵਾਲੇ ਦਿਨਾਂ ਵਿਚ ਬਿਜਲੀ ਸੰਕਟ ਹੋਰ ਵਧੇਗਾ। ਬਿਜਲੀ ਸੰਕਟ ਦੇ ਹੋਰ ਵੱਧਣ ਨਾਲ ਪੰਜਾਬ ਵਾਸੀਆਂ ਨੂੰ ਪਸੀਨੋ ਪਸੀਨੀ ਹੋਣਾ ਪੈ ਸਕਦਾ ਹੈ। ਇਨ੍ਹਾਂ ਹਾਲਾਤਾਂ ਵਿਚ ਉਮੀਦਾਂ ਮਾਨਸੂਨ 'ਤੇ ਟਿਕੀਆਂ ਹੋਈਆਂ ਹਨ। ਪਿਛਲੇ ਸਾਲ ਮਾਨਸੂਨ ਕਮਜ਼ੋਰ ਰਹਿਣ ਕਾਰਨ ਸੂਬੇ ਵਿਚ ਬਿਜਲੀ ਕੱਟ ਜ਼ਿਆਦਾ ਲੱਗੇ ਸਨ। ਇਸ ਵਾਰ ਚੰਗੀ ਬਰਸਾਤ ਦੀ ਉਮੀਦ ਕੀਤੀ ਜਾ ਰਹੀ ਹੈ ਅਤੇ ਅਜਿਹਾ ਹੋਣ 'ਤੇ ਲੰਮੇ ਬਿਜਲੀ ਕੱਟਾਂ ਤੋਂ ਰਾਹਤ ਦੀ ਉਮੀਦ ਕੀਤੀ ਜਾ ਸਕਦੀ ਹੈ। ਸਰਕਾਰ ਤੋਂ ਕੋਈ ਉਮੀਦ ਨਹੀਂ।

## ਸਰਕਾਰੀ ਸਕੂਲਾਂ ਵਿਚ ਅਸ਼ਲੀਲ ਕਿਤਾਬਾਂ

ਸਰਵ ਸਿਖਿਆ ਅਭਿਆਨ ਤਹਿਤ ਖਰੀਦੀਆਂ ਗਈਆਂ ਕਿਤਾਬਾਂ ਵਿਚ ਅਸ਼ਲੀਲ ਸਮਗਰੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਹੁਣ ਇਸ ਦੀ ਖਰੀਦ ਪ੍ਰਕਿਰਿਆ ਵਿਚ ਗੜਬੜੀ ਦਾ ਖੁਲਾਸਾ ਵੀ ਹੋਇਆ ਹੈ। ਪੰਜਾਬ ਦੇ ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਤਾਬਾਂ ਦੀ ਖਰੀਦ ਲਈ ਬਣੀ ਕਮੇਟੀ ਨੂੰ ਦਰਕਿਨਾਰ ਕਰਦਿਆਂ ਨਵੀਂ ਕਮੇਟੀ ਬਣਾਈ ਸੀ। ਕਮੇਟੀ ਨੇ ਇਕ ਅਜਿਹੀ ਫਰਮ ਨੂੰ ਸਪਲਾਈ ਆਰਡਰ ਦਿੱਤਾ ਜੋ ਖ਼ੁਦ ਪਬਲੀਸ਼ਰ ਨਹੀਂ ਹੈ। ਉਸ ਫ਼ਰਮ ਨੇ ਕਿਸੇ ਹੋਰ ਪਬਲੀਸ਼ਰ ਤੋਂ ਕਿਤਾਬਾਂ ਖ਼ਰੀਦ ਕੇ ਅੱਗੇ ਸਪਲਾਈ ਕੀਤੀਆਂ। ਕਈ ਕਿਤਾਬਾਂ ਪ੍ਰਿੰਟ ਰੇਟ ਤੋਂ ਵੀ ਜ਼ਿਆਦਾ 'ਤੇ ਦਿੱਤੀਆਂ ਗਈਆਂ। ਹੁਣ ਇਸ ਮਾਮਲੇ ਵਿਚ ਨਵੀਂ ਕਮੇਟੀ ਬਣਾਉਣ ਵਾਲੇ ਸਿਕੰਦਰ ਸਿੰਘ ਮਲੂਕਾ ਸਵਾਲਾਂ ਦੇ ਘੇਰੇ ਵਿਚ ਆ ਗਏ ਹਨ। ਸਰਵ ਸਿਖਿਆ ਅਭਿਆਨ ਤਹਿਤ ਕਿਤਾਬਾਂ ਦੀ ਖ਼ਰੀਦ ਲਈ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ (ਡੀ.ਜੀ.ਐਸ.ਈ.) ਦੀ ਅਗਵਾਈ ਵਿਚ ਕਮੇਟੀ ਬਣੀ ਹੋਈ ਹੈ। ਸਿਖਿਆ ਮੰਤਰੀ ਨੇ ਇਸ ਕਮੇਟੀ ਦੇ ਬਰਾਬਰ ਇਕ ਡੀ.ਪੀ.ਆਈ. ਪ੍ਰਾਇਮਰੀ ਦੀ ਅਗਵਾਈ ਵਿਚ ਹੋਰ ਕਮੇਟੀ ਦਾ ਗਠਨ ਕਰ ਕੇ ਕਿਤਾਬਾਂ ਦੀ ਖਰੀਦ ਦਾ ਜ਼ਿੰਮਾ ਉਸ ਨੂੰ ਸੌਂਪ ਦਿੱਤਾ। ਇਸ ਕਮੇਟੀ ਵਿਚ ਡੀ.ਪੀ.ਆਈ. ਤੋਂ ਇਲਾਵਾ ਡੀ.ਈ.ਓ. ਪ੍ਰਾਇਮਰੀ ਪ੍ਰਿਤਪਾਲ ਕੌਰ, ਮੋਹਾਲੀ ਦੇ ਡੀ.ਈ.ਓ. ਪ੍ਰਾਇਮਰੀ ਵਿਨੋਦ ਕੁਮਾਰ ਅਤੇ ਬਠਿੰਡਾ ਦੀ ਡੀ.ਈ.ਓ. ਪ੍ਰਾਇਮਰੀ ਹਰਕੰਵਲਜੀਤ ਕੌਰ, ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਬਠਿੰਡਾ ਜਰਨੈਲ ਸਿੰਘ ਅਤੇ ਮਲੂਕਾ ਸਕੂਲ ਵਿਚ ਤੈਨਾਤ ਗਣਿਤ ਦੀ ਅਧਿਆਪਕਾ ਪਰਵੀਨ ਕੁਮਾਰੀ ਸ਼ਾਮਲ ਹਨ। ਦੋਸ਼ ਹੈ ਕਿ ਇਸ ਕਮੇਟੀ ਨੇ ਕਿਤਾਬਾਂ ਦੀ ਖਰੀਦ ਲਈ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ। ਇਥੋਂ ਤਕ ਕਿ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਹੋਈ। ਇਸ ਤੋਂ ਇਲਾਵਾ ਇਹ ਵੀ ਦੋਸ਼ ਹੈ ਕਿ ਕਮੇਟੀ ਨੇ ਇਕ ਅਜਿਹੀ ਫ਼ਰਮ ਨੂੰ ਕਿਤਾਬਾਂ ਦੀ ਜ਼ਿੰਮੇਵਾਰੀ ਸੌਂਪੀ ਜਿਹੜੀ ਕਿ ਖ਼ੁਦ ਪਬਲੀਸ਼ਰ ਨਹੀਂ ਹੈ। ਇਸ ਤੋਂ ਬਾਅਦ ਇਹ ਕਿਤਾਬਾਂ ਸਕੂਲਾਂ ਵਿਚ ਪਹੁੰਚੀਆਂ, ਜਿਸ ਤੋਂ ਬਾਅਦ ਵਿਚ ਇਨ੍ਹਾਂ ਵਿਚ ਅਸ਼ਲੀਲ ਪਹਿਲੂਆਂ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਵਿਵਾਦ ਤੋਂ ਬਾਅਦ ਸਿਖਿਆ ਮੰਤਰੀ ਮਲੂਕਾ ਨੇ ਡੀ.ਜੀ.ਐਸ.ਈ. ਕਾਹਨ ਸਿੰਘ ਪੰਨੂੰ ਨੂੰ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਰਿਪੋਰਟ ਵਿਚ ਇਸ ਦਾ ਖੁਲਾਸਾ ਹੋਣ ਤੋਂ ਬਾਅਦ ਕਮੇਟੀ ਦੇ ਮੈਂਬਰਾਂ ਵਿਰੁਧ ਕਾਰਵਾਈ ਦੀ ਬਜਾਏ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ ਜਦਕਿ ਡੀ.ਜੀ.ਐਸ.ਈ. ਦੀ ਅਗਵਾਈ ਵਿਚ ਬਣੀ ਕਮੇਟੀ ਸਮੇਤ ਕਈ ਹੋਰ ਕਮੇਟੀਆਂ ਨੂੰ ਭੰਗ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਭੰਗ ਕਮੇਟੀਆਂ ਦਾ ਇਸ ਵਿਚ ਕੋਈ ਰੋਲ ਨਹੀਂ ਹੈ।

## ਬਾਦਲਾਂ ਦਾ ਨਵਾਂ ਚੰਡੀਗੜ੍ਹ, ਪੰਜਾਬ ਦੀ ਰਾਜਧਾਨੀ ਦਾ ਕੀ ਬਣੂ ?

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਾਲ ਲੱਗਦੇ ਲੋਕਲ ਪਲਾਨਿੰਗ ਏਰੀਆ (ਐਲ.ਪੀ.ਏ.) ਮੁੱਲਾਂਪੁਰ ਵਿਖੇ 'ਨਵਾਂ ਚੰਡੀਗੜ੍ਹ' ਵਸਾਉਣ ਦੇ ਕੀਤੇ ਫ਼ੈਸਲੇ ਨਾਲ ਪਹਿਲਾਂ ਹੀ ਪੰਜਾਬੀਆਂ ਕੋਲੋਂ ਖੁੱਸੀ ਰਾਜਧਾਨੀ ਚੰਡੀਗੜ੍ਹ ਉਪਰ ਪੰਜਾਬ ਦਾ ਹੱਕ ਹੋਰ ਪੇਤਲਾ ਪੈਣ ਦੀ ਸੰਭਾਵਨਾ ਬਣ ਗਈ ਹੈ। ਇਸ ਫ਼ੈਸਲੇ ਨਾਲ ਚੰਡੀਗੜ੍ਹ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੀ ਚੜ੍ਹਤ ਮਚ ਗਈ ਹੈ। ਦੱਸਣਯੋਗ ਹੈ ਕਿ ਯੂ.ਟੀ. ਦੇ ਕਾਂਗਰਸੀ ਅਤੇ ਭਾਜਪਾ ਆਗੂ ਪਹਿਲਾਂ ਹੀ ਮੰਗ ਕਰਦੇ ਆ ਰਹੇ ਹਨ ਕਿ ਚੰਡੀਗੜ੍ਹ ਦਾ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਦਰਜਾ ਬਰਕਰਾਰ ਰੱਖਿਆ ਜਾਵੇ। ਜਨਤਾ ਦਲ (ਯੂਨਾਈਟਿਡ) ਚੰਡੀਗੜ੍ਹ ਤਾਂ ਇਸ ਸ਼ਹਿਰ ਨੂੰ ਦੇਸ਼ ਦੇ ਨਵੇਂ ਸੂਬੇ ਦਾ ਦਰਜਾ ਦੇਣ ਦੀ ਮੰਗ ਕਰਦਿਆਂ ਦਸਤਖ਼ਤੀ ਮੁਹਿੰਮ ਚਲਾ ਰਿਹਾ ਹੈ।

ਦੱਸਣਯੋਗ ਹੈ ਕਿ ਤਿੰਨ ਦਿਨ ਪਹਿਲਾਂ ਸ੍ਰੀ ਬਾਦਲ ਨੇ ਪੰਜਾਬ ਰਿਜ਼ਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਵਿੱਚ ਚੰਡੀਗੜ੍ਹ ਨਾਲ ਲੱਗਦੇ ਪੰਜਾਬ ਦੇ ਖੇਤਰ ਮੁੱਲਾਂਪੁਰ ਵਿਖੇ 1700 ਏਕੜ ਉਪਰ ਇੱਕ ਮਾਡਲ ਸਿਟੀ 'ਨਵਾਂ ਚੰਡੀਗੜ੍ਹ' ਉਸਾਰਨ ਦਾ ਫ਼ੈਸਲਾ ਲਿਆ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਦੇ ਦਿਲ ਵਜੋਂ ਜਾਣੇ ਜਾਂਦੇ ਸੈਕਟਰ-17 ਸਥਿਤ ਸਿੱਖਿਆ ਵਿਭਾਗ ਦੇ ਕਈ ਦਹਾਕਿਆ ਤੋਂ ਚੱਲਦੇ ਆ ਰਹੇ ਡੀ.ਪੀ.ਆਈ. ਦਫ਼ਤਰ ਅਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ. ਤੇ ਸੈਕਟਰ-34 ਸਥਿਤ ਡੀ.ਜੀ.ਐਸ.ਈ. ਦੇ ਦਫ਼ਤਰ ਮੁਹਾਲੀ ਵਿਖੇ ਤਬਦੀਲ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸੈਕਟਰ-17 ਸਥਿਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਜੰਗਲਾਤ ਵਿਭਾਗ ਸਮੇਤ ਕੁਝ ਹੋਰ ਛੋਟੇ ਵਿਭਾਗ ਵੀ ਮੁਹਾਲੀ ਸ਼ਿਫਟ ਕਰ ਦਿੱਤੇ ਗਏ ਹਨ। ਹੁਣ ਸੈਕਟਰ-17 ਸਥਿਤ ਪੰਜਾਬ ਮੰਡੀ ਬੋਰਡ ਦੇ ਸ਼ਾਨਦਾਰ ਇਮਾਰਤ ਵਾਲੇ ਦਫਤਰ ਨੂੰ ਵੀ ਮੁਹਾਲੀ ਸ਼ਿਫਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਿੰਜਾਈ ਵਿਭਾਗ ਦੇ ਸਿੰਜਾਈ ਭਵਨ ਤੋਂ ਬਾਹਰਲੇ ਦਫਤਰਾਂ ਨੂੰ ਵੀ ਮੁਹਾਲੀ ਤਬਦੀਲ ਕਰਨ ਦੀ ਤਜਵੀਜ਼ ਹੈ। ਚੰਡੀਗੜ੍ਹ ਦੇ ਸੈਕਟਰ-9 ਸਥਿਤ ਪੰਜਾਬ ਪੁਲੀਸ, ਸੈਕਟਰ-35 ਸਥਿਤ ਮਾਰਕਫ਼ੈਡ ਅਤੇ ਕਿਸਾਨ ਭਵਨ, ਸੈਕਟਰ-36 ਸਥਿਤ ਤਕਨੀਕੀ ਸਿੱਖਿਆ ਭਵਨ, ਸੈਕਟਰ-34 ਸਥਿਤ ਮਿਲਕਫ਼ੈਡ ਤੇ ਹਾਊਸਫ਼ੈਡ ਆਦਿ ਇਮਾਰਤਾਂ ਚੰਡੀਗੜ੍ਹ ਵਿੱਚ ਪੰਜਾਬੀ ਦਿੱਖ ਵਜੋਂ ਜਾਣੀਆਂ ਜਾਂਦੀਆਂ ਹਨ। ਉਂਜ ਤਸੱਲੀ ਵਾਲੀ ਗੱਲ ਇਹ ਹੈ ਕਿ ਸੈਕਟਰ-35 ਸਥਿਤ ਕਿਸਾਨ ਭਵਨ ਅਤੇ ਮਾਰਕਫ਼ੈਡ ਦੇ ਵਿਚਾਲੇ 'ਪੰਜਾਬ ਮਿਉਂਸਿਪਲ ਭਵਨ' ਦੀ ਉਸਾਰੀ ਜ਼ੋਰਾਂ 'ਤੇ ਚੱਲ ਰਹੀ ਹੈ।

ਪੰਜਾਬ ਦੇ ਦਫਤਰਾਂ ਨੂੰ ਚੰਡੀਗੜ੍ਹ ਤੋਂ ਤਬਦੀਲ ਕਰਨ ਨਾਲ ਚੰਡੀਗੜ੍ਹ ਯੂ.ਟੀ. ਪ੍ਰਸ਼ਾਸਨ ਦੀਆਂ ਇਮਾਰਤਾਂ ਤੋਂ ਪੰਜਾਬ ਦਾ ਕਬਜ਼ਾ ਵੀ ਖ਼ਤਮ ਹੋ ਰਿਹਾ ਹੈ। ਦੂਸਰਾ ਇੱਥੋਂ ਪੰਜਾਬੀ ਮੁਲਾਜ਼ਮ ਵੱਡੀ ਗਿਣਤੀ ਵਿੱਚ ਮੁਹਾਲੀ ਆਦਿ ਸ਼ਿਫਟ ਹੋ ਰਹੇ ਹਨ। ਮਟਕਾ ਚੌਕ ਵਿੱਚ ਰੈਲੀਆਂ ਕਰਨ 'ਤੇ ਲਾਈ ਰੋਕ ਕਾਰਨ ਪੰਜਾਬ ਦੀ ਰਾਜਧਾਨੀ ਵਿੱਚ ਪੰਜਾਬੀਆਂ ਦੀ ਚਹਿਲ-ਪਹਿਲ ਪਹਿਲਾਂ ਹੀ ਫਿੱਕੀ ਪੈ ਚੁੱਕੀ ਹੈ। ਯੂ.ਟੀ. ਪ੍ਰਸ਼ਾਸਨ ਵੱਲੋਂ ਇੱਥੋਂ ਦੇ ਪੰਜਾਬੀ ਪਿੰਡਾਂ ਦੀ ਜ਼ਮੀਨ ਪਹਿਲਾਂ ਹੀ ਕੌਡੀਆਂ ਦੇ ਭਾਅ ਗ੍ਰਹਿਣ ਕਰ ਲਈ ਗਈ ਹੈ। ਪੰਜਾਬ ਸਰਕਾਰ ਦੀ ਚੰਡੀਗੜ੍ਹ ਪ੍ਰਤੀ ਬੇਰੁਖ਼ੀ ਦਾ ਸਿੱਟਾ ਹੀ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਦਸਵੀਂ ਵਿੱਚ ਪੰਜਾਬੀ ਪੜ੍ਹਨ ਵਾਲੇ ਨੌਜਵਾਨਾਂ ਦੇ ਕੰਡਕਟਰ ਦਾ ਲਾਇਸੈਂਸ ਬਣਾਉਣ 'ਤੇ ਹੀ ਪਾਬੰਦੀ ਲਾ ਦਿੱਤੀ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਰਕਾਰੀ ਭਾਸ਼ਾ ਅੰਗਰੇਜ਼ੀ ਲਾਗੂ ਕਰਕੇ ਪੰਜਾਬੀ ਭਾਸ਼ਾ ਨੂੰ ਪਹਿਲਾਂ ਨੂੰ ਨੁਕਰੇ ਲਾਇਆ ਪਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਸਾਰੇ ਵਿਧਾਇਕਾਂ ਵੱਲੋਂ ਇਕਸੁਰ ਹੋ ਕੇ 15 ਮਾਰਚ 2010 ਨੂੰ ਯੂ.ਟੀ. ਪ੍ਰਸ਼ਾਸਨ ਵਿੱਚ ਸਰਕਾਰੀ ਭਾਸ਼ਾ ਪੰਜਾਬੀ ਲਾਗੂ ਕਰਨ ਦੇ ਪਾਸ ਕੀਤੇ ਮਤੇ 'ਤੇ ਪਿਛਲੇ ਤਿੰਨ ਸਾਲਾਂ ਤੋਂ ਮੁੱਖ ਮੰਤਰੀ ਸ੍ਰੀ ਬਾਦਲ ਵੱਲੋਂ ਧਾਰੀ ਚੁੱਪ ਕਾਰਨ ਪ੍ਰਸ਼ਾਸਨ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦੇਣਾ ਤਾਂ ਦੂਰ ਦੀ ਗੱਲ ਉਲਟਾ ਯੂ.ਟੀ. ਪ੍ਰਸ਼ਾਸਨ ਨੇ ਸੜਕਾਂ ਤੇ ਜਨਤਕ ਥਾਵਾਂ 'ਤੇ ਲੱਗੇ ਸਾਈਨ ਬੋਰਡਾਂ ਵਿੱਚੋਂ ਵੀ ਪੰਜਾਬੀ ਭਾਸ਼ਾ ਨੂੰ ਕੱਢਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਰਾਜ ਦੇ ਅਧਿਕਾਰੀਆਂ ਲਈ ਰਿਹਾਇਸ਼ੀ ਕਲੋਨੀ ਬਣਾਉਣ ਲਈ ਯੂ.ਟੀ. ਵਿੱਚ 100 ਏਕੜ ਜ਼ਮੀਨ ਦੇਣ ਦੀ ਕੀਤੀ ਮੰਗ ਨੂੰ ਵੀ ਪ੍ਰਸ਼ਾਸਨ ਨੇ ਠੁਕਰਾ ਦਿੱਤਾ ਸੀ। ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਨਾਲ ਹੋ ਰਹੇ ਵਿਤਕਰੇ ਵਿਰੁੱਧ ਰਾਜ ਸਰਕਾਰ ਦੀ ਖਾਮੋਸ਼ੀ ਦਾ ਸਿੱਟਾ ਹੀ ਹੈ ਕਿ ਹੁਣ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦਾ 60 ਫੀਸਦ ਡੈਪੂਟੇਸ਼ਨ ਕੋਟਾ ਖੁਰ ਕੇ ਮਸਾਂ ਚਾਰ ਫੀਸਦ ਰਹਿ ਗਿਆ ਹੈ। ਇਸ ਸਾਰੇ ਵਰਤਾਰੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਾਲ ਲੱਗਦੇ ਮੁੱਲਾਂਪੁਰ ਵਿਖੇ 'ਨਵਾਂ ਚੰਡੀਗੜ੍ਹ' ਉਸਾਰਨ ਦੇ ਲਏ ਫੈਸਲੇ ਨਾਲ ਚੰਡੀਗੜ੍ਹ ਤੋਂ ਪੰਜਾਬ ਦੇ ਅਧਿਕਾਰ ਨੂੰ ਹੋਰ ਖੋਰਾ ਲੱਗਣ ਦੇ ਆਸਾਰ ਬਣ ਗਏ ਹਨ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





### What we Offer

Home / Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Services In English, Punjabi, Hindi & Urdu**

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.
RESIDENTIAL COMMERCIAL
Residential/Commercial Insurance Claims • Asphalt & Specialty Shingles
• Siding, Soffits,Fascia • 2 Ply Membranes (SBS)
• Cedar Shakes New & Re-Roof Specialists • Condominums Welcome
• Steep Roofs Welcome Licaenced & Insured • Pine Shake Replacement
• Roof Top Snow removel • FREE Estimates
Gill Olson (Manager)
5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873

G DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
Gurcharan Singh Garcha (M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

PIZZA 99
Serving for over 16 years
Call (780) 450-9900
ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
ਪਰਮਜੀਤ ਸਿੰਘ ਬਾਠ
www.pizza99.com
FREE DELIVERY Millwoods ONLY
Buy any Pizza at regular price & get Second Pizza of equal or less value Free or Chicken wings Free and 3rd Pizza Half Price.
Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm
RENNET FREE CHEESE
1543 Millwoods Road East, Edmonton AB.

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।
Stucco is a versatile, beautiful, durable and fire resistant cladding.
All kind of Stucco
Acrylic & Rain Screen
Harinder Dhaliwal
(780) 297-9165

EconoLodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800
2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000
ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# GLOBAL MARKET DEVELOPMENT CORP.

We build strategies

## About Our Services

**BUSINESS PLANS FROM $900!**

***BUSINESS PLANNING & COMMUNICATIONS:***

To get bank financing or move your business to the next level get your *Business Plan made with us*.
We design integrated communications plan including website development aimed at increasing traffic and effective content management.

***STRATEGIC PLANNING:*** We provide strategic consulting. Services include competition analysis, analysis of the external environment to find out opportunities and threats and then matching them with strengths and weaknesses while considering the resource base.

Phone: (780) 901-2966, Email: gmdcorporation@gmail.com , Website: www.gmdcorporation.com

# HARRY`S EXCAVATING

PH: 780-918-2252

**Specialist in :**
**Digging Basements & All Kind Of Services**



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

# ਹਾਕਸ ਫੀਲਡ ਹਾਕੀ ਅਕੈਡਮੀ, ਕੈਲਗਰੀ

ਵੱਲੋਂ

## 16ਵਾਂ ਸਲਾਨਾ ਹਾਕਸ ਗੋਲਡ ਕੱਪ

**ਜੂਨੀਅਰ ਅਤੇ ਸੀਨੀਅਰ ਫੀਲਡ ਹਾਕੀ ਟੂਰਨਾਂਮੈਂਟ**

**7 ਜੂਨ ਤੋਂ 9 ਜੂਨ 2013 ਤੱਕ ਜੈਨਸਿਸ ਸੈਂਟਰ ਕੈਲਗਰੀ**

ਦੇ ਖੇਡ ਮੈਦਾਨ ਵਿਚ ਕਰਵਾਇਆ ਜਾ ਰਿਹਾ ਹੈ।
ਇਸ ਮੌਕੇ ਪਹੁੰਚ ਕੇ ਕੌਮਾਂਤਰੀ ਹਾਕੀ ਸਿਤਾਰਿਆਂ ਦੇ ਖੇਡ ਜੌਹਰ ਦੇਖੋ
ਅਤੇ ਆਪਣੇ ਬੱਚਿਆਂ ਨੂੰ ਵੀ ਫੀਲਡ ਹਾਕੀ ਨਾਲ ਜੋੜੋ ।

**ਸੱਭਿਆਚਾਰਕ ਪ੍ਰੋਗਰਾਮ : ਭੰਗੜਾ, ਗਿੱਧਾ, ਕਵੀਸ਼ਰੀ ਅਤੇ ਲੋਕ ਨਾਚ**

ਸੀਨੀਅਰ ਵਰਗ ਦੇ ਸਪਾਂਸਰ: ਪਹਿਲਾ ਇਨਾਮ, ਦੂਜਾ ਇਨਾਮ, ਤੀਜਾ ਇਨਾਮ
ਜੂਨੀਅਰ ਵਰਗ ਦੇ ਸਪਾਂਸਰ: ਪਹਿਲਾ ਇਨਾਮ, ਦੂਜਾ ਇਨਾਮ, ਤੀਜਾ ਇਨਾਮ





ਕਲੱਬ ਦੇ ਮੈਂਬਰ

ਟੀਮਾਂ: ਟੋਰੰਟੋ, ਵੈਨਕੂਵਰ, ਵਿਨੀਪੈਗ, ਸਸਕਾਟੂਨ, ਐਡਮਿੰਟਨ, ਕੈਲਗਰੀ



ਜੂਨੀਅਰ ਫੀਲਡ ਹਾਕੀ ਟੀਮ

**ਗੋਲਡਨ ਸਪਾਂਸਰ :**
ਪਾਲੀ ਵਿਰਕ (ਕੁਆਲਿਟੀ ਟਰਾਂਸਮਿਸ਼ਨ) ਗੁਰਲਾਲ ਗਿੱਲ ਮਾਨੂੰਕੇ ਅਤੇ ਪਰਿਵਾਰ , ਸੋਨੀ ਲਿਕੂਅਰ, ਰੇਸ਼ਮ ਸਿੱਧੂ (ਸਬਵੇਅ) ਨਿਰਭੈ ਸਿੱਧੂ, ਜੰਗ ਬਹਾਦਰ ਸਿੰਘ ਸਿੱਧੂ

**ਸਿਲਵਰ ਸਪਾਂਸਰ :**
ਚਰਨਜੀਤ ਜੌਹਲ, ਪਿੰਦਰ ਆਟੋ, ਹਰਪਿੰਦਰ ਸਿੱਧੂ (ਪੰਜਾਬ ਇੰਸ਼ੋਰੈਂਸ), ਓਲੰਪੀਆ ਲਿਕੂਅਰ, ਕਲੇਰ ਕਸਟਮ ਹੋਮਜ਼, ਵੈਨਿਟੀ ਹੋਮਜ਼, ਓ. ਕੇ ਜਨਰਲ ਸਟੋਰ, ਅਜੈਬ ਮਾਨ, ਡਾ: ਤੇਜਿੰਦਰ ਖਹਿਰਾ, ਜਸਵੰਤ ਗਿੱਲ, ਗੁਰਪ੍ਰੀਤ ਸਿੱਧੂ, ਪੰਮਾ ਬਨਵੈਤ, ਆਪਣਾ ਪੰਜਾਬ ਫਰੂਟੀਕੇਨਾ, ਗੁਰਮੀਤ ਸਿੰਘ ਕੈਲੀ, ਬਲਿਊ ਕਰੌਸ ਟਰੱਕਿੰਗ, ਇਕਬਾਲ ਸਿੱਧੂ, ਬੱਬੀ ਮੱਦੋਕੇ, ਲਖਵੀਰ ਸਿੰਘ ਦਾਦਰਾ, ਜੇ ਐਂਡ ਸ਼ੇਕੀ ਟਰੱਕਿੰਗ । ਜਸਪਾਲ ਭੰਡਾਲ (Zy Tech). ਸਿੱਧੂ ਵੇਅ ਆਪਟੀਕਲ (ਸੰਦੀਪ ਪੰਧੇਰ)

**ਮੀਡੀਆ ਸਹਿਯੋਗ:**
ਰੈਡ ਐਫ ਐਮ, ਓਮਨੀ ਟੀ.ਵੀ. ਅਤੇ ਲੋਕ ਆਵਾਜ਼, ਰੇਡੀਓ ਸੁਰਸੰਗਮ ਅਤੇ ਪੰਜਾਬੀ ਨੈਸ਼ਨਲ, ਪਰਵਾਸੀ ਪੰਜਾਬੀ ਅਤੇ ਅਜੀਤ, ਦੇਸ ਪੰਜਾਬ ਟਾਈਮਜ਼ ਦੇਸ ਵਿਦੇਸ਼ ਟਾਈਮਜ਼, ਦੇਸ ਪਰਦੇਸ ਟਾਈਮਜ਼, ਰੇਡੀਓ ਸਪਾਈਸ, ਰੇਡੀਓ ਸਤਰੰਗ, ਪੰਜਾਬੀ ਲਿੰਕ, ਵਤਨੋਂ ਦੂਰ ਪੰਜਾਬੀ, ਜੱਗ ਪੰਜਾਬੀ, ਜੱਗ ਬਾਣੀ, ਪੰਜਾਬੀ ਜਾਗਰਣ, ਰੋਜ਼ਾਨਾ ਸਪੋਕਸਮੈਨ, ਪੰਜਾਬੀ ਟ੍ਰਿਬਿਊਨ, ਸਿੱਖ ਵਿਰਸਾ,

ਹੋਰ ਜਾਣਕਾਰੀ ਲਈ ਸੰਪਰਕ : ਦਿਲਪਾਲ 403-681-0749, ਦਲਜੀਤ ਪੁਰਬਾ 403-615-0366

# DASHMESH TIRE & LUBE



Enough Parking Space

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication

Do Service on Remote Locations Including Weighing Scales
Vehicle Inpection By Certified Mechanics

ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਂਸਿੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।

Call: Manjit S.Khosa, Garry Dhaliwal

**Ph: 780-298-1114, 780-993-4441**

6609 34 St. Edmonton, Alberta.

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# WILDROSE MASONARY & STONE WORKS



Commertial & Residential

Ph: 780 340 1400
Off: 780 450 1413
Fax: 780 490 4888

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



**Dave Johal**

Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

# ਜਥੇਦਾਰ ਹਰਦਿਆਲ ਸਿੰਘ ਮਾੜੀਮੇਘਾ ਦੀ ਯਾਦ ਵਿਚ ਟਰੱਸਟ ਬਣਾਉਣ ਦਾ ਐਲਾਨ

ਮਾੜੀਮੇਘਾ, ਭਿੱਖੀਵਿੰਡ (ਨਦਬ)–ਜਥੇਦਾਰ ਹਰਦਿਆਲ ਸਿੰਘ ਮਾੜੀਮੇਘਾ ਇਕ ਅਜਿਹੇ ਅਕਾਲੀ ਆਗੂ ਸਨ ਜਿਹਨਾਂ ਨੇ ਸਾਰੀ ਉਮਰ ਨਿਰਸਵਾਰਥ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਤੇ ਕਦੇ ਵੀ ਉੱਚ ਅਹੁਦਿਆਂ ਦੀ ਲਾਲਸਾ ਨਾ ਕਰਦਿਆਂ ਪੰਥ ਦੀ ਹਰ ਮੁਹਿੰਮ ਵਿਚ ਵੱਡਾ ਯੋਗਦਾਨ ਪਾਇਆ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਹਰਦਿਆਲ ਸਿੰਘ ਮਾੜੀਮੇਘਾ ਨਮਿਤ ਪਿੰਡ ਮਾੜੀਮੇਘਾ (ਤਰਨ ਤਾਰਨ) ਵਿਖੇ ਕੀਤੇ ਗਏ ਸ਼ਰਧਾਂਜਲੀ ਸਮਾਗਮ 'ਚ ਵੱਖ–ਵੱਖ ਆਗੂਆਂ ਨੇ ਕੀਤਾ। ਇਸ ਮੌਕੇ ਸਾਬਕਾ ਐਮ ਪੀ ਅਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਮੇਜਰ ਸਿੰਘ ਉਬੋਕੇ ਨੇ ਕਿਹਾ ਕਿ ਜਥੇਦਾਰ ਹਰਦਿਆਲ ਸਿੰਘ ਨਾਲ ਪੰਜਾਬੀ ਸੂਬੇ ਦੇ ਮੋਰਚੇ ਵਿਚ ਉਹਨਾਂ ਦੀ ਧਰਮ ਪਤਨੀ ਨੇ ਵੀ ਜੇਲ੍ਹ ਯਾਤਰਾ ਕੀਤੀ। ਇਸ ਮੌਕੇ ਾਵਗ ਤਰਨ ਤਾਰਨ ਤੋਂ ਐਮ ਪੀ ਡਾ ਰਤਨ ਸਿੰਘ ਅਜਨਾਲਾ ਨੇ ਜਥੇਦਾਰ ਹਰਦਿਆਲ ਸਿੰਘ ਮਾੜੀਮੇਘਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਦੀਆਂ ਪੰਥਕ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ, ਬੁਲਾਰੇ ਅਤੇ ਵਿਧਾਇਕ ਰੋਪੜ ਡਾ ਦਲਜੀਤ ਸਿੰਘ ਚੀਮਾ ਨੇ ਜਥੇਦਾਰ ਮਾੜੀਮੇਘਾ ਨਾਲ ਆਪਣੀ ਪਰਿਵਾਰਕ ਸਾਂਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਕੁਰਬਾਨੀ ਵਾਲੇ ਤੇ ਪੰਥਕ ਜ਼ਜਬੇ ਨਾਲ ਲਬਰੇਜ਼ ਮਨੁਖ ਸਮਾਜ ਲਈ ਚਾਨਣ ਮੁਨਾਰਾ ਹੁੰਦੇ ਹਨ। ਉਹਨਾਂ ਜਥੇਦਾਰ ਦੇ ਸਪੁੱਤਰ ਸ ਗੁਰਭਲਿੰਦਰ ਸਿੰਘ ਸੰਧੂ ਵੱਲੋਂ ਵਿਦੇਸ਼ ਵਿਚ ਆਪਣੇ ਭਾਈਚਾਰੇ ਲਈ ਕੀਤੇ ਜਾ ਰਹੇ ਕੰਮਾਂ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਆਸ ਪ੍ਰਗਟ ਕੀਤੀ ਕਿ ਉਹ ਜਥੇਦਾਰ ਹੋਰਾਂ ਦੇ ਸਮਾਜ ਭਲਾਈ ਦੇ ਕਾਰਜਾਂ ਨੂੰ ਬਾਖੂਬੀ ਅੱਗੇ ਵਧਾਉਣਗੇ। ਜਲੰਧਰ ਛਾਉਣੀ ਤੋਂ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਹਨਾਂ ਦੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕੀਤੀ। ਹਲਕਾ ਵਿਧਾਇਕ ਤੇ ਚੀਫ ਪਾਰਲੀਮਾਨੀ ਸਕੱਤਰ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਜਥੇਦਾਰ ਦੀਆਂ ਪੰਥਕ ਘਾਲਣਾਵਾਂ ਕਰਕੇ ਸਾਰਾ ਇਲਾਕਾ ਉਹਨਾਂ ਨੂੰ ਭਾਰੀ ਸਨਮਾਨ ਦਿੰਦਾ ਸੀ। ਇਸ ਮੌਕੇ ਪੱਟੀ ਤੋਂ ਕਾਂਗਰਸੀ ਆਗੂ ਸ. ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਭਾਵੇਂ ਜਥੇਦਾਰ ਮਾੜੀਮੇਘਾ ਕੋਈ ਐਮ ਐਲ ਏ ਜਾਂ ਐਮ. ਪੀ. ਨਹੀਂ ਸਨ ਪਰ ਇਲਾਕੇ ਦੇ ਲੋਕਾਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਸਤਿਕਾਰ ਅੱਜ ਦੇ ਭਾਰੀ ਇਕੱਠ ਤੋਂ ਵੇਖਿਆ ਜਾ ਸਕਦਾ ਹੈ। ਹੋਰਨਾਂ ਤੋਂ ਇਲਾਵਾ ਸਾਬਕਾ ਮੰਤਰੀ ਸ ਗੁਰਚੇਤ ਸਿੰਘ ਭੁੱਲਰ, ਹਰਮਿੰਦਰ ਸਿੰਘ ਗਿੱਲ, ਭਾਈ ਮਨਜੀਤ ਸਿੰਘ, ਬਜ਼ੁਰਗ ਅਕਾਲੀ ਆਗੂ ਦਰਸ਼ਨ ਸਿੰਘ ਈਸਾਪੁਰ, ਤਰਲੋਕ ਸਿੰਘ ਚੱਕਵਾਲੀਆ, ਸਿਮਰਜੀਤ ਸਿੰਘ ਮਾੜੀ ਕੰਬੋਕੇ, ਗੁਰਦਿੱਤ ਸਿੰਘ ਗਿੱਲ, ਗੁਰਬਖਸ਼ ਸਿੰਘ ਗਿੱਲ, ਡਾ. ਮੋਹਨ ਸਿੰਘ, ਡਾ. ਤੁਲੀ, ਬਲਦੇਵ ਸਿੰਘ ਜਲੰਧਰ, ਉਜਲ ਸਿੰਘ ਬਾਜਵਾ ਚੰਡੀਗੜ੍ਹ, ਨਿਰਮਲ ਸਿੰਘ ਮਾਨਸ਼ਾਹੀਆ ਚੰਡੀਗੜ੍ਹ, ਸਤਵਿੰਦਰ ਸਿੰਘ ਚੇਅਰਮੈਨ, ਗਿਆਨੀ ਪੂਰਨ ਸਿੰਘ ਹਰਜਿੰਦਰ ਸਿੰਘ ਉਮਲੀ, ਡਾ. ਕੁਲਵੰਤ ਸਿੰਘ ਸੰਗਰੂਰ, ਗੁਰਲਾਲ ਸਿੰਘ ਇੰਗਲੈਂਡ, ਸੁਖਬੀਰ ਸਿੰਘ ਹੁੰਦਲ, ਤਰਲੋਕ ਸਿੰਘ ਚੱਕਵਾਲੀਆ, ਜਸਬੀਰ ਸਿੰਘ ਰੱਬ, ਦਲਜੀਤ ਸਿੰਘ ਅਲਗੋਕੋਚੀ, ਬਖਸ਼ੀਸ਼ ਸਿੰਘ ਦਰਿਆ ਆਦਿ ਨੇ ਮਰਹੂਮ ਜਥੇਦਾਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਆਈਆਂ ਸੰਗਤਾਂ ਦਾ ਸ ਗੁਰਭਲਿੰਦਰ ਸਿੰਘ ਮਾੜੀਮੇਘਾ ਵੱਲੋਂ ਧੰਨਵਾਦ ਕਰਦਿਆਂ ਜਥੇਦਾਰ ਹਰਦਿਆਲ ਸਿੰਘ ਮਾੜੀਮੇਘਾ ਦੀ ਯਾਦ ਵਿਚ ਇਕ ਟਰੱਸਟ ਬਣਾਉਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਇਸ ਟਰੱਸਟ ਵੱਲੋਂ ਹਰ ਸਾਲ ਉਹਨਾਂ ਦੀ ਯਾਦ ਵਿਚ ਪਿੰਡ ਮਾੜੀਮੇਘਾ ਵਿਖੇ ਸਮਾਗਮ ਕਰਵਾਇਆ ਜਾਵੇਗਾ ਜਿਸ ਦੌਰਾਨ ਲੋਕ ਭਲਾਈ ਦੇ ਕਾਰਜਾਂ ਨੂੰ ਅੱਗੇ ਵਧਾਇਆ ਜਾਵੇਗਾ। ਇਸ ਮੌਕੇ ਉਹਨਾਂ ਜਥੇਦਾਰ ਦੀ ਯਾਦ ਵਿਚ ਪਿੰਡ ਦੇ ਸ਼ਮਸ਼ਾਨਘਾਟ ਵਿਚ ਸੰਗਤਾਂ ਦੇ ਬੈਠਣ ਲਈ ਇਮਾਰਤ ਬਣਾਉਣ ਦਾ ਐਲਾਨ ਵੀ ਕੀਤਾ।





# "ਹਥਿਆਰ ਮਨੁੱਖਤਾ ਲਈ ਘਾਤਕ " ਵਿਸ਼ੇ 'ਤੇ ਸੈਮੀਨਾਰ



22 ਜੂਨ ਨੂੰ ਗ਼ਦਰ ਸ਼ਤਾਬਦੀ ਨਾਟਕ ਸਮਾਗਮ ਨੂੰ ਸਫ਼ਲ ਬਣਾਉਣ ਦਾ ਸੱਦਾ

ਕੈਲਗਰੀ (ਮਾ: ਭਜਨ ਗਿੱਲ) ਪੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਅੱਜ ਇਥੇ ਕੋਸੋ ਹਾਲ ਕੈਲਗਰੀ ਵਿਖੇ "ਹਥਿਆਰਾਂ ਦਾ ਮਨੁੱਖਤਾ ਦੀ ਤਬਾਹੀ ਵਿੱਚ ਰੋਲ" ਵਿਸ਼ੇ ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਐਸੋਸੀਏਸ਼ਨ ਦੇ ਪਰਾਧ ਨ ਾਸੋਹਣ ਮਾਨ ਨੇ ਆਪਣੇ ਕੁੰਜੀਵਿਤ ਭਾਸ਼ਨ ਚ ਕਿਹਾ ਕਿ ਅਮਰੀਕਾ ਅਤੇ ਦੁਨੀਆਂ ਦੇ ਹੋਰ ਸਾਮਰਾਜੀ ਦੇਸ਼ ਸੰਸਾਰ ਵਿੱਚ ਆਪਣੀ ਧੌਂਸ ਜਮਾਉਣ ,ਪ੍ਰਮਾਣੂ ਹਥਿਆਰਾਂ ਦਾ ਡਰ ਦੇ ਕੇ ਆਰਥਿਕ ਸਮਝੌਤਿਆਂ ਰਾਹੀਂ ਸੰਸਾਰ ਦੇ ਗਰੀਬ ਦੇਸ਼ਾਂ ਦੀ ਲੁੱਟ ਦਿਨੋ ਦਿਨ ਵਧਾ ਰਹੇ ਹਨ। ਇਹਨਾਂ ਦੇਸ਼ਾਂ ਦੀਆਂ ਮਨਮਾਨੀਆਂ ਅਤੇ ਮਨੁੱਖਤਾ ਨੂੰ ਤਬਾਹੀ ਤੋਂ ਬਚਾਉਣ ਲਈ ਆਮ ਲੋਕਾਈ ਅਤੇ ਜਮਹੂਰੀ ਸ਼ਕਤੀਆਂ ਨੂੰ ਜਾਗਰੂਪ ਹੋਣ ਦੀ ਲੋੜ ਹੈ। ਇਸ ਕਰਕੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੀ ਤਬਾਹੀ ਤੋਂ ਸਬਕ ਸਿਖਣ ਦੀ ਲੋੜ ਹੈ। ਸੁਰਿੰਦਰ ਸਿੰਘ ਢਿਲੋ ਨੇ ਕਿਹਾ ਕਿ ਨਿਊਕਲੀਅਰ ਹਥਿਆਰਾਂ ਨਾਲ ਕੁਝ ਸਾਮਰਾਜੀ ਦੇਸ਼ ਆਪਣੀ ਟੈਕਨਾਲੋਜੀ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹਨ। ਉਹਨਾਂ ਨੂੰ ਪਤਾ ਹੈ ਕਿ ਪ੍ਰਮਾਣੂ ਸ਼ਕਤੀ ਨੂੰ ਵਰਤਣ ਨਾਲ ਸਾਡੀ ਆਪਣੀ ਵੀ ਤਬਾਹੀ ਹੋਵੇਗੀ।ਇਸ ਕਰਕੇ ਹਊਆ ਖੜਾ ਕਰਨ ਲਈ ਗਰੀਬ ਦੇਸ਼ਾਂ ਨੂੰਡਰਾਉਦੇ/ ਧਮਕਾਉਦੇ ਹਨ। ਸੰਸਾਰ ਨੂੰ ਤਬਾਹ ਕਰਨ ਵਾਲੇ ਇਹਨਾਂ ਹਥਿਆਰਾਂ ਨੂੰ ਖਤਮ ਕਰਨ ਦੀ ਬਿਜਾਏ ਸਗੋ ਗਰੀਬ ਦੇਸ਼ਾਂ ਤੇ ਪਾਬੰਦੀਆਂ ਮੜ ਰਹੇ ਹਨ। ਲਗਭਗ ਸਾਰੇ ਹੀ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਜੇ ਇਹ ਪੈਸਾ ਹਥਿਆਰਾਂ ਦੀ ਬਜਾਏ ਮਨੁੱਖਤਾ ਦੀ ਭਲਾਈ ਲਈ ਲਾਇਆ ਜਾਵੇ ਤਾਂ ਸੰਸਾਰ ਸਵਰਗ ਬਣ ਸਕਦਾ ਹੈ।

ਦੁਜੇ ਸੈਸ਼ਨ ਵਿੱਚ ਬੋਲਦਿਆਂ ਗੁਰਬਚਨ ਸਿੰਘ ਬਰਾੜ ਨੇ ਗ਼ਦਰ ਪਾਰਟੀ ਦੇ ਇਤਿਹਾਸਕ ਪਿਛੋਕੜ ਅਤੇ ਗਦਰੀ ਬਾਬਿਆਂ ਦੀ ਧਰਮ ਨਿਰਪੱਖਤਾ, ਜਾਲਮ ਗੋਰੀ ਸਰਕਾਰ ਖਿਲਾਫ ਹਥਿਆਰਬੰਦ ਬਗਾਵਤ ਰਾਹੀਂ ਦੇਸ਼ ਨੂੰ ਅਜਾਦ ਕਰਾਉਣ, ਜਾਇਦਾਦਾਂ ਕੁਰਕ ਕਰਵਾਉਣ, ਜੇਲ੍ਹਾਂ ਦੇ ਤਸੀਹੇ ਅਤੇ ਫਾਸੀਆਂ ਦੇ ਰਸੇ ਚੁੰਮਣ ਦੇ ਸ਼ਾਨਦਾਰ ਇਤਿਹਾਸ ਦੀ ਵਿਸਥਾਰਥ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਦੇ ਰਾਹ 'ਤੇ ਚਲਣ ਵਾਲੇ ਦੁਨੀਆ ਦੇ ਸਭ ਤੋਂ ਗ਼ਰੀਬ ਲੋਕਾਂ ਨੂੰ ਭਾਰਤ ਸਰਕਾਰ ਫੌਜ ਰਾਹੀਂ ਡਰੋਨ ਹਮਲੇ ਕਰਕੇ ਉਜਾੜ ਰਹੀ ਹੈ, ਜੋ ਕਾਰਪੋਰੇਟ ਜਗਤ ਖਿਲਾਫ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ।

ਮਾ. ਭਜਨ ਗਿੱਲ ਨੇ ਗਦਰ ਸ਼ਤਾਬਦੀ ਕਮੇਟੀ ਕੈਲਗਰੀ ਵੱਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦਸਿਆ ਕਿ 22 ਜੂਨ ਨੂੰ ਇੱਕ ਸਭਿਆਚਾਰਕ ਨਾਟਕ ਸਮਾਗਮ ਆਰਫੀਅਸ ਥੀਏਟਰ ਸੇਂਟ ਕਾਲਜ ਵਿੱਚ ਕੈਲਗਰੀ ਦੀਆਂ 7 ਜਮਹੂਰੀ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੈ। ਜਿਸ ਵਿੱਚ ਅੰਡੇਮਾਨ ਜੇਲ੍ਹ ਦੀ ਕਹਾਣੀ ਬਿਆਨ ਕਰਦਾ ਨਾਟਕ ਗਾਥਾ ਕਾਲੇ ਪਾਣੀਆਂ ਦੀ ਖੇਡਿਆ ਜਾਵੇਗਾ। ਪੰਜਾਬ ਤੋਂ ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾਂ ਵਿਸ਼ੇਸ਼ ਰੂਪ ਵਿੱਚ ਪੁੱਜ ਰਹੇ ਹਨ। ਮਾ. ਰਾਮ ਕੁਮਾਰ ਭਦੌੜ ਅਤੇ ਪੁਰਸਕਾਰ ਵਿਜੇਤਾ ਫਿਲਮ ਨਾਬਰ ਦੇ ਡਾਇਰੈਕਟਰ ਰਾਜੀਵ ਸ਼ਰਮਾਂ ਵੀ ਸਮਾਗਮ ਵਿੱਚ ਪੁਜਣਗੇ। ਜੀਤਇੰਦਰ ਪਾਲ ਵੱਲੋਂ ਪਰੋਜੈਕਟਰ ਰਾਹੀਂ ਅਲਬਰਟਾ ਸਟੇਟ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪੈਰੀਮਾਹਿਲ ਨੇ ਜੀਵਨ ਜਾਂਝ ਸਬੰਧੀ ਕਈ ਜ਼ਰੂਰੀ ਨੁਕਤੇ ਸਰੋਤਿਆਂ ਨਾਲ ਸਾਂਝੇ ਕੀਤੇ। ਪਰਮਿੰਦਰ ਗਿੱਲ ਨੇ ਅਲਬਰਟਾ ਹੈਲਥ ਵੱਲੋਂ ਦੋ ਭਾਸ਼ੀਏ ਵਰਕਰਾਂ ਦੀਆਂ ਸੇਵਾਂਵਾਂ ਖਤਮ ਕਰਨ ਦੀ ਪੁਰਜੋਰ ਨਿੰਦਾ ਕੀਤੀ। ਜਸਵੀਰ ਸਿੰਘ ਸਹੋਤਾ ਨੇ 22 ਜੂਨ ਅਤੇ 20 ਜੁਲਾਈ ਨੂੰ ਗਦਰ ਸ਼ਤਾਬਦੀ ਕਮੇਟੀ ਵੱਲੋਂ ਕੀਤੇ ਜਾ ਰਹੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਕਬਾਲ ਖਾਨ, ਬਲਜਿੰਦਰ ਸੰਘਾ,ਪਰਸ਼ੋਤਮ ਭਾਰਦਵਾਜ,ਪਰਗਟ ਸਿੰਘ ਅਤੇ ਇੰਜ:ਗੁਰਦਿਆਲ ਖੈਹਰਾ ਨੇ ਵੀ ਵਿਚਾਰ ਚਰਚਾ ਵਿੱਚ ਭਾਗ ਲਿਆ।

ਤਰਲੋਚਨ ਸੈਂਹਬੀ ਨੇ 'ਹਰ ਮੋੜ ਤੇ ਸਲੀਬਾਂ' ਗਜ਼ਲ ਸੁਣਾਈ। ਰਵੀ ਜਨਾਗਲ ਨੇ "ਦਹਿਕਦੇ ਅੰਗਿਆਰਿਆਂ ਤੇ ਸੌਂਦੇ ਰਹੇ ਨੇ ਲੋਕ" ,ਟਰਾਂਟੋ ਤੋਂ ਪੁੱਜੇ ਲੇਖਕ ਸੁਖਿੰਦਰ ਨੇ ਅੱਜ ਦੇ ਹਾਲਤਾਂ ਤੇ ਖੁਲ੍ਹੀ ਕਵਿਤਾ ਸੁਣਾਈ, ਮਾ. ਬਚਿਤਰ ਗਿੱਲ ਨੇ ਮਰਹੂਮ ਕਵੀ ਸੰਤ ਰਾਮ ਉਦਾਸੀ ਦੀ ਰਚਨਾ "ਅਜੇ ਨਾ ਆਈ ਮੰਜਿਲ ਤੇਰੀ ਅਜੇ ਹਨੇਰਾ ਗਾੜ੍ਹਾ ਹੈ "ਸੁਣਾਈ। ਕਮਲਜੀਤ ਕੌਰ ਸ਼ੇਰਗਿੱਲ, ਹਰੀ ਪਾਲ, ਸਰਵਣ ਸਿੰਘ ਸੰਧੂ, ਗੁਰਨਾਮ ਸਿੰਘ ਗਿੱਲ, ਜਸਵੰਤ ਸਿੰਘ ਸੇਖੋਂ,ਸਰੂਪ ਸਿੰਘ ਮੰਡੇਰ ਅਤੇ ਅਜਾਇਬ ਸਿੰਘ ਸੇਖੋਂ ਨੇ ਪਾਖੰਡੀ ਬਾਬਿਆਂ ਅਤੇ ਜੋਤਸ਼ੀਆਂ ਦੇ ਪਰਦੇ ਫਾਸ਼ ਕਰਦੀਆਂ ਰਚਨਾਵਾਂ ਨਾਲ ਆਪਣਾ ਯੋਗਦਾਨ ਪਾਇਆ। ਮੰਚ ਸੰਚਾਲਨ ਮਾ. ਭਜਨ ਗਿੱਲ ਨੇ ਬਾਖੂਬੀ ਨਿਭਾਇਆ।

# ਗ਼ਦਰ ਪਾਰਟੀ ਸ਼ਤਾਬਦੀ ਸਬੰਧੀ ਲੇਖ ਅਤੇ ਭਾਸ਼ਨ ਮੁਕਾਬਲੇ ਕਰਵਾਏ

ਸਰ੍ਹੀ :- (ਬਾਈ ਅਵਤਾਰ ਗਿੱਲ ਮੀਡੀਆ ਕੋਆਰਡੀਨੇਟਰ) ਅੱਜ ਪ੍ਰੋਗਰੈੱਸਿਵ ਕਲਚਰਲ ਸੈਂਟਰ 126, 7536- 130 ਸਟਰੀਟ ਸਰ੍ਹੀ ਵਿਖੇ, ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਵੱਲੋਂ ਉਲੀਕੇ ਸਮਾਰੋਹਾਂ ਦੀ ਲੜੀ ਵਜੋਂ ਬੱਚਿਆਂ ਦੇ ਗ਼ਦਰ ਪਾਰਟੀ ਦਾ 100 ਸਾਲ ਦਾ ਇਤਿਹਾਸ, ਗ਼ਦਰ ਪਾਰਟੀ ਦੇ ਹੀਰੋ (ਪ੍ਰਮੁੱਖ ਆਗੂ) ਇਸਦੀ ਵਿਚਾਰਧਾਰਾ ਨਾਲ ਸਬੰਧਤ ਵਿਸ਼ਿਆਂ ਉੱਪਰ 14 ਤੋਂ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੇ ਲੇਖ ਲਿਖਣ 'ਤੇ ਭਾਸ਼ਨ ਮੁਕਾਬਲਿਆਂ ਦਾ ਪ੍ਰਬੰਧ ਕੀਤਾ ਗਿਆ ਸੀ।ਲੇਖ ਲਿਖਣ ਲਈ ਬੱਚਿਆਂ ਨੂੰ 1,000 ਸ਼ਬਦ ਦਾ ਲੇਖ ਲਿਖਕੇ ਭੇਜਣ ਲਈ ਕਿਹਾ ਗਿਆ ਸੀ ਜਦਕਿ ਭਾਸ਼ਨ ਮੁਕਾਬਲੇ ਵਾਲੇ ਬੱਚਿਆਂ ਨੂੰ 3 ਤੋਂ 5 ਮਿੰਟ ਦਾ ਭਾਸ਼ਨ ਦੇਣ ਲਈ ਕਿਹਾ ਗਿਆ ਸੀ।ਅੱਜ ਤੱਕ ਕਮੇਟੀ ਕੋਲ ਆਏ 5 ਲੇਖ ਜੱਜਾਂ ਨੂੰ ਸੌਂਪ ਦਿੱਤੇ ਗਏ ਹਨ ਜੋ ਉਨ੍ਹਾਂ ਲੇਖਾਂ ਨੂੰ ਪੜ੍ਹਕੇ ਨੰਬਰ ਲਾਕੇ ਕਮੇਟੀ ਨੂੰ ਭੇਜ ਦੇਣਗੇ ਜਿਸਦੇ ਅਧਾਰ ਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ 16 ਜੂਨ 2013, ਐਤਵਾਰ ਗਰੈਂਡ ਤਾਜ ਬੈਂਕੁਇਟ ਹਾਲ ਵਿੱਚ ਕਰਵਾਏ ਜਾ ਰਹੇ ਕਵੀ ਦਰਬਾਰ ਸਮੇਂ ਲੇਖ ਲਿਖਣ ਵਾਲੇ ਸਾਰੇ ਹੀ ਬੱਚਿਆਂ ਦੀ ਹਾਜਰੀ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਕ੍ਰਮਵਾਰ ੋ300, ੋ250 ਅਤੇ ੋ200 ਉਤਸ਼ਾਹੀ ਰਕਮ ਅਤੇ ਸਨਮਾਨ ਸਰਟੀਫਿਕੇਟ ਦਿੱਤੇ ਜਾਣਗੇ।ਅੱਜ ਹੋਏ ਭਾਸ਼ਨ ਮੁਕਾਬਲੇ ਵਿੱਚ ਕ੍ਰਮਵਾਰ ਅਨਮੋਲ ਸਵੈਚ ਪਹਿਲੇ, ਗੁਰਲੀਨ ਕੌਰ ਚਾਹਲ ਦੂਸਰੇ ਅਤੇ ਪ੍ਰਭਦੀਪ ਕੌਰ ਸੰਧੂ ਤੀਸਰੇ ਸਥਾਨ ਤੇ ਰਹੀ ਜੱਜ ਡਾ: ਸਾਧੂ ਸਿੰਘ, ਪ੍ਰੋ: ਸ਼ਿੰਦਰ ਪੁਰੇਵਾਲ ਅਤੇ ਮਿਸ ਮਨਜੀਤ ਕੌਰ ਸਿੱਧੂ ਨੇ ਬੱਚਿਆਂ ਨੂੰ ਉਤਸ਼ਾਹੀ ਰਕਮ ਅਤੇ ਸਰਟੀਫਿਕੇਟ ਦਿੱਤੇ।ਅੱਜ ਦੇ ਇੰਨ੍ਹਾਂ ਮੁਕਾਬਲਿਆਂ ਦੀ ਵਿਸ਼ੇਸ਼ ਖੂਬੀ ਇਹ ਰਹੀ ਕਿ ਇੰਨ੍ਹਾਂ ਮੁਕਾਬਲਿਆਂ ਵਿੱਚ 9 ਸਾਲ, 13 ਸਾਲ ਅਤੇ 16 ਸਾਲ ਦੇ ਬੱਚਿਆਂ ਨੇ ਹਿੱਸਾ ਲਿਆ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰਾਂ ਕੀਤੀਆਂ ਜਿੰਨ੍ਹਾਂ ਵਿੱਚੋਂ ਬੱਚੀ ਸੁਖਦੀਪ ਕੌਰ ਸੰਧੂ ਨੇ ਆਪਣਾ ਭਾਸ਼ਨ ਪੰਜਾਬੀ ਵਿੱਚ ਅਤੇ ਕਮਾਲ ਦੀ ਪੇਸ਼ਕਾਰੀ ਨਾਲ ਪੜ੍ਹਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ।ਅਸੀਂ ਆਸ ਕਰਦੇ ਹਾਂ ਕਿ ਬੇਸ਼ੱਕ ਅੱਜ ਵਾਲੇ ਭਾਸ਼ਨ ਅਤੇ ਲੇਖ ਮੁਕਾਬਲੇ ਵਿੱਚ ਬੱਚਿਆਂ ਦੀ ਹਾਜ਼ਰੀ ਬਹੁਤ ਘੱਟ ਸੀ ਪਰ ਅੱਜ ਦੇ ਮੁਕਾਬਲੇ ਭਵਿੱਖ ਲਈ ਮਾਰਗ ਦਰਸ਼ਨ ਸਾਬਤ ਹੋਣਗੇ।







# ਬੇਕਰਜ਼ਫ਼ੀਲਡ ’ਚ ਗ਼ਦਰੀ ਬਾਬਿਆਂ ਦੇ ਮੇਲੇ ’ਤੇ ਭਾਰੀ ਰੌਣਕਾਂ

ਬੇਕਰਜ਼ਫ਼ੀਲਡ (ਨਦਬ) : ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਬੇਕਰਜ਼ਫ਼ੀਲਡ ਦੇ ਸਟੋਨਕਰੀਕ ਯੂਨੀਅਰ ਹਾਈ ਸਕੂਲ ਵਿਖੇ ਮੇਲੇ ਲਾਇਆ ਗਿਆ। ਮੇਲੇ ਦੌਰਾਨ ਆਜ਼ਾਦੀ ਸੰਗਰਾਮ ਦੇ ਸੂਰਮੇ ਜਗਜੀਤ ਸਿੰਘ ਬਾਗੀ ਦੇ ਪਰਿਵਾਰ ਵਿਚੋਂ ਕਰਮਜੀਤ ਸਿੰਘ ਕੰਗ ਨੂੰ ਸਨਮਾਨਤ ਕੀਤਾ ਗਿਆ। ਮੇਲੇ ਦੇ ਮੁੱਖ ਮਹਿਮਾਨ ਗ਼ਦਰੀ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਨੇ ਗ਼ਦਰ ਦੇ ਪਰਚਿਆਂ ਦੀ ਵੇਦ ਵਟਕ ਵਲੋਂ ਸੰਪਾਦਤ ਕੀਤੀ ਕਿਤਾਬ ਨੂੰ ਰਿਲੀਜ਼ ਕੀਤਾ। ਜਥੇਬੰਦੀ ਵਲੋਂ ਉਨ੍ਹਾਂ ਨੂੰ ਸਨਮਾਨ ਪੱਤਰ ਦਿੱਤਾ ਗਿਆ। ਸ਼ਹੀਦ-ਏ-ਆਜ਼ਮ ਭਗਤ ਦੇ ਪਰਿਵਾਰ ਵਿਚੋਂ ਕ੍ਰਿਪਾਲ ਸਿੰਘ ਸੰਧੂ ਫ਼ਰਿਜ਼ਨੋ ਨੂੰ ਵੀ ਸਨਮਾਨਤ ਕੀਤਾ ਗਿਆ। ਬੇ ਏਰੀਏ ਵਿਚੋਂ ਪ੍ਰਸਿੱਧ ਆਜ਼ਾਦੀ ਘੁਲਾਟੀਏ ਦੇਵਾ ਸਿੰਘ ਧੂਤ ਦੇ ਸਪੁੱਤਰ ਦਲਵਿੰਦਰ ਸਿੰਘ ਧੂਤ ਜੋ ਨਾਪਾ ਦੇ ਪ੍ਰਧਾਨ ਵੀ ਹਨ, ਨੇ ਆਪਣੇ ਵਿਚਾਰ ਪੇਸ਼ ਕੀਤੇ। ਸ਼ਹੀਦ ਕਰਨੈਲ ਸਿੰਘ ਈਸੜੂ ਦੀ ਭੈਣ ਬੀਬੀ ਕਰਨੈਲ ਕੌਰ ਬੇਕਰਜ਼ਫ਼ੀਲਡ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਲਾਸ ਏਂਜਲਸ ਤੋਂ ਆਈ ਨਾਮਧਾਰੀ ਸੰਗਤ ਜਿਨ੍ਹਾਂ ਦੀ ਅਗਵਾਈ ਸੰਤ ਗੁਰਦੇਵ ਸਿੰਘ ਤੇ ਪ੍ਰੀਤਮ ਸਿੰਘ ਕਰ ਰਹੇ ਸਨ, ਦਾ ਸਤਿਕਾਰ ਕਰਦਿਆਂ ਮਾਣ ਪੱਤਰ ਭੇਂਟ ਕੀਤਾ ਗਿਆ। ਪ੍ਰਸਿੱਧ ਗ਼ਦਰੀ ਸੰਤ ਵਿਸਾਖਾ ਸਿੰਘ ਦੇ ਸ਼ਰਧਾਲੂਆਂ ਵਿਚੋਂ ਪੇਂਡੂ ਅਮਰੀਕ ਸਿੰਘ ਤੇ ਪਰਿਵਾਰ ਅਤੇ ਭਰਪੂਰ ਸਿੰਘ ਫ਼ਰਿਜ਼ਨੋ ਨੂੰ ਜਥੇਬੰਦੀ ਵਲੋਂ ਸਨਮਾਨਤ ਕੀਤਾ ਗਿਆ।

ਇਸ ਮੇਲੇ ਦੀ ਸਫ਼ਲਤਾ ਲਈ ਗੁਰੂ ਘਰਾਂ ਵਿਲਸਨ ਰੋਡ, ਐਚ. ਸਟਰੀਟ, ਸਟਾਈਨ ਰੋਡ ਅਤੇ ਬਾਈਬਲ ਰੋਡ ਦੀਆਂ ਸਮੁੱਚੀਆਂ ਕਮੇਟੀਆਂ ਨੇ ਸਹਿਯੋਗ ਦਿੱਤਾ। ਅਕਾਲ ਸੇਵਾ ਸੁਸਾਇਟੀ ਨੇ ਲੰਗਰ ਵਰਤਾਉਣ ਲਈ ਸੇਵਾ ਬਾਖ਼ੂਬੀ ਨਿਭਾਈ। ਲੰਗਰ ਦੀ ਸੇਵਾ ਕਰਨ ਵਾਲੇ ਗੁਰੂ ਘਰਾਂ, ਇੰਡੀਆ ਸਵੀਟਸ ਤੇ ਸਪਾਈਸਿਜ਼, ਗੁਰੂ ਨਾਨਕ ਸਵੀਟਸ ਤੇ ਮੈਜਿਕ ਆਟੋ ਰਿਪੇਅਰ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ। ਜਥੇਬੰਦੀ ਵਲੋਂ ਐਨ.ਆਰ.ਆਈ. ਸਭਾ ਤੇ ਸੀਨੀਅਰ ਸਿਟੀਜਨ ਸਭਾ ਦੀਆਂ ਜਥੇਬੰਦੀਆਂ ਦੇ ਦਿਤਤੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ। ਬੇਕਰਜ਼ਫ਼ੀਲਡ ਦੇ ਡਿਪਟੀ ਮੇਅਰ ਕੈਨ-ਵੇਅਰ, ਜੀਨ ਫੁਲਰ ਸਟੇਟ ਸੈਨੇਟਰ ਨੇ ਭਾਰਤੀ ਭਾਈਚਾਰੇ ਨਾਲ ਸਹਿਯੋਗ ਤੇ ਇਕਮੁੱਠਤਾ ਦਾ ਸੁਨੇਹਾ ਦਿੱਤਾ। ਸ਼ੈਨਨ ਗਰੋਵ ਅਸੈਂਬਲੀ ਵੋਮੈਨ ਦਾ ਲਿਖਤੀ ਆਇਆ ਸਨੇਹਾ ਡਾ. ਡੀਨ ਹੈਡਡੌਕ ਚੇਅਰ ਪਰਸਨ ਰੀਪਬਲਿਕਨ ਪਾਰਟੀ ਤੇ ਟਰੱਸਟੀ ਪਨਾਮਾ ਵੇਨਾਵਿਸਤਾ ਯੂਨੀਫਾਈਡ ਸਕੂਲ ਡਿਸਟਰਿਕ ਨੇ ਪੜ੍ਹ ਕੇ ਸੁਣਾਇਆ ਅਤੇ ਹਾਜ਼ਰੀਨ ਨਾਲ ਆਜ਼ਾਦੀ ਬਾਰੇ ਵਿਚਾਰ ਸਾਂਝੇ ਕੀਤੇ। ਰੂਡੀ ਸਾਲਸ ਅਸੈਂਬਲੀ ਮੈਨ ਨੇ ਵੀ ਸਟੇਜ ’ਤੇ ਆਪਣੀ ਹਾਜ਼ਰੀ ਲਗਵਾਈ।

ਖੱਚਾ-ਖੱਚ ਭਰੇ ਹਾਲ ਵਿਚ ਪਸ਼ੌਰਾ ਸਿੰਘ ਢਿੱਲੋਂ, ਪ੍ਰੀਤਮ ਸਿੰਘ ਐਲ.ਏ. ਗੁਰਚਰਨ ਸਿੰਘ ਬੈਂਸ, ਸੰਤੋਖ ਸਿੰਘ ਮਿਨਹਾਸ, ਸਾਧੂ ਸਿੰਘ ਸੰਘਾ ਅਤੇ ਗੁਰਮੇਲ ਸਿੰਘ ਸਿੱਧੂ ਨੇ ਗ਼ਦਰ ਲਹਿਰ ਬਾਰੇ ਵਿਚਾਰ ਪੇਸ਼ ਕੀਤੇ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਗ਼ਦਰ ਸ਼ਤਾਬਦੀ ਮਨਾਉਣ ਲਈ ਸਭਨਾਂ ਵਲੋਂ ਸਹਿਯੋਗ ਦੇਣ ਦਾ ਧੰਨਵਾਦ ਕੀਤਾ। ਜਥੇਬੰਦੀ ਦੇ ਡਾਇਰੈਕਟਰ ਸਮਿਤਰ ਸਿੰਘ ਉਪਲ ਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਪਾਏ ਜਾ ਰਹੇ ਵਿਦਵਾਨਾਂ ਵਲੋਂ ਭੁਲੇਖਿਆ ਨੂੰ ਸਪੱਸ਼ਟ ਕਰਦਿਆਂ ਆਪਣੇ ਵਿਚਾਰ ਰੱਖੇ। ਐਡਮਿੰਟਨ ਤੋਂ ਛਪਦੇ ‘ਨਵੀਂ ਦੁਨੀਆ’ ਦੇ ਐਡੀਟਰ ਜਸਵੀਰ ਸਿੰਘ ਦਿਓਲ ਨੇ ਵੀ ਹਾਜ਼ਰੀ ਲਗਵਾਈ। ਜਥੇਬੰਦੀ ਦੇ ਸਕੱਤਰ ਬਰਜਿੰਦਰ ਸਿੰਘ ਭੱਟੀ ਅਤੇ ਮੈਂਬਰ ਸ਼ੰਗਾਰਾ ਸਿੰਘ ਬੋਪਾਰਾਏ, ਹਰਪਾਲ ਸਿੰਘ ਸੰਘਾ, ਅਮਨ ਮਡੈਸਟੋ ਅਤੇ ਜਗਜੀਤ ਸਿੰਘ ਗਿੱਲ ਸਾਰਿਆਂ ਨੇ ਕੁਝ ਸਮਾਂ ਹਾਜ਼ਰੀ ਭਰੀ। ਗ਼ਦਰੀ ਬਾਬਿਆਂ ਦੀ ਪ੍ਰਦਰਸ਼ਨੀ ਮੇਲੇ ਦਾ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਰਹੀ। ਸਭਿਆਚਾਰਕ ਪ੍ਰੋਗਰਾਮ ਵਿਚ ਰਾਜ ਬਰਾੜ ਫ਼ਰਿਜ਼ਨੋ, ਸੰਨੀ ਬੱਬਰ ਦੇ ਦਲਵੀਰ ਸਿੰਘ ਅਤੇ ਬੱਬੂ ਗੁਰਪਾਲ ਬੇਕਰਜ਼ਫ਼ੀਲਡ ਨੇ ਗ਼ਦਰ ਪਾਰਟੀ ਬਾਰੇ ਇਨਕਲਾਬੀ ਗੀਤਾਂ ਦੀ ਛਹਿਬਰ ਲਾਈ ਰੱਖੀ ਤੇ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰਖਿਆ। ਸ਼ਿਆਰਾ ਸਿੰਘ ਢੀਂਡਸਾ ਓਮਨੀ ਵੀ.ਡੀ.ਓ. ਨੇ ਇਸ ਸਾਰੇ ਮੇਲੇ ਨੂੰ ਕੈਮਰਾਬੰਦ ਕੀਤਾ। ਸਵਿੰਦਰ ਸਿੰਘ ਰਾਇਡ ਨੈਰੋਬੀ ਨੇ ਵੀ ਮੇਲੇ ਦਾ ਸੰਪੂਰਨ ਪ੍ਰੋਗਰਾਮ ਸੰਭਾਲਣ ਲਈ ਕੈਮਰਾਬੰਦ ਕਰਨ ਦੀ ਸੇਵਾ ਨਿਭਾਈ। ਸਟੇਜ ਦੀ ਸਮੁੱਚੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਕਸ਼ਮੀਰ ਸਿੰਘ ਕਾਗਣਾ ਤੇ ਜਸਵੰਤ ਸਿੰਘ ਸ਼ਾਦ ਦਾ ਯੋਗਦਾਨ ਜ਼ਿਕਰਯੋਗ ਹੈ। ਗਿਆਨ ਸਿੰਘ ਬਿਲਗਾ, ਸਵਰਨ ਸਿੰਘ ਸਿੱਧੂ, ਅਮਰਜੀਤ ਸਿੰਘ ਰਾਏ, ਸੰਨੀ ਬੱਬਰ, ਜਗਦੇਵ ਸਿੰਘ ਗਰੇਵਾਲ ਮੇਲੇ ਦਾ ਪ੍ਰਬੰਧ ਕਰਦੇ ਪੱਬਾਂ ਭਾਰ ਹੋਏ ਨਜ਼ਰ ਆਏ। ਅਖ਼ੀਰ ’ਤੇ ਕਰਮਜੀਤ ਸਿੰਘ ਕੰਗ ਨੇ ਮੇਲੇ ਵਿਚ ਹਾਜ਼ਰ ਸਮੂਹ ਪਤਵੰਤਿਆਂ ਤੇ ਸਪੌਂਸਰਾਂ ਦਾ ਧੰਨਵਾਦ ਕਰਦਿਆਂ ਮੇਲੇ ਦੀ ਸਮਾਪਤੀ ਕੀਤੀ।

# ‘ਮਸ਼ਾਲਾਂ ਬਾਲ ਕੇ ਚਲਣਾ ਜਦੋਂ ਤਕ ਰਾਤ ਬਾਕੀ ਹੈ...’

ਐਡਮਿੰਟਨ(ਰਘਵੀਰ ਬਲਾਸਪੁਰੀ) ਬੀਤੇ ਦਿਨੀ ਅਲਬਰਟਾ ਦੇ ਸੋਹਣੇ ਸਹਿਰ ਐਡਮਿੰਟਨ ਵਿਚ ਗਦਰ ਪਾਰਟੀ ਦੇ 100 ਵੇ ਸਥਾਪਨਾ ਦਿਨ ਨੂੰ ਰੂਰਲ ਹੈਰੀਟੇਜ ਤੇ ਸਪੋਰਟਸ ਕਲੱਬ ਵੱਲੋ ਸੇਰਵੁਡ ਪਾਰਕ ਦੇ ਫੈਸਟੀਵਲ ਪਲੇਸ ਵਿਚ ਧੂਮ ਧਾਮ ਨਾਲ ਮਨਾਇਆ ਗਿਆ।ਜਿਸ ਵਿਚ ਗੀਤਾਂ ਕਵਿਤਾਵਾਂ, ਨਾਟਕਾਂ, ਕੋਰਿਊਗ੍ਰਾਫੀਆਂ ਅਤੇ ਐਕਸ਼ਨਾਂ ਗੀਤਾਂ ਤੋ ਇਲਾਵਾ ਗਦਰ ਪਾਰਟੀ ਨਾਲ ਸਬੰਧਤ ਜਾਣਕਾਰੀ ਭਰਪੂਰ ਭਾਸਣ ਵੀ ਸਨ। ਇਸ ਪ੍ਰੋਗਰਾਮ ਦੀ ਸੁਰੂਆਤ ਦਰਸ਼ਨ ਭੰਡਾਲ ਦੇ ਗੀਤ ਨਾਲ ਹੋਈ; ਉਸ ਤੋ ਬਾਅਦ ਵਿਚ ਛੋਟੀ ਬੱਚੀ ਅਨੂਪ ਕੌਰ ਧਾਲੀਵਾਲ ਨੇ ਕਰਤਾਰ ਸਿੰਘ ਸਰਾਭਾ ਨੂੰ ਸਮਰਪਤ ਗੀਤ ਨਾਲ ਕੀਤਾ, ਗੁਰਦਾਸ ਮਾਨ ਦੇ ਗੀਤ ‘ਕੁੜੀਏ ਕਿਸਮਤ ਥੁੜੀਏ’ ’ਤੇ ਕੈਲਗਰੀ ਦੀ ਨਾਟਕ ਟੀਮ ਪ੍ਰੌਗਰਸਿਵ ਕਲਚਰ ਐਸੋਸੀਏਸਨ ਆਫ ਕੈਲਗਰੀ ਵੱਲੋ ਕੋਰਿਊਗਰਾਫੀ ਪ੍ਰੀਤ ਤੇ ਮਾਸਟਰ ਭਜਨ ਸਿੰਘ ਗਿੱਲ ਦੀ ਨਿਰਦੇਸ਼ਨਾਂ ਵਿਚ ਪੇਸ ਕੀਤੀ ਗਈ।

ਗੁਰਸਰਨ ਸਿੰਘ ਉਰਫ ਭਾਈ ਮੰਨਾ ਸਿੰਘ ਦਾ ਲਿਖਿਆ ਨਾਟਕ ‘ਇੱਕ ਸੀ ਚਿੱੜੀ ਤੇ ਇੱਕ ਸੀ ਕਾਂ’ ਰੂਰਲ ਹੈਰੀਟੇਜ ਤੇ ਸਪੋਰਟਸ ਕਲੱਬ ਦੀ ਟੀਮ ਵੱਲੋ ਪੇਸ਼ ਕੀਤਾ ਗਿਆ; ਜਿਸ ਵਿਚ ਮਨਮੀਤ ਗਰੇਵਾਲ ਨੇ ਚਿੜੀ, ਨਵੀ ਧਾਲੀਵਾਲ ਨੇ ਕਾਂ, ਹੌਲਦਾਰ ਹਰਜੋਤ ਗਰੇਵਾਲ, ਦਰਸਨ ਭੰਡਾਲ ਠਾਣੇਦਾਰ, ਮੰਤਰੀ ਅਵਤਾਰ ਗਿੱਲ, ਨੌਜਵਾਨ ਜਗਜੀਤ ਹੇਅਰ ਤੇ ਹੋਰ ਛੋਟੀਆਂ ਬੱਚੀਆਂ ਚਿੜੀਆਂ ਦੇ ਰੂਪ ਵਿਚ ਸਟੇਜ ’ਤੇ ਆਈਆਂ। ਦਰਸਨ ਕੌਰ, ਭੁਪਿੰਦਰ ਸਿੰਘ ਰੰਧਾਵਾ, ਜੋਬਨ ਪ੍ਰਤਾਪ ਸਿੰਘ ਢਿੱਲੋ, ਗੁਰਦੇਵ ਦੇਵ ਫਿਲਮੀ ਕਲਾਕਾਰ ਤੇ ਪੀ.ਪੀ.ਪੀ ਦੇ ਉੱਘੇ ਵਰਕਰ ਨੇ ਗੀਤ ਪੇਸ ਕੀਤੇ। ਇਸ ਸਮੇ ਬਾਈ ਅਵਤਾਰ ਗਿੱਲ ਪ੍ਰਧਾਨ ਤਰਕਸੀਲ ਸੁਸਾਇਟੀ ਆਫ ਕੈਨੇਡਾ ਨੇ ਆਪਣੀ ਤਕਰੀਰ ਰਾਹੀਂ ਗਦਰ ਪਾਰਟੀ ਦਾ ਇਤਹਾਸ ਤੇ ਗਦਰੀ ਸਹੀਦਾਂ ਬਾਰੇ ਜਾਣਕਾਰੀ ਦਿੱਤੀ ਤੇ ਮਾਸਟਰ ਭਜਨ ਸਿੰਘ ਗਿੱਲ ਪ੍ਰੋਗਰਸਿਵ ਕਲਚਰ ਐਸੋਸੀਏਸਨ ਆਫ ਕੈਲਗਿਰੀ ਦੇ ਪ੍ਰਧਾਨ ਨੇ ਆਪਣੀ ਤਕਰੀਰ ਵਿਚ ਸਥਾਨਕ ਮੁੱਦਿਆ ਤੋ ਇਲਾਵਾ ਰਾਸਟਰੀ ਤੇ ਅੰਤਰਰਾਸਟਰੀ ਮੁੱਦੇ ਵਿਚਾਰੇ। ਇਸ ਸਮੇ ਕੈਨੇਡਾ ਦੇ ਕੇਦਰੀ ਖੇਡ ਮੰਤਰੀ ਬੱਲ ਗੋਸਲ ਨੇ ਆਪਣੇ ਭਾਸ਼ਣ ਵਿਚ ਬੱਚਿਆ ਨੂੰ ਆਪਣੇ ਵੱਡਮੁੱਲੇ ਸਭਿਆਚਾਰ ਤੇ ਖੇਡਾਂ ਨਾਲ ਜੋੜਨ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਅਸੀਂ ਬੱਚਿਆਂ ਨੂੰ ਇਨ੍ਹਾਂ ਵੱਲ ਪ੍ਰੇਰਤ ਕਰਨ ਲਈ ਹੋਰ ਵੀ ਉਪਰਾਲੇ ਕਰਾਂਗੇ। ਇਸ ਵਿਚ ਐਡਮਿੰਟਨ ਈਗਲਗ ਫੀਲਡ ਹਾਕੀ ਦੇ ਖਿਡਾਰੀਆਂ ਦਾ ਸਨਮਾਨ ਕੈਨੇਡਾ ਦੇ ਕੇਦਰੀ ਖੇਡ ਮੰਤਰੀ ਬੱਲ ਗੋਸਲ ਨੇ ਕੀਤਾ। ਇਸ ਮੌਕੇ ਐਮ.ਐਲ.ਏ. ਨਰੇਸ ਭਾਰਦਵਾਜ, ਐਮ.ਐਲ.ਏ. ਸਹੁੇਲ ਕਾਦਰੀ, ਐਨ.ਡੀ.ਪੀ ਦੇ ਐਮ.ਐਲ.ਏ. ਡੇਵਿਡ ਈਗੈਨ, ਅਲਬਰਟਾ ਲਿਬਰਲਜ ਪਾਰਟੀ ਦੇ ਲੀਡਰ ਰਾਜ ਸ਼ਰਮਨ, ਕੌਂਸਲਰ ਅਮਰਜੀਤ ਸੋਹੀ, ਜੀ ਡਰਾਈਵਿੰਗ ਸਕੂਲ ਦੇ ਗੁਰਚਰਨ ਗਰਚਾ, ਪਾਵਰ ਹੋਮ ਤੋ ਰਣਜੀਤ ਸਿੰਘ ਪਾਵਰ ਅਤੇ ਮਹਿੰਦਰ ਤੂਰ ਪਹੁੰਚੇ ਹੋਏ ਸਨ। ਸਟੇਜ ਦੀ ਕਾਰਵਾਈ ਬੀਬੀ ਜਰਨੈਲ ਕੌਰ ਨੇ ਨਿਭਾਈ ਤੇ ਅਖੀਰ ਵਿਚ ਸਾਰੇ ਸਪੌਸਰਾਂ ਅਤੇ ਦਰਸਕਾਂ ਦਾ ਧੰਨਵਾਦ ਕਰਦਿਆ ਕਲੱਬ ਦੇ ਪ੍ਰਬੰਧਕਾਂ ਕੁਲਦੀਪ ਸਰਾਭਾ ਤੇ ਰਘਵੀਰ ਬਲਾਸਪੁਰੀ ਵੱਲੋ ਅਗਲੇ ਸਾਲ ਕਾਮਗਾਟਾਮਾਰੂ ਜਹਾਜ਼ ਦਾ 100 ਸਾਲਾ ਮਨਾਉਣ ਲਈ ਦਰਸਕਾਂ ਤੋ ਹੱਥ ਖੜੇ ਕਰਵਾ ਕੇ ਪਾਸ ਕਰਵਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਮਹਿੰਦਰ ਸਾਥੀ ਦੇ ਐਕਸਨ ਗੀਤ ‘ਮਸ਼ਾਲਾ ਬਾਲ ਕੇ ਚੱਲਣਾ ਜਦੋ ਤੱਕ ਰਾਤ ਬਾਕੀ ਹੈ, ਸੰਭਲ ਕੇ ਹਰ ਕਦਮ ਰੱਖਣਾ ਜਦੋ ਤੱਕ ਬਾਤ ਬਾਕੀ ਹੈ’ ਨਾਲ ਹੋਈ।






## ਦੀਪਕ ਜੈਤੋਈ ਦੀ ਗ਼ਜ਼ਲ

ਇਸ ਹਨ੍ਹੇਰੇ ਸ਼ਹਿਰ ਦੇ ਵਿਚ ਰੌਸ਼ਨੀ ਵੰਡੂਗਾ ਕੌਣ?
ਦਿਲ ਜਲਾ ਕੇ ਆਪਣਾ ਹਰ ਮੋੜ ਤੇ ਰੱਖੂਗਾ ਕੌਣ?

ਫਿਰ ਸਿਰਾਂ ਦੀ ਮੰਗ ਕਰਦੇ ਵਕਤ ਫਿਰ ਲਲਕਾਰਦੇ,
ਬੰਨ ਕੇ ਸਿਰ ’ਤੇ ਕਫ਼ਨ ਮੈਦਾਨ ਵਿਚ ਨਿਕਲੂਗਾ ਕੌਣ?

ਕਹਿ ਰਿਹੈ ਜਲਾਦ ਇਥੇ ਕੋਈ ਦਿਲ ਵਾਲਾ ਨਹੀਂ,
ਜਾਨ ਦੇ ਕੇ ਆਪਣੇ ਦਿਲ ਦਾ ਹੌਸਲਾ ਪਰਖੂਗਾ ਕੌਣ?

ਕੈਦ ਹੈ ਸੀਤਾ ਭਵਿਕਸ਼ਨ ਇਸ ਜਗ੍ਹਾ ਬੇਵੱਸ ਹੈ ਅੱਜ,
ਐਤਕੀਂ ਅੱਗ ਲਾ ਕੇ ਲੰਕਾ ਪਾਪ ਦੀ ਸਾੜੂਗਾ ਕੌਣ?

ਹਰ ਹਕੀਕਤ ਛੁਪ ਗਈ ਹੈ, ਹਰ ਅਸ਼ਾਈ ਗੁੰਮ ਹੈ,
ਪਰਦਿਓਂ ਬਾਹਰ ਇਨ੍ਹਾਂ ਦੋਹਾਂ ਨੂੰ ਹੁਣ ਕੱਢੂਗਾ ਕੌਣ?

ਜ਼ਖ਼ਮ ਖਾ ਕੇ ਤੜਫ਼ਦੇ ਰਹਿਣਾ ਵੀ ਕੋਈ ਬਾਤ ਹੈ?
ਮੈਨੂੰ ਦੱਸੋ ਕਾਤਿਲਾਂ ਦੇ ਨਾਲ ਹੁਣ ਸਿੱਝੂਗਾ ਕੌਣ?

ਕਰ ਰਿਹਾ ਤੌਹਾਨ ਰਿੰਦਾਂ ਦੀ ਇਹ ਸਾਕੀ ਬੇ-ਸ਼ਊਰ,
ਮੈਕਸ਼ੋ! ਨਿਰਣਾ ਕਰੋ ਇਸ ਦਾ ਨਸ਼ਾ ਲਾਹੂਗਾ ਕੌਣ?

ਚਿਹਰਾ ਇਕ ਹੈ, ਪਰ ਅਨੇਕਾਂ ਹੀ ਮਖੌਟੇ ਉਸ ਤੇ ਹਨ,
ਇਹ ਮਖੌਟੇ ਚਿਹਰਿਆਂ ਤੋਂ ਖਿੱਚ ਕੇ ਲਾਹੂਗਾ ਕੌਣ?

ਜ਼ਿੰਦਗੀ ਸਾਡੀ ਤਅੱਸੁਬ ਨੇ ਬਣਾ ਦਿੱਤੀ ਹੈ ਨਰਕ,
ਇਹ ਤਅੱਸੁਬ ਜੋ ਤਬਾਹੀ ਕਰ ਰਿਹੈ ਰੋਕੂਗਾ ਕੌਣ?

ਸਾੜ ਸੁੱਟਦੀ ਹੈ ਅਸਾਡੇ ਆਲ੍ਹਣੇ, ਆਈ ਬਹਾਰ,
ਬੋਲੋ ਬੋਲੋ! ਏਸ ਬਿਜਲੀ ਨਾਲ ਟਕਰਾਊਗਾ ਕੌਣ?

ਹੱਕ ਹੀ ਮਾਰਿਆ ਹੈ, ਜਾਂ ਕੁਝ ਫ਼ਰਜ਼ ਵੀ ਕੀਤੇ ਅਦਾ,
ਆਪਣੇ ਦਿਲ ਵਿਚ ਐ ਦੀਪਕ, ਝਾਕ ਕੇ ਦੇਖੂਗਾ ਕੌਣ?

## ਮੱਖਣ ਕੁਹਾੜ ਦੀ ਗ਼ਜ਼ਲ

ਚਾਵਾਂ ਦਾ ਕਤਲ ਕਰਕੇ, ਰੀਝਾਂ ਨੂੰ ਦਫ਼ਨ ਕਰਕੇ।
ਕਦ ਤੱਕ ਜੀਆਂਗੇ ਏਦਾਂ, ਪਲ ਪਲ ਦੀ ਮੌਤ ਮਰ ਕੇ।

ਹਰ ਲਹਿਰ ਨੂੰ ਮੁਖ਼ਾਤਿਬ, ਹਰ ਜਬਰ ਨੂੰ ਮੁਖਾਤਿਬ,
ਸਾਗਰ ਨੂੰ ਸਰ ਕਰਾਂਗੇ, ਲਹਿਰਾਂ ਦੇ ਨਾਲ ਤਰਕੇ।

ਸਭ ਦੌਲਤਾਂ ਗ਼ਦਰ ਲਈ, ਸਭ ਰਹਿਮਤਾਂ ਗ਼ਦਰ ਲਈ,
ਹਰ ਸਾਹ ਗ਼ਦਰ ਦੇ ਲੇਖੇ, ਤਲੀਆਂ ’ਤੇ ਸੀਸ ਧਰਕੇ।

ਜੰਗਲ ਬੜਾ ਹੈ ਸੰਘਣਾਂ, ਮੁਸ਼ਕਿਲ ਹੈ ਪਾਰ ਲੰਘਣਾ,
’ਕੱਲੇ ਤੁਰਾਂਗੇ ਜੇਕਰ, ਜਾਵਾਂਗੇ ਰਾਹ ’ਚ ਗਰਕੇ।

ਤੁਰੀਏ ਕਦਮ ਮਿਲਾਕੇ, ਰੁਕੀਏ ਨਿਸ਼ਾਨਾ ਮਿਥਕੇ,
ਲੜੀਏ ਤਾਂ ਲੀਕ ਵਾਹਕੇ, ਸਿਰ ਵੀ ਤਲੀ ਤੇ ਧਰਕੇ।

ਸ਼ਸਤਰ ਤੇ ਸ਼ਾਸਤਰ ਨੂੰ, ਬਾਣੀ ਤੇ ਬਾਣ ਤਾਈਂ
ਕਿੱਦਾਂ ਇਕੱਠੇ ਰੱਖਣੈ, ਰਲ ਫੋਲੀਏ ਆ ਵਰਕੇ।

ਮੰਜ਼ਿਲ ਹੈ ਦੂਰ ਭਾਵੇਂ, ਪੁੱਜਣਾ ਹੈ ਬਹੁਤ ਲਾਜ਼ਮ,
ਤੁਰਨਾ ਹੈ ਗ਼ਦਰੀਆਂ ਦੇ ਕਦਮਾਂ ਤੇ ਕਦਮ ਧਰਕੇ।

ਪਾਣੀ, ਜ਼ਮੀਨ, ਜੰਗਲ, ਰਸਤੇ, ਪਹਾੜ, ਸਾਗਰ,
ਕਿੱਦਾਂ ਰਹੋਗੇ ਜਿਉਂਦੇ, ਸਭ ਕੁੱਝ ਨੀਲਾਮ ਕਰਕੇ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TA✂ FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਨਵੀਂ ਦੁਨੀਆ

## ਸੰਪਾਦਕੀ

# ਗਲੋਬਲ ਹੁੰਦਾ ਭ੍ਰਿਸ਼ਟਾਚਾਰ

ਬੜੀ ਤੇਜ਼ੀ ਨਾਲ ਬਦਲਦੀ ਹੋਈ ਦੁਨੀਆ ਵਿਚ ਹਰ ਚੀਜ਼ ਗਲੋਬਲ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਸੰਸਾਰ ਹੁਣ ਇਕ ਪਿੰਡ ਬਣ ਗਿਆ ਹੈ। ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿਚ ਇਹ ਭਰਮ ਹੋ ਵੀ ਜਾਂਦਾ ਹੈ ਕਿ ਖ਼ਬਰੇ ਅਸੀਂ ਵਿਸ਼ਵ ਨਾਗਰਿਕ ਹੋ ਗਏ ਹਾਂ ਪਰ ਇਹ ਸਿਰੇ ਦਾ ਧੋਖਾ ਹੈ। ਵਿਸ਼ਵ ਨੇ ਇਕ ਪਿੰਡ ਤਾਂ ਕੀ ਬਣਨਾ, ਸਗੋਂ ਪਿੰਡ ਤਾਂ ਉਜੜ ਰਹੇ ਹਨ। ਸੰਸਾਰ ਦੇ ਹਰ ਆਮ ਬੰਦੇ ਦੀ ਪੀੜ ਇਕੋ ਜਿਹੀ ਹੀ ਹੈ ਤੇ ਗਲੋਬਲ ਸ਼ਕਤੀਆਂ ਇਸ ਪੀੜ ਦਾ ਵੀ ਸੋਸ਼ਣ ਕਰ ਰਹੀਆਂ ਹਨ; ਇਸ ਨੂੰ ਵੱਖ-ਵੱਖ ਫ਼ਿਰਕਿਆਂ, ਜ਼ਾਤਾਂ ਅਤੇ ਮਜ਼ਹਬਾਂ ਵਿਚ ਵੰਡ ਕੇ। ਪਰ ਸਵਾਲ ਇਹ ਹੈ ਕਿ ਜੇ ਵਿਸ਼ਵ ਇਕ ਪਿੰਡ ਨਹੀਂ ਬਣਿਆ, ਜੇ ਮਨੁੱਖੀ ਪੀੜ ਦੀ ਜ਼ੁਬਾਨ ਹਾਲੇ ਗਲੋਬਲ ਨਹੀਂ, ਜੇ ਸੰਸਾਰ ਦਾ ਆਮ ਬੰਦਾ ਵਿਸ਼ਵ ਤਾਂ ਕੀ ਹਾਲੇ ਆਪੋ ਆਪਣੇ ਮੁਲਕ ਦਾ ਵੀ ਸਤਿਕਾਰਤ ਨਾਗਰਿਕ ਨਹੀਂ ਤਾਂ ਫੇਰ ਗਲੋਬਲ ਹੋਇਆ ਕੀ ਹੈ? ਹਾਂ, ਕੁਝ ਨਾ ਕੁਝ ਤਾਂ ਗਲੋਬਲ ਜ਼ਰੂਰ ਹੋਇਆ ਹੈ।

ਸੱਚ ਇਹ ਹੈ ਕਿ ਸੰਸਾਰ ’ਤੇ ਏਕਾਧਿਕਾਰ ਜਮਾਉਣ ਵਾਲੀਆਂ ਬਹੁਕੌਮੀ ਕੰਪਨੀਆਂ ਦੀਆਂ ਸੰਸਾਰੀਕਰਨ ਦੀਆਂ ਨੀਤੀਆਂ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਨ ਦਾ ਸਿਲਸਿਲਾ ਤੇਜ਼ ਕੀਤਾ ਹੋਇਆ ਹੈ। ਇਸੇ ਸਿਲਸਿਲੇ ਵਿਚ ਇਹ ਗਲੋਬਲ ਸ਼ਕਤੀਆਂ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਆਪਣੀਆਂ ਕਠਪੁਤਲੀਆਂ ਬਣਾ ਕੇ ਰੱਖਦੀਆਂ ਹਨ। ਇਨ੍ਹਾਂ ਸਰਕਾਰਾਂ ਰਾਹੀਂ ਹੀ ਇਹ ਮਨੁੱਖ ਦੀ ਅਸੀਮ ਲੁੱਟ ਕਰਦੀਆਂ ਹਨ। ਜੇ ਮਨੁੱਖ ਦੀ ਆਰਥਕ, ਸਮਾਜਕ ਅਤੇ ਮਾਨਸਿਕ ਲੁੱਟ ਕਰਨੀ ਹੈ ਤਾਂ ਫੇਰ ਰਾਜਨੀਤਕ ਭ੍ਰਿਸ਼ਟਾਚਾਰ ਬੜਾ ਜ਼ਰੂਰੀ ਹੈ। ਇਸ ਰਾਜਨੀਤਕ ਭ੍ਰਿਸ਼ਟਾਚਾਰ ਕਾਰਨ ਹੀ ਅੱਜ ਦੁਨੀਆ ਦੇ ਲਗਭਗ ਹਰ ਮੁਲਕ ਦੀਆਂ ਸਰਕਾਰਾਂ ਵਿਚ ਬੈਠੇ ਲੋਕਾਂ ਦੇ ਭ੍ਰਿਸ਼ਟ ਕਾਰਨਾਮੇ ਅਕਸਰ ਚਰਚਾ ਵਿਚ ਆ ਜਾਂਦੇ ਹਨ। ਫੇਰ ਉਹ ਭਾਵੇਂ ਭਾਰਤ ਦੀ ਦੁਨੀਆ ਦੇ ਸਭ ਤੋਂ ਇਮਾਨਦਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਹੋਵੇ ਤੇ ਚਾਹੇ ਕਨੇਡਾ ਦੀ ਸਟੀਫਨ ਹਾਰਪਰ ਸਰਕਾਰ।

ਕਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਦਫ਼ਤਰ ਵੀ ਅੱਜ ਕੱਲ੍ਹ ਕੁਝ ਅਜਿਹੀ ਹੀ ਚਰਚਾ ਕਾਰਨ ਬਦਨਾਮੀ ਖੱਟ ਰਿਹਾ ਹੈ। ਹੋਇਆ ਇਹ ਹੈ ਕਿ ਸਟੀਫਨ ਹਾਰਪਰ ਦੇ ਚੀਫ਼ ਆਫ਼ ਸਟਾਫ ਨਾਈਜ਼ਲ ਰਾਈਟ ਨੇ ਵਿਵਾਦਗ੍ਰਸਤ ਸੈਨੇਟਰ ਮਾਈਕ ਡਫੀ ਨੂੰ ਆਰਥਕ ਮੱਦਦ ਕਰਨ ਦੇ ਨਾਂਅ ’ਤੇ 90 ਹਜ਼ਾਰ ਡਾਲਰ ਦਾ ਚੈੱਕ ਦਿੱਤਾ ਪਰ ਪ੍ਰਧਾਨ ਮੰਤਰੀ ਨੂੰ ਪਤਾ ਤਕ ਨਹੀਂ। ਮੀਡੀਆ ਵਿਚ ਜਦੋਂ ਇਹ ਗੱਲ ਆਈ ਕਿ ਸੈਨੇਟਰ ਡਫੀ ਜਦੋਂ ਸੈਨੇਟ ਦੇ ਕੰਮ ਲਈ ਓਟਾਵਾ ਨਹੀਂ ਸਨ ਹੁੰਦੇ, ਸਗੋਂ ਛੁੱਟੀਆਂ ਮਨਾਉਣ ਜਾਂਦੇ ਸਨ, ਉਦੋਂ ਵੀ ਉਹ ਆਪਣੇ ਖਰਚਿਆਂ ਦਾ ਦਾਅਵਾ ਪੇਸ਼ ਕਰ ਦਿੰਦੇ ਸਨ, ਤਾਂ ਵੀ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਗੰਭੀਰਤਾ ਤੋਂ ਮੂੰਹ ਮੋੜੀ ਰੱਖਿਆ ਤੇ ਪੰਜ ਦਿਨ ਤਕ ਚੀਫ਼ ਆਫ਼ ਸਟਾਫ ਆਪਣੇ ਅਹੁਦੇ ’ਤੇ ਬਣੇ ਰਹੇ। ਬਾਅਦ ਵਿਚ ਪ੍ਰਧਾਨ ਮੰਤਰੀ ਨੂੰ ਜਦੋਂ ਵਿਰੋਧੀ ਧਿਰ ਨੇ ਘੇਰਿਆ ਤਾਂ ਉਨ੍ਹਾਂ ਨੂੰ ਇਹ ਮੰਨਣਾ ਪਿਆ ਕਿ ਆਪਣੇ ਚੀਫ਼ ਆਫ਼ ਸਟਾਫ ਨਾਈਜਲ ਰਾਈਟ ਦਾ ਅਸਤੀਫ਼ਾ ਪਹਿਲਾਂ ਹੀ ਮਨਜ਼ੂਰ ਕਰ ਲੈਣਾ ਚਾਹੀਦਾ ਸੀ। ਹੁਣ ਭਾਵੇਂ ਅੰਦਰੂਨੀ ਵਿੱਤੀ ਮਾਮਲਿਆਂ ਸਬੰਧੀ ਸੈਨੇਟ ਕਮੇਟੀ ਨੇ ਸੈਨੇਟਰ ਮਾਈਕ ਡਫੀ ਦੇ ਖਰਚਿਆਂ ਬਾਰੇ ਦਾਅਵਿਆਂ ਦਾ ਮਾਮਲਾ ਆਰ.ਸੀ.ਐਮ.ਪੀ. ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ ਹੈ ਪਰ ਇਸ ਮਾਮਲੇ ਕਨੇਡਾ ਦੀ ਸਰਕਾਰ ਦੇ ਨੱਕ ਹੇਠ ਹੁੰਦੇ ਭ੍ਰਿਸ਼ਟਾਚਾਰ ਨੂੰ ਜ਼ਰੂਰ ਨੰਗਾ ਕਰ ਦਿੱਤਾ ਹੈ ਅਤੇ ਸਰਕਾਰ ਹਰ ਪਾਸਿਓਂ ਘਿਰ ਗਈ ਹੈ। ਇਹ ਤਾਂ ਉਹ ਮਾਮਲਾ ਹੈ ਜਿਹੜਾ ਸਾਹਮਣੇ ਆ ਗਿਆ, ਅਜਿਹਾ ਬਹੁਤ ਕੁਝ ਹਰ ਥਾਂ ਹੀ ਹੁੰਦਾ ਰਹਿੰਦਾ ਹੈ, ਜਿਹੜਾ ਕਈ ਵਾਰ ਢਕਿਆ ਵੀ ਰਹਿ ਜਾਂਦਾ ਹੈ। ਭ੍ਰਿਸ਼ਟਾਚਾਰ ਦੇ ਗਲੋਬਲ ਹੋਣ ਦੀ ਇਹ ਇਕੱਲੀ ਮਿਸਾਲ ਨਹੀਂ ਹੈ, ਦੁਨੀਆ ਦੇ ਹਰ ਮੁਲਕ ਦੀਆਂ ਸਰਕਾਰਾਂ ਵਿਚ ਅਜਿਹੇ ਵਰਤਾਰੇ ਹੁਣ ਆਮ ਹੁੰਦੇ ਜਾ ਰਹੇ ਹਨ।

ਭਾਰਤ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਚੈਂਪੀਅਨ ਹੈ। ਪਿਛਲੇ ਸਾਢੇ ਤਿੰਨ ਸਾਲਾਂ ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤਹਿਸ-ਨਹਿਸ ਕਰ ਦਿੱਤੇ ਹਨ। ਤਾਜ਼ਾ ਮਾਮਲਾ ਰੇਲਵੇ ਵਿਚ ਭ੍ਰਿਸ਼ਟਾਚਾਰ ਦਾ ਹੈ, ਜਿਥੇ ਪਵਨ ਕੁਮਾਰ ਬਾਂਸਲ ਦਾ ਭਾਣਜਾ ਰੇਲਵੇ ਵਿਚ ਪ੍ਰਮੋਸ਼ਨ ਦੇ ਨਾਂਅ ’ਤੇ 90 ਲੱਖ ਰੁਪਏ ਦੀ ਰਿਸ਼ਵਤ ਲੈਂਦਾ ਫੜਿਆ ਗਿਆ ਤੇ ਪਵਨ ਕੁਮਾਰ ਬਾਂਸਲ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣੀ ਕੁਰਸੀ ਛੱਡ ਕੇ ਦਿੱਲੀ ਤੋਂ ਚੰਡੀਗੜ੍ਹ ਵਾਪਸ ਆਉਣਾ ਪਿਆ ਹੈ। ਭਾਰਤ ਦੇ ਤਾਂ ਵੱਖ-ਵੱਖ ਸੂਬਿਆਂ ਵਿਚ ਵੀ ਭ੍ਰਿਸ਼ਟਾਚਾਰ ਦੇ ਨਵੇਂ-ਨਵੇਂ ਰਿਕਾਰਡ ਬਣ ਰਹੇ ਹਨ। ਫੇਰ ਪੰਜਾਬ ਵੀ ਕਿਉਂ ਪਿੱਛੇ ਰਹੇ। ਅੱਜ ਕੱਲ੍ਹ ਪੰਜਾਬ ਦਾ ਸਿੱਖਿਆ ਮਹਿਕਮਾ ਕਿਤਾਬ ਘੁਟਾਲੇ ਕਾਰਨ ਖਾਸੀ ਚਰਚਾ ਵਿਚ ਹੈ। ਲਗਭਗ ਸਾਢੇ 9 ਕਰੋੜ ਦੇ ਇਸ ਘੁਟਾਲੇ ਦੀ ਜ਼ਿੰਮੇਵਾਰੀ ਲੈਣ ਤੋਂ ਹਰ ਕੋਈ ਭੱਜ ਰਿਹਾ ਹੈ। ਸਿਕੰਦਰ ਸਿੰਘ ਮਲੂਕਾ ਨੇ ਸਿੱਖਿਆ ਮੰਤਰੀ ਦੀ ਕੁਰਸੀ ’ਤੇ ਬੈਠਦਿਆਂ ਹੀ ਆਪਣੀ ਨੂੰਹ ਨੂੰ ਆਪਣੇ ਹੀ ਮਹਿਕਮੇ ਵਿਚ ਉਸ ਪ੍ਰੋਜੈਕਟ ਦਾ ਹੈੱਡ ਬਣਾ ਦਿੱਤਾ, ਜਿਸ ਵਿਚ ਇਹ ਘਪਲਾ ਹੋਇਆ ਹੈ। ਤੇ ਹੱਦ ਇਹ ਹੈ ਕਿ ਸਿਕੰਦਰ ਸਿੰਘ ਮਲੂਕਾ ਆਪਣੀ ਕੁਰਸੀ ਛੱਡਣ ਨੂੰ ਤਿਆਰ ਹੀ ਨਹੀਂ ਤੇ ਪੰਜਾਬ ਦੇ ਮੁੱਖ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਲਗਭਗ ਚੁੱਪ ਰਹਿ ਕੇ ਸਿਕੰਦਰ ਸਿੰਘ ਮਲੂਕਾ ਨੂੰ ਬਚਾਈ ਤੁਰੀ ਜਾਂਦੇ ਹਨ।

ਇਹ ਸਿਆਸੀ ਭ੍ਰਿਸ਼ਟਾਚਾਰ ਦੀਆਂ ਕੁਝ ਅਜਿਹੀਆਂ ਝਲਕੀਆਂ ਮਾਤਰ ਹਨ, ਜਿਨ੍ਹਾਂ ਤੋਂ ਪਤਾ ਲਗ ਜਾਂਦਾ ਹੈ ਕਿ ਹੋਰ ਕੁਝ ਗਲੋਬਲ ਹੋਇਆ ਹੋਵੇ ਜਾਂ ਨਾ ਪਰ ਭ੍ਰਿਸ਼ਟਾਚਾਰ ਤੇ ਆਮ ਬੰਦੇ ਦੀ ਲੁੱਟ ਜ਼ਰੂਰ ਗਲੋਬਲ ਹੋ ਗਈ ਹੈ ਤੇ ਇਹਦਾ ਮੁਕਾਬਲਾ ਵੀ ਹੁਣ ਦੁਨੀਆ ਭਰ ਦੇ ਕਿਰਤੀਆਂ ਦੇ ਇਕ ਹੋਣ ਨਾਲ ਹੀ ਹੋ ਸਕਦਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖੀ ਜਜ਼ਬਿਆਂ ਦੀ ਤਾਕਤ ਜਿਸ ਦਿਨ ਗਲੋਬਲ ਹੋ ਗਈ, ਉਸ ਦਿਨ ਗਲੋਬਲਾਈਜੇਸ਼ਨ ਦੇ ਅਖੌਤੀ ਦਾੜੀਆਂ ਨੂੰ ਦੌੜਨ ਲਈ ਰਾਹ ਨਹੀਂ ਲੱਭਣਾ।

# ਭਾਰਤੀ ਸੰਸਦ ਤੇ ਕਾਰਜਪਾਲਕਾ ਦੀ ਨਾ-ਅਹਿਲੀਅਤ



ਸੀਤਾਰਾਮ ਯੇਚੁਰੀ
ਮੈਂਬਰ, ਪੌਲਿਟ ਬਿਊਰੋ
ਸੀ.ਪੀ.ਆਈ. (ਐਮ.)

ਲਗਾਤਾਰ ਦਬਾਅ ਦੇ ਬਾਵਜੂਦ ਸਰਕਾਰ ਨੇ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਅਤੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਤੋਂ ਭਾਵੇਂ ਅਸਤੀਫ਼ਾ ਲੈ ਲਿਆ ਹੈ ਪਰ ਇਸ ਨਾਲ ਯੂ.ਪੀ.ਏ. ਨੂੰ ਪਾਰਦਰਸ਼ੀ ਅਤੇ ਇਮਾਨਦਾਰ ਹੋਣ ਦਾ ਪ੍ਰਮਾਣ ਪੱਤਰ ਨਹੀਂ ਮਿਲਦਾ। ਹਾਈ ਕੋਰਟ ਨੇ ਕੋਲਾ ਖਾਨਾਂ ਦੀ ਵੰਡ ਦੇ ਘੁਟਾਲੇ ਦੀ ਸੀ.ਬੀ.ਆਈ. ਜਾਂਚ ਵਿਚ ਸਰਕਾਰ ਦੀ ਦਖ਼ਲਅੰਦਾਜ਼ੀ ’ਤੇ ਦੁਬਾਰਾ ਜਿਵੇਂ ਦੀ ਸਖ਼ਤ ਨਾਰਾਜ਼ਗੀ ਪ੍ਰਗਟਾਈ ਸੀ, ਉਸ ਤੋਂ ਬਾਅਦ ਕਾਨੂੰਨ ਮੰਤਰੀ ਨੂੰ ਅਹੁਦੇ ’ਤੇ ਨਹੀਂ ਬਣੇ ਰਹਿਣਾ ਚਾਹੀਦਾ ਸੀ। ਹਾਈ ਕੋਰਟ ਨੂੰ ਇਹ ਟਿੱਪਣੀ ਕਰਨੀ ਪਈ ਕਿ ਸਰਕਾਰ ਕੇਂਦਰੀ ਜਾਂਚ ਬਿਊਰੋ ਨੂੰ ਨਿਰਪੱਖ ਬਣਾਏ ਅਤੇ ਇਹ ਯਕੀਨੀ ਕਰੇ ਕਿ ਉਹ ਸਾਰੇ ਬਾਹਰੀ ਦਬਾਅ ਤੋਂ ਮੁਕਤ ਰਹਿ ਕੇ ਕੰਮ ਕਰੇ। ਉਸ ਦਾ ਇਹ ਵੀ ਕਹਿਣਾ ਸੀ ਕਿ ਸੀ.ਬੀ.ਆਈ. ਪਿੰਜਰੇ ਵਿਚ ਬੰਦ ਹੋਏ ਤੋਤੇ ਦੀ ਤਰ੍ਹਾਂ ਹੈ, ਜੋ ਆਪਣੇ ਆਕਾ ਦੀ ਬੋਲੀ ਬੋਲਦਾ ਹੈ।

ਜਿਨ੍ਹਾਂ ਨੇ ਅਸਤੀਫ਼ੇ ਦਿੱਤੇ ਹਨ ਜਾਂ ਦਬਾਅ ਵਿਚ ਜਿਨ੍ਹਾਂ ਨੂੰ ਅਹੁਦਾ ਛੱਡਣਾ ਪਿਆ ਹੈ, ਕੇਵਲ ਉਹੀ ਦੋਸ਼ੀ ਨਹੀਂ। ਅਟਾਰਨੀ ਜਨਰਲ ਦਾ ਹੀ ਮਾਮਲਾ ਲੈ ਲਵੋ, ਜਿਨ੍ਹਾਂ ਨੇ ਪਹਿਲਾਂ ਅਦਾਲਤ ਦੇ ਸਾਹਮਣੇ ਇਹ ਕਿਹਾ ਸੀ ਕਿ ਸਰਕਾਰ ਨੇ ਸੀ.ਬੀ.ਆਈ. ਦੀ ਰਿਪੋਰਟ ਵਿਚ ਕੋਈ ਦਖ਼ਲ ਨਹੀਂ ਦਿੱਤਾ, ਬਾਅਦ ਵਿਚ ਆਪਣਾ ਬਚਾਅ ਕਰਦੇ ਹੋਏ ਕਿਹਾ ਸੀ.ਬੀ.ਆਈ. ਅਧਿਕਾਰੀਆਂ ਨਾਲ ਉਨ੍ਹਾਂ ਦੀ ਮੀਟਿੰਗ ਕਾਨੂੰਨ ਮੰਤਰੀ ਦੇ ਸੁਝਾਅ ’ਤੇ ਹੋਈ ਸੀ।

ਦਰਅਸਲ ਹਾਈ ਕੋਰਟ ਦੀਆਂ ਅਜਿਹੀਆਂ ਟਿੱਪਣੀਆਂ ਦਾ ਅਨੁਮਾਨ ਲਾ ਕੇ ਸਰਕਾਰ ਨੇ ਸੰਸਦ ਦਾ ਬਜਟ ਸੈਸ਼ਨ ਸਮੇਂ ਤੋਂ ਪਹਿਲਾਂ ਖ਼ਤਮ ਕਰਵਾ ਦੇਣ ਦਾ ਫ਼ੈਸਲਾ ਕੀਤਾ ਅਤੇ ਅੱਠ ਮਈ ਨੂੰ ਹੀ ਸੰਸਦ ਮੁਲਤਵੀ ਕਰਵਾ ਦਿੱਤੀ। ਇਸ ਤਰ੍ਹਾਂ ਬਜਟ ਸੈਸ਼ਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਬਰਬਾਦ ਹੋ ਗਈ। ਮਿੱਥੇ ਪ੍ਰੋਗਰਾਮ ਅਨੁਸਾਰ ਸੰਸਦ ਗਿਆਰ੍ਹਾਂ ਦਿਨ ਚੱਲਣੀ ਸੀ ਪਰ ਲੋਕ ਸਭਾ ਸਿਰਫ਼ ਇਕ ਹੀ ਦਿਨ ਚੱਲ ਸਕੀ। ਰਾਜ ਸਭਾ ਵਿਚ 22 ਅਪ੍ਰੈਲ ਨੂੰ, ਦਿੱਲੀ ਵਿਚ ਇਕ ਬੱਚੀ ਨਾਲ ਬਲਾਤਕਾਰ ਅਤੇ ਕੁੱਲ ਮਿਲਾ ਕੇ ਔਰਤਾਂ ਵਿਰੁੱਧ ਵਧਦੀ ਯੋਨ ਹਿੰਸਾ ਦੇ ਗੰਭੀਰ ਮੁੱਦੇ ’ਤੇ ਬਹਿਸ ਸ਼ੁਰੂ ਤਾਂ ਹੋਈ, ਪਰ ਇਹ ਬਹਿਸ ਪੂਰੀ ਵੀ ਨਹੀਂ ਹੋ ਸਕੀ। ਗਿਆਰ੍ਹਾਂ ਵਿਚੋਂ 10 ਦਿਨ ਰਾਜ ਸਭਾ ਵਿਚ ਵੀ ਕੰਮ ਨਹੀਂ ਹੋਇਆ।



ਇਹ ਸਥਿਤੀ ਇਸ ਲਈ ਪੈਦਾ ਹੋਈ ਕਿ ਯੂ.ਪੀ.ਏ. ਦੀ ਇਸ ਦੂਜੀ ਸਰਕਾਰ ਨੇ ਤੈਅ ਹੀ ਕਰ ਰੱਖਿਆ ਹੈ ਕਿ ਚਾਹੇ ਕਿਸੇ ਵੀ ਤਰ੍ਹਾਂ ਦੇ ਘੁਟਾਲੇ ਸਾਹਮਣੇ ਆਉਣ, ਵਿਰੋਧੀ ਧਿਰਾਂ ਜਾਂ ਜਨ ਭਾਵਨਾ ਦੇ ਸਾਹਮਣੇ ਝੁਕਿਆ ਨਹੀਂ ਜਾਵੇਗਾ। ਬਜਟ ਸੈਸ਼ਨ ਦੀ ਸ਼ੁਰੂਆਤ ਹੀ ਹੋਈ ਸੀ ਕਿ ਸੂਰਿਆਨੇਲੀ ਸਮੂਹਕ ਬਲਾਤਕਾਰ ਵਿਚ ਭੂਮਿਕਾ ਨੂੰ ਲੈ ਕੇ ਰਾਜ ਸਭਾ ਦੇ ਡਿਪਟੀ ਚੇਅਰਮੈਨ ’ਤੇ ਲੱਗੇ ਦੋਸ਼ਾਂ ਦੇ ਮਾਮਲੇ ਵਿਚ ਬੇਸ਼ਰਮੀ ਨਾਲ ਉਨ੍ਹਾਂ ਦਾ ਬਚਾਅ ਕੀਤਾ। ਸਰਕਾਰ ਦੀ ਇਸ ਤਰ੍ਹਾਂ ਦੀ ਬੇਸ਼ਰਮੀ 2-ਜੀ ਸਪੈਕਟ੍ਰਮ ਘੁਟਾਲੇ ਦੇ ਮਾਮਲੇ ਵਿਚ ਸਾਂਝੀ ਸੰਸਦ ਕਮੇਟੀ ਦੇ ਕੰਮ ਵਿਚ ਕਮੇਟੀ ਦੇ ਪ੍ਰਧਾਨ ਰਾਹੀਂ ਜਾਰੀ ਰਹੀ। ਇਕਤਰਫ਼ਾ ਤਰੀਕੇ ਨਾਲ ਉਨ੍ਹਾਂ ਨੇ ਅਜਿਹੀ ਰਿਪੋਰਟ ਤਿਆਰ ਕਰ ਦਿੱਤੀ, ਜੋ ਇਸ ਘੁਟਾਲੇ ਦੀ ਪੂਰੀ ਤਰ੍ਹਾਂ ਲੀਪਾ-ਪੋਚੀ ਕਰਦੀ ਹੈ। ਐਨਾ ਹੀ ਨਹੀਂ ਇਹ ਰਿਪੋਰਟ ਸਾਂਝੀ ਕਮੇਟੀ ਦੇ ਮੈਂਬਰਾਂ ਦੇ ਹੱਥਾਂ ਵਿਚ ਆਉਣ ਤੋਂ ਪਹਿਲਾਂ ਹੀ ਮੀਡੀਆ ਵਿਚ ਆ ਚੁੱਕੀ ਸੀ। ਅੰਤ ਲੋਕ ਸਭਾ ਸਪੀਕਰ ਨੂੰ ਸਾਂਝੀ ਕਮੇਟੀ ਦਾ ਕਾਰਜਕਾਲ ਵਧਾਉਣਾ ਪਿਆ ਤਾਂ ਕਿ ਉਹ ਮੌਨਸੂਨ ਸੈਸ਼ਨ ਦੇ ਅੰਤ ਤਕ ਆਪਣੀ ਰਿਪੋਰਟ ਦੇ ਸਕੇ।

ਇਸੇ ਦੌਰਾਨ ਭ੍ਰਿਸ਼ਟਾਚਾਰ ਦੇ ਜੋ-ਜੋ ਮਾਮਲੇ ਸਾਹਮਣੇ ਆਏ, ਚਾਹੇ ਉਹ ਕੋਲਾ ਬਲਾਕਾਂ ਦੀ ਵੰਡ ਦਾ ਮਾਮਲਾ ਹੋਵੇ ਜਾਂ ਫਿਰ ਰੇਲਵੇ ਵਿਚ ਉੱਚ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦਾ, ਸਰਕਾਰ ਨੇ ਸ਼ੁਰੂਆਤ ਵਿਚ ਹੀ ਭ੍ਰਿਸ਼ਟ ਮੰਤਰੀਆਂ ਦਾ ਬਚਾਅ ਕਰਨ ਵਿਚ ਆਪਣੀ ਸਾਰੀ ਸ਼ਕਤੀ ਲਾ ਦਿੱਤੀ। ਰੇਲ ਮੰਤਰੀ ਪਵਨ ਬਾਂਸਲ ਦਾ ਅਸਤੀਫ਼ਾ ਵੀ ਆਖ਼ਰਕਾਰ ਇਸ ਵਜ੍ਹਾ ਨਾਲ ਹੋਇਆ ਕਿ ਘੁਟਾਲੇ ਵਿਚ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਿਲੀਭੁਗਤ ਦੇ ਸਬੂਤਾਂ ਦਾ ਲਗਾਤਾਰ ਸਾਹਮਣੇ ਆਉਣਾ ਅਤੇ ਵਿਰੋਧੀ ਧਿਰ ਤੇ ਮੀਡੀਆ ਦੀ ਸਰਗਰਮੀ ਤੋਂ ਬਾਅਦ ਸਰਕਾਰ ਕੋਲ ਉਨ੍ਹਾਂ ਦਾ ਅਸਤੀਫ਼ਾ ਲੈਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

ਇਹ ਦਿਲਚਸਪ ਤੱਥ ਹੈ ਕਿ ਰੇਲ ਮੰਤਰੀ ਦੇ ਭਾਣਜੇ ਦੇ ਰੇਲਵੇ ਵਿਚ ਬਦਲੀਆਂ ਬਦਲੇ ਰਿਸ਼ਵਤ ਲੈਣ ਦੀਆਂ ਖ਼ਬਰਾਂ ਆਉਣ ਤੋਂ ਬਾਅਦ ਰੇਲਵੇ ਆਫ਼ਿਸਰਸ ਐਸੋਸੀਏਸ਼ਨ ਸੰਘ ਨੇ ਕੈਬਨਿਟ ਸਕੱਤਰ ਨੂੰ ਪੱਤਰ ਲਿਖ ਕੇ, ਜਿਸ ਦੀ ਇਕ ਕਾਪੀ ਪ੍ਰਧਾਨ ਮੰਤਰੀ ਦੇ ਪ੍ਰਧਾਨ ਸਕੱਤਰ ਨੂੰ ਭੇਜੀ ਗਈ ਹੈ, ਵਿਸਥਾਰ ਨਾਲ ਦੱਸਿਆ ਹੈ ਕਿ ਕਿਸ ਤਰ੍ਹਾਂ ਰੇਲਵੇ ਵਿਚ ਵੱਡੇ ਪੱਧਰ ’ਤੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਵਿਚ ਰੱਤੀ ਭਰ ਵੀ ਪਾਰਦਰਸ਼ਤਾ ਨਹੀਂ ਹੈ ਅਤੇ ਪੂਰੀ ਤਰ੍ਹਾਂ ਨਾਲ ਜੋੜ-ਜੁਗਾੜ ਦਾ ਬੋਲਬਾਲਾ ਹੈ। ਸੰਘ ਨੇ ਵੱਡੇ ਪੱਧਰ ’ਤੇ ਦਖ਼ਲ ਦੀ ਮੰਗ ਕੀਤੀ ਹੈ, ਤਾਂ ਕਿ ਰੇਲਵੇ ਤੰਤਰ ਨੂੰ ਦਰੁਸਤ ਕਰ ਕੇ ਉਸ ਦਾ ਮਾਣ ਸਨਮਾਨ ਵਾਪਸ ਲਿਆਂਦਾ ਜਾ ਸਕੇ।

ਰੇਲ ਅਤੇ ਕਾਨੂੰਨ ਮੰਤਰੀਆਂ ਦੇ ਅਸਤੀਫ਼ੇ ਨਾਲ ਇਹ ਸਚਾਈ ਲੁਕ ਨਹੀਂ ਸਕਦੀ ਕਿ ਕਿਸ ਤਰ੍ਹਾਂ ਸਾਡੀ ਸਮੁੱਚੀ ਸੰਵਿਧਾਨਕ ਵਿਵਸਥਾ ਨੂੰ ਹੀ ਤੋੜਿਆ-ਮਰੋੜਿਆ ਜਾ ਰਿਹਾ ਹੈ। ਉਸ ਨੂੰ ਕਾਰਜ ਪਾਲਿਕਾ, ਵਿਧਾਇਕਾ ਅਤੇ ਨਿਆਂ ਪਾਲਿਕਾ ਦੇ ਵਿਚਕਾਰ ਸ਼ਕਤੀਆਂ ਦੀ ਵੰਡ ਅਤੇ ਉਨ੍ਹਾਂ ਵਿਚਕਾਰ ਨਾਜ਼ੁਕ ਸੰਤੁਲਨ ਦੇ ਪਹਿਲੂ ਤੋਂ ਵੀ ਵਾਂਝਾ ਕੀਤਾ ਜਾ ਰਿਹਾ ਹੈ ਅਤੇ ਸਾਡੇ ਸੰਵਿਧਾਨ ਦੀ ਕੇਂਦਰੀਅਤਾ ਦੇ ਪਹਿਲੂ ਤੋਂ ਵੀ, ਜਿਸ ਤਹਿਤ ਸਭ ਤੋਂ ਵੱਡੀ ਪ੍ਰਭੂਸੱਤਾ ਜਨਤਾ ਵਿਚ ਹੀ ਹੈ। ‘ਅਸੀਂ ਭਾਰਤ ਦੇ ਲੋਕ’ ਆਪਣੀ ਇਸ ਪ੍ਰਭੂਸੱਤਾ ਦਾ ਪ੍ਰਦਰਸ਼ਨ ਆਪਣੇ ਚੁਣੇ ਗਏ ਉਮੀਦਵਾਰਾਂ ਰਾਹੀਂ ਕਰਦੇ ਹਾਂ ਅਤੇ ਇਹ ਚੁਣੇ ਗਏ ਉਮੀਦਵਾਰ ਖੁਦ ਜਨਤਾ ਪ੍ਰਤੀ ਜਵਾਬਦੇਹ ਹਨ ਅਤੇ ਕਾਰਜ ਪਾਲਿਕਾ ਇਨ੍ਹਾਂ ਪ੍ਰਤੀ ਜਵਾਬਦੇਹ ਹੈ। ਜਵਾਬਦੇਹੀ ਦੀ ਇਸ ਲੜੀ ਨੂੰ ਹੁਣ ਬਹੁਤ ਬੁਰੀ ਤਰ੍ਹਾਂ ਸੱਟ ਮਾਰੀ ਜਾ ਰਹੀ ਹੈ। ਜਦੋਂ ਸੰਸਦ ਦਾ ਕੰਮ ਠੱਪ ਹੋ ਜਾਂਦਾ ਹੈ, ਉਦੋਂ ਉਹ ਕਾਰਜ ਪਾਲਿਕਾ ਨੂੰ ਜਵਾਬਦੇਹ ਬਣਾਉਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਵਿਚ ਵੀ ਅਸਫ਼ਲ ਹੋ ਜਾਂਦੀ ਹੈ। ਇਹ ਜਨਤਾ ਪ੍ਰਤੀ ਸੰਸਦ ਦੀ ਜਵਾਬਦੇਹੀ ਨੂੰ ਪ੍ਰਭਾਵਤ ਕਰਦਾ ਹੈ ਅਤੇ ਇਸ ਤਰ੍ਹਾਂ ਸਾਡੇ ਸੰਵਿਧਾਨ ਦੀ ਬੁਨਿਆਦ ’ਤੇ ਵੀ ਸੱਟ ਮਾਰਦਾ ਹੈ।

ਮੌਜੂਦਾ ਸੰਸਦੀ ਕਾਰਵਾਈ ਤੋਂ ਇਹ ਬੁਨਿਆਦੀ ਸਵਾਲ ਉਠਦਾ ਹੈ ਕਿ ਕਿਸ ਤਰ੍ਹਾਂ ਸੱਤਾ ਦੇ ਜਿਹੜੇ ਅੰਗਾਂ ਨੂੰ ਸੰਵਿਧਾਨ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਖ਼ੁਦ ਹੀ ਉਸ ਨੂੰ ਅਸਫਲ ਕਰਨ ਵਿਚ ਲੱਗਾ ਹੋਇਆ ਹੈ। ਜਦੋਂ ਸੰਸਦ ਆਪਣਾ ਕੰਮ ਨਹੀਂ ਕਰਦੀ ਅਤੇ ਜਦੋਂ ਕਾਰਜ ਪਾਲਿਕਾ ਆਪਣੀ ਜ਼ਿੰਮੇਵਾਰੀ ’ਤੇ ਖਰੀ ਨਹੀਂ ਉਤਰਦੀ, ਅਜਿਹੀ ਸਥਿਤੀ ਵਿਚ ਨਿਆਂ ਪਾਲਿਕਾ ’ਤੇ ਸਰਗਰਮ ਹੋਣ ਦਾ ਦੋਸ਼ ਲਾਉਣਾ ਬੇਕਾਰ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅੰਨ ਦੀ ਕਮੀ ਨਹੀਂ, ਨੀਅਤ ਵਿਚ ਖੋਟ



ਕਮਲ ਦੁਸਾਂਝ
+91-98141-82998

ਸੰਸਾਰ ਦੀਆਂ ਕੁੱਲ ਰਾਜ ਸ਼ਕਤੀਆਂ ਗ਼ਰੀਬੀ ਦੇ ਖ਼ਾਤਮੇ ਦੇ ਵੱਡੇ-ਵੱਡੇ ਦਾਅਵੇ ਕਰ ਰਹੀਆਂ ਹਨ। ਪਰ ਭੁੱਖਮਰੀ ਨਾਲ ਗ਼ਰੀਬ ਹੀ ਖ਼ਤਮ ਹੋ ਰਹੇ ਹਨ। ਕੀ ਇਵੇਂ ਗਰੀਬੀ ਖ਼ਤਮ ਹੋਵੇਗੀ? ਇਹਦਾ ਭਾਵ ਤਾਂ ਇਹੀ ਹੋਇਆ ਕਿ ਜਦੋਂ ਗ਼ਰੀਬ ਹੀ ਮਰ ਮੁੱਕ ਜਾਣਗੇ ਤਾਂ ਗ਼ਰੀਬੀ ਵੀ ਖ਼ਤਮ ਹੋ ਜਾਵੇਗੀ। ਸੰਸਾਰ ਬੈਂਕ ਨੇ ਤਾਂ 2030 ਤਕ ਗ਼ਰੀਬੀ ਖ਼ਤਮ ਕਰਨ ਦਾ ਦਾਅਵਾ ਕੀਤਾ ਹੈ। ਉਸ ਨੇ ਤਾਂ ਗ਼ਰੀਬੀ ਖ਼ਤਮ ਕਰਨ ਦੀ ਸੀਮਾ ਵੀ ਤੈਅ ਕਰ ਲਈ ਹੈ। ਉਸ ਨੂੰ ਭਰੋਸਾ ਹੈ ਕਿ ਦੁਨੀਆ ਭਰ ਦੇ ਹੁਕਮਰਾਨਾਂ ਦੇ ਸਹਿਯੋਗ ਨਾਲ ਇਹ ਟੀਚਾ ਹਾਸਲ ਕੀਤਾ ਜਾ ਸਕੇਗਾ। ਉਸ ਮੁਤਾਬਕ ਮਹਿਜ਼ 17 ਵਰ੍ਹੇ ਹੀ ਬਚੇ ਹਨ, ਬੱਸ ਫੇਰ ਗ਼ਰੀਬੀ ਖ਼ਤਮ। ਇਹਦੇ ਲਈ ਉਸ ਨੇ ਸੁਝਾਅ ਵੀ ਦਿੱਤਾ ਹੈ ਕਿ ਹਰੇਕ ਮੁਲਕ ’ਤੇ ਇਸ ਗੱਲ ਦੀ ਨਜ਼ਰ ਰੱਖੀ ਜਾਵੇ ਕਿ ਉਹ 40 ਫ਼ੀਸਦੀ ਗ਼ਰੀਬ ਲੋਕਾਂ ਦੀ ਆਮਦਨੀ ਵਿਚ ਬਦਲਾਅ ਲਿਆ ਰਹੇ ਹਨ ਜਾਂ ਨਹੀਂ। ਗ਼ਰੀਬੀ ਦੀ ਦਰ ’ਤੇ ਹਰ ਮੁਲਕ ਬਾਰੇ ਕੰਮ ਦੀ ਪ੍ਰਗਤੀ ਰਿਪੋਰਟ ਲਈ ਜਾਵੇਗੀ। ਸੰਸਾਰ ਬੈਂਕ ਦੇ ਚੇਅਰਮੈਨ ਜਿਮ ਯਾਂਗ ਕਿਮ ਨੇ ਪੂਰੀ ਦੁਨੀਆ ਨੂੰ ਇਹ ਸੰਦੇਸ਼ ਵੀ ਦਿੱਤਾ ਹੈ ਕਿ ਉਹ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਵੱਧ ਤੋਂ ਵੱਧ ਨਿਵੇਸ਼ ਕਰਨ। ਸਿਤਮ ਦੀ ਗੱਲ ਇਹ ਹੈ ਕਿ ਦੋਵੇਂ ਖੇਤਰਾਂ ਦੀ ਹਾਲਤ ਬੁਰੀ ਤਰ੍ਹਾਂ ਖਸਤਾ ਹੋ ਚੁੱਕੀ ਹੈ। ਲੋਕ ਜੇਕਰ ਸਿੱਖਿਅਤ ਹੋਣਗੇ ਤਾਂ ਰੁਜ਼ਗਾਰ ਮੰਗਣਗੇ ਤੇ ਸਿਆਸਤ ਦੇ ਭੇਤ ਵੀ ਸਮਝਣਗੇ। ਬਿਮਾਰ ਲੋਕਾਂ ਦਾ ਇਲਾਜ ਕਰਨ ਦੀ ਲੋੜ ਹੀ ਕੀ ਹੈ? ਆਪਣੇ ਆਪ ਆਬਾਦੀ ਕੰਟਰੋਲ ਵਿਚ ਰਹੇਗੀ। ਇਸ ਲਈ ਇਨ੍ਹਾਂ ਦੋਵੇਂ ਖੇਤਰਾਂ ਵਿਚ ਕਿਸੇ ਤਰ੍ਹਾਂ ਦੇ ਸੁਧਾਰ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

ਸੰਸਾਰ ਬੈਂਕ ਨੇ ਜੋ ਗ਼ਰੀਬੀ ਖ਼ਤਮ ਕਰਨ ਦਾ ਟੀਚਾ ਮਿਥਿਆ ਹੈ, ਉਹ ਦੇਖਣ-ਸੁਣਨ ਨੂੰ ਤਾਂ ਲਗਦਾ ਹੈ ਜਿਵੇਂ ਇਹ ਹਾਸਲ ਕਰ ਲਿਆ ਜਾਵੇਗਾ। ਬੇਸ਼ੱਕ ਜੇਕਰ ਇਰਾਦੇ ਹੋਣ ਤਾਂ ਕੁੱਝ ਵੀ ਹਾਸਲ ਕੀਤਾ ਜਾ ਸਕਦਾ ਹੈ ਪਰ ਇਮਾਨਦਾਰੀ ਬਿਨਾਂ ਕੁੱਝ ਵੀ ਸੰਭਵ ਨਹੀਂ ਹੈ। ਗ਼ਰੀਬ ਦੇ ਹੱਕਾਂ ’ਤੇ ਬੜੀ ਚਾਲਾਕੀ ਨਾਲ ਡਾਕਾ ਮਾਰਿਆ ਜਾ ਰਿਹਾ ਹੈ। ਪੂਰੀ ਦੁਨੀਆ ਦੇ ਹਾਲਾਤ ਇਹ ਬਣਾ ਦਿੱਤੇ ਗਏ ਹਨ ਕਿ ਲੋਕ ਲਗਾਤਾਰ ਗ਼ਰੀਬੀ ਰੇਖਾ ਵੱਲ ਵੱਧ ਰਹੇ ਹਨ। ਵੈਸੇ ਸੰਸਾਰ ਬੈਂਕ ਦੇ ਇਸ ਦਾਅਵੇ ’ਤੇ ਯਕੀਨ ਕਰਨ ਤੋਂ ਪਹਿਲਾਂ ਦੁਨੀਆ ਦੇ ਕੁੱਝ ਹਿੱਸਿਆਂ ਵੱਲ ਝਾਤੀ ਮਾਰ ਹੀ ਲੈਣੀ ਚਾਹੀਦੀ ਹੈ। ਸਭ ਤੋਂ ਪਹਿਲਾਂ ਤਾਂ ਸੋਮਾਲੀਆ ਦੀ ਹੀ ਗੱਲ ਕਰਦੇ ਹਾਂ, ਕਿਉਂਕਿ ਇਹ ਦੁਨੀਆ ਦਾ ਉਹ ਹਿੱਸਾ ਹੈ, ਜੋ ਪੂਰੀ ਤਰਾਂ ਅਣਗੌਲਿਆ ਗਿਆ ਹੈ। ਅਮਰੀਕੀ ਸਰਕਾਰ ਦੀ ਅਕਾਲ ਚਿਤਾਵਨੀ ਵਾਲੀ ਸੰਸਥਾ ਨੇ ਰਿਪੋਰਟ ਜਾਰੀ ਕੀਤੀ ਹੈ ਕਿ 2011 ਦੇ ਅੱਧ ਵਿਚ ਸੋਮਾਲੀਆ ਵਿਚ ਭਿਆਨਕ ਅਕਾਲ ਪਿਆ ਸੀ। ਇਸ ਅਕਾਲ ਨੇ ਕਰੀਬ 2 ਲੱਖ 60 ਹਜ਼ਾਰ ਜਾਨਾਂ ਲੈ ਲਈਆਂ। ਮਰਨ ਵਾਲਿਆਂ ਵਿਚ ਅੱਧੋਂ ਵੱਧ ਬੱਚੇ ਸਨ, ਜਿਨ੍ਹਾਂ ਦੀ ਉਮਰ ਪੰਜ ਸਾਲ ਜਾਂ ਇਸ ਤੋਂ ਵੀ ਘੱਟ ਸੀ। ਗ੍ਰਹਿ ਯੁੱਧ ਨਾਲ ਜੂਝ ਰਹੇ ਸੋਮਾਲੀਆ ਵਿਚ ਉਸ ਵਕਤ ਧਨ ਦੀ ਕਮੀ ਦੇ ਚਲਦਿਆਂ ਹਸਪਤਾਲ ਤੇ ਸਿਹਤ ਸਹੂਲਤਾਂ ਵੀ ਬੰਦ ਕਰ ਦਿੱਤੀਆਂ ਗਈਆਂ ਸਨ। ਮੱਦਦ ਦੇਣ ਵਾਲੀਆਂ ਸੰਸਥਾਵਾਂ ਮੰਨਦੀਆਂ ਹਨ ਕਿ ਹਜ਼ਾਰਾਂ ਲੋਕਾਂ ਦੀ ਜਾਨ ਸਮੇਂ ਸਿਰ ਬਚਾਈ ਜਾ ਸਕਦੀ ਸੀ। ਪਰ ਉਨ੍ਹਾਂ ਨੂੰ ਸਮੇਂ ’ਤੇ ਖਾਣਾ ਹੀ ਨਹੀਂ ਮਿਲ ਸਕਿਆ। ਜਦੋਂ ਅਕਾਲ ਦੀ ਸ਼ੁਰੂਆਤ ਹੋਈ, ਦੁਨੀਆ ਦੇ ਸਾਰੇ ਮੁਲਕਾਂ ਨੂੰ ਉਦੋਂ ਹੀ ਜ਼ਰੂਰੀ ਕਾਰਵਾਈ ਕਰਨੀ ਚਾਹੀਦੀ ਸੀ। ਪਰ ਜਿਹੜੇ ਮੁਲਕ ਆਪਣੇ ਗ਼ਰੀਬਾਂ ਵੱਲ ਨਹੀਂ ਦੇਖ ਰਹੇ, ਉਨ੍ਹਾਂ ਤੋਂ ਕਿਸੇ ਹੋਰ ਦੀ ਮੱਦਦ ਦੀ ਉਮੀਦ ਵੀ ਕਿਵੇਂ ਕੀਤੀ ਜਾ ਸਕਦੀ ਹੈ। ਮਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਇਸ ਲਈ ਵੀ ਹੋਇਆ ਕਿਉਂਕਿ ਵਿਦਰੋਹੀ ਗਰੁੱਪ ਅਲ ਸ਼ਬਾਬ ਨੇ ਆਪਣੇ ਕਬਜ਼ੇ ਵਾਲੇ ਇਲਾਕਿਆਂ ਵਿਚ ਦੁਨੀਆ ਭਰ ਤੋਂ ਮਿਲਣ ਵਾਲੀ ਮੱਦਦ ਲੋਕਾਂ ਤਕ ਪੁੱਜਣ ਹੀ ਨਹੀਂ ਦਿੱਤੀ। ਅਲ ਸ਼ਬਾਬ ਦਾ ਦੱਖਣੀ ਮੱਧ ਸੋਮਾਲੀਆ ਦੇ ਹਿੱਸਿਆਂ ’ਤੇ ਕਬਜ਼ਾ ਹੈ। ਉਸ ਦੇ ਇਲਾਕਿਆਂ ਵਿਚ ਮਰਨ ਵਾਲੇ ਲੋਕਾਂ ਦੀ ਗਿਣਤੀ ਵੀ ਨਹੀਂ ਹੋਣ ਦਿੱਤੀ ਗਈ, ਇਸ ਲਈ ਮੰਨਿਆ ਜਾ ਰਿਹਾ ਹੈ ਕਿ ਹਜ਼ਾਰਾਂ ਲੋਕਾਂ ਦੀਆਂ ਭੁੱਖਮਰੀ ਕਾਰਨ ਜਾਨਾਂ ਗਈਆਂ ਹਨ।



ਬਾਕੀ ਮੁਲਕਾਂ ਵਿਚ ਜਿਥੇ ਅਕਾਲ ਨਹੀਂ ਵੀ ਪਿਆ, ਲੋਕ ਤਾਂ ਉੱਥੇ ਵੀ ਭੁੱਖਮਰੀ ਨਾਲ ਮਰ ਰਹੇ ਹਨ। ਪਰ ਇਨ੍ਹਾਂ ਦੇ ਅੰਕੜੇ ਕਦੇ ਜਾਰੀ ਨਹੀਂ ਹੁੰਦੇ। ਜਿਹੜੇ ਹੁੰਦੇ ਵੀ ਹਨ, ਉਹ ਵੀ ਲਾਗ-ਲਪੇਟ ਨਾਲ ਪੇਸ਼ ਕੀਤੇ ਜਾਂਦੇ ਹਨ ਤੇ ਨਾਲ ਹੀ ਬਿਆਨਬਾਜ਼ੀ ਸ਼ੁਰੂ ਹੋ ਜਾਂਦੀ ਹੈ ਕਿ ਜਲਦੀ ਹੀ ਇਸ ਸਮੱਸਿਆ ’ਤੇ ਕਾਬੂ ਪਾ ਲਿਆ ਜਾਵੇਗਾ। ਸੰਯੁਕਤ ਰਾਸ਼ਟਰ ਨੇ ਤਾਂ ਭੁੱਖਮਰੀ ਦੀ ਸਮੱਸਿਆ ਦੂਰ ਕਰਨ ਦਾ ‘ਸਾਰਥਕ ਹੱਲ’ ਲੱਭ ਹੀ ਲਿਆ ਹੈ। ਉਸ ਨੇ ਕੁੱਲ ਦੁਨੀਆ ਨੂੰ ਸਲਾਹ ਦਿੱਤੀ ਹੈ ਕਿ ਤੁਸੀਂ ਕੀੜੇ-ਮਕੌੜੇ ਖਾਓ। ਇਨ੍ਹਾਂ ਵਿਚ ਪੋਸ਼ਟਕ ਤੱਤ ਹੁੰਦੇ ਹਨ। ਇਹਦੇ ਨਾਲ ਤੁਹਾਡੀ ਸਿਹਤ ਵਧੀਆ ਰਹੇਗੀ। ਸੰਯੁਕਤ ਰਾਸ਼ਟਰ ਦੀ ਖ਼ੁਰਾਕ ਤੇ ਖੇਤੀਬਾੜੀ ਸੰਸਥਾ ਨੇ ਕਿਹਾ ਹੈ ਕਿ ਲੋਕਾਂ ਨੂੰ ਇਨ੍ਹਾਂ ਕੀੜਿਆਂ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦਾ ਮੰਨਣਾ ਹੈ ਕਿ ਪੱਛਮੀ ਦੇਸ਼ ਤੇ ਭਾਰਤ ਸਮੇਤ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਲੋਕ ਕੀੜੇ ਮਕੌੜਿਆਂ ਤੋਂ ਨਫ਼ਰਤ ਕਰਦੇ ਹਨ। ਭੋਜਨ ਸਨਅਤ ਨੂੰ ਕੀੜਿਆਂ ਨੂੰ ਵੱਖ ਵੱਖ ਭੋਜਨਾਂ ਵਿਚ ਸ਼ਾਮਲ ਕਰ ਕੇ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਦਾ ਸਵਾਦ ਬਿਠਾਉਣਾ ਚਾਹੀਦਾ ਹੈ। ਇਸ ਨਾਲ ਭੋਜਨ ਦੀ ਕਮੀ ਦੂਰ ਕੀਤੀ ਜਾ ਸਕਦੀ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਸੰਯੁਕਤ ਰਾਸ਼ਟਰ ਇਸ ਗੱਲ ਤੋਂ ਅਣਭਿੱਜ ਹੋਵੇ ਕਿ ਸੰਸਾਰ ਵਿਚ ਅਨਾਜ ਦੀ ਕਮੀ ਬਿਲਕੁਲ ਨਹੀਂ ਹੈ, ਕਮੀ ਤਾਂ ਇਮਾਨਦਾਰੀ ਦੀ ਹੈ।

ਆਪਣੇ ਹੀ ਮੁਲਕ ਵਿਚ ਕੁਪ੍ਰਬੰਧਾਂ ਕਾਰਨ ਦੋ ਕਰੋੜ 10 ਲੱਖ ਟਨ ਅਨਾਜ ਹਰ ਵਰ੍ਹੇ ਸੜ ਜਾਂਦਾ ਹੈ। ਇਸ ਦੀ ਕੀਮਤ 58000 ਕਰੋੜ ਰੁਪਏ ਬਣਦੀ ਹੈ। ਇਹ ਪੂਰੇ ਆਸਟ੍ਰੇਲੀਆ ਦੇ ਅੰਨ ਉਤਪਾਦਨ ਦੇ ਬਰਾਬਰ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅੰਨ ਭੰਡਾਰ ਹੋਣ ਦੇ ਬਾਵਜੂਦ ਕਣਕ ਦੀਆਂ ਕੀਮਤਾਂ ਵਿਚ 20 ਫ਼ੀਸਦੀ ਵਾਧਾ ਹੋਇਆ ਹੈ। ਸਰਕਾਰੀ ਨਿਗਮਾਂ ਕੋਲ ਤਾਂ ਨਿਯਮਾਂ ਅਨੁਸਾਰ ਤਿੰਨ ਗੁਣਾ ਜ਼ਿਆਦਾ ਅਨਾਜ ਹੈ। ਗੋਦਾਮਾਂ ਵਿਚ ਅਨਾਜ ਸੜ ਰਿਹਾ ਹੈ, ਗ਼ਰੀਬ ਭੁੱਖ ਨਾਲ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਜਾਂ ਮੌਤ ਦੇ ਮੂੰਹ ਜਾ ਰਹੇ ਪਰ ਸ਼ਰਾਬ ਕੰਪਨੀਆਂ ਨੂੰ ਮੌਜਾਂ ਲੱਗੀਆਂ ਹੋਈਆਂ ਹਨ। ਜਿਹੜੀ ਕਣਕ 12 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ, ਉਹੀ ਗੋਦਾਮਾਂ ਵਿਚ ਸਾੜ ਕੇ 6.20 ਪ੍ਰਤੀ ਕਿਲੋ ਦੀ ਦਰ ਨਾਲ ਸ਼ਰਾਬ ਕੰਪਨੀਆਂ ਨੂੰ ਵੇਚੀ ਜਾ ਰਹੀ ਹੈ। ਜਿੰਨਾ ਵੱਧ ਅੰਨ ਸੜੇਗਾ, ਓਨਾ ਹੀ ਸ਼ਰਾਬ ਕੰਪਨੀਆਂ ਨੂੰ ਲਾਭ ਹੋਵੇਗਾ। ਜ਼ਾਹਰ ਹੈ ਕਿ ਸ਼ਰਾਬ ਕੰਪਨੀਆਂ ਵੱਡੇ-ਵੱਡੇ ਸਨਅਤਕਾਰਾਂ ਦੀਆਂ ਹਨ, ਜਿਨ੍ਹਾਂ ਦੀ ਪਹੁੰਚ ਸਿਆਸਤ ਤਕ ਹੈ। ਸ਼ਾਇਦ ਇਸੇ ਲਈ ਸੁਪਰੀਮ ਕੋਰਟ ਦਾ ਹੁਕਮ ਕਿ ਅਨਾਜ ਸਾੜਨ ਦੀ ਬਜਾਏ ਗ਼ਰੀਬਾਂ ਵਿਚ ਵੰਡਿਆ ਜਾਵੇ, ਅਮਲ ਵਿਚ ਨਹੀਂ ਆ ਰਿਹਾ। ਇਹ ਚਲਣ ਸਿਰਫ਼ ਭਾਰਤ ਵਿਚ ਹੀ ਨਹੀਂ ਹੈ। ਸੰਸਾਰ ਪੱਧਰ ’ਤੇ ਇਹ ਚਾਲ ਚੱਲੀ ਜਾ ਰਹੀ ਹੈ। ਇੰਸਟੀਚਿਊਸ਼ਨ ਆਫ਼ ਮਕੈਨੀਕਲ ਇੰਜਨੀਅਰਜ਼ ਦੀ ਵਿਸ਼ਵ ਪੱਧਰੀ ਰਿਪੋਰਟ ਅਨੁਸਾਰ ਦੁਨੀਆ ਭਰ ਵਿਚ ਜਿੰਨਾ ਅਨਾਜ ਪੈਦਾ ਹੋ ਰਿਹਾ ਹੈ, ਉਸ ਵਿਚੋਂ ਕਰੀਬ ਅੱਧਾ ਹੀ ਲੋਕਾਂ ਦੇ ਢਿੱਡ ਵਿਚ ਪੈਂਦਾ ਹੈ। ਅਮਰੀਕਾ ਤੇ ਯੂਰਪ ਵਿਚ ਜਿੰਨਾ ਅੰਨ ਬਰਬਾਦ ਕੀਤਾ ਜਾਂਦਾ ਹੈ, ਉਸ ਨਾਲ ਬਾਕੀ ਦੁਨੀਆ ਦੀ ਭੁੱਖ ਮਿਟਾਈ ਜਾ ਸਕਦੀ ਹੈ। ਅਮਰੀਕਾ ਆਪਣੇ ਉਤਪਾਦਤ ਅੰਨ ਦਾ 40 ਫ਼ੀਸਦੀ ਸੁੱਟ ਦਿੰਦਾ ਹੈ ਤੇ ਬਰਤਾਨੀਆ ਵਿਚ ਸਾਲ ਭਰ ਵਿਚ 83 ਲੱਖ ਟਨ ਅੰਨ ਕੂੜੇ ਵਿਚ ਸੁੱਟ ਦਿੱਤਾ ਜਾਂਦਾ ਹੈ। ਅਮਰੀਕਾ ਵਿਚ ਵੀ ਲੋਕ ਭੁੱਖਮਰੀ ਸਹਿ ਰਹੇ ਹਨ। 2010 ਵਿਚ ਹੀ 92 ਕਰੋੜ 50 ਲੱਖ ਲੋਕਾਂ ਨੂੰ ਸੰਤੁਲਤ ਭੋਜਨ ਨਹੀਂ ਮਿਲਿਆ।

ਵਾਪਸ ਭਾਰਤ ਦੀ ਗੱਲ ਕਰੀਏ ਤਾਂ ਮੁਲਕ ਦੀ 67 ਫ਼ੀਸਦੀ ਆਬਾਦੀ ਨੂੰ ਸਸਤਾ ਅਨਾਜ ਮੁਹੱਈਆ ਕਰਾਉਣ ਲਈ ਖ਼ੁਰਾਕ ਸੁਰੱਖਿਆ ਬਿਲ ਲਿਆਉਣ ਦੇ ਯਤਨ ਹੋਏ: ਭਾਵੇਂ ਵੋਟ-ਸਿਆਸਤ ਨੇ ਏਥੇ ਵੀ ਅੜਿਕੇ ਦਰ ਅੜਿਕੇ ਖੜੇ ਕੀਤੇ। ਸੰਸਦ ਚਲੱਣ ਹੀ ਨਹੀਂ ਦਿੱਤੀ ਗਈ। ਹੁਣ ਸਰਕਾਰ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਇਹਦੇ ਲਈ ਨੋਟੀਫ਼ਿਕੇਸ਼ਨ ਲਿਆਉਣ ਬਾਰੇ ਸੋਚ ਰਹੀ ਹੈ।। ਇਸ ਦੇ ਨਾਲ ਹੀ ਪੰਜਾਬ ਤੇ ਹਰਿਆਣਾ ਵਿਚ ਇਸ ਵਾਰ ਕਣਕ ਪੈਦਾਵਾਰ ਵਿਚ ਰਿਕਾਰਡ ਗਿਰਾਵਟ ਦਰਜ ਕੀਤੀ ਗਈ ਹੈ। ਜੇਕਰ ਦੇਰ-ਸਵੇਰ ਇਹ ਕਾਨੂੰਨ ਬਣ ਵੀ ਜਾਂਦਾ ਹੈ ਤਾਂ ਸਰਕਾਰ ਸਸਤਾ ਅਨਾਜ ਕਿਥੋਂ ਲਿਆਵੇਗੀ? ਮੁਲਕ ਦੇ 45 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਇਹ ਯੋਜਨਾ ਕੋਈ ਛੋਟੀ-ਮੋਟੀ ਨਹੀਂ ਹੈ। ਲੋੜਵੰਦਾਂ ਤਕ ਅਨਾਜ ਪੁੱਜਣ ਤੋਂ ਪਹਿਲਾਂ ਹੀ ਚੋਰ-ਮੋਰੀਆਂ ਰਾਹੀਂ ਭ੍ਰਿਸ਼ਟ ਅਫ਼ਸਰਾਂ ਅਤੇ ਸਿਆਸਤਦਾਨਾਂ ਦੇ ਭੜੋਲਿਆਂ ਵਿਚ ਜਾ ਪਏਗਾ। ਸੋ, ਇਹ ਸਮੱਸਿਆ ਸੰਸਾਰ ਦੀਆਂ ਕੁੱਲ ਲੋਕ ਪੱਖੀ ਰਾਜਸੀ ਸ਼ਕਤੀਆਂ ਦੀ ਵਿਸ਼ਾਲ ਏਕਤਾ ਹੀ ਦੂਰ ਕਰ ਸਕਦੀ ਹੈ। ਜਿਨਾਂ ਨੇ ਇਹ ਹਾਲਾਤ ਪੈਦਾ ਕੀਤੇ ਹਨ, ਉਨਾਂ ਦੇ ਇਰਾਦਿਆਂ ਵਿਚਲੀ ਖੋਟ ਦੀ ਨਿਸ਼ਾਨਦੇਹੀ ਕਰਦਿਆਂ ਪਛਾੜ ਦੇਣ ਦੀ ਜ਼ਰੂਰਤ ਤੋਂ ਹੁਣ ਮੂੰਹ ਨਹੀਂ ਫੇਰਿਆ ਜਾ ਸਕਦਾ।

## ਧੁਖ਼ਦਾ ਕਾਲਮ

# ‘ਹਿਮਾਲਾ ਨੂੰ ਦਵੀਂ ਬਰਫ਼ਾਂ ਇਹ ਨਦੀਆਂ ਵਹਿੰਦੀਆਂ ਰੱਖੀਂ’

ਸੁਸ਼ੀਲ ਦੁਸਾਂਝ +91-97813-60066

'ਰੱਬਾ-ਰੱਬਾ ਮੀਂਹ ਵਰ੍ਹਾ- ਸਾਡੀ ਕੋਠੀ ਦਾਣੇ ਪਾ'-ਬੱਚਿਆਂ ਦੇ ਇਹ ਜੋਸ਼ੀਲੇ ਬੋਲ ਅੱਜ ਕੱਲ੍ਹ ਗਾਇਬ ਹਨ। ਅੱਜ, ਜਦੋਂ ਕਿ ਇਨ੍ਹਾਂ ਬੋਲਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਵੱਧ ਗਈ ਹੈ ਤੇ ਅਸੀਂ-ਤੁਸੀਂ ਹੀ ਨਹੀਂ ਸੰਸਾਰ ਦਾ ਹਰ ਜੀਵ ਪਾਣੀ ਦੇ ਸੰਕਟ ਨਾਲ ਦੋ-ਚਾਰ ਹੋ ਰਿਹਾ ਹੈ।

ਇਹ ਨਹੀਂ ਕਿ ਪਾਣੀ ਹੈ ਹੀ ਨਹੀਂ-ਪਾਣੀ ਨਾਲ ਤਾਂ ਧਰਤੀ ਦਾ ਦੋ ਤਿਹਾਈ ਹਿੱਸਾ ਭਰਿਆ ਪਿਆ ਹੈ ਪਰ ਇਹਦੇ ਵਿਚੋਂ 97 ਫ਼ੀਸਦੀ ਪਾਣੀ ਸਮੁੰਦਰਾਂ ਵਿਚ ਹੈ ਜੋ ਖਾਰਾ ਹੈ ਤੇ ਪੀਣ ਯੋਗ ਨਹੀਂ ਤੇ ਜਿਹੜਾ 3 ਫ਼ੀਸਦੀ ਪਾਣੀ ਪੀਣ ਯੋਗ ਹੈ ਉਹਦੇ ਵਿਚੋਂ ਵੀ 2 ਫ਼ੀਸਦੀ ਬਰਫ਼ਾਂ ਦੇ ਰੂਪ ਵਿਚ ਜੰਮਿਆ ਪਿਆ ਹੈ। ਸੋ ਸਾਡੇ ਹਿੱਸੇ ਤਾਂ ਸਿਰਫ਼ ਇਕ ਫ਼ੀਸਦੀ ਦੇ ਕਰੀਬ ਪਾਣੀ ਹੀ ਆਉਂਦਾ ਹੈ। ਇਹ ਇਕ ਫ਼ੀਸਦੀ ਵੀ ਹੁਣ ਲਗਾਤਾਰ ਘੱਟ ਹੀ ਨਹੀਂ ਰਿਹਾ ਸਗੋਂ ਦੂਸ਼ਿਤ ਵੀ ਹੋ ਰਿਹਾ ਹੈ ਜਿਸ ਕਰਕੇ ਸੰਸਾਰ ਪੱਧਰੀ ਜਲ ਸੰਕਟ ਗਹਿਰਾਉਂਦਾ ਜ਼ਾ ਰਿਹਾ ਹੈ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਮੁਤਾਬਕ ਸੰਸਾਰ ਦੇ 1.1 ਅਰਬ ਲੋਕਾਂ ਨੂੰ ਤਾਂ ਪੀਣ ਲਈ ਸਾਫ਼ ਪਾਣੀ ਵੀ ਮੁਹੱਈਆ ਨਹੀਂ ਤੇ 50 ਲੱਖ ਲੋਕ ਹਰ ਸਾਲ ਗੰਦਾ ਪਾਣੀ ਪੀਣ ਕਾਰਣ ਹੀ ਮਾਰੇ ਜਾਂਦੇ ਹਨ।

'ਵਰਲਡ ਵਾਟਰ ਕੌਂਸਲ' ਦੇ ਇਕ ਅਨੁਮਾਨ ਮੁਤਾਬਕ ਲਗਾਤਾਰ ਆਬਾਦੀ ਵਧਣ ਕਾਰਣ 2020 ਤੱਕ ਸੰਸਾਰ ਨੂੰ ਅੱਜ ਦੇ ਮੁਕਾਬਲੇ 17 ਫ਼ੀਸਦੀ ਵਧੇਰੇ ਪਾਣੀ ਦੀ ਲੋੜ ਪੈਣੀ ਹੈ ਤੇ 2025 ਤੱਕ ਸੰਸਾਰ ਦਾ ਹਰ ਤੀਸਰਾ ਵਿਅਕਤੀ ਪਾਣੀ ਦੇ ਇਕ ਤੁਪਕੇ ਨੂੰ ਵੀ ਤਰਸ ਰਿਹਾ ਹੋਵੇਗਾ। ਪਾਣੀ ਦੀ ਫ਼ਜ਼ੂਲ ਖਰਚੀ ਲਈ ਅਸੀਂ ਸਾਰੇ ਹੀ ਜ਼ੁੰਮੇਵਾਰ ਹਾਂ ਪਰ ਸਾਧਨ ਸੰਪੰਨ ਲੋਕਾਂ ਵਲੋਂ ਇਹ ਫ਼ਜ਼ੂਲਖਰਚੀ ਵਧੇਰੇ ਕੀਤੀ ਜਾਂਦੀ ਹੈ। ਉਨ੍ਹਾਂ ਦੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਕਾਰਣ ਅਸੀਮਤ ਪਾਣੀ ਜ਼ਾਇਆ ਹੋ ਰਿਹਾ ਹੈ।

ਜਲ ਦੇ ਸੰਕਟ ਦੇ ਚਲਦਿਆਂ ਹੀ ਦਰਿਆਵਾਂ ਵਿਚਲਾ ਪਾਣੀ ਵੀ ਘੋਰ ਪ੍ਰਦੂਸ਼ਿਤ ਹੋ ਰਿਹਾ ਹੈ। ਕਿਸੇ ਵੇਲੇ ਹਰ ਘਰ ਵਿਚ ਵਿਸ਼ੇਸ਼ ਤੌਰ ’ਤੇ ਲਿਆ ਕੇ ਰੱਖਿਆ ਜਾਂਦਾ ਗੰਗਾ ਜਲ ਵੀ ਜ਼ਹਿਰੀਲਾ ਹੋਣ ਤੋਂ ਬਚ ਨਹੀਂ ਸਕਿਆ। ਸੱਚਮੁੱਚ ਹੀ 'ਗੰਗਾ ਮੈਲੀ' ਹੋ ਗਈ ਹੈ। ਲਗਾਤਾਰ ਵੱਧ ਰਹੀ ਰਸਾਇਣਾਂ ਦੀ ਵਰਤੋਂ ਨੇ ਧਰਤੀ ਹੇਠਲੇ ਪਾਣੀ ਨੂੰ ਵੀ ਜ਼ਹਿਰੀਲਾ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਉਤੋਂ ਪਾਣੀ ਦੇ ਸੋਮੇ ਲਗਾਤਾਰ ਖ਼ਤਮ ਹੁੰਦੇ ਜਾ ਰਹੇ ਹਨ ਤੇ ਇਸ ਸਾਰੇ ਕੁੱਝ ਦਾ ਲਾਹਾ ਦੇਸੀ ਬਦੇਸੀ ਕੰਪਨੀਆਂ ਲੈ ਰਹੀਆਂ ਹਨ। ਬੋਤਲ ਬੰਦ ਪਾਣੀ ਦੇ ਇਹ ਵਪਾਰੀ ਲਗਾਤਾਰ ਆਪਣੀਆਂ ਜੇਬਾਂ ਭਾਰੀਆਂ ਕਰੀ ਜਾ ਰਹੇ ਹਨ ਤੇ ਬਹੁਤੀ ਵਾਰੀ ਇਹ ਬੋਤਲ ਬੰਦ ਪਾਣੀ ਵੀ ਸ਼ੁੱਧ ਨਹੀਂ ਹੁੰਦਾ।

ਬਹੁਕੌਮੀ ਕੰਪਨੀਆਂ ਦੀ ਭਾਰਤ ਦੀ ਇਸ 'ਪਿਆਸੀ ਮੰਡੀ' ’ਤੇ ਤਿੱਖੀ ਨਜ਼ਰ ਹੈ। ਪਰ ਇਥੇ ਸਵਾਲ ਮੁੜ ਉਹ ਹੀ ਹੈ ਕਿ ਕਿੰਨੇ ਕੁ ਲੋਕ ਹਨ ਜੋ 'ਬੋਤਲ ਬੰਦ' ਪਾਣੀ ਨਾਲ ਆਪਣਾ ਜੀਵਨ ਚਲਾ ਪਾਉਣਗੇ। ਪਿੰਡਾਂ ਕਸਬਿਆਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ ਦੇ ਲੋਕਾਂ ਨੂੰ ਫਿਰ ਵੀ ਉਸੇ ਪਾਣੀ ਨਾਲ ਗੁਜ਼ਾਰਾ ਕਰਨਾ ਪਵੇਗਾ ਜਿਹੜਾ ਕਿਸੇ ਵੇਲੇ ਵੀ ਉਨ੍ਹਾਂ ਲਈ ਜਾਨਲੇਵਾ ਸਾਬਤ ਹੋ ਸਕਦਾ ਹੈ। ਜੇ ਆਉਂਦੇ ਵਰ੍ਹਿਆਂ ਵਿਚ ਪਾਣੀ ਦੀ ਸਾਂਭ-ਸੰਭਾਲ ਲਈ ਉਚੇਚੇ ਕਦਮ ਨਾ ਚੁੱਕੇ ਗਏ ਅਤੇ ਪਾਣੀ ਦੀ ਦੁਰਵਰਤੋਂ ਨੂੰ ਨਾ ਰੋਕਿਆ ਗਿਆ ਤਾਂ ਇਸਤੋਂ ਵੀ ਭਿਅੰਕਰ ਹਾਲਾਤ ਦੇਖਣੇ ਪੈ ਸਕਦੇ ਹਨ। ਇਨ੍ਹਾਂ ਪ੍ਰਸਥਿਤੀਆਂ ਵਿਚ ਜਿੱਥੇ ਕੌਮਾਂਤਰੀ ਸੰਸਥਾਵਾਂ ਅਤੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਅੱਗੇ ਲੱਗ ਕੇ ਪਾਣੀ ਨੂੰ ਬਚਾਉਣ ਦੇ ਯੋਗ ਉਪਰਾਲੇ ਕਰਨੇ ਪੈਣਗੇ ਉਥੇ ਸਾਡਾ-ਤੁਹਾਡਾ ਵੀ ਇਹ ਫਰਜ਼ ਹੈ ਕਿ ਅਸੀਂ ਵੀ ਤੁਰੰਤ ਪਾਣੀ ਦੀ ਫ਼ਜ਼ੂਲ ਖਰਚੀ ਬੰਦ ਕਰੀਏ। ਖਾਸ ਤੌਰ ’ਤੇ ਮੀਂਹ ਦੇ ਪਾਣੀ ਨੂੰ ਵੀ ਵੱਧ ਤੋਂ ਵੱਧ ਧਰਤੀ ਹੇਠ ਪਹੁੰਚਾਉਣ ਦੇ ਉਪਰਾਲੇ ਕਰੀਏ ਤਾਂ ਜੋ ਧਰਤੀ ਹੇਠਲੇ ਪਾਣੀ ਦਾ ਪੱਧਰ ਕੁੱਝ ਉੱਚਾ ਹੋ ਸਕੇ ਤੇ ਸਾਡੀ 'ਜੀਵਨ ਰੇਖਾ' ਮਜ਼ਬੂਤੀ ਫੜ ਸਕੇ। ਪ੍ਰਸਿੱਧ ਪੰਜਾਬੀ ਗ਼ਜ਼ਲਗੋ ਸੁਲੱਖਣ ਸਰਹੱਦੀ ਦਾ ਸ਼ੇਅਰ ਮੁਲਾਹਿਜਾ ਫਰਮਾਓ-

ਹਿਮਾਲਾ ਨੂੰ ਦਵੀਂ ਬਰਫ਼ਾਂ ਇਹ ਨਦੀਆਂ ਵਹਿੰਦੀਆਂ ਰੱਖੀਂ।
ਮਿਟਾਵੀਂ ਪਿਆਸ ਖੇਤਾਂ ਦੀ ਤੇ ਆਡਾਂ ਗਿੱਲੀਆਂ ਰੱਖੀਂ।

# ਜਮਹੂਰੀ ਹੱਕਾਂ ਦੀ ਲਹਿਰ ਦੇ ਸਮਾਜਕ ਸੱਭਿਆਚਾਰਕ ਕਾਰਜ

ਜੈ ਪੁਸ਼ਪ

ਰਾਜਸੱਤਾ ਰਾਹੀਂ ਜਮਹੂਰੀ ਹੱਕਾਂ ਦੇ ਜ਼ਬਰ ਵਿਰੁੱਧ ਸੰਘਰਸ਼ ਕਰਨਾ ਜਮਹੂਰੀ ਹੱਕਾਂ ਦੀ ਲਹਿਰ ਦਾ ਅਹਿਮ ਫ਼ੌਰੀ ਕਾਰਜ ਹੈ। ਨਵਉਦਾਰਵਾਦੀ ਆਰਥਕ ਨੀਤੀਆਂ ਆਪਣੀ ਆਪ-ਮੁਹਾਰੀ ਗਤੀ ਨਾਲ ਰਾਜ ਦੇ ਕਿਰਦਾਰ ਨੂੰ ਜਿਵੇਂ ਜਿਵੇਂ ਵੱਧ ਤੋਂ ਵੱਧ ਨਿਰਕੁੰਸ਼, ਜ਼ਾਬਰ ਅਤੇ ਸਰਵਸੱਤਾਵਾਦੀ ਬਣਾਉਂਦੀਆਂ ਜਾ ਰਹੀਆਂ ਹਨ, ਉਵੇਂ-ਉਵੇਂ ਸਾਰੇ ਕਾਲੇ ਕਾਨੂੰਨਾਂ ਰਾਹੀਂ ਲੋਕਾਂ ਦੀ ਨਾਗਰਿਕ ਆਜ਼ਾਦੀ ਅਤੇ ਜਮਹੂਰੀ ਹੱਕਾਂ 'ਤੇ ਹਮਲੇ ਹੋਰ ਤਿੱਖੇ ਹੁੰਦੇ ਜਾ ਰਹੇ ਹਨ। ਰਾਜਕੀ ਮਸ਼ੀਨਰੀ ਰਾਹੀਂ ਜਮਹੂਰੀ ਹੱਕਾਂ 'ਤੇ ਜ਼ਬਰ ਅਤੇ ਉਸ ਵਿਰੁੱਧ ਆਵਾਜ਼ ਉਠਾਉਣਾ ਸਾਡੀ ਸਭ ਦੀ ਸਾਂਝੀ ਚਿੰਤਾ ਅਤੇ ਸਰੋਕਾਰ ਦਾ ਵਿਸ਼ਾ ਹੈ। ਅਸਲ 'ਚ ਜਮਹੂਰੀ ਸਮਾਜ 'ਚ ਜਮਹੂਰੀ ਹੱਕਾਂ 'ਤੇ ਜ਼ਬਰ ਅਤੇ ਉਲੰਘਣਾ ਸਿਰਫ਼ ਰਾਜਸੱਤਾ ਹੀ ਨਹੀਂ ਕਰਦੀ, ਸਗੋਂ ਉਹ ਪੂਰਵ ਸਰਮਾਏਦਾਰਾਂ, ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਵੀ ਕਰਦੀਆਂ ਹਨ ਜਿਨ੍ਹਾਂ ਦੇ ਆਧਾਰ ਗ਼ੈਰ ਤਰਕਸ਼ੀਲਤਾ, ਨਾਬਰਾਬਰੀ, ਅੰਧਵਿਸ਼ਵਾਸਾਂ, ਅੰਧਵਿਸ਼ਵਾਸਾਂ-ਤੁਅਸਬਾਂ ਅਤੇ ਮਧਯੁੱਗੀ ਪ੍ਰਥਾਵਾਂ 'ਚ ਮੌਜੂਦ ਹੁੰਦੇ ਹਨ। ਸਿਆਸੀ ਬਣਤਰ ਦੇ ਸਿੱਧੇ ਕੰਟਰੋਲ ਦੇ ਬਾਹਰ ਸਮਾਜ 'ਚ ਪਹਿਲਾਂ ਤੋਂ ਮੌਜੂਦ ਇਹ ਬਣਤਰਾਂ ਨਾ ਸਿਰਫ਼ ਰਾਜਸੱਤਾ ਦੇ ਗ਼ੈਰ ਜਮਹੂਰੀ ਕਿਰਦਾਰ ਦਾ ਹਮਾਇਤੀ-ਆਧਾਰ ਤਿਆਰ ਕਰਦੀਆਂ ਹਨ ਸਗੋਂ ਖ਼ੁਦ ਵੀ ਨਾਗਰਿਕਾਂ ਦੇ ਜਮਹੂਰੀ ਹੱਕਾਂ 'ਤੇ ਡਾਕਾ ਮਾਰਦੀਆਂ ਹਨ। ਜਮਹੂਰੀ ਹੱਕਾਂ ਦੇ ਵਿਆਪਕ ਪਰਿਪੇਖ 'ਚ ਸਾਨੂੰ ਸਿਰਫ਼ ਰਾਜ ਅਤੇ ਨਾਗਰਿਕ ਦਰਮਿਆਨ ਸਬੰਧਾਂ ਦੀ ਹੀ ਨਹੀਂ ਸਗੋਂ ਨਾਗਰਿਕਾਂ ਦੇ ਆਪਸੀ ਸਬੰਧਾਂ ਅਤੇ ਸਮਾਜਕ ਸੰਸਥਾਵਾਂ ਅਤੇ ਵਿਅਕਤੀ ਦੇ ਸਬੰਧਾਂ ਦੀ ਵੀ ਪੜਤਾਲ ਕਰਨੀ ਹੋਵੇਗੀ।



ਜ਼ਾਹਰ ਹੈ ਕਿ ਕਿਸੇ ਵੀ ਜਮਾਤੀ ਸਮਾਜ 'ਚ ਸਾਰੇ ਨਾਗਰਿਕਾਂ ਨੂੰ ਇਕੋ ਬਰਾਬਰ ਜਮਹੂਰੀ ਹੱਕ ਨਹੀਂ ਹਾਸਲ ਹੁੰਦੇ। ਸਮਾਜਕ ਅਹੁਦਾ ਦਰਜਾਬੰਦੀ 'ਚ ਆਪਣੀ-ਆਪਣੀ ਹਾਲਤ ਅਨੁਸਾਰ ਹਰ ਵਿਅਕਤੀ ਦੇ ਜਮਹੂਰੀ ਹੱਕਾਂ ਦਾ ਦਾਇਰਾ ਵੱਧਦਾ ਜਾਂ ਘੱਟਦਾ ਜਾਂਦਾ ਹੈ। ਰਾਜ ਜੇਕਰ ਕਨੂੰਨ ਬਣਾ ਕੇ ਸਭ ਨੂੰ ਇਕੋ ਬਰਾਬਰ ਹੱਕ ਪ੍ਰਦਾਨ ਕਰ ਦੇਵੇ ਤਦ ਵੀ ਪਹਿਲਾਂ ਤੋਂ ਚੱਲੀਆਂ ਆ ਰਹੀਆਂ ਸਮਾਜਕ ਪਰੰਪਰਾਵਾਂ ਖ਼ੁਦ ਪਦਾਰਥਕ ਤਾਕਤ ਬਣ ਕੇ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਦੀਆਂ ਹਨ। ਸਮਾਜਕ ਕਦਰਾਂ-ਕੀਮਤਾਂ-ਸੰਸਥਾਵਾਂ ਆਪ-ਮੁਹਾਰੇ ਢੰਗ ਨਾਲ ਸਿਰਫ਼ ਲੁਕਵੇਂ ਅਤੇ ਪ੍ਰਤੱਖ ਤਰੀਕਿਆਂ ਨਾਲ ਆਮ ਨਾਗਰਿਕਾਂ ਦੇ ਹੱਕਾਂ ਨੂੰ ਸੀਮਤ ਕਰਦੀਆਂ ਹਨ ਸਗੋਂ ਅਨੇਕ ਅਧਿੱਖ ਹੱਕਾਂ ਨਾਲ ਉਨ੍ਹਾਂ ਦੀ ਸਮਾਜਕ ਸਰਗਰਮੀ ਅਤੇ ਸ਼ਮੂਲੀਅਤ ਨੂੰ ਵੀ ਕੰਟਰੋਲ ਅਤੇ ਨਿਰਦੇਸ਼ਤ ਕਰਦੀਆਂ ਹਨ। ਵਿਆਪਕ ਲੋਕਾਂ ਦੇ ਰੋਜ਼ਮਰ੍ਹਾ ਦੇ ਸਮਾਜਕ ਜੀਵਨ 'ਚ ਕਾਇਮ ਅਤਰਕਸ਼ੀਲ ਅੰਧਵਿਸ਼ਵਾਸਾਂ-ਤੁਅੱਸਬਾਂ-ਜੜ੍ਹ ਕਦਰਾਂ-ਕੀਮਤਾਂ-ਸੰਸਥਾਵਾਂ ਦੀ ਸਰਦਾਰੀ ਰਾਜ ਦੀ ਨਿਰਕੁੰਸ਼ਤਾ ਅਤੇ ਆਪਹੁਦਰੇਪਣ ਨੂੰ ਪ੍ਰਵਾਨ ਕਰਨ ਜਾਂ ਉਸ ਦਾ ਵਿਰੋਧ ਨਾ ਕਰਨ ਦੀ ਮਾਨਸਿਕਤਾ ਤਿਆਰ ਕਰਦੀ ਹੈ।

ਇਸੇ ਦਾ ਦੂਜਾ ਪੱਖ ਹੈ ਕਿ ਮੱਧਯੁੱਗੀ ਜੜ੍ਹਤਾ ਨਾਲ ਗ੍ਰਸਤ ਸਮਾਜਕ ਬਣਤਰਾਂ ਰਾਜਸੱਤਾ ਦੇ ਸਮਾਜਕ ਥੰਮਾਂ ਦਾ ਕੰਮ ਕਰਦੀਆਂ ਹਨ, ਆਪ ਮੁਹਾਰੇ ਢੰਗ ਨਾਲ ਰਾਜ ਮਸ਼ੀਨਰੀ ਨਾਲ ਤਾਲਮੇਲ ਕਾਇਮ ਕਰਦੀਆਂ ਹਨ ਅਤੇ ਜ਼ਾਬਰ ਰਾਜ ਦੇ ਰੋਜ਼ਮਰ੍ਹਾ ਦੇ ਵਿਹਾਰ 'ਚ ਸਮੋਈ ਢਾਂਚਾਗਤ ਹਿੰਸਾ ਲਈ 'ਸਹਿਮਤੀ ਤਿਆਰ' ਕਰਦੀਆਂ ਹਨ। ਅਜਿਹੀ ਹਾਲਤ 'ਚ ਜਦੋਂ ਕਦੇ ਰਾਜ ਦੀ ਨਿਰਕੁੰਸ਼ਤਾ ਜ਼ਾਬਰ ਕਾਰਵਾਈ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਤਾਂ ਲੋਕਾਂ ਦਾ ਟਾਕਰਾ ਜਥੇਬੰਦ ਕਰ ਸਕਣ 'ਚ ਵੱਧ ਮੁਸ਼ਕਲ ਪੇਸ਼ ਆਉਂਦੀ ਹੈ। ਰਾਜ ਸਮਾਜਕ ਜੀਵਨ 'ਚ ਮੌਜੂਦ ਨਿਰਕੁੰਸ਼ਤਾ ਅਤੇ ਦਾਬੇ ਦੀ ਆਪਣੇ ਹਿੱਤ 'ਚ ਅਸਾਨੀ ਨਾਲ ਵਰਤੋਂ ਕਰ ਲੈਂਦਾ ਹੈ ਅਤੇ ਗ਼ੈਰ ਜਮਹੂਰੀ ਕਦਰਾਂ-ਕੀਮਤਾਂ, ਸੰਸਥਾਵਾਂ 'ਚ ਜੀਣ ਦੇ ਅਭਿਆਸੀ ਲੋਕ ਇਕ ਤਰ੍ਹਾਂ ਨਾਲ ਰਾਜ ਦੇ ਗ਼ੈਰ-ਜਮਹੂਰੀ ਅਤੇ ਜ਼ਾਬਰ ਵਿਹਾਰ ਨੂੰ ਵੱਧ ਆਸਾਨੀ ਨਾਲ ਪ੍ਰਵਾਨ ਕਰ ਲੈਂਦੇ ਹਨ।

ਕਹਿਣ ਦਾ ਭਾਵ ਇਹ ਕਿ ਸਮਾਜਕ ਦ੍ਰਿਸ਼ 'ਚ ਜਮਹੂਰੀ ਚੇਤਨਾ ਅਤੇ ਆਧੁਨਿਕਤਾ ਬੋਧ ਦੀ ਗ਼ੈਰਮੌਜੂਦਗੀ ਕਰ ਕੇ ਆਮ ਨਾਗਰਿਕ ਸਿਆਸੀ ਦ੍ਰਿਸ਼ 'ਚ ਵੀ ਜਮਹੂਰੀ ਥਾਂ ਦੀ ਕਮੀ ਦਾ ਅਹਿਸਾਸ ਨਹੀਂ ਕਰ ਪਾਉਂਦਾ ਅਤੇ ਰਾਜ ਦੇ ਨਿਰਕੁੰਸ਼, ਆਪ ਹੁਦਰੇ ਵਿਹਾਰ ਦਾ ਜਥੇਬੰਦ ਟਾਕਰਾ ਨਹੀਂ ਕਰ ਪਾਉਂਦਾ ਹੈ।

ਉਂਜ ਤਾਂ ਇਹ ਪੂਰੀ ਦੁਨੀਆ ਦੇ ਪੱਧਰ 'ਤੇ ਜਮਹੂਰੀ ਥਾਂ ਦੇ ਸੁੰਗੜਦੇ ਜਾਣ ਦਾ ਦੌਰ ਹੈ, ਪਰ ਭਾਰਤ ਵਰਗੇ ਉੱਤਰ ਬਸਤੀਵਾਦੀ-ਖੇਤੀ ਪ੍ਰਧਾਨ ਸਮਾਜਾਂ ਦੀ ਸਮੱਸਿਆ ਕਿਤੇ ਵੱਧ ਡੂੰਘੀ ਅਤੇ ਵਿਆਪਕ ਹੈ। ਸਾਡੇ ਦੇਸ਼ ਦੇ ਸਮਾਜਕ ਤਾਣੇ-ਬਾਣੇ ਵਿਚ ਅੱਜ ਵੀ ਅਜਿਹੀਆਂ ਸੰਸਥਾਵਾਂ ਅਤੇ ਕਦਰਾਂ-ਕੀਮਤਾਂ ਦੀਆਂ ਅਜਿਹੀਆਂ ਬਣਤਰਾਂ ਮੌਜੂਦ ਹਨ, ਜਿਹੜੀਆਂ ਸਮਾਜਕ ਜੀਵਨ ਦੇ ਹਰੇਕ ਖੇਤਰ ਵਿਚ ਵੱਡੀ ਵਸੋਂ ਨੂੰ ਜ਼ਬਰ, ਅਨਿਆਂ, ਦਾਬੇ ਅਤੇ ਬੇਇੱਜ਼ਤੀ ਦਾ ਸ਼ਿਕਾਰ ਬਣਾਉਂਦੀਆਂ ਹਨ। ਆਪਣੀ ਸਮਾਜਕ ਹੈਸੀਅਤ ਅਤੇ ਪਿੱਠਭੂਮੀ ਦੇ ਆਧਾਰ 'ਤੇ ਰੋਜ਼ਮਰ੍ਹਾ ਦੇ ਜੀਵਨ ਵਿਚ ਭਾਰਤ ਦੇ ਬਥੇਰੇ ਨਾਗਰਿਕਾਂ ਲਈ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਆਦਰਸ਼ਾਂ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ ਹੈ। ਖਾਪ ਪੰਚਾਇਤਾਂ ਆਏ ਦਿਨ ਦੋ ਬਾਲਗ ਲੋਕਾਂ ਦੇ ਇਕੱਠੇ ਜੀਣ ਦੇ ਹੱਕ ਦਾ ਬੇਰਹਿਮ ਅਤੇ ਖੁੱਲ੍ਹੇਆਮ ਕਤਲ ਕਰ ਦਿੰਦੀਆਂ ਹਨ। ਘਰ ਤੋਂ ਲੈ ਕੇ ਕੰਮ ਦੀ ਥਾਂ ਤਕ ਔਰਤਾਂ ਨੂੰ ਇਕ ਹੀ ਦਿਨ 'ਚ ਅਨੇਕਾਂ ਵਾਰੀ ਬੇਇੱਜ਼ਤੀ ਅਤੇ ਵਿਤਕਰੇ ਦਾ ਸ਼ਿਕਾਰ ਬਣਨਾ ਪੈਂਦਾ ਹੈ। ਸਾਖਰਤਾ ਵੱਧਣ ਦੇ ਨਾਲ-ਨਾਲ ਘਰੇਲੂ ਹਿੰਸਾ, ਦਾਜ, ਕੰਨਿਆ ਭਰੂਣ ਹੱਤਿਆ ਅਤੇ ਹਾਲ-ਫ਼ਿਲਹਾਲ ਉਜਾਗਰ ਹੋਈਆਂ ਲਿੰਗ ਬਦਲੀ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਜਾਤਵਾਦੀ ਦਾਬੇ ਅਤੇ ਵਿਤਕਰੇ 'ਤੇ ਸੰਵਿਧਾਨ ਅਤੇ ਕਾਨੂੰਨ ਰਾਹੀਂ ਰੋਕ ਹੋਣ ਦੇ ਬਾਵਜੂਦ ਆਮ ਲੋਕਾਂ ਦੇ ਜੀਵਨ ਵਿਚ ਹਰ ਥਾਂ ਮੌਜੂਦ ਹਨ। ਹੋ ਸਕਦਾ ਹੈ ਕਿ ਇਕ ਵਾਰੀ ਸਾਡੇ 'ਚੋਂ ਬਹੁਤ ਸਾਰੇ ਲੋਕਾਂ ਨੂੰ ਅਜਿਹਾ ਲੱਗੇ ਕਿ ਜਮਹੂਰੀ ਹੱਕਾਂ ਦੀ ਲਹਿਰ ਦਾ ਇਨ੍ਹਾਂ ਸਮੱਸਿਆਵਾਂ ਨਾਲ ਕੀ ਵਾਹ। ਪਰ ਸਾਨੂੰ ਬਹੁਤ ਡੂੰਘਾਈ ਵਿਚ ਜਾ ਕੇ ਇਹ ਅਹਿਸਾਸ ਕਰਨਾ ਹੋਵੇਗਾ ਕਿ ਇਸ ਤਰ੍ਹਾਂ ਦੀ ਨਾ-ਬਰਾਬਰੀ ਅਤੇ ਉਸ 'ਤੇ ਅਧਾਰਤ ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਵਖਰੇਵੇਂ ਦੀਆਂ ਅਜਿਹੀਆਂ ਕੰਧਾਂ ਖੜ੍ਹੀਆਂ ਕਰਦੀਆਂ ਹਨ, ਜਿਹੜੀਆਂ ਜਮਹੂਰੀ ਹੱਕਾਂ ਦੀ ਲਹਿਰ ਨੂੰ ਵਿਆਪਕ ਲੋਕ ਆਧਾਰ ਵਾਲੀ ਲਹਿਰ ਨਹੀਂ ਬਣਨ ਦਿੰਦੀਆਂ। ਅਜਿਹੀ ਹਾਲਤ ਵਿਚ ਭਾਰਤ ਦੀ ਜਮਹੂਰੀ ਹੱਕਾਂ ਦੀ ਲਹਿਰ ਨਾਲ ਸਰੋਕਾਰ ਰੱਖਣ ਵਾਲੇ ਸਾਰੇ ਲੋਕਾਂ ਲਈ ਜ਼ਰੂਰੀ ਹੈ ਕਿ ਅਸੀਂ ਜਮਹੂਰੀ ਹੱਕਾਂ ਦੇ ਪਰਿਪੇਖ ਵਿਚ ਭਾਰਤੀ ਸਮਾਜ ਵਿਚ ਗ਼ੈਰ-ਜਮਹੂਰੀ ਪ੍ਰਵਿਰਤੀਆਂ, ਸੰਸਥਾਵਾਂ ਦੀ ਭੂਮਿਕਾ ਦੀ ਅਤੇ ਉਨ੍ਹਾਂ ਦੀ ਮੌਜੂਦਗੀ ਦੇ ਕਾਰਨਾਂ ਦੀ ਸਹੀ ਜਾਣਕਾਰੀ ਵਿਕਸਤ ਕਰੀਏ ਅਤੇ ਇਨ੍ਹਾਂ ਨਾਲ ਨਜਿੱਠਣ ਦੀ ਲੰਮੇ ਦਾਅ ਦੀ ਯੁੱਧਨੀਤੀ 'ਤੇ ਵਿਚਾਰ ਵਟਾਂਦਰਾ ਕਰੀਏ।

ਇਸ ਤੋਂ ਪਹਿਲਾਂ ਕਿ ਅਸੀਂ ਅੱਗੇ ਵਧੀਏ, ਸਾਨੂੰ ਇਤਿਹਾਸਕ ਪਰਿਪੇਖ ਲੈ ਕੇ ਭਾਰਤੀ ਸਮਾਜ ਵਿਚ ਗ਼ੈਰ-ਜਮਹੂਰੀ ਕੀਮਤਾਂ ਅਤੇ ਮੱਧਯੁੱਗੀ ਸੰਸਥਾਵਾਂ-ਕਦਰਾਂ ਦੀ ਹੁਣ ਤਕ ਮੌਜੂਦਗੀ ਦੇ ਕਾਰਨਾਂ ਦੀ ਪੜਤਾਲ ਕਰਨੀ ਹੋਵੇਗੀ। ਪੱਛਮ ਦੇ ਸਮਾਜਾਂ ਦੀ ਤੁਲਨਾ ਕਰਨ 'ਤੇ ਅਸੀਂ ਵੇਖਦੇ ਹਾਂ ਕਿ ਭਾਰਤ 'ਚ ਮੁੜ ਜਾਗਰਣ-ਪ੍ਰਬੋਧਨ (ਗਿਆਨ ਪ੍ਰਸਾਰ) ਦੀ ਮੁਕੰਮਲ ਇਤਿਹਾਸਕ ਪ੍ਰਕਿਰਿਆ ਦੀ ਬੇਹੱਦ ਕਮੀ ਰਹੀ ਹੈ। ਸਮੇਂ ਸਮੇਂ 'ਤੇ ਅਜਿਹੀਆਂ ਲਹਿਰਾਂ ਜਾਂ ਵਿਰੋਧ ਦੇ ਸੁਰ ਜ਼ਰੂਰ ਉਭਰੇ, ਜਿਨ੍ਹਾਂ ਦੇ ਬਾਅਦ ਦੇ ਸੰਸਕਰਣ ਜੇਕਰ ਵਿਕਸਤ ਹੋਏ ਤਾਂ ਭਾਰਤੀ ਸਮਾਜ ਵਿਚ ਤਰਕਸ਼ੀਲਤਾ ਅਤੇ ਆਧੁਨਿਕਤਾ-ਬੋਧ ਦਾ ਸੰਚਾਰ ਕਰ ਸਕਦੇ ਸਨ। ਨਿਰਗੁਣ ਭਗਤੀ ਲਹਿਰ ਵਿਚ ਜਾਤੀਵਾਦੀ ਭੇਦਭਾਵ ਵਿਰੁੱਧ ਵੱਖ ਵੱਖ ਰੂਪਾਂ ਵਿਚ ਆਵਾਜ਼ ਉਠਦੀ ਦਿਖਾਈ ਪੈਂਦੀ ਹੈ। ਅੱਜ ਅਸੀਂ ਇਹ ਨਹੀਂ ਕਹਿ ਸਕਦੇ ਕਿ ਜੇਕਰ ਭਾਰਤ ਦਾ ਬਸਤੀਵਾਦੀਕਰਨ ਨਹੀਂ ਹੋਇਆ ਹੁੰਦਾ ਤਾਂ ਨਿਰਗੁਣ ਭਗਤੀ ਲਹਿਰ ਦੀ ਵਾਰਸ ਲਹਿਰ ਕਿਸ ਰੂਪ ਵਿਚ ਵਿਕਸਤ ਹੋਈ ਹੁੰਦੀ, ਪਰ ਇਸ ਦੀ ਬਹੁਤ ਸੰਭਾਵਨਾ ਸੀ ਕਿ ਆਪਣੀ ਆਪ-ਮੁਹਾਰੇ ਅੰਦਰੂਨੀ ਗਤੀ ਨਾਲ ਉਪਜੀ ਇਹ ਸਮਾਜ ਸੁਧਾਰ ਲਹਿਰ ਪੱਛਮ ਦੀ ਤਰ੍ਹਾਂ ਨਹੀਂ ਤਾਂ ਹੋਰ ਕਿਸੇ ਮੌਲਿਕ ਰੂਪਾਂ ਅਤੇ ਰਾਹਾਂ ਨਾਲ ਮੱਧਯੁੱਗੀ ਜੜ੍ਹਤਾ ਨੂੰ ਤੋੜ ਕੇ ਤਰਕਸ਼ੀਲਤਾ, ਆਧੁਨਿਕਤਾ-ਬੋਧ ਅਤੇ ਜਮਹੂਰੀ ਕਦਰਾਂ-ਕੀਮਤਾਂ ਦਾ ਸੰਚਾਰ ਕਰ ਸਕਦੀ ਸੀ। ਉਂਜ ਤਾਂ ਇਹ ਸਾਰੇ ਉੱਤਰ ਬਸਤੀਵਾਦੀ, ਖੇਤੀ ਪ੍ਰਧਾਨ ਸਮਾਜਾਂ 'ਤੇ ਲਾਗੂ ਹੁੰਦਾ ਹੈ, ਪਰ ਭਾਰਤੀ ਸਮਾਜ ਦਾ ਇਹ ਸਮਾਜਕ-ਸਭਿਆਚਾਰਕ ਸੱਖਣਾਪਣ ਜ਼ਿਆਦਾ ਡੂੰਘਾ ਅਤੇ ਵਿਆਪਕ ਹੈ। 200 ਸਾਲ ਦੀ ਬਸਤੀਵਾਦੀ ਗੁਲਾਮੀ ਅਤੇ ਆਰਥਕ ਲੁੱਟ ਨੇ ਭਾਰਤੀ ਸਮਾਜ ਦੇ ਸਿਹਤਮੰਦ ਅੰਦਰੂਨੀ ਵਿਕਾਸ ਨੂੰ ਅਤੇ ਇਸ ਦੇ ਸਿੱਟੇ ਵਜੋਂ ਸਮਾਜਕ ਚੇਤਨਾ ਦੇ ਵਿਕਾਸ ਨੂੰ ਵੀ ਰੋਕਿਆ ਹੈ। ਆਜ਼ਾਦੀ ਮਗਰੋਂ ਉਪਰੰ, ਕ੍ਰਮਵਾਰ ਢੰਗ ਨਾਲ ਸਰਮਾਏਦਾਰੀ ਦਾ ਵਿਕਾਸ ਤਾਂ ਹੋਇਆ ਪਰ ਸਮਾਜਕ ਤਾਣੇ-ਬਾਣੇ 'ਚ ਮੱਧਯੁੱਗੀ-ਜਗੀਰੂ ਕਦਰਾਂ-ਕੀਮਤਾਂ ਬਣੀਆਂ ਰਹੀਆਂ। ਖ਼ੁਦ ਭਾਰਤ ਦੇ ਸੰਵਿਧਾਨ ਦੀ ਉਸਾਰੀ ਹੀ ਜਮਹੂਰੀ ਤਰੀਕੇ ਨਾਲ ਨਹੀਂ ਹੋਈ, ਜਿਸ ਦਾ ਸਿੱਟਾ ਇਸੇ ਰੂਪ ਵਿਚ ਸਾਹਮਣੇ ਆਉਣਾ ਸੀ ਕਿ ਕੁਲ ਮਿਲਾ ਕੇ ਸੰਵਿਧਾਨ 1935 ਦੇ ਗਵਰਨਮੈਂਟ ਆਫ਼ ਇੰਡੀਆ ਐਕਟ ਦਾ ਹੀ ਸੋਧਿਆ ਅਤੇ ਵਧਵਾਂ ਸੰਸਕਰਣ ਸੀ। ਲਗਭਗ 80 ਫ਼ੀਸਦੀ ਕਾਨੂੰਨ ਅੰਗਰੇਜ਼ੀ ਹਕੂਮਤ ਰਾਹੀਂ ਭਾਰਤ ਦੇ ਗੁਲਾਮ ਲੋਕਾਂ ਲਈ ਬਣਾਏ ਗਏ ਕਾਨੂੰਨ ਸਨ। ਅੱਜ ਵੀ ਲੋਕਾਂ ਦੇ ਨਾਗਰਿਕ ਅਤੇ ਜਮਹੂਰੀ ਹੱਕਾਂ 'ਤੇ ਹਮਲਾ ਕਰਨ ਲਈ ਭਾਰਤ ਦੀ ਹਾਕਮ ਜਮਾਤ ਬਸਤੀਵਾਦੀ ਦੌਰ ਦੇ ਰਾਜਧਰੋਹ ਕਾਨੂੰਨ ਅਤੇ ਭੂਮੀ 'ਤੇ ਕਬਜ਼ਾ ਦੇ ਕਾਨੂੰਨਾਂ ਦੀ ਵਰਤੋਂ ਕਰਦੀ ਹੈ। ਸੀ.ਆਰ.ਪੀ.ਸੀ., ਆਈ.ਪੀ.ਸੀ., ਜੇਲ੍ਹ ਮੈਨੂਅਲ, ਪੁਲੀਸ ਮੈਨੂਅਲ, ਇਨ੍ਹਾਂ ਸਭ ਦੀਆਂ ਜੜ੍ਹਾਂ ਅੱਜ ਵੀ ਬਸਤੀਵਾਦੀ ਦੌਰ ਦੇ ਕਾਨੂੰਨਾਂ ਵਿਚ ਹਨ। ਕਹਿਣ ਦੀ ਲੋੜ ਨਹੀਂ ਕਿ ਬਸਤਵਾਦੀ ਸਿਆਸੀ ਬੋਧਿਕ ਸਰੰਚਨਾ ਦੀ ਵਿਰਾਸਤ ਨਾਲੋਂ ਰੈਡੀਕਲ ਤੋੜ ਵਿਛੋੜਾ ਕਰਨ ਦੀ ਬਜਾਏ ਆਜ਼ਾਦੀ ਮਗਰੋਂ ਸੱਤਾ 'ਤੇ ਕਾਬਜ਼ ਹੋਣ ਵਾਲੇ ਦੇਸੀ ਹਾਕਮਾਂ ਨੇ ਉਸ ਨੂੰ ਆਪਣੇ ਹਿੱਤਾਂ ਦੇ ਅਨੁਕੂਲ ਹੀ ਪਾਇਆ ਹੈ।

ਨਿਰੰਤਰਤਾ ਦਾ ਇਹ ਪੱਖ ਸਿਰਫ਼ ਸਿਆਸਤ ਅਤੇ ਸ਼ਾਸਨ-ਪ੍ਰਸ਼ਾਸਨ ਦੇ ਦਾਇਰੇ ਤਕ ਹੀ ਸੀਮਤ ਨਹੀਂ ਰਿਹਾ ਹੈ, ਸਗੋਂ ਸਮੁੱਚਤਾ 'ਚ ਆਜ਼ਾਦੀ ਮਗਰੋਂ ਵੀ ਪੂਰੇ ਦੇਸ਼ ਦੇ ਸਮਾਜਕ ਜੀਵਨ ਵਿਚ ਬਸਤੀਵਾਦੀ ਅਤੇ ਮੱਧਯੁੱਗੀ ਕਦਰਾਂ ਕੀਮਤਾਂ ਦੀ ਲਗਾਤਾਰਤਾ ਕਾਫ਼ੀ ਹੱਦ ਤਕ ਮੌਜੂਦ ਰਹੀ ਹੈ। ਭਾਰਤ ਦੇ ਮੁਕੰਮਲ ਬਸਤੀਕਰਨ ਮਗਰੋਂ ਕੌਮੀ ਮੁਕਤੀ ਲਹਿਰ ਦੇ ਦੌਰ ਵਿਚ ਸਮਾਜਕ ਸੁਧਾਰਾਂ ਦੇ ਯਤਨ ਦਿਖਾਈ ਪੈਂਦੇ ਹਨ ਅਤੇ ਧਾਰਮਕ ਅੰਧਵਿਸ਼ਵਾਸਾਂ, ਜਾਤੀਵਾਦੀ ਭੇਦ-ਭਾਵ ਅਤੇ ਔਰਤਾਂ ਦੀ ਮਾੜੀ ਹਾਲਤ ਵਿਰੁੱਧ ਕੁਝ ਜੁਝਾਰੂ ਸਮਾਜਕ ਲਹਿਰਾਂ ਜਥੇਬੰਦ ਹੋਈਆਂ। ਪਰ ਇਕ ਤਾਂ ਇਹ ਧਾਰਾ ਬਹੁਤ ਮੰਦ ਸੀ, ਦੂਜਾ ਕੌਮੀ ਮੁਕਤੀ ਲਹਿਰ ਦੌਰਾਨ ਬਸਤੀਵਾਦੀ ਸੱਤਾ ਵਿਰੁੱਧ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਅਕਸਰ ਅਤੀਤ ਦਾ ਹੋਕਾ ਦਿੱਤਾ ਗਿਆ, ਆਧੁਨਿਕਤਾ ਅਤੇ ਜੁਝਾਰੂ ਪਦਾਰਥਵਾਦੀ ਸੰਸਾਰ ਨਜ਼ਰੀਆ ਵਿਕਸਤ ਕਰਨ ਦੀ ਬਜਾਏ ਧਾਰਮਕ ਪ੍ਰਤੀਕਾਂ ਦਾ ਸਹਾਰਾ ਲਿਆ ਗਿਆ ਅਤੇ ਧਾਰਮਕ ਕਦਰਾਂ-ਕੀਮਤਾਂ ਦਾ ਆਦਰਸ਼ੀਕਰਨ ਕੀਤਾ ਗਿਆ। ਆਜ਼ਾਦੀ ਮਿਲਣ ਤੋਂ ਪਹਿਲਾਂ ਅਤੇ ਮਗਰੋਂ ਰੈਡੀਕਲ ਤਬਦੀਲੀ ਦੀ ਗੱਲ ਕਰਨ ਵਾਲੀਆਂ ਸਿਆਸੀ ਧਾਰਾਵਾਂ ਦ੍ਰਿਸ਼ 'ਤੇ ਮੌਜੂਦ ਰਹੀਆਂ ਹਨ ਪਰ ਉਨ੍ਹਾਂ ਨੇ ਵੀ ਜੁਝਾਰੂ ਸਮਾਜਕ ਸਭਿਆਚਾਰਕ ਸੁਧਾਰ ਲਹਿਰ ਦੇ ਮਹੱਤਵ 'ਤੇ ਉਚਿਤ ਜ਼ੋਰ ਨਹੀਂ ਦਿੱਤਾ ਅਤੇ ਇਹ ਗੱਲ ਕਹਿਣੀ ਵਧਵੀਂ ਨਹੀਂ ਹੋਵੇਗੀ ਕਿ ਉਹ ਅਜਿਹੀ ਲਹਿਰ ਜਥੇਬੰਦ ਕਰਨ ਵਿਚ ਅਸਫ਼ਲ ਰਹੇ। ਉਪਰੋਕਤ ਹਾਲਤਾਂ ਦੇ ਸਿੱਟੇ ਵਜੋਂ ਕੌਮੀ ਲਹਿਰ ਅਤੇ ਉਸ ਮਗਰੋਂ ਭਾਰਤੀ ਸਮਾਜ ਵਿਚ ਜਮਹੂਰੀ ਕਦਰਾਂ-ਕੀਮਤਾਂ, ਪਦਾਰਥਵਾਦੀ ਚੇਤਨਾ ਅਤੇ ਤਰਕਸ਼ੀਲਤਾ ਦੀ ਜ਼ਮੀਨ ਕਮਜ਼ੋਰ ਰਹੀ।

1947 ਮਗਰੋਂ ਭਾਰਤ ਵਿਚ ਕ੍ਰਮਵਾਰ ਧੀਮੀ ਗਤੀ ਨਾਲ ਜਿਹੜਾ ਸਰਮਾਏਦਾਰਾ ਵਿਕਾਸ ਹੋਇਆ, ਉਸ ਨੇ ਸਾਰੇ ਪੂਰਵ-ਸਰਮਾਏਦਾਰ, ਮੱਧਯੁੱਗੀ, ਨਿਰਕੁੰਸ਼ ਆਪਹੁਦਰੀਆਂ ਸਮਾਜਕ ਸੰਸਥਾਵਾਂ ਅਤੇ ਕੀਮਤਾਂ ਨੂੰ ਤੋੜਨ-ਮਿਟਾਉਣ ਦੀ ਬਜਾਏ ਥੋੜ੍ਹਾ ਸੋਧ ਕੇ ਅਪਣਾ ਲਿਆ। ਜਾਤ ਅਤੇ ਲਿੰਗ ਅਧਾਰਤ ਵਖਰੇਵੇਂ ਅਤੇ ਦਾਬੇ, ਗ਼ੈਰ-ਤਰਕਸ਼ੀਲਤਾ ਅਤੇ ਮੱਧਯੁੱਗੀ ਨਿਰਕੁੰਸ਼ਤਾ ਦੇ ਪੁਰਾਣੇ ਰੂਪਾਂ ਤੋਂ ਇਲਾਵਾ ਨਵੇਂ ਰੂਪ ਵੀ ਹੋਂਦ ਵਿਚ ਆਏ। ਕੌਮੀ ਲਹਿਰ ਦੇ ਦੌਰ ਵਿਚ ਰੈਡੀਕਲ ਜਮਹੂਰੀ ਚੇਤਨਾ ਅਤੇ ਰੈਡੀਕਲ ਸਮਾਜਕ ਸੁਧਾਰਾਂ ਦੀ ਜਿਹੜੀ ਨਵੀਂ ਕਮਜ਼ੋਰ ਧਾਰਾ ਮੌਜੂਦ ਸੀ, ਉਹ ਵੀ ਆਜ਼ਾਦੀ ਮਗਰੋਂ ਟੁੱਟ ਖਿੰਡ ਗਈ। ਸਰਮਾਏਦਾਰਾ ਵਿਕਾਸ ਦੀ ਆਜ਼ਾਦ ਗਤੀ ਨੇ ਸਮਾਜਕ ਜੀਵਨ ਵਿਚ ਇਕ ਪਾਸੇ ਕੁਝ ਹੱਦ ਤਕ ਆਧੁਨਿਕਤਾ-ਬੋਧ ਪੈਦਾ ਕੀਤਾ ਹੈ ਪਰ ਉਸ ਨੇ ਪੁਰਾਣੀਆਂ ਸਮਾਜਕ ਸੰਸਥਾਵਾਂ ਖ਼ਾਸ ਤੌਰ 'ਤੇ ਜਾਤ ਅਤੇ ਲਿੰਗ ਅਧਾਰਤ ਦਾਬੇ ਦੇ ਮੱਧਯੁੱਗੀ ਕਲਾਸਕੀ ਭਾਰਤੀ ਰੂਪਾਂ ਨੂੰ ਬਹੁਤ ਸੱਟ ਨਹੀਂ ਮਾਰੀ। ਭਾਰਤ ਦੇ ਸਮਾਜਕ ਸੰਰਚਨਾ ਦੇ ਪੋਟੇ ਪੋਟੇ ਵਿਚ ਨਿਰਕੁੰਸ਼, ਅਰਧ-ਫ਼ਾਸ਼ੀਵਾਦੀ ਪ੍ਰਵਿਰਤੀਆਂ ਅੱਜ ਵੀ ਮੌਜੂਦ ਹਨ। ਬੁਰਜੂਆ ਸਿਆਸਤ ਦੀ ਪਤਨਸ਼ੀਲਤਾ ਨੇ ਇਕ ਪਾਸੇ ਜਾਤਵਾਦੀ, ਧਾਰਮਕ, ਭਾਸ਼ਾਈ ਸੰਕੀਰਣਤਾ ਆਦਿ ਦੇ ਮਾਰੂ ਪ੍ਰੇਤਾਂ ਨੂੰ ਨਿੱਤ ਨਵੇਂ ਰੂਪਾਂ ਵਿਚ ਜਨਮ ਦਿੱਤਾ ਹੈ, ਉੱਥੇ ਦੂਜੇ ਪਾਸੇ ਖਪਤਵਾਦੀ ਸਭਿਆਚਾਰ ਦੇ ਹਮਲੇ ਨੇ ਲੋਕਾਂ ਦਰਮਿਆਨ ਖੂਹ ਦਾ ਡੱਡੂਪੁਣਾ ਅਤੇ ਗ਼ੈਰ ਤਰਕਸ਼ੀਲਤਾ ਦਾ ਪ੍ਰਚਾਰ-ਪ੍ਰਸਾਰ ਕੀਤਾ ਹੈ। ਜਿੱਥੇ ਆਮ ਸਮਾਜ ਦੇ ਲੋਕ ਬੇਹੱਦ ਗ਼ੈਰ-ਜਮਹੂਰੀ, ਗ਼ੈਰ-ਤਰਕਸ਼ੀਲ ਸਮਾਜਕ ਕਦਰਾਂ-ਕੀਮਤਾਂ ਅਧੀਨ ਰੋਜ਼ਮਰ੍ਹਾ ਦਾ ਜੀਵਨ ਜੀਂਦੇ ਹਨ, ਉੱਥੇ ਨਾ ਕੇਵਲ ਜ਼ਾਬਰ ਰਾਜ ਮਸ਼ੀਨਰੀ ਦਾ ਸਮਾਜਕ ਆਧਾਰ ਮਜ਼ਬੂਤ ਹੁੰਦਾ ਹੈ, ਸਗੋਂ ਧਾਰਮਕ ਕੱਟੜਪੰਥ ਦੇ ਰੂਪ ਵਿਚ ਫ਼ਾਸ਼ੀਵਾਦੀ ਪ੍ਰਵਿਰਤੀਆਂ ਨੂੰ ਵੀ ਪਨਪਣ ਦਾ ਆਧਾਰ ਮਿਲਦਾ ਹੈ। ਧਾਰਮਕ ਕੱਟੜਪੰਥੀ ਫ਼ਾਸ਼ੀਵਾਦ ਵਿੱਤੀ ਪੂੰਜੀ ਦੀ ਸਭ ਤੋਂ ਵੱਧ ਪਿਛਾਖੜੀ ਸਿਆਸੀ ਧਾਰਾ ਦੀ ਨੁਮਾਇੰਦਗੀ ਕਰਦਾ ਹੈ ਅਤੇ ਪਿਛੜੇ ਸਮਾਜਾਂ ਵਿਚ ਮੌਜੂਦ ਗ਼ੈਰ-ਜਮਹੂਰੀ ਸੰਸਥਾਵਾਂ ਅਤੇ ਮੱਧਯੁੱਗੀ ਕਦਰਾਂ-ਕੀਮਤਾਂ ਉਸ ਦੇ ਸਮਾਜਕ ਆਧਾਰ ਦਾ ਕੰਮ ਕਰਦੀਆਂ ਹਨ।

ਜ਼ਾਹਰ ਹੈ ਕਿ ਅੱਜ ਜਮਹੂਰੀ ਹੱਕਾਂ ਦੀ ਲਹਿਰ ਸਮਾਜਕ ਤੱਤ ਅਤੇ ਸਮਾਜਕ ਬਣਤਰ ਦਾ ਡੂੰਘਾ ਵਿਸ਼ਲੇਸ਼ਣ ਕਰਨਾ ਹੋਵੇਗਾ। ਭਾਰਤ ਵਰਗੇ ਉੱਤਰ-ਬਸਤੀਵਾਦੀ, ਖੇਤੀ ਪ੍ਰਧਾਨ ਸਮਾਜਾਂ ਵਿਚ ਜਮਹੂਰੀ ਹੱਕਾਂ ਦੀ ਲਹਿਰ ਦਾ ਇਕ ਪੱਖ ਰੈਡੀਕਲ ਸਮਾਜ ਸੁਧਾਰ ਲਹਿਰ ਦਾ ਵੀ ਹੋਵੇਗਾ। ਇਹ ਅਤੀਤ ਦਾ ਬਚਿਆ ਹੋਇਆ ਕੰਮ ਹੈ, ਜਿਸ ਨੂੰ ਹੁਣ ਜਮਹੂਰੀ ਹੱਕਾਂ ਦੀ ਲਹਿਰ ਦੇ ਦਾਇਰੇ ਵਿਚ ਹੀ ਪੂਰਾ ਕਰਨਾ ਹੋਵੇਗਾ, ਜੇਕਰ ਰਾਜਸੱਤਾ ਦੀ ਨਿਰਕੁੰਸ਼ਤਾ, ਆਪਹੁਦਰੇਪਣ ਵਿਰੁੱਧ ਸੰਘਰਸ਼ ਕਰਨਾ ਹੈ ਤਾਂ ਉਸ ਨੂੰ ਸਮਾਜਕ-ਸਭਿਆਚਾਰਕ ਨਿਰਕੁੰਸ਼ਤਾ ਅਤੇ ਆਪਹੁਦਰੇਪਣ ਵਿਰੁੱਧ ਵੀ ਸੰਘਰਸ਼ ਦਾ ਮੋਰਚਾ ਖੋਲ੍ਹਣਾ ਪਏਗਾ। ਅੱਜ ਜ਼ਰੂਰੀ ਹੈ ਕਿ ਜਮਹੂਰੀ ਹੱਕਾਂ ਦੀ ਲਹਿਰ ਨੂੰ ਬੌਧਿਕ ਦਾਇਰੇ ਤੋਂ ਬਾਹਰ ਆਮ ਲੋਕਾਂ ਦਰਮਿਆਨ ਲਿਆਇਆ ਜਾਵੇ। ਇਸ ਨੂੰ ਸਿਰਫ਼ ਕੁਝ ਘਟਨਾਵਾਂ ਜਾਂ ਮੁੱਦਿਆਂ 'ਤੇ ਪਟੀਸ਼ਨ ਦਾਇਰ ਕਰਨ ਦੀ ਕਾਰਵਾਈਆਂ ਤਕ ਸੀਮਤ ਨਾ ਰਹਿ ਕੇ ਆਮ ਲੋਕਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਕਦਮ-ਬ-ਕਦਮ ਹੋਣ ਵਾਲੇ ਜਮਹੂਰੀ ਹੱਕਾਂ ਦੇ ਡਾਕੇ ਵਿਰੁੱਧ ਵਿਆਪਕ ਲੋਕ ਆਧਾਰ ਵਾਲੀ ਲਹਿਰ ਹੋਣਾ ਚਾਹੀਦਾ ਹੈ। ਜਮਹੂਰੀ ਹੱਕਾਂ ਦੀ ਲਹਿਰ ਨੂੰ ਕਾਲੇ ਕਾਨੂੰਨਾਂ ਦੇ ਵਿਰੋਧ ਅਤੇ ਰਾਜਸੱਤਾ ਦੀਆਂ ਜ਼ਾਬਰ ਕਾਰਵਾਈਆਂ ਵਿਰੁੱਧ ਆਵਾਜ਼ ਚੁੱਕਣ ਵਰਗੇ ਬੇਹੱਦ ਜ਼ਰੂਰੀ ਕੰਮਾਂ ਤੋਂ ਇਲਾਵਾ ਲੋਕਾਂ ਨੂੰ ਚੇਤੰਨ ਅਤੇ ਸਿੱਖਿਅਤ ਕਰਨ ਦੀ ਲੰਮੀ ਯੋਜਨਾ ਅਤੇ ਯੁੱਧਨੀਤੀ ਬਣਾਉਣੀ ਹੋਵੇਗੀ। ਉਸ ਨੂੰ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਦੇ ਵਿਚਾਰਕ-ਸਭਿਆਚਾਰਕ ਵਿਕਾਸ ਦਾ ਕੰਮ ਕਰਨਾ ਹੋਵੇਗਾ ਅਤੇ ਗ਼ੈਰ-ਜਮਹੂਰੀ ਸਮਾਜਕ ਸੰਸਥਾਵਾਂ ਅਤੇ ਸਮਾਜਕ ਦਾਬੇ ਦੇ ਵੰਨ-ਸੁਵੰਨੇ ਰੂਪਾਂ ਵਿਰੁੱਧ ਵੀ ਬੁਨਿਆਦੀ ਪੱਧਰ 'ਤੇ ਜ਼ੇਰੇ ਨਾਲ ਲੋਕਾਂ ਨੂੰ ਜਥੇਬੰਦ ਕਰਨਾ ਹੋਵੇਗਾ। ਇਹ ਲਮਕਵੇਂ ਅਤੇ ਬਹੁਭਾਂਤੇ ਪ੍ਰਚਾਰਮੁਖੀ ਘੋਲਮੁਖੀ ਸਿਆਸੀ-ਸਭਿਆਚਾਰਕ-ਸਮਾਜਕ ਕਾਰਜ ਦੀ ਮੰਗ ਕਰਦਾ ਹੈ। ਸਮਾਜਕ ਜੀਵਨ ਵਿਚ ਮੌਜੂਦ ਗ਼ੈਰ ਜਮਹੂਰੀ ਪ੍ਰਵਿਰਤੀਆਂ ਖ਼ਿਲਾਫ਼ ਲੋਕਾਂ ਦੇ ਆਧਾਰ ਵਾਲੀ ਲਹਿਰ ਖੜੀ ਕੀਤੇ ਬਗ਼ੈਰ ਰਾਜਸੱਤਾ ਖ਼ਿਲਾਫ਼ ਲੋਕਾਂ ਦੇ ਜਮਹੂਰੀ ਹੱਕਾਂ ਦੀ ਲੜਾਈ ਨੂੰ ਉਸ ਦੇ ਤਰਕਸ਼ੀਲ ਸਿੱਟੇ 'ਤੇ ਨਹੀਂ ਪਹੁੰਚਾਇਆ ਜਾ ਸਕਦਾ।




## ਮਲਾਕੰਡ ਤੋਂ ਜੀਂਦ ਤਕ

# ਤਾਲਿਬਾਨ ਅਤੇ ਖਾਪ ਪੰਚਾਇਤਾਂ ਵਿਚ ਹੈਰਾਨੀਜਨਕ ਸਮਾਨਤਾ - ਦੋਵੇਂ ਔਰਤ ਵਿਰੋਧੀ

ਪਾਕਿਸਤਾਨ ਦੇ ਪੱਛਮੀ ਸਰਹੱਦੀ ਖੇਤਰ ਖ਼ੈਬਰ ਪਖ਼ਤੂਨਖ਼ਵਾਹ ਵਿਚ ਤਾਲਿਬਾਨ ਨੇ 14 ਵਰ੍ਹਿਆਂ ਦੀ ਬੱਚੀ ਮਲਾਲਾ ਯੂਸੁਫ਼ਜ਼ਈ ਨੂੰ ਜਿਸ ਤਰ੍ਹਾਂ ਮਾਰਨ ਦਾ ਯਤਨ ਕਰ ਕੇ ਸਿੱਖਿਆ ਪ੍ਰਾਪਤ ਕਰਨ ਵਿਚ ਲੱਗੀਆਂ ਲੜਕੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਚੇਤਾਵਨੀ ਦੇਣ ਦੀ ਕੋਸ਼ਿਸ਼ ਕੀਤੀ ਹੈ, ਲਗਭਗ ਉਸੇ ਤਰ੍ਹਾਂ ਦੀ ਕੋਸ਼ਿਸ਼ ਸਾਡੀਆਂ ਖਾਪ ਪੰਚਾਇਤਾਂ ਨੇ ਲੜਕੀਆਂ ਨੂੰ ਬਲਾਤਕਾਰ ਅਤੇ ਯੌਨ ਸੋਸ਼ਣ ਤੋਂ ਬਚਾਉਣ ਲਈ ਛੇਤੀ ਤੋਂ ਛੇਤੀ ਵਿਆਹ ਕਰਨ ਦੇ ਤਰੀਕੇ ਦੀ ਵਕਾਲਤ ਕਰ ਕੇ ਕੀਤੀ ਹੈ। ਇਹ ਦੋਵੇਂ ਪ੍ਰੰਪਰਾਵਾਂ ਅਤੇ ਧਰਮ ਦੀ ਦੁਹਾਈ ਦਿੰਦੀਆਂ ਹਨ। ਤਹਿਰੀਕੇ ਤਾਲਿਬਾਨ ਪਾਕਿਸਤਾਨ (ਟੀ.ਟੀ.ਕੇ.) ਨੇ ਪੂਰੀ ਬੇਸ਼ਰਮੀ ਨਾਲ ਕਾਇਰਤਾਪੂਰਨ ਅਤੇ ਅਮਾਨਵੀ ਹਮਲੇ ਦੀ



ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਉਹ ਉਸ ਦੀ (ਮਲਾਲਾ ਦੀ) 'ਗ਼ੈਰ ਫ਼ਿਰਕੂ' ਮਾਨਸਿਕਤਾ ਦਾ ਵਿਰੋਧ ਕਰਦੇ ਹਨ। ਨਾਲ ਹੀ ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਕਿ ਕੁਰਾਨ ਅਨੁਸਾਰ ਉਸ ਦੀ ਸਿੱਖਿਆ ਪ੍ਰਾਪਤ ਕਰਨ ਦੀ ਚਾਹਤ ਇਸਲਾਮ ਵਿਰੋਧੀ ਹੈ। ਜਦਕਿ ਤੱਥ ਇਹ ਹੈ ਕਿ ਇਹ ਗ਼ਲਤ ਹੈ। ਕੁਰਾਨ ਕਿਤੇ ਵੀ ਅਜਿਹਾ ਨਹੀਂ ਕਹਿੰਦਾ। ਇਸ ਗੱਲ ਦੀ ਤਾਕੀਦ ਖ਼ੁਦ ਪਾਕਿਸਤਾਨ ਦੀ ਸੁੰਨੀ ਇਤਿਹਾਦੀ ਕੌਂਸਲ ਨੇ ਕੀਤੀ ਹੈ। ਉਸ ਨੇ ਕਿਹਾ, ''ਇਸਲਾਮ ਔਰਤਾਂ ਨੂੰ ਸਿੱਖਿਆ ਪ੍ਰਾਪਤ ਕਰਨ ਤੋਂ ਨਹੀਂ ਰੋਕਦਾ। ਹਮਲਾਵਰਾਂ ਨੇ ਇਸਲਾਮੀ ਹੁਦੂਦ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ।''

ਦੂਜੇ ਪਾਸੇ ਜੇਕਰ ਖਾਪ ਪੰਚਾਇਤਾਂ ਨੂੰ ਦੇਖਿਆ ਜਾਵੇ ਤਾਂ ਲੋਕਾਂ ਨੂੰ 'ਸਜ਼ਾ' ਦੇਣ ਲਈ ਗੋਤ ਅਤੇ ਪਰੰਪਰਾ ਦੀ ਦੁਹਾਈ ਦਿੰਦੀਆਂ ਹਨ। ਦੋਵਾਂ ਦੇ ਤਰੀਕੇ ਵੱਖ ਵੱਖ ਹੋ ਸਕਦੇ ਹਨ ਪਰ ਉਦੇਸ਼ ਇਕ ਹੀ ਹੈ :- ਲੜਕੀਆਂ ਨੂੰ ਸਿੱਖਿਆ ਪ੍ਰਾਪਤੀ ਤੋਂ ਵਾਂਝਾ ਕਰਨਾ ਯਾਨੀ ਉਨ੍ਹਾਂ ਦੇ ਵਿਅਕਤੀਤਵ ਦੇ ਵਿਕਾਸ ਕਰਨ ਦੇ ਰਸਤੇ ਬੰਦ ਕਰ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਮਾਜਕ ਭੂਮਿਕਾ ਨਿਭਾਉਣ ਤੋਂ ਰੋਕ ਕੇ ਘਰਾਂ ਤਕ ਸੀਮਤ ਕਰ ਦੇਣਾ ਹੈ। ਅਰਥਾਤ ਕੁੱਲ ਮਿਲਾ ਕੇ ਉਨ੍ਹਾਂ ਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਅਤੇ ਜੀਵਨ ਭਰ ਗੁਲਾਮ ਬਣਾਈ ਰੱਖਣਾ ਹੈ। ਬਲਾਤਕਾਰਾਂ ਨੂੰ ਰੋਕਣ ਲਈ ਛੇਤੀ ਤੋਂ ਛੇਤੀ ਵਿਆਹ (ਸਾਨੂੰ ਉਨ੍ਹਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਵਿਆਹ ਦੀ ਉਮਰ 18 ਸਾਲ ਤੋਂ ਘਟਾ ਕੇ 15 ਸਾਲ ਕਰਨ ਲਈ ਕਿਹਾ ਹੈ, ਉਹ ਇਸ ਨੂੰ 10-12 ਸਾਲ ਤਕ ਵੀ ਲੈ ਜਾ ਸਕਦੇ ਹਨ। ਆਖ਼ਰ ਮਨੋਸਿਮਰਿਤੀਆਂ ਇਹੀ ਕਹਿੰਦੀਆਂ ਹਨ।) ਕਰਨ ਦਾ ਸੁਝਾਅ ਹੋਰ ਕੀ ਦਸਦਾ ਹੈ? ਇਹ ਪੰਚਾਇਤਾਂ ਅਤੇ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣ ਦੀ ਬਜਾਏ ਅਜਿਹੇ ਸੁਝਾਅ ਦੇ ਰਹੇ ਹਨ ਜੋ ਇਹ ਸਿੱਧ ਕਰਨ ਵੱਲ ਜਾਂਦੇ ਹਨ ਕਿ ਮੰਨੋ ਬਲਾਤਕਾਰ ਲਈ ਖ਼ੁਦ ਔਰਤਾਂ ਹੀ ਜ਼ਿੰਮੇਵਾਰ ਹਨ। ਉਹ ਇਹ ਵੀ ਮੰਨਣ ਨੂੰ ਤਿਆਰ ਨਹੀਂ ਹਨ ਕਿ ਬਲਾਤਕਾਰੀ ਵਿਆਹੇ ਵੀ ਹੁੰਦੇ ਹਨ ਅਤੇ ਬਲਾਤਕਾਰ ਦਾ ਸ਼ਿਕਾਰ ਵਿਆਹੀਆਂ ਔਰਤਾਂ ਵੀ ਹੁੰਦੀਆਂ ਹਨ। ਫਿਰ ਬਲਾਤਕਾਰ ਸਿਰਫ਼ ਯੌਨ ਅਪਰਾਧ ਹੀ ਨਹੀਂ ਹੈ ਇਹ ਰਾਜਨੀਤਕ ਅਤੇ ਸਮਾਜਕ ਅਪਰਾਧ ਵੀ ਹੈ ਜਿਸ ਦੀ ਵਰਤੋਂ ਜਾਤੀ, ਸੰਪਰਦਾਇਕ ਜਾਂ ਫਿਰ ਕਿਸੇ ਵਿਅਕਤੀ/ਪਰਿਵਾਰ ਵਿਸ਼ੇਸ਼ ਨੂੰ ਸਜ਼ਾ ਦੇਣ ਲਈ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਕਿ ਜੀਂਦ ਜ਼ਿਲ੍ਹੇ ਦੇ ਪਿੰਡ ਸੱਚਾਖੇੜਾ ਦੇ ਇਕ ਦਲਿਤ ਪਰਿਵਾਰ ਦੀ 15 ਸਾਲਾ ਲੜਕੀ ਨਾਲ ਹੋਇਆ, ਜਿਸ ਦੇ ਪਿਤਾ ਨੇ ਮਜਬੂਰੀ ਵਿਚ ਆਤਮ ਹੱਤਿਆ ਕਰ ਲਈ ਸੀ।

ਅਸਲੀ ਗੱਲ ਇਹ ਹੈ ਕਿ ਸਵਾਤ ਦੀ ਟੀ.ਟੀ.ਕੇ., ਲਸ਼ਕਰੇ ਝੰਗਵੀ, ਜੁਨਦੁੱਲਾ ਅਤੇ ਅਫ਼ਗ਼ਾਨ ਹੱਕਾਨੀ ਵਰਗੇ ਸੰਗਠਨ ਅਤੇ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਖਾਪ ਪੰਚਾਇਤਾਂ, ਦੋਵੇਂ ਹੀ ਇਕ ਠਹਿਰੇ ਹੋਏ ਸਮਾਜ ਦੀ ਦੇਣ ਹਨ ਜੋ ਆਧੁਨਿਕੀਕਰਨ ਦਾ ਵਿਰੋਧ ਕਰ ਕੇ ਵਿਕਾਸ ਦੀ ਰਫ਼ਤਾਰ ਨੂੰ ਰੋਕਣਾ ਹੀ ਨਹੀਂ ਚਾਹੁੰਦੀਆਂ ਸਗੋਂ ਆਪਣੇ ਸਮਾਜਾਂ ਨੂੰ ਪਿਛਲੇ ਯੁੱਗ ਵੱਲ ਲੈ ਜਾਣਾ ਚਾਹੁੰਦੀਆਂ ਹਨ। ਬਰਬਰ ਕਬਾਇਲੀ ਮਾਨਸਿਕਤਾ ਦਾ ਸ਼ਿਕਾਰ ਇਨ੍ਹਾਂ ਲੋਕਾਂ ਤੋਂ ਸਿਰਫ਼ ਪ੍ਰਸ਼ਾਸਕੀ ਦਖ਼ਲ ਨਾਲ ਪਾਰ ਨਹੀਂ ਪਾਇਆ ਜਾ ਸਕਦਾ। ਇਹ ਗੱਲ ਮਾਮਲਾ ਯੂਸੁਫ਼ਜ਼ਈ ਦੇ ਮਾਮਲੇ ਤੋਂ ਜ਼ਿਆਦਾ ਵਧੀਆ ਤਰੀਕੇ ਨਾਲ ਸਮਝੀ ਜਾ ਸਕਦੀ ਹੈ।

ਪਾਕਿਸਤਾਨ ਦੀ ਹਾਲਤ ਇਸ ਸਮੇਂ ਇਹ ਹੈ ਕਿ ਮੁਸ਼ਕਲ ਨਾਲ ਹੀ ਉਥੇ ਅੱਧੀ ਜਨਤਾ ਪੜ੍ਹੀ ਲਿਖੀ ਹੈ। ਢਾਈ ਕਰੋੜ ਬੱਚੇ ਸਕੂਲ ਨਹੀਂ ਜਾਂਦੇ। 10 ਵਿਚੋਂ ਸ਼ਾਇਦ ਹੀ ਚਾਰ ਲੜਕੀਆਂ ਸਕੂਲ ਦਾ ਮੂੰਹ ਦੇਖਦੀਆਂ ਹੋਣ। ਪਿਛਲੇ ਪੰਜ ਸਾਲਾਂ ਵਿਚ ਤਾਲਿਬਾਨਾਂ ਨੇ ਦੋ ਹਜ਼ਾਰ ਸਕੂਲਾਂ ਨੂੰ ਉਡਾ ਦਿੱਤਾ ਹੈ। ਇਸ ਦੇ ਬਾਵਜੂਦ ਜੇਕਰ ਉਥੇ ਸਕੂਲ ਬੰਦ ਨਹੀਂ ਹੋਏ ਤੇ ਬੱਚੀਆਂ ਸਕੂਲ ਜਾ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਕਿ ਆਮ ਮਾਪੇ ਸਿੱਖਿਆ ਦੇ ਮਹੱਤਵ ਨੂੰ ਕਿਸ ਤਰ੍ਹਾਂ ਦੇਖਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਜਾਨ ਦੇ ਖ਼ਤਰੇ ਵਿਚ ਵੀ ਪਾ ਕੇ ਸਕੂਲ ਭੇਜ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਤਾਲਿਬਾਨ



ਲਗਾਤਾਰ ਕੋਸ਼ਿਸ਼ ਕਰ ਰਹੇ ਹਨ ਕਿ ਲੜਕੀਆਂ ਸਕੂਲ ਨਾ ਜਾਣ। ਅਫ਼ਗਾਨਿਸਤਾਨ ਵਿਚ ਤਾਂ ਉਨ੍ਹਾਂ ਨੇ ਲੜਕੀਆਂ ਦੇ ਸਕੂਲ ਦੇ ਪਾਣੀ ਵਿਚ ਜ਼ਹਿਰ ਹੀ ਮਿਲਾ ਦਿੱਤਾ ਸੀ। ਆਖ਼ਰ ਦੁਨੀਆ ਦੇ ਐਨੇ ਵੱਡੇ ਧਰਮ ਨੂੰ ਲੜਕੀਆਂ ਦੇ ਪੜ੍ਹ ਜਾਣ ਤੋਂ ਕੀ ਖ਼ਤਰਾ ਹੈ?

ਅਸਲ ਵਿਚ ਮਲਾਲਾ ਅਤੇ ਉਸ ਦੀ ਹਮਉਮਰ ਸਾਥਣਾਂ ਇਕ ਪਾਸੇ ਜਿਥੇ ਪਾਕਿਸਤਾਨ ਵਿਚ ਲੜਕੀਆਂ ਦੇ ਪੜ੍ਹਨ ਦੀ ਇੱਛਾ ਦਾ ਪ੍ਰਤੀਕ ਬਣੀਆਂ ਹਨ, ਦੂਜੇ ਪਾਸੇ ਉਨ੍ਹਾਂ ਨੇ ਧਾਰਮਕ ਕੱਟੜ ਪੰਥੀਆਂ ਦੀ ਹਿੰਸਕ ਅਤੇ ਆਦਮੀ ਮਨੋਬਿਰਤੀਆਂ ਨੂੰ ਇਕ ਹੱਦ ਤਕ ਸਪੱਸ਼ਟ ਕਰ ਦਿੱਤਾ ਹੈ। ਮਲਾਲਾ 'ਤੇ ਕਾਤਲਾਨਾ ਹਮਲਾ ਤਾਲਿਬਾਨ ਦੀ ਉਸ ਘਟੀਆ ਮਾਨਸਿਕਤਾ ਦਾ ਪ੍ਰਤੀਕ ਹੈ ਜੋ ਸਮਾਜ ਵਿਚ ਆਪਣੀ ਹੋਂਦ ਨੂੰ ਬਣਾਈ ਰੱਖਣ ਅਤੇ ਰਾਜਨੀਤਕ ਸੱਤਾ 'ਤੇ ਕਬਜ਼ਾ ਕਰਨ ਲਈ ਧਰਮ ਅਤੇ ਪ੍ਰੰਪਰਾਵਾਂ ਦਾ ਇਸ ਤਰ੍ਹਾਂ ਇਸਤੇਮਾਲ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਮਾਰਨ ਤਕ ਵਿਚ ਹਿਚਕਚਾਹਟ ਨਹੀਂ ਹੈ। ਇਹ ਇਕ ਅਰਥ ਵਿਚ ਉਨ੍ਹਾਂ ਦੀ ਬੌਖਲਾਹਟ ਨੂੰ ਵੀ ਦਰਸਾਉਂਦਾ ਹੈ।

ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਥੇ ਪਾਕਿਸਤਾਨੀ ਸਰਕਾਰ ਨੇ ਇਸ ਖੇਤਰ ਵਿਚ ਤਾਲਿਬਾਨੀਆਂ ਦੇ ਅੱਗੇ ਲਗਭਗ ਹਥਿਆਰ ਸੁੱਟੇ ਹੋਏ ਹਨ, ਉਥੇ ਮਲਾਲਾ ਅਤੇ ਉਸ ਦੇ ਨਾਲ ਦੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੀ ਹਿੰਮਤ ਦਿਖਾ ਕੇ ਅਤਿਵਾਦੀ ਤਾਲਿਬਾਨੀਆਂ ਨੂੰ ਬੇਆਵਾਜ਼ ਚੁਣੌਤੀ ਦਿੱਤੀ ਹੈ। ਦੂਜੇ ਪਾਸੇ ਸੱਚ ਇਹ ਹੈ ਕਿ ਤਾਲਿਬਾਨਾਂ ਵੱਲੋਂ ਤਬਾਹ ਕੀਤੇ ਗਏ ਇਕ ਵੀ ਸਕੂਲ ਦਾ ਸਰਕਾਰ ਨੇ ਮੁੜ ਨਿਰਮਾਣ ਨਹੀਂ ਕਰਵਾਇਆ। ਨਵੇਂ ਸਕੂਲ ਬਣਾਉਣਾ ਤਾਂ ਦੂਰ ਦੀ ਗੱਲ। ਜੇਕਰ ਸਰਕਾਰ ਨੇ ਅਜਿਹਾ ਕੀਤਾ ਹੁੰਦਾ ਤਾਂ ਯਕੀਨਨ ਸੀ ਕਿ ਇਸ ਨਾਲ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਤਸ਼ਾਹ ਮਿਲਦਾ ਅਤੇ ਤਾਲਿਬਾਨੀਆਂ ਦੇ ਹੌਸਲੇ ਨਾ ਵਧਦੇ। ਕਿਹਾ ਨਹੀਂ ਜਾ ਸਕਦਾ ਕਿ ਸਰਕਾਰ ਨੇ ਸਕੂਲਾਂ ਨੂੰ ਤਬਾਹ ਕਰਨ ਵਾਲੇ ਕਿੰਨੇ ਲੋਕਾਂ ਵਿਰੁੱਧ ਕਾਰਵਾਈ ਕੀਤੀ ਹੋਵੇਗੀ? ਸ਼ਾਇਦ ਹੀ ਇਕ ਵੀ ਵਿਅਕਤੀ ਇਸ ਲਈ ਫੜਿਆ ਗਿਆ ਹੋਵੇ। ਕੀ ਸਰਕਾਰ ਵਲੋਂ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜਨਾ ਅਸੰਵਿਧਾਨਕ ਅਤੇ ਸ਼ਰਮਨਾਕ ਨਹੀਂ ਹੈ? ਜੇਕਰ ਅਜਿਹਾ ਕੀਤਾ ਗਿਆ ਹੁੰਦਾ ਤਾਂ ਮਲਾਲਾ ਵਰਗੀ ਬੱਚੀ 'ਤੇ ਹਮਲਾ ਕਰਨ ਦੀ ਨੌਬਤ ਨਾ ਆਉਂਦੀ?

ਅਜਿਹੇ ਦੌਰ ਵਿਚ ਜਦੋਂ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜਨ ਲੱਗਣ ਤਾਂ ਜਨਤਾ ਦੀ ਜ਼ਿੰਮੇਵਾਰੀ ਕੀ ਹੋ ਜਾਂਦੀ ਹੈ? ਯਕੀਨਨ ਹੀ ਆਪਣੀ ਆਵਾਜ਼ ਬੁਲੰਦ ਕਰਨਾ ਅਤੇ ਪਾਕਿਸਤਾਨ ਜਨਤਾ ਅੱਜ ਉਹੀ ਕਰ ਰਹੀ ਹੈ। ਜਦੋਂ ਆਮ ਜਨਤਾ ਖੜੀ ਹੋ ਜਾਂਦੀ ਹੈ ਤਾਂ ਕੋਈ ਅਤਿਵਾਦੀ ਟਿਕ ਨਹੀਂ ਸਕਦਾ। ਜਨਤਾ ਦੀ ਆਵਾਜ਼ ਅਤੇ ਉਸ ਦੇ ਰੁਖ਼ ਨੂੰ ਦੇਖਦੇ ਹੋਏ ਸਰਕਾਰ ਨੂੰ ਕਦਮ ਚੁੱਕਣੇ ਪੈਣਗੇ ਅਤੇ ਸਰਕਾਰ ਨੇ ਚੁੱਕੇ ਵੀ। ਇਸੇ ਸਬੰਧੀ ਪਾਕਿਸਤਾਨੀ ਸਿਆਸੀ ਪਾਰਟੀਆਂ ਦੀ ਭੂਮਿਕਾ ਜਿਸ ਤਰ੍ਹਾਂ ਸ਼ੱਕੀ ਹੈ, ਉਸ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਿਆਸੀ ਪਾਰਟੀਆਂ ਨੇ ਮਲਾਲਾ 'ਤੇ ਹੋਏ ਹਮਲੇ ਦਾ ਤਾਂ ਵਿਰੋਧ ਕੀਤਾ ਪਰ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ-ਏ-ਤਹਿਰੀਕ-ਏ-ਇਨਸਾਫ਼ ਸਮੇਤ ਕਿਸੇ ਵੀ ਪਾਰਟੀ ਨੇ ਤਾਲਿਬਾਨੀਆਂ ਦਾ ਨਾਮ ਲੈ ਕੇ ਆਲੋਚਨਾ ਕਰਨ ਦੀ ਹਿੰਮਤ ਨਹੀਂ ਦਿਖਾਈ। ਸੰਨ 2009 ਵਿਚ ਜਦੋਂ ਫ਼ੌਜ ਨੇ ਇਸ ਖੇਤਰ ਵਿਚ ਕਾਰਵਾਈ ਸ਼ੁਰੂ ਕੀਤੀ ਸੀ ਤਾਂ ਜਾ ਕੇ ਕਿਤੇ ਇਥੇ ਸ਼ਾਂਤੀ ਪਰਤੀ ਸੀ ਅਤੇ ਇਥੋਂ ਘਰ-ਬਾਰ ਛੱਡ ਕੇ ਭੱਜ ਗਏ 20 ਲੱਖ ਲੋਕ ਆਪਣੇ ਆਪਣੇ ਘਰ ਪਰਤੇ ਸਨ।

ਇਸ ਨੂੰ ਜੇਕਰ ਅਸੀਂ ਖਾਪ ਪੰਚਾਇਤਾਂ ਦੇ ਅਸੰਵਿਧਾਨਕ, ਪ੍ਰਤੀਕਿਰਿਆਵਾਦੀ, ਰੂੜੀਵਾਦੀ ਅਤੇ ਮਰਦ ਪ੍ਰਧਾਨਗੀ ਦੇ ਪੱਖ ਦੇ ਫ਼ੈਸਲੇ ਤੇ ਗੱਲਾਂ 'ਤੇ ਲਾਗੂ ਕਰੀਏ ਤਾਂ ਸੰਦੇਸ਼ ਇਹੀ ਨਿਕਲਦਾ ਹੈ ਕਿ ਜਦੋਂ ਤਕ ਜਨਤਾ ਉਨ੍ਹਾਂ ਦੀ ਖ਼ਿਲਾਫ਼ਤ ਨਹੀਂ ਕਰੇਗੀ, ਆਪਣੀ ਆਵਾਜ਼ ਨਹੀਂ ਉਠਾਏਗੀ, ਉਦੋਂ ਤਕ ਇਹ ਸੰਭਵ ਨਹੀਂ ਹੈ ਕਿ ਕੋਈ ਸੂਬਾ ਸਰਕਾਰ ਫਿਰ ਚਾਹੇ ਉਹ ਹੁੱਡਾ ਦੀ ਹੋਵੇ ਜਾਂ ਚੌਟਾਲਾ ਦੀ, ਕੁਝ ਨਹੀਂ ਕਰੇਗੀ। ਇਥੇ ਇਹ ਯਾਦ ਰੱਖਿਆ ਜਾ ਸਕਦਾ ਹੈ ਕਿ ਇਨ੍ਹਾਂ ਖਾਪਾਂ ਦੀ ਨਾ ਤਾਂ ਚੌਟਾਲਾ ਨੇ ਆਲੋਚਨਾ ਕਰਨ ਦੀ ਹਿੰਮਤ ਦਿਖਾਈ ਅਤੇ ਨਾ ਹੀ ਹੁੱਡਾ ਨੇ। ਖਾਪਾਂ ਅਤੇ ਤਾਲਿਬਾਨਾਂ ਦੇ ਕਰਨ-ਹਾਰਿਆਂ ਨੂੰ ਇਹ ਗੱਲ ਸਮਝਣ ਦੀ ਜ਼ਰੂਰਤ ਹੈ ਕਿ ਦੁਨੀਆ ਕਿਥੇ ਤੋਂ ਕਿਥੇ ਨਿਕਲ ਗਈ ਹੈ। ਅਸੀਂ ਸਮਝਣਾ ਇਹ ਹੈ ਕਿ ਜੇਕਰ ਕਿਸੇ ਸਮਾਜ ਨੇ ਅੱਗੇ ਵਧਣਾ ਹੈ ਤਾਂ ਸਿਖਿਆ ਉਸ ਲਈ ਜ਼ਰੂਰੀ ਹੈ। ਇਸ ਤੋਂ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ। ਜੋ ਸਮਾਜ ਇਸ ਗੱਲ ਨੂੰ ਨਹੀਂ ਸਮਝੇਗਾ, ਉਸ ਦਾ ਭਵਿੱਖ ਨਹੀਂ ਹੈ।

(ਨਦਬ)

ਨਵੀਂ ਦੁਨੀਆ



ਧਰਤੀ ਦੂਸ਼ਿਤ ਹੋਈ। ਪਾਣੀ ਪੀਣ ਲਾਇਕ ਨਹੀਂ ਰਿਹਾ। ਜਿਵੇਂ-ਜਿਵੇਂ ਇਨਸਾਨ ਵਿਕਾਸ ਕਰਦਾ ਰਿਹਾ, ਹਵਾ ਵੀ ਪ੍ਰਦੂਸ਼ਤ ਹੁੰਦੀ ਚਲੀ ਗਈ। ਹੁਣ ਜਦੋਂ ਅਸੀਂ ਪੁਲਾੜ ਤਕ ਪਹੁੰਚ ਗਏ ਤਾਂ ਉਥੇ ਵੀ ਸੁਚੇਤ-ਅਚੇਤ ਕੁਝ ਕਬਾੜ ਛੱਡ ਆਏ।

# ਪੁਲਾੜ 'ਚ ਕਬਾੜ





**ਅਰਵਿੰਦ ਪਰਾਂਜਪੇ**
ਅਧਿਆਪਕ ਨਹਿਰੂ
ਤਾਰਾਮੰਡਲ, ਮੁੰਬਈ

ਪੁਲਾੜ ਵਿਚ ਕਚਰਾ ਵੱਧ ਰਿਹਾ ਹੈ, ਇਸ ਗੱਲ ਨਾਲ ਦੁਨੀਆ ਭਰ ਦੇ ਮੁਲਕ ਚਿੰਤਤ ਹਨ ਅਤੇ ਉਨ੍ਹਾਂ ਨੇ ਮਿਲ ਕੇ ਅਜਿਹੇ ਯਤਨ ਵੀ ਸ਼ੁਰੂ ਕਰ ਦਿੱਤੇ ਹਨ ਜਿਨ੍ਹਾਂ ਰਾਹੀਂ ਕਚਰਾ ਜਾਂ ਤਾਂ ਸਾੜ ਦਿੱਤਾ ਜਾਵੇ ਜਾਂ ਘੱਟ ਤੋਂ ਘੱਟ ਰੱਖਿਆ ਜਾਵੇ। ਇਸੇ ਤਹਿਤ ਹੁਣ ਅਜਿਹੇ ਉਪਗ੍ਰਹਿ ਬਣਾਏ ਜਾ ਰਹੇ ਹਨ ਜਿਨ੍ਹਾਂ ਨੂੰ ਉਮਰ ਪੂਰੀ ਹੋਣ 'ਤੇ ਪੁਲਾੜ ਵਿਚ ਹੀ ਸਾੜ ਦਿੱਤਾ ਜਾਂਦਾ ਹੈ। ਵੱਡੇ ਆਕਾਰ ਵਾਲਾ ਕਚਰਾ ਲੱਭਣਾ ਸੌਖਾ ਹੁੰਦਾ ਹੈ। ਨਾਸਾ ਦੀ ਸਪੇਸ ਏਜੰਸੀ ਅਤੇ ਕਈ ਵਿਗਿਆਨੀ ਕੌਸ਼ੀਆ ਐਸਟ੍ਰੋਨਾਮਰ ਕੈਮਰਿਆਂ ਰਾਹੀਂ ਪੁਲਾੜ ਵਿਚ ਕਚਰਾ ਲਭਦੇ ਰਹਿੰਦੇ ਹਨ। ਵੱਡੇ ਆਕਾਰ ਦਾ ਕਚਰਾ ਤਾਂ ਦਿਸ ਜਾਂਦਾ ਹੈ, ਪਰ ਛੋਟੇ ਆਕਾਰ ਦਾ ਕਚਰਾ ਪਕੜ ਵਿਚ ਨਹੀਂ ਆਉਂਦਾ। ਤੇਜ਼ ਗਤੀ ਨਾਲ ਆਉਣ ਕਾਰਨ ਕਚਰੇ ਦਾ ਇਕ ਛੋਟਾ ਜਿਹਾ ਟੁਕੜਾ ਵੀ ਭਿਆਨਕ ਨੁਕਸਾਨ ਪਹੁੰਚਾਉਣ ਦੇ ਸਮਰਥ ਹੁੰਦਾ ਹੈ।

ਕਲਪਨਾ ਚਾਵਲਾ ਜਿਸ ਸਪੇਸ ਸ਼ਟਲ ਨਾਲ ਵਾਪਸ ਧਰਤੀ 'ਤੇ ਪਰਤ ਰਹੀ ਸੀ, ਉਹ ਵੀ ਇਸੇ ਤਰ੍ਹਾਂ ਦੇ ਹਾਦਸੇ ਦਾ ਸ਼ਿਕਾਰ ਹੋਇਆ ਸੀ। ਸ਼ਟਲ ਦਾ ਇਕ ਛੋਟਾ ਜਿਹਾ ਟੁਕੜਾ ਡਿੱਗ ਗਿਆ ਅਤੇ ਗਤੀ ਤੇਜ਼ ਹੋਣ ਕਾਰਨ ਉਸ ਨੇ ਆਪਣੇ ਹੀ ਯਾਨ ਵਿਚ ਇਕ ਸੁਰਾਖ਼ ਕਰ ਦਿੱਤਾ। ਨਾਸਾ ਦੇ ਕੇਂਦਰ ਤੋਂ ਲਗਾਤਾਰ ਸਪੇਸ ਸ਼ਟਲ 'ਤੇ ਨਜ਼ਰ ਰੱਖੀ ਜਾ ਰਹੀ ਸੀ ਪਰ ਨੁਕਸਾਨੇ ਜਾਣ ਦੀ ਘਟਨਾ ਤੋਂ ਕੋਈ ਵੀ ਵਾਕਫ਼ ਨਹੀਂ ਸੀ। ਧਰਤੀ ਦੀ ਹੱਦ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਰਗੜ ਨਾਲ ਪੈਦਾ ਹੋਣ ਵਾਲੀ ਤੇਜ਼ ਰੌਸ਼ਨੀ ਇਸ ਸੁਰਾਖ਼ ਰਾਹੀਂ ਸਪੇਸ਼ ਸ਼ਟਲ ਵਿਚ ਚਲੀ ਗਈ ਅਤੇ ਉਹ ਸੜ ਕੇ ਸੁਆਹ ਹੋ ਗਿਆ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਕਚਰਾ ਕਿਸ ਹੱਦ ਤਕ ਖ਼ਤਰਨਾਕ ਹੈ।

ਪੁਲਾੜ ਵਿਚ ਕਚਰਾ ਤਿੰਨ ਤਰ੍ਹਾਂ ਦਾ ਹੁੰਦਾ ਹੈ। ਪਹਿਲਾ, ਸਪੇਸ ਸ਼ਟਲ ਵਿਚ ਈਂਧਨ ਦੇ ਉਹ ਹਿੱਸੇ, ਜੋ ਈਂਧਨ ਖ਼ਤਮ ਹੋਣ ਸੁੱਟ ਦਿੱਤੇ ਜਾਂਦੇ ਹਨ। ਦੂਜਾ, ਪੁਲਾੜ ਵਿਚ ਸਥਾਪਤ ਉਪਗ੍ਰਹਿਆਂ ਦੀ ਮੁਰੰਮਤ ਕਰਦੇ ਸਮੇਂ ਟੁੱਟ-ਭੱਜ ਹੋਣ ਜਾਂ ਐਸਟ੍ਰੋਨਾਮਰ ਦੇ ਹੱਥੋਂ ਕੁਝ ਸਾਮਾਨ ਡਿੱਗ ਜਾਣ ਨਾਲ ਵੀ ਕਚਰਾ ਰਹਿ ਜਾਂਦਾ ਹੈ। ਕੁਝ ਸਾਲ ਪਹਿਲਾਂ ਅਜਿਹੀ ਇਕ ਮੁਰੰਮਤ ਦੌਰਾਨ ਇਕ ਐਸਟ੍ਰੋਨਾਮਰ ਦੇ ਹੱਥੋਂ ਬਹੁਤ ਮਹਿੰਗਾ ਕੈਮਰਾ ਹੈਸ਼ਲ ਬਾਰਡ ਡਿੱਗ ਗਿਆ ਸੀ। ਇਹ ਹੁਣ ਵੀ ਪ੍ਰਿਥਵੀ ਦੀ ਪਰਕਰਮਾ ਵਿਚ ਚੱਕਰ ਲਾ ਰਿਹਾ ਹੈ। ਐਸਟ੍ਰੋਨਾਮਰ ਕਹਿੰਦੇ ਹਨ ਕਿ ਇਹ ਕੀਮਤੀ ਕੈਮਰਾ ਜਿਸ ਨੂੰ ਮਿਲੇ, ਉਹ ਇਸ ਨੂੰ ਜ਼ਰੂਰ ਚੁੱਕ ਲਵੇ। ਤੀਜਾ, ਮਨੁੱਖ ਵਲੋਂ ਬਣਾਏ ਉਹ ਉਪਗ੍ਰਹਿ ਜਿਨ੍ਹਾਂ ਦੀ ਉਮਰ ਪੂਰੀ ਹੋਣ 'ਤੇ ਵੀ ਉਹ ਉਸੇ ਗਤੀ ਨਾਲ ਪ੍ਰਿਥਵੀ ਦੀ ਪਰਕਰਮਾ ਵਿਚ ਘੁੰਮ ਰਹੇ ਹਨ।

ਨਵੇਂ ਸਪੇਸ ਮਿਸ਼ਨ ਵਿਚ ਕੋਸ਼ਿਸ਼ ਇਹੀ ਹੋ ਰਹੀ ਹੈ ਕਿ ਕਚਰਾ ਨਾ ਰਹੇ। ਅਜਿਹੇ ਤਜਰਬੇ ਕੀਤੇ ਜਾ ਰਹੇ ਹਨ; ਜਿਨ੍ਹਾਂ ਰਾਹੀਂ ਕਚਰੇ ਨੂੰ ਸੂਰਜ ਦੀ ਕਲਾਸ ਵਿਚ ਮੋੜ ਦਿੱਤਾ ਜਾਵੇ ਤਾਂ ਕਿ ਉਹ ਖ਼ੁਦ ਹੀ ਸੜ ਜਾਣ। ਪਰ ਕਚਰੇ ਦੀ ਦਿਸ਼ਾ ਬਦਲਣ ਦਾ ਕੰਮ ਆਸਾਨ ਨਹੀਂ ਹੈ। ਕਚਰੇ ਦੀ ਮਾਤਰਾ ਕੰਟਰੋਲ ਕਰਨ ਲਈ ਕਾਫ਼ੀ ਯਤਨ ਕੀਤੇ ਜਾ ਰਹੇ ਹਨ। ਇਨ੍ਹੀਂ ਦਿਨੀਂ ਲਾਂਚ ਹੋਏ ਉਪਗ੍ਰਹਿਆਂ ਦੀ ਸਥਿਤੀ 'ਤੇ ਬਰਾਬਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਪਯੋਗਤਾ ਖ਼ਤਮ ਹੋਣ 'ਤੇ ਨਿਯਤ ਸਮੇਂ ਵਿਚ ਉਨ੍ਹਾਂ ਨੂੰ ਸਾੜ ਦਿੱਤਾ ਜਾਂਦਾ ਹੈ ਤਾਂ ਕਿ ਭਵਿੱਖ ਕਚਰੇ ਕਾਰਨ ਪੈਦਾ ਹੋਣ ਵਾਲੇ ਖ਼ਤਰਿਆਂ ਤੋਂ ਬਚਿਆ ਜਾ ਸਕੇ ਪਰ ਇਸ ਤੋਂ ਪਹਿਲਾਂ ਪ੍ਰਸਿਥਤੀਆਂ ਵੱਖਰੀਆਂ ਸਨ। ਸੰਯੁਕਤ ਰਾਸ਼ਟਰ ਦੀ ਸੰਸਥਾ ਤੋਂ ਰਜ਼ਾਮੰਦੀ ਲੈ ਕੇ ਵੱਖ-ਵੱਖ ਦੇਸ਼ ਵੱਖ-ਵੱਖ ਪਾਰਕਿੰਗ ਪੋਜੀਸ਼ਨ ਵਿਚ ਆਪਣੇ ਉਪਗ੍ਰਹਿ ਭੇਜਦੇ ਹਨ। ਉਪਗ੍ਰਹਿ ਦਾ ਜੀਵਨਕਾਲ ਖ਼ਤਮ ਹੋਣ 'ਤੇ ਉਨ੍ਹਾਂ ਨੂੰ ਸਾੜਨ ਦੀ ਜ਼ਿੰਮੇਵਾਰੀ ਵੀ ਦੇਸ਼ ਸੰਜੀਦਗੀ ਨਾਲ ਨਿਭਾਅ ਰਹੇ ਹਨ। ਸਪੇਸ ਆਬਜਰਵੇਟਰੀ ਵਿਚ ਪੁਲਾੜ ਵਿਗਿਆਨੀ ਮੁੱਖ ਤੌਰ 'ਤੇ ਧੂਮਕੇਤੂ 'ਤੇ ਨਜ਼ਰ ਰਖਦੇ ਹਨ। ਇਸ ਨਾਲ ਪੁਲਾੜ ਵਿਚ ਘੁੰਮ ਰਿਹਾ ਕਚਰਾ ਵੀ ਇਸ ਦੀ ਨਜ਼ਰ ਵਿਚ ਆ ਜਾਂਦਾ ਹੈ।

ਇਸ ਸਮੱਸਿਆ ਨਾਲ ਨਜਿੱਠਣ ਲਈ ਦੁਨੀਆ ਭਰ ਵਿਚ ਕੋਸ਼ਿਸ਼ਾਂ ਜਾਰੀ ਹਨ। ਚਿਲੀ ਦੀ ਆਬਜ਼ਰਵੇਟਰੀ ਵਿਚ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਜੇਕਰ ਕੋਈ ਉਪਗ੍ਰਹਿ ਡਿੱਗਣ ਵਾਲਾ ਹੈ ਤਾਂ ਟੈਲੀਸਕੋਪ ਰਾਹੀਂ 12 ਘੰਟਿਆਂ ਦੇ ਅੰਦਰ-ਅੰਦਰ ਉਸ ਦਾ ਪਤਾ ਲਾਇਆ ਜਾ ਸਕੇ। ਕਚਰਾ ਜਾਂ ਧੂਮਕੇਤੂ ਸਿਰਫ਼ ਇਕ ਹਲਕੇ ਜਿਹੇ ਪ੍ਰਕਾਸ਼ ਦੇ ਰੂਪ ਵਿਚ ਦਿਖਾਈ ਦਿੰਦੇ ਹਨ। ਜਿਸ ਤਰ੍ਹਾਂ ਦੀਵਾਲੀ ਦੇ ਪਟਾਕਿਆਂ ਦੇ ਰੰਗ ਦੇਖ ਕੇ ਉਨ੍ਹਾਂ ਵਿਚ ਵਰਤੇ ਜਾਣ ਵਾਲੇ ਰਸਾਇਣ ਦਾ ਪਤਾ ਲਾ ਲਿਆ ਜਾਂਦਾ ਹੈ, ਉਸੇ ਤਰ੍ਹਾਂ ਹੀ ਕੁਝ ਪ੍ਰੀਖਣਾਂ ਰਾਹੀਂ ਪੁਲਾੜ ਵਿਗਿਆਨੀ ਇਹ ਪਤਾ ਲਾ ਲੈਂਦੇ ਹਨ ਕਿ ਰੋਸ਼ਨੀ ਕਿਸੇ ਉਪਗ੍ਰਹਿ ਦੀ ਹੈ ਜਾਂ ਧੂਮਕੇਤੂ ਦੀ। ਜੇਕਰ ਰਸਾਇਣਕ ਰਚਨਾ ਵਿਚ ਪੱਥਰ ਜਾਂ ਲੋਹ ਪਦਾਰਥ ਦਿਸ ਜਾਂਦੇ ਹਨ ਤਾਂ ਮੰਨ ਲਿਆ ਜਾਂਦਾ ਹੈ ਕਿ ਉਹ ਧੂਮਕੇਤੂ ਹੈ। ਉਸੇ ਦੇ ਨਾਲ ਹੀ ਮਨੁੱਖ ਵਲੋਂ ਬਣਾਏ ਪੇਂਟ ਜਾਂ ਮਿਸ਼ਰਤ ਧਾਤੂ ਵਾਲੀ ਰਸਾਇਣ ਰਚਨਾ ਨਾਲ ਪਛਾਣ ਲਏ ਜਾਂਦੇ ਹਨ। ਪੁਲਾੜ ਵਿਚ ਕਚਰੇ ਨਾਲ ਹੋਣ ਵਾਲੇ ਨੁਕਸਾਨ ਨੂੰ ਲੈ ਕੇ ਸਾਰੇ ਦੇਸ਼ ਜੇ ਪੂਰੀ ਤਰਹਾਂ ਚੇਤੰਨ ਹੋ ਜਾਣ ਤਾਂ ਭਵਿੱਖ ਵਿਚ ਕਚਰੇ ਨੂੰ ਕੰਟਰੋਲ ਕਰਨ ਲਈ ਸਕਾਰਾਤਮਕ ਹੱਲ ਨਿਕਲ ਸਕਦੇ ਹਨ।

## ਖ਼ਤਰੇ ਦੀ ਇਕ ਹੋਰ ਘੰਟੀ

ਦੁਨੀਆ ਭਰ ਦੇ ਦੇਸ਼ਾਂ ਵਿਚ ਪੁਲਾੜ ਵਿਚ ਆਪਣੇ ਉਪਗ੍ਰਹਿ ਭੇਜਣ ਦੀ ਹੋੜ ਲੱਗੀ ਹੋਈ ਹੈ। ਇਸ ਨਾਲ ਹੀ ਉਹ ਕੂੜਾ-ਕਚਰਾ ਵੀ ਵਧਦਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਦੂਜੇ ਗ੍ਰਹਿਆਂ ਦੀ ਖੋਜ ਕਰਨ ਵਾਲੇ ਨਾਸਾ ਦੇ ਸਪੇਸਕ੍ਰਾਫ਼ਟ ਕੈਪਲਰ ਵਿਚ ਗੰਭੀਰ ਖਰਾਬੀਆਂ ਹੋਣ ਤੋਂ ਬਾਅਦ ਪੁਲਾੜ ਵਿਚ ਹੋਰ ਕਚਰਾ ਜਮ੍ਹਾਂ ਹੋਣ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2007 ਵਿਚ ਚੀਨ ਨੇ ਜਦੋਂ ਐਂਟੀ ਸੈਟੇਲਾਈਟ ਮਿਜ਼ਾਇਲ ਦਾ ਪ੍ਰੀਖਣ ਕੀਤਾ, ਤਾਂ ਦੁਨੀਆ ਭਰ ਵਿਚ ਖਲਬਲੀ ਮਚ ਗਈ। ਦਰਅਸਲ ਅੱਜ ਅਸੀਂ ਉਪਗ੍ਰਹਿਆਂ 'ਤੇ ਜਿੰਨਾ ਨਿਰਭਰ ਹਾਂ, ਓਨੇ ਪਹਿਲਾਂ ਕਦੇ ਨਹੀਂ ਸੀ। ਟੈਲੀਵਿਜ਼ਨ ਸਿੰਗਲਨ ਤੋਂ ਲੈ ਕੇ ਮੌਸਮ ਦੀ ਰਿਪੋਰਟ, ਮੋਬਾਈਲ ਫ਼ੋਨ, ਜੀ.ਪੀ.ਐਸ. ਸਿਸਟਮ ਅਤੇ ਸਾਡਾ ਪੂਰਾ ਸੂਚਨਾ ਤੰਤਰ ਪੁਲਾੜ ਦੀ ਕਲਾਸ ਵਿਚ ਸਥਾਪਤ ਉਪਗ੍ਰਹਿਆਂ 'ਤੇ ਟਿਕਿਆ ਹੋਇਆ ਹੈ। ਇਹੀ ਨਹੀਂ, ਉਪਗ੍ਰਹਿਆਂ ਨਾਲ ਸਾਨੂੰ ਦੁਸ਼ਮਣਾਂ ਦੀ ਫ਼ੌਜ ਦੀ ਸਮਰਥਾ ਦੀ ਜਾਣਕਾਰੀ ਵੀ ਮਿਲਦੀ ਹੈ। ਜ਼ਰਾ ਸੋਚੋ ਜੇਕਰ ਕਿਸੇ ਦੇਸ਼ ਕੋਲ ਉਪਗ੍ਰਹਿਆਂ ਨੂੰ ਨਸ਼ਟ ਕਰਨ ਦੀ ਸਮਰਥਾ ਹੈ ਤਾਂ ਉਹ ਦੁਸ਼ਮਣ ਦੇਸ਼ ਨੂੰ ਕਿਸ ਹੱਦ ਤਕ ਨੁਕਸਾਨ ਪਹੁੰਚਾ ਸਕਦਾ ਹੈ।

ਅੱਜ ਸੈਂਕੜੇ ਸਪੇਸਕ੍ਰਾਫ਼ਟ ਪੁਲਾੜ ਵਿਚ ਘੁੰਮ ਰਹੇ ਹਨ। ਵੈਸੇ ਧਰਤੀ ਦੇ ਨੇੜੇ-ਤੇੜੇ ਜਮ੍ਹਾਂ ਪੁਲਾੜ ਦੇ ਕਬਾੜ ਦੇ ਬਾਰੇ ਵਿਚ ਸਮੇਂ-ਸਮੇਂ 'ਤੇ ਚੇਤਾਵਨੀਆਂ ਜਾਰੀ ਕੀਤੀਆਂ ਜਾਂਦੀਆਂ ਹਨ ਪਰ ਅਸੀਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਇਹੀ ਕਾਰਨ ਹੈ ਕਿ ਪੁਲਾੜ ਵਿਚ ਕਚਰਾ ਵਧਦਾ ਜਾ ਰਿਹਾ ਹੈ। ਇਸ ਕਬਾੜ ਵਿਚ ਪੁਰਾਣੇ ਉਪਗ੍ਰਹਿਆਂ ਦੇ ਕਲਪੁਰਜਿਆਂ ਤੋਂ ਇਲਾਵਾ ਅਜਿਹੇ ਉਪਗ੍ਰਹਿ ਵੀ ਸ਼ਾਮਲ ਹਨ ਜੋ ਪੁਰਾਣੇ ਹੋ ਚੁੱਕੇ ਹਨ ਅਤੇ ਜਿਨ੍ਹਾਂ ਨੇ ਹੁਣ ਕੰਮ ਕਰਨਾ ਬੰਦ ਕਰ ਦਿੱਤਾ ਹੈ। ਕਬਾੜ ਦੇ ਇਨ੍ਹਾਂ ਟੁਕੜਿਆਂ ਵਿਚ ਉਹ ਨਟ ਅਤੇ ਬੋਲਟ ਸ਼ਾਮਲ ਹਨ ਜੋ ਪੁਲਾੜ ਯਾਤਰੀਆਂ ਦੇ ਸਪੇਸ ਵਾਕ ਦੇ ਦੌਰਾਨ ਗੁੰਮ ਹੋ ਗਏ ਸਨ। ਇਹ ਸਾਰਾ ਕਬਾੜ ਧਰਤੀ ਦੇ ਆਲੇ-ਦੁਆਲੇ ਬੇਹੱਦ ਤੇਜ਼ ਗਤੀ ਨਾਲ ਚੱਕਰ ਕੱਟ ਰਿਹਾ ਹੈ। ਡਰ ਇਸ ਗੱਲ ਦਾ ਹੈ ਕਿ ਪੁਲਾੜ ਵਿਚ ਕਬਾੜ ਦੀ ਵਧਦੀ ਮਾਤਰਾ ਨਾਲ ਕਿਸੇ ਨਾ ਕਿਸੇ ਬਿੰਦੂ 'ਤੇ ਕਦੇ ਵੀ ਕੋਈ ਵੱਡੀ ਟੱਕਰ ਹੋ ਸਕਦੀ ਹੈ।

ਪੁਲਾੜ ਵਿਚ ਉਪਗ੍ਰਹਿਆਂ ਵਿਚਕਾਰ ਟੱਕਰ ਦਾ ਇਕ ਨਜ਼ਾਰਾ ਦੁਨੀਆ ਨੇ ਫ਼ਰਵਰੀ 2009 ਵਿਚ ਹੀ ਦੇਖਿਆ ਸੀ, ਜਦੋਂ ਇਕ ਬੇਕਾਰ ਰੂਸੀ ਉਪਗ੍ਰਹਿ ਅਤੇ ਇਕ ਅਮਰੀਕੀ ਦੂਰਸੰਚਾਰ ਉਪਗ੍ਰਹਿ ਆਪਸ ਵਿਚ ਟਕਰਾਅ ਗਏ ਸਨ। ਜੇਕਰ ਕਬਾੜ ਦੇ ਵੱਡੇ ਟੁਕੜੇ ਆਪਸ ਵਿਚ ਟਕਰਾਉਂਦੇ ਹਨ ਤਾਂ ਉਹ ਪੁਲਾੜ ਵਿਚ ਹਜ਼ਾਰਾਂ ਛੋਟੇ-ਛੋਟੇ ਟੁਕੜਿਆਂ ਵਿਚ ਖਿਲਰ ਜਾਂਦੇ ਹਨ। ਜੇਕਰ ਪੁਲਾੜ ਵਿਚ ਮੌਜੂਦ ਕਬਾੜ ਦੇ ਟੁਕੜਿਆਂ ਵਿਚਕਾਰ ਟੱਕਰ ਨਾਲ ਕੋਈ ਚੇਨ ਰਿਐਕਸ਼ਨ ਸ਼ੁਰੂ ਹੁੰਦਾ ਹੈ ਤਾਂ ਇਸ ਨਾਲ ਨਾ ਸਿਰਫ਼ ਧਰਤੀ ਦੇ ਦੂਰਸੰਚਾਰ ਅਤੇ ਜੀ.ਪੀ.ਐਸ. ਸਿਸਟਮ ਤਬਾਹ ਹੋ ਜਾਣਗੇ ਸਗੋਂ ਵਿਸ਼ਵ ਦੀ ਅਰਥਵਿਵਸਥਾ 'ਤੇ ਵੀ ਅਸਰ ਪਵੇਗਾ।

***ਓਮਾਸ਼ੰਕਰ ਮਿਸ਼ਰ***



**ਯੂ.ਆਰ. ਰਾਵ**
ਸਾਬਕਾ ਪ੍ਰਧਾਨ, ਇਸਰੋ

*ਇਕ ਅਨੁਮਾਨ ਮੁਤਾਬਕ ਇਕ ਸੈਂਟੀਮੀਟਰ ਆਕਾਰ ਦੇ ਕਰੋੜਾਂ ਟੁਕੜੇ ਪੁਲਾੜ ਵਿਚ ਘੁੰਮ ਰਹੇ ਹਨ। ਪੁਲਾੜ ਵਿਚ ਫੈਲਿਆ ਕਚਰਾ 7-8 ਕਿਲੋਮੀਟਰ ਪ੍ਰਤੀ ਸੈਕੰਡ ਦੀ ਰਫ਼ਤਾਰ ਨਾਲ ਆਪਣੀ ਕਲਾਸ ਵਿਚ ਘੁੰਮਦਾ ਹੈ ਅਤੇ ਇਕ ਛੋਟਾ ਜਿਹਾ ਟੁਕੜਾ ਵੀ ਕਿਸੇ ਉਪਗ੍ਰਹਿ ਨਾਲ ਟਕਰਾਉਣ 'ਤੇ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ। ਹਾਲਾਂਕਿ ਪੁਲਾੜ ਬਹੁਤ ਵਿਸ਼ਾਲ ਹੈ। ਅਜਿਹੇ ਵਿਚ ਟਕਰਾਅ ਦੀ ਸੰਭਾਵਨਾ ਘੱਟ ਹੀ ਰਹਿੰਦੀ ਹੈ ਪਰ ਸਾਵਧਾਨੀ ਤਾਂ ਵਰਤਣੀ ਹੋਵੇਗੀ।*

## ਕਿਸ ਤਰ੍ਹਾਂ ਵਾਪਸ ਆਵੇਗਾ ਇਹ ਮਲਬਾ?



ਪੁਲਾੜ ਵਿਚ ਕਚਰੇ ਤੋਂ ਇਲਾਵਾ ਰਾਕੇਟ ਲਾਂਚਰਾਂ ਦੇ ਟੁਕੜੇ ਅਤੇ ਤਬਾਹ ਹੋ ਚੁੱਕੇ ਉਪਗ੍ਰਹਿਆਂ ਸਮੇਤ ਪਿਛਲੀਆਂ ਟੱਕਰਾਂ ਵਿਚ ਟੁੱਟੇ ਕਲਪੁਰਜਿਆਂ ਦੇ ਪੀਸ ਖਿੰਡੇ ਹੋਏ ਹਨ। ਯੂਰਪੀ ਸਪੇਸ ਏਜੰਸੀ (ਈ.ਐਸ.ਏ.) ਨੇ 2012 ਵਿਚ ਕਲੀਨ ਸਪੇਸ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਦਾ ਟੀਚਾ ਪੁਲਾੜ ਵਿਚੋਂ ਕਚਰੇ ਨੂੰ ਹਟਾਉਣ ਅਤੇ ਸੁਰੱਖਿਆ ਵਧਾਉਣ ਲਈ ਤਕਨੀਕਾਂ ਦਾ ਵਿਕਾਸ ਕਰਨਾ ਹੈ। ਪੁਲਾੜ ਵਿਚੋਂ ਕਚਰੇ ਨੂੰ ਹਟਾਉਣ ਲਈ ਖੋਜਾਰਥੀ ਵੱਖ-ਵੱਖ ਬਦਲਾਵਾਂ 'ਤੇ ਕੰਮ ਕਰ ਰਹੇ ਹਨ। ਪਰ ਇਸ ਮਿਸ਼ਨ 'ਤੇ ਜਾਣ ਅਤੇ ਕਚਰੇ ਨੂੰ ਵਾਪਸ ਲਿਆਣ ਲਈ ਪੈਸਾ ਜਮ੍ਹਾਂ ਕਰਨ ਦਾ ਫ਼ੈਸਲਾ ਈ.ਐਸ.ਏ. ਦੇ 20 ਮੈਂਬਰਾਂ ਨੂੰ ਹੀ ਕਰਨਾ ਹੋਵੇਗਾ, ਜਿਸ ਵਿਚ ਜਰਮਨੀ, ਫ਼ਰਾਂਸ, ਇਟਲੀ ਅਤੇ ਬਰਤਾਨੀਆ ਵਰਗੇ ਦੇਸ਼ ਸ਼ਾਮਲ ਹਨ। ਕਚਰਾ ਹਟਾਉਣ ਦੀ ਮੰਗ ਨਿੱਜੀ ਕੰਪਨੀਆਂ ਲਈ ਇਕ ਮੌਕਾ ਪੈਦਾ ਕਰ ਸਕਦੀ ਹੈ। ਪਰ ਪੁਲਾੜ ਦੇ ਕਚਰੇ ਨਾਲ ਜੁੜੇ ਕਾਨੂੰਨੀ ਸਵਾਲਾਂ 'ਤੇ ਵੀ ਬਹਿਸ ਜ਼ਰੂਰੀ ਹੈ।

## ਹੁਣ ਈ-ਕਚਰਾ ਸਮੇਟੇਗਾ ਸਪੇਸ-ਨੈੱਟ



ਪੂਰੀ ਦੁਨੀਆ ਵਿਚ ਉਪਗ੍ਰਹਿਆਂ ਨੂੰ ਤੈਨਾਤ ਕਰਨ ਦੀ ਹੋੜ ਦੇ ਬਾਵਜੂਦ ਪੁਲਾੜ ਵਿਚ ਪੈਦਾ ਹੋਣ ਵਾਲੇ ਈ-ਕਚਰੇ ਨੂੰ ਰੀਸਾਈਕਲ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਪੁਲਾੜ ਵਿਚ ਸੈਟੇਲਾਈਟ ਦੇ ਟੁਕੜੇ ਡਿੱਗਣ ਨਾਲ ਪੈਦਾ ਹੋਣ ਵਾਲੇ ਕਚਰੇ ਨੂੰ ਇਕੱਠਾ ਕਰ ਕੇ ਰੀਸਾਈਕਲ ਕਰਨ ਦੀ ਇਕ ਯੋਜਨਾ ਸ਼ੁਰੂ ਕੀਤੀ ਹੈ। 1140 ਲੱਖ ਪਾਊਂਡ ਦੀ ਲਾਗਤ ਵਾਲੀ ਇਸ ਯੋਜਨਾ ਤਹਿਤ ਇਕ ਵਿਸ਼ਾਲ ਸਪੇਸ ਨੈੱਟ ਬਣਾਇਆ ਜਾਵੇਗਾ, ਜੋ ਉਪਗ੍ਰਹਿਆਂ ਤੋਂ ਡਿੱਗਣ ਵਾਲੇ ਮਸ਼ੀਨੀ ਕਚਰੇ ਨੂੰ ਆਪਣੇ ਜਾਲ ਵਿਚ ਖਿੱਚ ਲਵੇਗਾ। ਪੁਲਾੜ ਵਿਚ ਤੈਨਾਤ ਪੁਰਾਣੇ ਅਤੇ ਖ਼ਰਾਬ ਹੋਏ ਉਪਗ੍ਰਹਿਆਂ ਨੂੰ ਰੀਸਾਈਕਲ ਕਰ ਕੇ ਉਨ੍ਹਾਂ ਦੇ ਸਲਾਮਤ ਬਚੇ ਪੁਰਜਿਆਂ ਦੀ ਉਪਗ੍ਰਹਿਆਂ ਵਿਚ ਨਵੇਂ ਸਿਰੇ ਤੋਂ ਵਰਤੋਂ ਕੀਤੀ ਜਾ ਸਕੇਗੀ।

# ਕੀ ਅਸੀਂ ਆਪਣੀਆਂ ਧੀਆਂ ਨੂੰ ਪਿਆਰ ਨਹੀਂ ਕਰਦੇ ?



ਪਤਰਲੇਖਾ ਚੈਟਰਜੀ

ਭਾਰਤ ਵਿਚ ਸਭ ਕੁੱਝ ਪਰਿਵਾਰ ਦੇ ਨਾਮ 'ਤੇ ਕੀਤਾ ਜਾਂਦਾ ਹੈ। ਹਾਲ ਹੀ ਦੇ ਸਮੇਂ ਵਿਚ ਸਿਆਸਤ ਵਿਚ ਛਾਏ ਹੋਏ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਤਫਤੀਸ਼ ਕੀਤੀ ਜਾਵੇ ਤਾਂ ਉਨ੍ਹਾਂ ਦੇ ਪਿਛੇ ਹੀ ਬਹੁਤ ਸਾਰੇ ਸੱਤਾਧਾਰੀ ਲੋਕਾਂ ਦਾ ਆਪਣੇ ਰਿਸ਼ਤੇਦਾਰਾਂ ਨੂੰ ਲੈ ਕੇ ਬੇਅੰਤ ਸਨੇਹ ਦੇਖਿਆ ਜਾ ਸਕਦਾ ਹੈ। ਪਰ ਭਾਰਤੀ ਢੰਗ ਦੇ ਇਸ ਪਰਿਵਾਰਕ ਪ੍ਰੇਮ ਦਾ ਨਕਾਰਾਤਮਕ ਪਹਿਲੂ ਵੀ ਹੈ। ਜਨ ਸੰਖਿਆ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਭਾਰਤੀ ਪਰਿਵਾਰ ਆਪਣੀਆਂ ਧੀਆਂ ਨੂੰ ਪਿਆਰ ਨਹੀਂ ਕਰਦੇ। ਭਾਰਤ ਵਿਚ ਲਿੰਗ ਅਨੁਪਾਤ (6 ਸਾਲ ਤਕ ਉਮਰ ਵਰਗ ਦੇ ਪ੍ਰਤੀ ਹਜ਼ਾਰ ਬੱਚਿਆਂ ਵਿਚ ਲੜਕੀਆਂ) 1961 ਮਗਰੋਂ ਆਪਣੇ ਸਭ ਤੋਂ ਹੇਠਲੇ ਬਿੰਦੂ 'ਤੇ ਪਹੁੰਚ ਗਿਆ ਹੈ। ਹਾਲ ਹੀ ਵਿਚ ਅਧਿਕਾਰਤ ਤੌਰ 'ਤੇ ਜਾਰੀ ਕੀਤੇ ਗਏ 2011 ਦੀ ਜਨ ਸੰਖਿਆ ਦੇ ਅੰਕੜਿਆਂ ਮੁਤਾਬਕ 2001 ਤੋਂ 2011 ਦੌਰਾਨ ਭਾਰਤ ਵਿਚ ਲਿੰਗ ਅਨੁਪਾਤ 927 ਤੋਂ ਘੱਟ ਕੇ 919 ਹੋ ਗਿਆ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸੇ ਦੌਰਾਨ ਭਾਰਤ ਵਿਚ ਦੂਸਰੇ ਕਈ ਖੇਤਰਾਂ ਵਿਚ ਸੁਧਾਰ



ਦਿਖ ਰਿਹਾ ਹੈ। ਭਾਰਤ ਦੇ ਸਾਰੇ ਲਿੰਗ ਅਨੁਪਾਤ (ਪ੍ਰਤੀ ਇਕ ਹਜ਼ਾਰ ਪੁਰਸ਼ਾਂ ਵਿਚ ਔਰਤਾਂ ਦੀ ਗਿਣਤੀ) 2001 ਦੇ 933 ਤੋਂ ਵੱਧ ਕੇ 2011 ਵਿਚ 943 ਹੋ ਗਈ ਹੈ। ਭਾਰਤ ਵਿਚ ਸਾਖਰਤਾ ਦਰ 2001 ਦੀ 64.8 ਫ਼ੀਸਦੀ ਤੋਂ ਵੱਧ ਕੇ 2011 ਵਿਚ 73 ਫ਼ੀਸਦੀ ਹੋ ਗਈ ਹੈ ਪਰ ਦੁੱਖ ਦੀ ਗੱਲ ਹੈ ਕਿ ਜਦੋਂ ਗੱਲ ਨਵ-ਜੰਮੀਆਂ ਬੱਚੀਆਂ ਅਤੇ ਪਰਿਵਾਰਾਂ ਨੂੰ ਬਚਾਉਣ ਦੀ ਆਉਂਦੀ ਹੈ ਤਾਂ ਇਹ ਸਾਰਾ ਵਿਕਾਸ ਧਰਿਆ-ਧਰਾਇਆ ਰਹਿ ਜਾਂਦਾ ਹੈ। ਦੇਸ਼ ਦੇ ਸਮੁੰਦਰ ਮੰਨੇ ਜਾਣ ਵਾਲੇ ਸੂਬੇ ਲਿੰਗ ਅਨੁਪਾਤ ਦੇ ਮਾਮਲੇ ਵਿਚ ਆਦਰਸ਼ ਨਹੀਂ ਮੰਨੇ ਜਾ ਸਕਦੇ। ਇਸ ਸਬੰਧੀ ਸ਼ਿਖਰਲੇ ਪੰਜ ਸੂਬਿਆਂ ਵਿਚ (ਇਕ ਕਰੋੜ ਅਤੇ ਉਸ ਤੋਂ ਵੱਧ ਜਨ ਸੰਖਿਆ ਨਾਲ) ਛੱਤੀਸਗੜ੍ਹ (969), ਕੇਰਲ (964), ਅਸਾਮ (962), ਪੱਛਮੀ ਬੰਗਾਲ (956) ਅਤੇ ਝਾਰਖੰਡ ਤੇ ਕਰਨਾਟਕਾ (948) ਸ਼ਾਮਲ ਹਨ। ਇਸ ਸੂਚੀ ਵਿਚ ਸਭ ਤੋਂ ਹੇਠਲੇ ਨੰਬਰ 'ਤੇ ਆਉਣ ਵਾਲੇ ਪੰਜ ਮੁੱਖ ਸੂਬੇ ਹਨ - ਹਰਿਆਣਾ (834), ਪੰਜਾਬ (846), ਜੰਮੂ ਕਸ਼ਮੀਰ (862), ਰਾਜਸਥਾਨ (888) ਅਤੇ ਗੁਜਰਾਤ (890)। ਚਿੰਤਾ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼ ਵਿਚ ਲਿੰਗ ਅਨੁਪਾਤ 2001 ਵਿਚ 916 ਤੋਂ ਘੱਟ ਕੇ 2011 ਵਿਚ 902 ਤਕ ਪਹੁੰਚ ਗਿਆ ਹੈ। ਹਾਲਾਂਕਿ ਇਸ ਸੂਬੇ ਵਿਚ ਸ਼ਹਿਰੀ ਖੇਤਰਾਂ ਦੀ ਤੁਲਨਾ ਵਿਚ ਪੇਂਡੂ ਖੇਤਰਾਂ ਵਿਚ ਲਿੰਗ ਅਨੁਪਾਤ ਕਿਤੇ ਜ਼ਿਆਦਾ ਤੇਜ਼ੀ ਨਾਲ ਡਿੱਗ ਰਿਹਾ ਹੈ।

ਇਸ ਸਥਿਤੀ ਲਈ ਬੇਟੇ ਦੀ ਚਾਹਤ ਹੀ ਜ਼ਿੰਮੇਵਾਰ ਹੈ। ਉਮਰ ਅਤੇ ਸਾਖਰਤਾ ਦੇ ਵੱਧਣ ਦੇ ਬਾਵਜੂਦ ਇਸ ਸੋਚ ਵਿਚ ਕੋਈ ਕਮੀ ਨਹੀਂ ਆਈ। ਬਹੁਤ ਸਾਰੇ ਭਾਰਤੀ ਪਰਿਵਾਰਾਂ ਵਿਚ ਅੱਜ ਵੀ ਬੇਟੀਆਂ ਨੂੰ ਆਰਥਕ ਬੋਝ ਮੰਨਿਆ ਜਾਂਦਾ ਹੈ। ਬੇਟੀਆਂ ਪ੍ਰਤੀ ਅਜਿਹੀ ਭਾਵਨਾ ਬਹੁਤ ਘਾਤਕ ਹੁੰਦੀ ਹੈ। ਇਸੇ ਕਾਰਨ ਦੇਸ਼ ਵਿਚ ਕੰਨਿਆ ਭਰੂਣ ਹੱਤਿਆ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।

☛ ਬਾਕੀ ਸਫ਼ਾ 32 'ਤੇ

# ਪੰਜਾਬ 'ਚ ਨਿਰਾਸ਼ ਪੀੜ੍ਹੀ ਦੀ ਭਟਕਣਾ



ਹਰਸ਼ ਮੰਦਰ
ਡਾਇਰੈਕਟਰ,
ਸੈਂਟਰ ਫ਼ਾਰ ਇਕਵਟੀ ਸਟੱਡੀਜ਼

ਉਹ ਮਹਿਜ਼ ਵੀਹ ਸਾਲ ਦੀ ਹੈ, ਦੁਬਲੀ-ਪਤਲੀ, ਪੀਲੀ ਅਤੇ ਚਰਿੱਤਰਹੀਣ ਅੱਖਾਂ, ਛੋਟੀ ਜਹੀ ਦੁੱਖਭਰੀ ਜ਼ਿੰਦਗੀ ਦੇ ਅੰਤ ਜਾਂ ਉਮੀਦ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ। ਜਦ ਉਹ ਬੱਚੀ ਸੀ, ਉਸ ਦੇ ਪਿਤਾ ਨਸ਼ੇ ਦੀ ਭੇਟ ਚੜ੍ਹ ਗਏ। ਉਸ ਦੀ ਮਾਂ ਨੂੰ ਪਿਤਾ ਦੇ ਛੋਟੇ ਭਰਾ ਨਾਲ ਵਿਆਹ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਉਹ ਵੀ ਨਸ਼ੇ ਦਾ ਆਦੀ ਹੋਇਆ ਅਤੇ ਕੁਝ ਸਾਲ ਬਾਅਦ ਚੱਲ ਵਸਿਆ। ਉਸ ਦਾ ਭਰਾ ਉਸ ਤੋਂ ਕੁਝ ਹੀ ਸਾਲ ਵੱਡਾ ਸੀ। ਉਹ ਕਿਸ਼ੋਰ ਹੋਣ ਤੋਂ ਪਹਿਲਾਂ ਹੀ ਬਾਪ ਦੀ ਤਰ੍ਹਾਂ ਵਿਹਾਰ ਕਰਨ ਲੱਗਾ। ਉਸ ਦੀ ਮਾਂ ਨੇ 17 ਦੀ ਹੁੰਦੇ ਹੀ ਉਸ ਦਾ ਵਿਆਹ ਕਰ ਦਿੱਤਾ। ਪਰ ਛੇਤੀ ਹੀ ਇਸ ਲੜਕੀ ਨੂੰ ਪਤਾ ਲੱਗ ਗਿਆ ਕਿ ਉਸ ਦਾ ਪਤੀ ਵੀ ਨਸ਼ਾ ਕਰਦਾ ਹੈ।

ਅੰਮ੍ਰਿਤਸਰ ਸ਼ਹਿਰ ਦੇ ਮਕਬੂਲਪੁਰਾ ਦੀ ਵਰਕਿੰਗ ਕਲਾਸ ਦੀ ਬਸਤੀ ਵਿਚ ਕਈ ਸੌ ਪਤਨੀਆਂ, ਬੇਟੀਆਂ, ਮਾਤਾਵਾਂ ਅਤੇ ਭੈਣਾਂ ਦੀ ਤਰ੍ਹਾਂ ਉਹ ਵੀ ਸਖ਼ਤ ਮਿਹਨਤ ਦੀ ਉਮਰ ਕੈਦ ਕੱਟ ਰਹੀ ਹੈ। ਉਹ ਲੋਕਾਂ ਦੇ ਘਰਾਂ ਵਿਚ ਬਰਤਨ ਮਾਂਜਦੀ ਹੈ। ਜਦ 1999 ਵਿਚ ਇਕ ਪੱਤਰਕਾਰ ਨੇ ਦੇਖਿਆ ਕਿ ਇਸ ਇਲਾਕੇ ਵਿਚ ਤਿੰਨ ਸਾਲ ਵਿਚ 30 ਔਰਤਾਂ ਵਿਧਵਾ ਹੋ ਗਈਆਂ ਹਨ ਤਾਂ ਉਨ੍ਹਾਂ ਨੇ ਇਸ ਨੂੰ 'ਵਿਧਵਾ ਕਾਲੋਨੀ' ਦਾ ਨਾਮ ਦੇ ਦਿੱਤਾ। ਸਮਾਜ ਸੇਵੀਆਂ ਨੇ ਇਥੇ 330 ਵਿਧਵਾਵਾਂ ਦਾ ਨਾਮ ਦਰਜ ਕੀਤੇ। ਸਾਰੇ ਉਸ ਜ਼ਹਿਰ ਅਤੇ ਨਸ਼ੇ ਦੇ ਹਮਲੇ ਵਿਚ ਜਾਨ ਗੁਆ ਬੈਠੇ, ਜੋ ਪੰਜਾਬ ਦੇ ਗੌਰਵ ਦੀ ਆਤਮਾ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਇਨ੍ਹਾਂ ਵਿਚੋਂ ਕੁਝ ਕੁ ਨੂੰ ਪੰਜਾਬ ਸਰਕਾਰ 250 ਰੁਪਏ ਦੀ ਪੈਨਸ਼ਨ ਵੀ ਦੇ ਰਹੀ ਹੈ।

ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਦਿੱਤੇ ਇਕ ਹਲਫ਼ਨਾਮੇ ਵਿਚ ਮੰਨਿਆ ਹੈ ਕਿ ਪੇਂਡੂ ਪੰਜਾਬ ਦੇ ਦੋ-ਤਿਹਾਈ ਘਰਾਂ ਵਿਚ ਘੱਟ ਤੋਂ ਘੱਟ ਇਕ ਪੁਰਸ਼ ਨਸ਼ੇ ਦਾ ਆਦੀ ਹੈ। ਪ੍ਰਸ਼ਾਸਨ ਵੀ ਇਸ ਜਾਨਲੇਵਾ ਸਮਾਜਕ ਮਹਾਮਾਰੀ ਖ਼ਿਲਾਫ਼ ਜਾਗਰੂਕਤਾ ਮੁਹਿੰਮ ਚਲਾ ਰਿਹਾ ਹੈ। ਸੂਬੇ ਵਿਚ 51 ਕੇਂਦਰਾਂ 'ਤੇ ਤਕਰੀਬਨ 500 ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਸੰਕਟ ਦੇ ਲਿਹਾਜ਼ ਨਾਲ ਇਹ ਬਹੁਤ ਘੱਟ ਹੈ। ਪਰ ਵੱਡੀ ਗਿਣਤੀ ਉਨ੍ਹਾਂ ਦੀ ਹੈ, ਜੋ ਨਾਜਾਇਜ਼ ਕੇਂਦਰਾਂ ਵਿਚ ਗ਼ੈਰ-ਸਿਖਿਅਕ ਲੋਕਾਂ ਦੇ ਚੁੰਗਲ ਵਿਚ ਫਸਦੇ ਹਨ। ਉਨ੍ਹਾਂ ਨੂੰ ਜ਼ੰਜੀਰ ਨਾਲ ਬੰਨ੍ਹਿਆ ਅਤੇ ਕੁੱਟਿਆ ਜਾਂਦਾ ਹੈ।

ਪੰਜਾਬ ਭਰ ਵਿਚ ਅੱਜ ਬੁਜ਼ਰਗ ਇਸ ਪੂਰੀ ਪੀੜ੍ਹੀ ਦੀ ਹਾਨੀ ਦਾ ਸੋਗ ਮਨਾ ਰਹੇ ਹਨ। ਕਿਹਾ ਜਾਂਦਾ ਹੈ ਕਿ ਪੰਜਾਬ ਭਾਰਤੀ ਸ਼ਹਿਰਾਂ ਅਤੇ ਵਿਦੇਸ਼ਾਂ ਲਈ ਕੌਮਾਂਤਰੀ ਨਸ਼ੀਲੇ ਪਦਾਰਥਾਂ ਦਾ ਸਪਲਾਈ ਮਾਰਗ ਹੈ। ਪਰ ਛੇਤੀ ਹੀ ਇਹ ਨਸ਼ਿਆਂ ਦਾ ਟਿਕਾਣਾ ਬਣ ਗਿਆ ਕਿਉਂਕਿ ਇਥੋਂ ਦੇ ਨੌਜਵਾਨਾਂ ਨੇ ਨਸ਼ੇ ਦੀ ਵਰਤੋਂ ਅਤੇ ਇਸ ਦੀ ਤਸਕਰੀ ਦੇ ਤਰੀਕੇ ਸਿੱਖ ਲਏ। ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਅਨੁਸਾਰ ਦੇਸ਼ ਵਿਚ ਨਸ਼ਿਆਂ ਦੇ ਆਦੀ ਲੋਕਾਂ ਦੀ ਗਿਣਤੀ ਵਿਚ ਪੰਜਾਬ ਸਿਖਰ ਤੋਂ ਦੂਜੇ ਨੰਬਰ 'ਤੇ ਹੈ। ਇਹ ਚਰਸ, ਦੇਸੀ ਸ਼ਰਾਬ, ਸਮੈਕ, ਹੈਰੋਇਨ, ਉਤੇਜਕ ਦਵਾਈਆਂ, ਗਾਂਜਾ ਅਤੇ ਇਥੋਂ ਤਕ ਕਿ ਛਿਪਕਲੀ ਦੀ ਪੂੰਛ ਦਾ ਸੇਵਨ ਵੀ ਕਰਦੇ ਹਨ।

ਨਸ਼ੇ ਦੇ ਸ਼ਿਕਾਰ ਜ਼ਿਆਦਾਤਰ ਲੋਕ ਜਵਾਨੀ ਵਿਚ ਉਸ ਸਮੇਂ ਹੁੰਦੇ ਹਨ, ਜਦੋਂ ਉਨ੍ਹਾਂ ਨੂੰ ਕੰਮ ਕਰਨਾ ਚਾਹੀਦਾ ਹੈ। ਇਸ ਦੀ ਥਾਂ ਉਹ ਬਿਨਾਂ ਵਿਚਾਰੇ ਇੰਜੈਕਸ਼ਨਾਂ ਦਾ ਅਦਾਨ-ਪ੍ਰਦਾਨ ਕਰਦੇ ਹਨ, ਕਦੇ ਕਦੇ ਇਕ ਦਿਨ ਵਿਚ 100 ਗੋਲੀਆਂ ਖਾ ਜਾਂਦੇ ਹਨ, ਆਪਣਾ ਖ਼ੂਨ ਵੇਚਦੇ ਹਨ, ਚੋਰੀ ਕਰਦੇ ਹਨ, ਕਰਜ਼ ਵਿਚ ਫਸਦੇ ਹਨ, ਆਪਣੀ ਪਤਨੀਆਂ ਅਤੇ ਮਾਤਾਵਾਂ ਤੋਂ ਉਹ ਰਕਮ ਖੋਹ ਲੈਂਦੇ ਹਨ, ਜਿਨ੍ਹਾਂ ਤੋਂ ਇਨ੍ਹਾਂ ਦੇ ਪਰਿਵਾਰਾਂ ਦਾ ਪੇਟ ਭਰਦਾ ਹੈ, ਆਪਣੇ ਘਰ ਤਕ ਵੇਚ ਦਿੰਦੇ ਹਨ। ਬੱਚੇ ਭੁੱਖ ਅਤੇ ਡਰ ਵਿਚਕਾਰ ਆਪਣੇ ਮਾਤਾ-ਪਿਤਾ ਨੂੰ ਬਰਬਾਦ ਹੁੰਦਾ ਦੇਖਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਬੱਚੇ ਅਪਣੇ ਪਿਤਾ ਦੀ ਨਕਲ ਕਰਦੇ ਹਨ। ਸਮਾਜ ਸ਼ਾਸਤਰੀ



ਅਮਨਪ੍ਰੀਤ ਸਿੰਘ ਕਹਿੰਦੇ ਹਨ ਕਿ ਨਸ਼ੇ ਦੇ ਆਦੀ ਲੋਕਾਂ ਵਿਚੋਂ ਇਕ ਤਿਹਾਈ ਮੰਨਦੇ ਹਨ ਕਿ ਉਨ੍ਹਾਂ ਨੂੰ ਇਹ ਲਤ ਉਨ੍ਹਾਂ ਦੇ ਪਿਤਾ ਦੀ ਨਕਲ ਕਰਦੇ ਸਮੇਂ ਲੱਗੀ।

ਹਰਿਮੰਦਰ ਸਾਹਿਬ ਤੋਂ ਬਹੁਤੀ ਦੂਰ ਨਹੀਂ ਹੈ ਮਕਬੂਲਪੁਰਾ। ਇਥੇ ਹਰ ਘਰ ਦੀ ਇਸ ਗੁਮਨਾਮ ਪੀੜ੍ਹੀ ਵਿਚ ਲਗਭਗ ਰੋਜ਼ ਤਰਾਸਦੀ ਹੁੰਦੀ ਹੈ। ਮੁਸਲਿਮ ਆਬਾਦੀ ਇਸ ਨੂੰ ਵੰਡ ਸਮੇਂ ਖ਼ਾਲੀ ਕਰ ਗਈ ਸੀ। ਸਰਹੱਦ ਪਾਰ ਤੋਂ ਗ਼ਰੀਬ ਹਿੰਦੂ, ਸਿੱਖ ਸ਼ਰਨਾਰਥੀ ਇਥੇ ਆ ਕੇ ਵਸੇ ਸਨ। ਔਰਤਾਂ ਘਰੇਲੂ ਕੰਮਕਾਰ ਕਰਦੀਆਂ ਹਨ, ਪੁਰਸ਼ ਜਦੋਂ ਕਰ ਸਕਦੇ ਹਨ, ਉਦੋਂ ਉਹ ਰਿਕਸ਼ਾ ਜਾਂ ਆਟੋ ਰਿਕਸ਼ਾ ਚਲਾਉਂਦੇ ਹਨ। ਪਰ ਜਿਉਂ ਹੀ ਉਹ ਨਸ਼ੇ ਦੇ ਸਾਮਰਾਜ ਵਿਚ ਘੁੰਮਦੇ ਹਨ ਤਾਂ ਕੰਮ ਕਰਨਾ ਅਸੰਭਵ ਹੋ ਜਾਂਦਾ ਹੈ। ਔਰਤਾਂ ਤੇ ਬੱਚੇ ਕੱਚੀ ਸ਼ਰਾਬ ਵੇਚਦੇ ਨਜ਼ਰ ਆਉਂਦੇ ਹਨ ਅਤੇ ਉਦੋਂ ਉਹ ਨਸ਼ੇ ਦੇ ਵਪਾਰ ਵਿਚ 'ਗਰੈਜੂਏਟ' ਹੋ ਜਾਂਦੇ ਹਨ। ਇਥੇ ਛੋਟੇ ਬੱਚਿਆਂ ਨੂੰ ਨਸ਼ੇੜੀ ਗਾਹਕਾਂ ਨਾਲ ਭਾਅ ਬਾਰੇ ਗੱਲਬਾਤ ਕਰਦੇ ਦੇਖਣਾ ਮੁਸ਼ਕਲ ਨਹੀਂ ਹੈ। ਕਈ ਛੇਤੀ ਹੀ ਸਕੂਲ ਛੱਡ ਕੇ ਪਰਿਵਾਰ ਚਲਾਉਣ ਵਿਚ ਮਾਂ ਨਾਲ ਹੱਥ ਵਟਾਉਣ ਲਈ ਪੈਸਾ ਘਰ ਲਿਆਉਣ ਲੱਗਦੇ ਹਨ।

ਇਨ੍ਹਾਂ ਛੋਟੇ ਬੱਚਿਆਂ ਦੀ ਦੁਰਦਸ਼ਾ ਦੇਖ ਕੇ ਇਕ ਅਧਿਆਪਕ ਅਜੀਤ ਸਿੰਘ ਨੇ ਉਨ੍ਹਾਂ ਲਈ ਪੜ੍ਹਨ ਅਤੇ ਨਸ਼ੇ ਤੋਂ ਦੂਰ ਰਹਿਣ ਲਈ ਸਵਰਗ ਵਰਗਾ ਸਕੂਲ ਤਿਆਰ ਕੀਤਾ ਹੈ। ਲੋਕ ਉਨ੍ਹਾਂ ਨੂੰ ਮਾਸਟਰ ਜੀ ਦੇ ਨਾਮ ਨਾਲ ਜਾਣਦੇ ਹਨ। ਉਨ੍ਹਾਂ ਨੇ ਇਹ ਕਦਮ ਕਈ ਸਾਲ ਪਹਿਲਾਂ ਚੁੱਕਿਆ, ਜਦੋਂ ਉਨ੍ਹਾਂ ਦੇ 10 ਸਾਲ ਦੇ ਬੇਟੇ ਨੇ 'ਗਲਾਸੀ' ਖਰੀਦਣ ਲਈ ਪੈਸੇ ਮੰਗੇ। ਇਹ ਦੇਸੀ ਸ਼ਰਾਬ ਦਾ ਗਲਾਸ ਹੈ, ਜੋ ਮਕਬੂਲਪੁਰਾ ਦੀਆਂ ਸੜਕਾਂ 'ਤੇ ਖੁੱਲ੍ਹੇਆਮ ਵਿਕਦੀ ਹੈ।

ਮਾਸਟਰ ਜੀ ਨੇ ਆਪਣੇ ਬੇਟੇ ਨੂੰ ਜੀ ਜਾਨ ਨਾਲ ਬਚਾਉਣ ਦੀ ਤਾਂ ਕੋਸ਼ਿਸ਼ ਕੀਤੀ ਹੀ, ਨਾਲ ਹੀ ਮਕਬੂਲਪੁਰਾ ਦੇ ਉਸ ਉਮਰ ਦੇ ਬਾਕੀ ਬੱਚਿਆਂ ਨੂੰ ਵੀ ਬਚਾਉਣ ਦਾ ਇਰਾਦਾ ਬਣਾਇਆ। ਉਨ੍ਹਾਂ ਦੀ ਪਤਨੀ ਅਮਨਦੀਪ ਅਤੇ ਉਹ ਖ਼ੁਦ ਸਰਕਾਰੀ ਅਧਿਆਪਕ ਹਨ। ਉਨ੍ਹਾਂ ਨੇ ਸਾਰਾ ਸਾਮਾਨ ਘਰ ਦੇ ਇਕ ਕਮਰੇ ਵਿਚ ਕੀਤਾ ਅਤੇ ਬਾਕੀ ਕਮਰੇ ਕਲਾਸ ਰੂਮ ਵਿਚ ਬਦਲ ਦਿੱਤੇ। ਸਰਕਾਰੀ ਨੌਕਰੀ ਤੋਂ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ ਘਰ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੜ੍ਹਾਈ ਲਿਖਾਈ ਦੇ ਮਾਹੌਲ ਤੋਂ ਦੂਰ ਰਹੇ ਬੱਚਿਆਂ ਨੂੰ ਨਸ਼ੇ ਪੱਤੇ ਤੋਂ ਦੂਰ ਕੁਝ ਘੰਟੇ ਦਾ ਇਹ ਮਾਹੌਲ ਬਹੁਤ ਚੰਗਾ ਲੱਗਿਆ। ਸਾਲ ਗੁਜਰਦੇ ਰਹੇ, ਦਾਨ ਅਤੇ ਇਨਾਮ ਆਉਂਦੇ ਰਹੇ। ਇਸ ਅਧਿਆਪਕ ਜੋੜੇ ਨੇ ਹੋਰ ਕਲਾਸ ਰੂਮ ਬਣਾ ਲਏ। ਅੱਜ ਉਹ 400 ਤੋਂ ਜ਼ਿਆਦਾ ਬੱਚਿਆਂ ਨੂੰ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਹਨ। ਉਨ੍ਹਾਂ ਕੋਲ ਦੂਜੇ ਅਧਿਆਪਕਾਂ ਨੂੰ ਰੱਖਣ ਲਈ ਵੀ ਪੈਸਾ ਹੈ, ਉਹ ਨਸ਼ੇ ਦੀ ਲਤ ਤੋਂ ਬਚੇ ਪਰਿਵਾਰਾਂ ਦੇ ਨੌਜਵਾਨ ਹਨ। ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਬੈਂਚਾਂ 'ਤੇ ਬੈਠੇ ਜ਼ਿਆਦਾਤਰ ਬੱਚੇ ਨਸ਼ੇ ਵਿਚ ਨਹੀਂ ਡੁੱਬੇ।

ਉਨ੍ਹਾਂ ਨੇ ਆਪਣੇ ਕਈ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਦਸਤੇ ਦਾ ਵਲੰਟੀਅਰ ਬਣਾਇਆ। ਜੋ ਛੁੱਟੀਆਂ ਵਿਚ ਸੂਬੇ ਵਿਚ ਘੁੰਮਦੇ ਹਨ, ਨੌਜਵਾਨਾਂ ਨੂੰ ਨਸ਼ੇ ਦੇ ਖ਼ਤਰੇ ਤੋਂ ਜਾਣੂ ਕਰਵਾਉਂਦੇ ਹਨ। ਦੱਸਦੇ ਹਨ ਕਿ ਕਿਸ ਤਰ੍ਹਾਂ ਇਹ ਸਿਰਫ਼ ਨਸ਼ੇਬਾਜ਼ ਨੂੰ ਹੀ ਨਹੀਂ ਬਲਕਿ ਉਸ ਦੇ ਪੂਰੇ ਪਰਿਵਾਰ ਨੂੰ ਹੀ ਮੁਸ਼ਕਲਾਂ, ਹਿੰਸਾ, ਬੇਰੁਜ਼ਗਾਰੀ ਅਤੇ ਅਪਰਾਧ ਦੀ ਦਲਦਲ ਵਿਚ ਫਸਾਉਂਦਾ ਹੈ। ਮੈਂ ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਨੂੰ ਮਿਲਿਆ। ਉਹ ਆਪਣੇ ਗੁਆਂਢ ਵਿਚ ਵਧਦੇ ਅਪਰਾਧ ਦੀ ਚਰਚਾ ਕਰਦੇ ਹਨ। ਨਸ਼ੇ ਦੀ ਵਰਤੋਂ ਕਰਨ ਵਾਲੇ ਕਿਸ ਤਰ੍ਹਾਂ ਮੋਟਰਸਾਈਕਲ 'ਤੇ ਜਾਂਦੇ ਹਨ। ਨਸ਼ਾ ਖਰੀਦਣ ਲਈ ਚੇਨ ਜਾਂ ਪਰਸ ਖੋਹ ਕੇ ਭੱਜਦੇ ਹਨ। ਭ੍ਰਿਸ਼ਟ ਪੁਲੀਸ ਵਾਲਿਆਂ, ਸ਼ਰਾਬੀ ਪਿਤਾ, ਭਰਾ ਅਤੇ ਚਾਚਾ-ਮਾਮਾ, ਅਸੁਰੱਖਿਅਤ ਹਿੰਸਕ ਮਾਹੌਲ ਵਾਲੇ ਘਰ ਅਤੇ ਬਚਪਨ ਤੋਂ ਵਾਂਝੇ ਹੋਣ ਦੀ ਗੱਲ ਕਰਦੇ ਹਨ। ਪਰ ਉਹ ਆਪਣੇ ਸੁਪਨਿਆਂ ਦੀ ਗੱਲ ਵੀ ਕਰਦੇ ਹਨ, ਨਸ਼ੇ ਵਿਰੁੱਧ ਸੰਘਰਸ਼ ਲਈ ਪੁਲੀਸ ਵਿਚ ਜਾਣਾ, ਆਈ.ਏ.ਐਸ. ਅਫ਼ਸਰ, ਡਾਕਟਰ ਅਤੇ ਟੀਚਰ ਬਣਨਾ। ਬਾਕੀ ਘਰਾਂ ਵਿਚ ਮਾਪੇ ਆਪਣੇ ਬੱਚਿਆਂ ਨੂੰ ਪਾਲਦੇ, ਵੱਡਾ ਕਰਦੇ ਹਨ। ਇਹ ਬੱਚੇ ਆਪਣੇ ਵੱਡਿਆਂ ਨੂੰ ਬਚਾਉਣ ਦੀ ਯੋਜਨਾ ਬਣਾਉਂਦੇ ਹਨ। ਪੰਜਾਬ ਨੇ ਇਕ ਪੀੜ੍ਹੀ ਅਤਿਵਾਦ ਵਿਚ ਗੁਆ ਦਿੱਤੀ ਅਤੇ ਅਗਲੀ ਪੀੜ੍ਹੀ ਨਸ਼ੇ ਵਿਚ। ਸੰਭਵ ਹੈ ਤੀਜੀ ਪੀੜ੍ਹੀ ਆਤਮਾ ਦੇ ਅੰਤਰ ਤਕ ਵੜ ਚੁੱਕੀ ਇਸ ਬਿਮਾਰੀ ਦਾ ਇਲਾਜ ਕਰੇ।


BLITZ AUTO CANADA

3207-97 Street, Edmonton, Alberta, T6N 1B7, Canada

Full Maintenance Service



- Breaks
- Muffler
- Suspension
- Lube & Oil
- Tires
- Batteries

Umesh Amin

email: unamin@gmail.com



Phone:780 463 2886

WE CARE YOUR CAR BETTER

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 39

# ਮੁੰਡਿਆ ਵੇ ਪੀਂਘਾਂ ਉਡੀਆਂ

ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com



ਗਿਆਨੋ ਵਿਹੜੇ ਵਿਚੋਂ ਮੇਰੀ ਭਰਜਾਈ ਲੱਗਦੀ ਹੈ। ਉੱਚੀ ਲੰਮੀ ਜੁਆਨ ਤੇ ਸੁਹਣੀ ਵੀ। ਉਸ ਦਾ ਘਰ ਵਾਲਾ ਮਹਿੰਦਰ ਤੇ ਮੈਂ ਕਦੇ ਇਕੱਠੇ ਵੀ ਪੜ੍ਹਦੇ ਰਹੇ। ਘਰ ਦੀਆਂ ਤੰਗੀਆਂ ਤੋਂ ਤੰਗ ਆ ਕੇ ਮਹਿੰਦਰ ਤਾਂ ਫ਼ੌਜ ਵਿਚ ਚਲਾ ਗਿਆ ਤੇ ਮੈਂ ਕਾਲਜ ਵਿਚ ਲੈਕਚਰਾਰ ਲੱਗ ਗਿਆ। ਸਭ ਤੋਂ ਪਹਿਲਾਂ ਮੈਂ ਗੀਤ ਸੰਗ੍ਰਹਿ ਆਪਣੇ ਘਰ ਤੋਂ ਕੀਤਾ। ਮਾਤਾ, ਭੂਆ, ਨਾਨੀ, ਭੈਣਾਂ ਤੋਂ। ਫਿਰ ਰੁਖ਼ ਕੀਤਾ ਰਿਸ਼ਤੇਦਾਰੀਆਂ ਦੀਆਂ ਅਗਾਂਹ ਰਿਸ਼ਤੇਦਾਰੀਆਂ ਵੱਲ। ਕਦੇ-ਕਦਾਈਂ ਮੈਂ ਘਰਾਂ ਵਿਚ ਵੀ ਬੈਠ ਜਾਂਦਾ। ਉਸ ਦੀ ਮੈਨੂੰ ਏਨੀ ਚਿੰਤਾ ਇਸ ਲਈ ਨਹੀਂ ਸੀ ਹੁੰਦੀ ਕਿ ਇੱਥੇ ਤਾਂ ਮੈਂ ਕਦੇ ਵੀ ਵਿਹਲੇ ਸਮੇਂ ਬੈਠ ਸਕਦਾ ਸਾਂ, ਪਰ ਦੂਰ ਦੇ ਪਿੰਡਾਂ ਵਿਚ ਬਾਰ-ਬਾਰ ਨਹੀਂ ਸੀ ਜਾਇਆ ਜਾ ਸਕਦਾ। ਮੈਨੂੰ ਪਤਾ ਸੀ ਕਿ ਗਿਆਨੋ ਭਾਬੀ ਨੂੰ ਕੁਝ ਵੱਖਰੀ ਤਰ੍ਹਾਂ ਦੇ ਗੀਤ ਯਾਦ ਹਨ। ਇਸ ਗੱਲ ਦਾ ਪਤਾ ਵਿਆਹ ਵਿਚ ਬੈਠੀ ਭਾਬੀ ਤੋਂ ਹੀ ਲੱਗਾ ਸੀ ਜਾਂ ਫਿਰ ਮਾਤਾ ਜੀ ਤੋਂ ਇਸ ਲਈ ਮੈਂ ਗਿਆਨੋ ਭਾਬੀ ਨੂੰ ਹੌਲ਼ੀ-ਹੌਲ਼ੀ ਰਾਜ਼ੀ ਕਰ ਲਿਆ। ਇਕ ਦੋ ਬਾਰ ਤਾਂ ਨਾਂਹ-ਨੁੱਕਰ ਤੋਂ ਇਲਾਵਾ ਕੁਝ ਪੱਲੇ ਨਾ ਪਿਆ। ਉਹ ਤੇ ਉਸ ਦੀ ਸੱਸ ਮੀਹੋਂ ਛੋਟਿਆਂ ਬੱਚਿਆਂ ਨੂੰ ਅਗਾਂਹ ਕਰ ਦੇਣ ਜੋ ਰੇਡੀਉ ਆਦਿ ਤੋਂ ਸੁਣੇ ਗੀਤ ਤੋਤਲੀਆਂ ਜ਼ਬਾਨਾਂ ਵਿਚ ਗਾਉਂਦੇ। ਇਹ ਗੀਤ ਮੇਰੇ ਕਿਸੇ ਕੰਮ ਦੇ ਨਹੀਂ ਸਨ। ਫਿਰ ਵੀ ਗਿਆਨੋ ਤੇ ਉਸ ਦੀ ਸੱਸ ਨੂੰ ਰਾਜ਼ੀ ਕਰਨ ਲਈ ਮੈਨੂੰ ਉਹ ਵੀ ਰਿਕਾਰਡ ਕਰਨੇ ਪੈਂਦੇ। ਇਕ ਵਾਰ ਗਿਆਨੋ ਭਾਬੀ ਨਾਲ ਮੈਂ ਦਸੂਹੇ ਦੇ ਕੋਲ ਉਸ ਦੇ ਮਾਪਿਆਂ ਦੇ ਵੀ ਗਿਆ ਪਰ ਉਥੇ ਵੀ ਉਸ ਦੀਆਂ ਛੋਟੀਆਂ ਭੈਣਾਂ ਤੇ ਹੋਰ ਕੁੜੀਆਂ ਨੇ ਕੁਝ ਆਮ ਜਿਹੇ ਲੋਕ-ਗੀਤ ਹੀ ਸੁਣਾਏ। ਇਸ 'ਤੇ ਮੈਨੂੰ ਕਾਫ਼ੀ ਮਾਯੂਸੀ ਹੋਈ, ਪਰ ਮੈਂ ਇਸ ਮਾਮਲੇ ਵਿਚ ਹਾਰ ਮੰਨਣ ਵਾਲਿਆਂ ਵਿਚੋਂ ਨਹੀਂ ਹਾਂ। ਜਿੱਥੇ ਵੀ ਮੈਨੂੰ ਖਾਸ ਤਰ੍ਹਾਂ ਦੇ ਗੀਤਾਂ ਦੀ ਦੱਸ ਪਈ ਹੈ, ਮੈਂ ਹਰ ਹੀਲੇ ਉਹ ਪ੍ਰਾਪਤ ਕੀਤੇ ਹਨ। ਇੱਥੇ ਵੀ ਮੈਂ ਆਸ ਨਹੀਂ ਸੀ ਛੱਡੀ।

ਤੀਜੀ ਜਾਂ ਚੌਥੀ ਵਾਰੀ ਨਾ ਤਾਂ ਗਿਆਨੋ ਕੋਲ ਕੋਈ ਬਹਾਨਾ ਰਿਹਾ ਤੇ ਨਾ ਹੀ ਉਸ ਦੀ ਸੱਸ ਕੋਲ। ਗਿਆਨੋ ਨੇ ਕੁੜੀਆਂ ਤੋਂ ਢੋਲਕ ਮੰਗਵਾ ਲਈ ਮੈਨੂੰ ਆਸ ਹੋ ਗਈ ਕਿ ਇਸ ਵਾਰ ਤਾਂ ਕੁਝ ਨਾ ਕੁਝ ਵਾਪਰੇਗਾ। ਗੱਲ ਹੋਈ ਵੀ ਉਹੀ। ਭਾਬੀ ਨੇ ਪਹਿਲਾਂ ਤਾਂ ਆਮ ਜਿਹੇ ਗੀਤ ਸੁਣਾਏ ਜੋ ਮੈਨੂੰ ਮਜਬੂਰਨ ਟੇਪ ਕਰਨੇ ਪਏ ਕਿਉਂਕਿ ਮੈਂ ਉਸ ਨੂੰ ਦੱਸਣਾ ਚਾਹੁੰਦਾ ਸਾਂ ਕਿ ਉਸ ਦਾ ਹਰ ਗੀਤ ਮੈਂ ਟੇਪ ਕਰ ਰਿਹਾ ਹਾਂ ਉਸ ਨੂੰ ਸੁਣਾ ਕੇ ਉਸ ਨੂੰ ਮਾਨਸਿਕ ਤੌਰ 'ਤੇ ਅਗਲੇ ਗੀਤਾਂ ਲਈ ਤਿਆਰ ਵੀ ਕਰਨਾ ਸੀ। ਹੌਲ਼ੀ-ਹੌਲ਼ੀ ਕੁਝ ਗੀਤ ਆਉਣੇ ਸ਼ੁਰੂ ਹੋ ਗਏ। ਦੋ ਤਿੰਨ ਗੀਤਾਂ ਤੋਂ ਬਾਅਦ, ਭਾਬੀ ਗਿਆਨੋ ਨੇ ਢੋਲਕੀ 'ਤੇ ਚਮਚਾ ਮਾਰਨਾ ਸ਼ੁਰੂ ਕੀਤਾ ਤੇ ਨਾਲ ਹੀ ਉੱਚੀ ਹੇਕ ਵਿਚ ਗੀਤ ਦੇ ਬੋਲ ਚੁੱਕੇ, ਉਸ ਨੇ ਨਾਲ ਦੀਆਂ ਨੂੰ ਉੱਚੀ ਸੁਰ ਚੁੱਕਣ ਲਈ ਵੀ ਕਹਿ ਦਿੱਤਾ।

*ਉੱਚੀਆਂ ਲੰਮੀਆਂ ਟਾਹਲੀਆਂ ਮੁੰਡਿਆਂ ਵੇ ਪੀਂਘਾਂ ਉੱਡੀਆਂ*
*ਹੋ ਗਈ ਬੱਲੇ ਬੱਲੇ ਮੁੰਡਿਆਂ ਵੇ ਪੀਂਘਾਂ ਉੱਡੀਆਂ॥2॥*

ਇਹ ਗੀਤ 'ਸਉਣ' ਦਾ ਲੱਗ ਰਿਹਾ ਸੀ। ਭਾਬੀ ਗਿਆਨੋ ਦੀ ਸੁਰ ਏਨੀ ਉੱਚੀ ਸੀ ਕਿ ਨਾਲ ਦੀਆਂ ਉਸ ਨਾਲ ਨਾ ਨਿਭ ਸਕੀਆਂ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਸਾਰੀਆਂ ਨੇ ਦੂਸਰੀ ਪੰਗਤੀ ਚੁੱਕਣੀ ਸੀ ਜਿਸ ਦੀ ਲੈਅ ਥੋੜ੍ਹੀ ਵੱਖਰੀ ਸੀ। ਗਿਆਨੋ ਰੁਕ ਗਈ ਉਸ ਨੇ ਪਹਿਲਾਂ ਇਕੋ ਦੋ ਬਾਰ ਦੂਸਰੀ ਪੰਗਤੀ ਦੀ ਲੈਅ ਨਾਲ ਕੁੜੀਆਂ ਨੂੰ ਜੋੜਿਆ ਜਿਸ ਨਾਲ ਕੰਮ ਚੱਲ ਪਿਆ। ਭਾਵੇਂ ਉਹ ਲੈਅ ਨੂੰ ਪੂਰੀ ਤਰ੍ਹਾਂ ਫੜ ਨਹੀਂ ਸਕੀਆਂ। ਜਦੋਂ ਪਹਿਲੀ ਗਿਆਨੋ ਦੀ ਪੰਗਤੀ ਤੋਂ ਬਾਅਦ ਸਾਰੀਆਂ ਆਵਾਜ਼ ਚੁੱਕਦੀਆਂ ਤਾਂ ਸ਼ਬਦਾਂ ਦੀ ਇਕ ਘੂਕਰ ਬੱਝਦੀ ਜੋ ਸੁਣ ਰਹੇ ਸਰੋਤੇ ਨੂੰ ਵੀ ਝੂਮਣ ਲਾ ਦਿੰਦੀ। ਮੈਂ ਵੀ ਇਸ ਲੈਅ ਨਾਲ ਵਹਿ ਗਿਆ।

*ਪੀਂਘ ਝੂਟੇਂਦੇ ਦੋ ਜਣੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥*
*ਹੋ ਗਈ ਬੱਲੇ ਬੱਲੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥*
*ਆਸ਼ਕ ਤੇ ਮਾਸ਼ੂਕ ਮੁੰਡਿਆ ਓਇ ਪੀਂਘਾਂ ਉੱਡੀਆਂ॥2॥*
*ਹੋ ਗਈ ਬੱਲੇ ਬੱਲੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥*

ਆਮ ਤੌਰ 'ਤੇ 'ਸਉਣ' ਦੇ ਗੀਤਾਂ ਵਿਚ ਗੋਰੀ ਦੀ ਪੀਂਘ ਨੂੰ ਢੋਲਾ ਹੁਲਾਰਾ ਦਿੰਦਾ ਹੈ। ਇਸੇ ਦੀ ਕਾਮਨਾ ਔਰਤ ਕਰਦੀ ਹੈ। ਜੇ ਕਿਸੇ ਪਤਨੀ ਦਾ ਪਤੀ ਘਰ ਨਹੀਂ ਤਾਂ ਅਨੇਕਾਂ ਬਿਰਹਾ ਦੇ ਗੀਤ ਉਸ ਦੀ ਸਥਿਤੀ ਨੂੰ ਪ੍ਰਗਟ ਕਰਦੇ ਹਨ। ਇਹ ਪਹਿਲਾ ਪੀਂਘਾਂ ਦਾ ਗੀਤ ਅਜਿਹਾ ਸੀ ਜਿਸ ਵਿਚ ਆਸ਼ਕ ਤੇ ਮਾਸ਼ੂਕ ਪੀਂਘ ਝੂਟ ਰਹੇ ਸਨ। ਹੁਣ ਸਮਝ ਆ ਰਹੀ ਸੀ ਕਿ ਗੀਤ ਸ਼ੁਰੂ ਤੋਂ ਹੀ 'ਹੋ ਗਈ ਬੱਲੇ ਬੱਲੇ' ਦੀ ਟੋਨ ਕਿਉਂ ਸੈੱਟ ਕਰ ਰਿਹਾ ਸੀ। ਪ੍ਰਾਪਤ ਸਮਾਜ ਵਿਚ ਆਸ਼ਕ ਤੇ ਮਾਸ਼ੂਕ ਇਕੱਠੇ ਪੀਂਘਾਂ ਝੂਟਣਗੇ ਤਾਂ 'ਬੱਲੇ ਬੱਲੇ' ਤਾਂ ਹੋਵੇਗੀ ਹੀ। ਹੋਰ ਵੀ ਬਹੁਤ ਕੁਝ ਹੋਰ ਹੋ ਸਕਦਾ ਹੈ, ਪਰ ਇੱਥੇ ਸਿਰਜਣਹਾਰ ਗੀਤਕਾਰ ਦੀ ਹਮਦਰਦੀ ਇਨ੍ਹਾਂ ਦੋਨਾਂ ਨਾਲ ਹੈ ਇਸ ਲਈ 'ਬੱਲੇ ਬੱਲੇ' ਵੀ ਨਾਂਹ-ਪੱਖੀ ਨਹੀਂ ਹਾਂ-ਪੱਖੀ ਹੈ। ਢੋਲਕ ਦੀ ਥਾਪ ਨਾਲ ਵੱਜਦਾ ਚਮਚਾ ਤੇ ਬਾਕੀਆਂ ਦਾ ਦੁਹਰਾ ਲਗਭਗ ਇਕਮਿਕ ਹੋ ਗਿਆ ਸੀ ਇਸ ਲਈ ਉਤਸ਼ਾਹ ਵੀ ਵੱਧ ਗਿਆ ਸੀ। ਗੀਤ ਦਾ ਹੋਰ ਵੀ ਆਨੰਦ ਆਉਣ ਲੱਗ ਪਿਆ ਸੀ।

*ਪੀਂਘ ਝੂਟੇਂਦੇ ਡਿੱਗ ਪਏ, ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਸ਼ਾਵਾ-ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਚਕਨਾ ਚੂਰ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।*

ਆਸ਼ਕ ਤੇ ਮਾਸ਼ੂਕ ਦਾ ਡਿੱਗਣਾ ਤੇ ਚਕਨਾਚੂਰ ਹੋਣ ਦੀ ਸਥਿਤੀ ਗੰਭੀਰ ਤੇ ਦੁਖਾਂਤਕ ਵੀ ਹੋ ਸਕਦੀ ਸੀ। ਪਰ ਢੋਲਕ ਦੀ ਤਾਲ ਕੁਝ ਹੋਰ ਹੀ ਦੱਸ ਰਹੀ ਸੀ। ਗੀਤ ਤਾਂ ਉਨ੍ਹਾਂ ਦੀ 'ਚਕਨਾਚੂਰ' ਹੋਣ ਦੀ ਸਥਿਤੀ ਵਿਚੋਂ ਸੁਆਦ ਲੈ ਰਿਹਾ ਸੀ। ਭਾਬੀ ਗਿਆਨੋ ਦੇ ਚਿਹਰੇ ਦੀ ਮੁਸਕਾਨ ਵੀ ਇਹੀ ਸੰਕੇਤ ਦੇ ਰਹੀ ਸੀ। ਆਸ਼ਕ ਤੇ ਮਾਸ਼ੂਕ ਨਾਲ ਹਮਦਰਦੀ ਰੱਖਦੀ ਹੋਈ ਵੀ ਔਰਤ ਗੀਤ ਸਿਰਜਣ ਸਮੇਂ ਉਨ੍ਹਾਂ ਨੂੰ ਅਜਿਹੀ ਸਥਿਤੀ ਵਿਚ ਪਾਉਂਦੀ ਹੈ ਕਿ ਉਸ ਵਿਚ ਹਾਸਾ ਸੁੱਤੇ ਸਿੱਧ ਹੀ ਪੈਦਾ ਹੋ ਜਾਂਦਾ ਹੈ। ਅਜੇ ਤਾਂ ਗਿਆਨੋ ਦੇ ਚਿਹਰੇ ਤੋਂ ਮੁਸਕਾਨ ਦੇਖੀ ਜਾ ਸਕਦੀ ਸੀ, ਪਰ ਅਗਾਂਹ ਕੀ ਹੋ ਸਕਦਾ ਹੈ। ਉਸ ਦੀ ਇਹ ਸੂਚਨਾ ਵੀ ਸੀ। ਸਮੂਹ ਪੂਰੇ ਜੋਸ਼ ਵਿਚ ਆਪਣਾ ਬਣਦਾ ਹਿੱਸਾ ਪਾ ਰਿਹਾ ਸੀ ਤੇ ਉਸ ਨੂੰ ਇਸ ਵਿਚ ਲੈਅ ਦਾ ਹੀ ਨਹੀਂ ਸਥਿਤੀਆਂ ਦਾ ਵੀ ਸੁਆਦ ਆਉਣ ਲੱਗ ਪਿਆ ਸੀ।

*ਕੰਨਾਂ ਦੇ ਕਾਂਟੇ ਵੇਚ ਕੇ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਆਂਦਾ ਪਿਪਲਾਮੂਲ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਸ਼ਾਵਾ ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*

ਪੀਂਘ ਤੋਂ ਡਿੱਗ ਕੇ ਹੋਏ ਚਕਨਾਚੂਰ ਆਸ਼ਕਾਂ ਦਾ ਹੁਣ ਇਲਾਜ ਹੋਣਾ ਸ਼ੁਰੂ ਹੁੰਦਾ ਹੈ। ਘਰ ਵਿਚ ਸ਼ਾਇਦ ਦਵਾਦਾਰੂ ਲਈ ਕੁਝ ਨਹੀਂ, ਇਸ ਲਈ ਕੰਨਾਂ ਦੇ ਕਾਂਟੇ ਵੇਚੇ ਗਏ ਹਨ। ਪਰ ਇੱਥੇ ਆਰਥਿਕ ਤੰਗੀਆਂ ਦਾ ਜ਼ਿਕਰ ਨਹੀਂ ਸੀ ਹੋ ਰਿਹਾ ਸਗੋਂ 'ਕਾਂਟੇ' ਵੇਚਣ ਤੇ ਸਿਰਫ਼ ਪਿਪਲਾਮੂਲ ਲਿਆਉਣ ਵਿਚ ਜਿਹੜੀ ਅਤਿਕਥਨੀ ਹੈ, ਉਸਦਾ ਸੁਆਦ ਲਿਆ ਜਾ ਰਿਹਾ ਸੀ। ਅਤਿਕਥਨੀ ਦਾ ਅਸਲੀ ਕੰਮ ਤਾਂ ਵਾਪਰੀ ਘਟਨਾ ਨੂੰ ਡੂੰਘਾਈ ਤੱਕ ਮਹਿਸੂਸ ਕਰਵਾਉਣਾ ਹੁੰਦਾ ਹੈ, ਪਰ ਇੱਥੇ ਇਸ ਦਾ ਉਪਯੋਗ ਹਾਸ-ਰਸ ਪੈਦਾ ਕਰਨ ਲਈ ਕੀਤਾ ਜਾ ਰਿਹਾ ਸੀ। ਸੱਚਮੁੱਚ ਹੀ ਅਨੂਠਾ ਉਪਯੋਗ। ਲੋਕ-ਕਾਵਿ ਦੇ ਇਸ ਢੰਗ ਨੂੰ ਵੀ ਡੂੰਘੇ ਢੰਗ ਨਾਲ ਸਮਝਣ ਦੀ ਲੋੜ ਹੈ। ਇੱਥੇ ਲੋਕ-ਚਿਕਿਤਸਾ ਵੀ ਨਾਲ-ਨਾਲ ਆ ਰਹੀ ਹੈ। ਜ਼ਖ਼ਮ ਉੱਪਰ ਪਿਪਲਾਮੂਲ ਘੋਟ ਕੇ ਲਾਉਣ ਨਾਲ ਇਹ ਠੀਕ ਹੋ ਸਕਦਾ ਹੈ ਕਿ ਨਹੀਂ ਇਸ ਦਾ ਨਿਰਣਾ ਤਾਂ ਵੈਦ ਹੀ ਕਰ ਸਕਦਾ ਹੈ, ਪਰ ਲੋਕ ਗੀਤਾਂ ਦੀ ਸਿਰਜਣਹਾਰ ਨੇ ਪਿਪਲਾਮੂਲ ਇਸੇ ਖ਼ਾਸ ਕੰਮ ਲਈ, ਕਾਂਟੇ ਵੇਚ ਕੇ ਲਿਆਂਦਾ ਹੈ। ਇਹੀ ਤਾਂ ਸੁਹਜਾਤਮਕ ਕਥਨੀ ਹੈ, ਜਿਸ ਦਾ ਮੈਂ ਵੀ ਆਨੰਦ ਲੈ ਰਿਹਾ ਸਾਂ 'ਤੇ ਅਗਲੀਆਂ ਪੰਗਤੀਆਂ ਦੀ ਉਡੀਕ ਕਰੀ ਜਾ ਰਿਹਾ ਸਾਂ।

*ਕੁਸ਼ ਲਾਇਆ ਕੁਸ਼ ਰੋੜ੍ਹਿਆ, ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਬੱਲੇ-ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਅਜੇ ਨਾ ਗਈ ਮੇਰੀ ਪੀੜ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*

ਕੁਝ ਪਿਪਲਾਮੂਲ ਲਾਉਣਾ ਤੇ ਕੁਝ ਰੋੜ੍ਹਨਾ ਵੀ ਮੁਸਕਰਾਹਟ ਪੈਦਾ ਕਰਦਾ ਹੈ। ਪਰ 'ਅਜੇ ਨਾ ਗਈ ਮੇਰੀ ਪੀੜ' ਵਾਕੰਸ਼ ਨੇ ਮੈਨੂੰ ਸ਼ਸੋਪੰਜ ਵਿਚ ਪਾ ਦਿੱਤਾ। ਇਹ ਗੱਲ 'ਨਾਇਕਾ' ਵੱਲੋਂ ਵੀ ਹੋ ਸਕਦੀ ਹੈ। ਪਰ ਆਸ਼ਕ ਦੀ ਪੀੜ ਦਾ ਕੀ ਬਣਿਆ? ਇਕ ਸਵਾਲ ਅਧੂਰਾ ਰਹਿ ਗਿਆ ਹੈ। ਅਜਿਹਾ ਹੋਰ ਕਥਨ ਗੀਤ ਵਿਚ ਪ੍ਰਾਪਤ ਨਹੀਂ ਹੈ। ਇਉਂ ਵੀ ਲੱਗ ਸਕਦਾ ਹੈ ਕਿ ਗੀਤਕਾਰ ਆਪਣੀ ਪੀੜ ਲੈ ਕੇ ਲੋਕ ਗੀਤ ਵਿਚ ਆ ਸ਼ਾਮਲ ਹੋਈ ਹੈ। ਅਸਿੱਧੇ ਢੰਗ ਨਾਲ ਇਹ ਸੰਕੇਤ ਮਿਲਿਆ ਕਿ ਉਹ ਨਿੱਜੀ ਪੀੜ ਦਾ ਸਾਧਾਰਨੀਕਰਨ ਕਰ ਰਹੀ ਹੈ, ਆਸ਼ਕ ਤੇ ਮਾਸ਼ੂਕ ਦੀ ਕਹਾਣੀ ਰਾਹੀਂ ਲੋਕ-ਗੀਤਕਾਰ ਇਹੀ ਤਾਂ ਕਰਦੇ ਹਨ ਲੋਕ-ਗੀਤਾਂ ਰਾਹੀਂ। ਖ਼ੈਰ ਗੀਤ ਇਉਂ ਲੱਗਦਾ ਸੀ ਕਿ ਖ਼ਤਮ ਹੋ ਰਿਹਾ ਹੈ, ਪਰ ਢੋਲਕ ਦਾ ਤਾਲ ਅਜੇ ਥੰਮਿਆਂ ਨਹੀਂ ਸੀ। ਗੀਤ ਤਾਂ ਅਗਾਂਹ ਤੁਰ ਰਿਹਾ ਸੀ।

*ਚੌਂਤੇ ਉੱਤੇ ਚੌਂਤਰਾ, ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਉੱਤੇ ਗੱਡਾਂ ਤੰਦੂਰ ਮੁੰਡਿਆ ਵੇ ਪੀਂਘਾਂ ਉੱਡੀਆਂ*
*ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*

ਗੀਤ ਨਵੇਂ ਰਾਹ ਪੈ ਗਿਆ ਸੀ। ਆਸ਼ਕ ਤੇ ਮਾਸ਼ੂਕ ਦੀ ਕਥਾ ਸਮੇਟੀ ਗਈ ਸੀ। ਹੁਣ ਗੀਤਕਾਰ ਨੇ ਇਕ ਦੋਹਰੇ ਨੂੰ ਗੀਤ ਵਿਚ ਢਾਲਣਾ ਸ਼ੁਰੂ ਕਰ ਦਿੱਤਾ ਸੀ।

*ਚੌਂਤੇ ਉੱਤੇ ਚੌਂਤਰਾ, ਉੱਤੇ ਗੱਡਾਂ ਤੰਦੂਰ।*
*ਗਿਣ ਗਿਣ ਲਾਵਾ ਰੋਟੀਆਂ, ਭਰ ਭਰ ਲਾਵਾਂ ਪੂਰ।*

ਗੀਤ ਦੀ ਲੈਅ ਵਿਚ ਇਹ ਦੋਹਾ ਏਨੀ ਕਾਰੀਗਰੀ ਨਾਲ ਜੜ੍ਹਿਆ ਗਿਆ ਹੈ ਕਿ ਸੁਹਜ ਘਟਣ ਦੀ ਬਜਾਇ ਹੋਰ ਵਧ ਗਿਆ ਸੀ। ਗਿਆਨੋ ਦੋਹੇ ਨੂੰ ਟੁੱਟੇ ਰੂਪ ਵਿਚ ਕਿਵੇਂ ਯਾਦ ਰੱਖ ਰਹੀ ਸੀ, ਇਸ ਦੀ ਮੈਨੂੰ ਹੈਰਾਨੀ ਸੀ। ਪਰ ਉਹ ਤਾਂ ਯਾਦਾਸ਼ਤ ਦੇ ਜ਼ੋਰ 'ਤੇ ਅਨੇਕਾਂ ਗੀਤ ਯਾਦ ਰੱਖ ਸਕਦੀ ਸੀ, ਇਸ ਲਈ ਉਹ ਅਚੇਤ ਹੀ ਸਭ ਕੁਝ ਜੋੜੀ ਜਾ ਰਹੀ ਸੀ। ਉਹ ਇਸ ਗੱਲ ਤੋਂ ਵੀ ਬੇਖ਼ਬਰ ਸੀ ਕਿ ਇਸ ਦੋਹੇ ਦਾ ਪਹਿਲੀ ਗੱਲ ਨਾਲ ਜੋੜ ਸੀ ਵੀ ਜਾਂ ਨਹੀਂ। ਉਹ ਤਾਂ ਬੇਪ੍ਰਵਾਹ ਗਾਈ ਜਾ ਰਹੀ ਸੀ।

*ਗਿਣ ਗਿਣ ਲਾਵਾਂ ਰੋਟੀਆਂ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਭਰ ਭਰ ਲਾਵਾਂ ਪੂਰ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਸ਼ਾਵਾ ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਸੜ ਬਲ ਗਈਆਂ ਰੋਟੀਆਂ ਮੁੰਡਿਆ ਵੇ ਪੀਂਘਾਂ ਉੱਡੀਆਂ।*
*ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।*

ਰੋਟੀਆਂ ਸੜਨ ਦਾ ਪ੍ਰਸੰਗ ਦੱਸ ਕੇ ਗੀਤ ਇਕਦਮ ਖ਼ਤਮ ਹੋ ਗਿਆ। ਲੱਗਦਾ ਸੀ ਕਿ ਕੁਝ ਹੋਰ ਵੀ ਹੈ ਅਗਾਂਹ, ਪਰ ਕੀ? ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ, ਉੱਪਰ ਵਾਂਗ ਇਸ ਗੀਤ ਵਿਚ ਕਈ ਦੋਹੇ ਜੋੜੇ ਜਾ ਸਕਦੇ ਹਨ। ਭਾਬੀ ਗਿਆਨੋ ਨੇ ਗੀਤ ਖ਼ਤਮ ਕਰ ਦਿੱਤਾ, ਮੈਂ ਵੀ ਅਗਾਂਹ ਕੁਝ ਨਹੀਂ ਪੁੱਛਿਆ। ਭਾਬੀ ਗਿਆਨੋ ਦੇ ਚਿਹਰੇ 'ਤੇ ਮੇਰੀ ਮੰਗ ਪੂਰੀ ਕਰਨ ਦੀ ਤਸੱਲੀ ਸੀ ਤੇ ਖੁਸ਼ੀ ਵੀ। ਉਸ ਨੇ ਕੁਝ ਹੋਰ ਵੀ ਢੋਲਕ ਗੀਤ ਸੁਣਾਏ।

ਸੋਲ੍ਹਾਂ ਸਤਾਰਾਂ ਸਾਲ ਪਹਿਲਾਂ ਸੁਣਿਆ ਇਹ ਗੀਤ ਮੇਰੇ ਨਾਲ-ਨਾਲ ਤੁਰਦਾ ਆ ਰਿਹਾ ਹੈ। ਜਦੋਂ ਵੀ ਧਿਆਨ ਆਉਂਦਾ ਹੈ, ਮੈਂ ਇਸ ਨੂੰ ਗੁਣਗੁਣਾਉਂਦਾ ਹਾਂ, ਪਰ ਗਿਆਨੋ ਭਾਬੀ ਜਿੰਨੀ ਉੱਚੀ ਆਵਾਜ਼ ਨਹੀਂ ਚੁੱਕ ਸਕਦਾ। ਮੈਂ ਹਮੇਸ਼ਾ ਚਾਹੁੰਦਾ ਰਿਹਾ ਹਾਂ ਕਿ ਇਸ ਗੀਤ ਬਾਰੇ ਕੁਝ ਲਿਖਾਂ, ਜਿਸ ਦਾ ਕੋਈ ਸਬੱਬ ਨਾ ਬਣ ਸਕਿਆ। ਹੁਣ ਜਦ ਕਿ ਮੈਂ ਪੈਂਤੀ ਦੇ ਕਰੀਬ ਗੀਤਾਂ ਉੱਪਰ ਲਿਖਣਾ ਸ਼ੁਰੂ ਕੀਤਾ ਤਾਂ ਇਹ ਗੀਤ ਫਿਰ ਆ ਦਾਖ਼ਲ ਹੋਇਆ। ਵਰ੍ਹਿਆਂ ਤੋਂ ਇਸ ਉੱਪਰ ਲਿਖਣ ਦੀ ਮੇਰੀ ਮੁਰਾਦ ਇਉਂ ਪੂਰੀ ਹੋਈ। ਇਹ ਸਤਰਾਂ ਲਿਖਦਿਆਂ ਮੈਂ ਸੋਲ੍ਹਾਂ ਸਤਾਰਾਂ ਸਾਲ ਪਹਿਲਾਂ ਵਾਲਾ ਅਨੁਭਵ ਹੰਢਾਇਆ ਹੈ। ਸ਼ਾਇਦ ਪਾਠਕ ਵੀ ਇਹ ਅਨੁਭਵ ਮਾਣ ਸਕਣ।

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

# ਪੰਜਾਬੀ ਗ਼ਜ਼ਲ ਦਾ ਅਕਾਸ਼ ਸੁਰਜੀਤ ਜੱਜ



ਸੁਰਜੀਤ ਜੱਜ
+91-94173-04446



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਪੰਜਾਬੀ ਗ਼ਜ਼ਲ ਨੇ ਪੰਜਾਬੀਆਂ ਦੀ ਚਹੇਤੀ ਬਣਨ ਵਾਸਤੇ ਬੜਾ ਕੁਝ ਆਪਣੇ ਨਾਲੋਂ ਝਾੜਿਆ। ਆਪਣੇ ਆਪ ਨੂੰ ਪੰਜਾਬੀਆਂ ਦੇ ਸਭਿਆਚਾਰਕ ਮਾਣ ਵਿਚ ਸੰਵਾਰਿਆ। ਕੋਈ ਵੀ ਕਾਵਿ ਰੂਪ ਪਾਠਕਾਂ ਦੇ ਮਨ ਮਸਤਕ ਵਿਚ ਤਦ ਹੀ ਜਗ੍ਹਾ ਬਣਾ ਸਕਦਾ ਹੈ ਜੇਕਰ ਉਸ ਵਿਚ ਉਨ੍ਹਾਂ ਦੀਆਂ ਦਰਦਾਂ ਤੇ ਮਸਲੇ ਸ਼ਾਮਲ ਰਹਿਣ। ਮੱਧ ਕਾਲ ਜਾਂ ਉਪਰੰਤ ਮੱਧ ਕਾਲ ਵਿਚ 'ਵਾਰ' ਦਾ ਪ੍ਰਚਲਨ ਤੇ ਮਾਨਤਾ ਜੰਗਾਂ ਅਤੇ ਯੁੱਧਾਂ ਦੀ ਨਿਰੰਤਰਤਾ ਸੀ। ਤਦ ਅਕਲ ਨਾਲੋਂ ਬਹਾਦਰੀ ਦੀ ਬਹੁਤੀ ਲੋੜ ਸੀ। ਪਰ ਅੱਜ ਚਿੰਤਨ ਦਾ ਯੁੱਗ ਹੈ। ਅਹਿਸਾਸ ਦਾ ਯੁੱਗ ਹੈ। ਮੰਡੀ ਨੇ ਹਰ ਘਰ ਦੇ ਬੂਹੇ ਅੱਗੇ ਦਸਤਕ ਦਿੱਤੀ ਹੋਈ ਹੈ। ਇਸ ਨੇ ਬੰਦੇ ਨੂੰ ਵੀ ਵਿਕਣ ਵੱਲ ਆਕਰਸ਼ਤ ਕੀਤਾ ਹੈ। ਐਸਾ ਬਹੁਤ ਕੁਝ ਵਾਪਰ ਰਿਹਾ ਹੈ। ਸਰਮਾਏਦਾਰੀ ਸਿਸਟਮ ਨੇ ਪੂਰੀ ਜਲੌਅਕਾਰੀ ਕਰ ਲਈ ਹੈ। ਗ਼ਰੀਬੀ ਤੇ ਅਮੀਰੀ ਵਿਚ ਲਗਾਤਾਰਾ ਪਾੜਾ ਵੱਧ ਰਿਹਾ ਹੈ। ਹੇਠਲੇ ਵਰਗ ਦੇ ਬੇਰੁਜ਼ਗਾਰ ਪੁੱਤ-ਧੀਆਂ ਨਸ਼ਿਆਂ ਨਾਲ ਆਤਮ ਹੱਤਿਆ ਕਰ ਰਹੇ ਹਨ। ਐਸੀ ਅਵਸਥਾ ਵਿਚ ਉਹ ਨੌਜਵਾਨ ਜਿਹੜੇ ਪੁਰ ਅਹਿਸਾਸ ਹਨ, ਜਿਹੜੇ ਸੋਚ ਦੇ ਬੰਦ ਗਲੀ ਵਿਚ ਮੱਥੇ ਭੰਨਵਾ ਰਹੇ ਹਨ; ਉਨ੍ਹਾਂ ਨੂੰ ਨਵੇਂ ਚਿੰਤਨ ਅਤੇ ਆਸਥਾ ਨਾਲ ਜੋੜਨਾ ਅੱਜ ਦੀ ਸ਼ਿਅਰਕਾਰੀ ਦਾ ਮੁੱਖ ਸਰੋਕਾਰ ਹੈ। ਪ੍ਰੋ. ਮੋਹਨ ਸਿੰਘ ਅਤੇ ਬਾਵਾ ਬਲਵੰਤ ਦੀ ਤਰਜ਼ ਦੀ ਨਾਅਰਾਵਾਦੀ ਤੇ ਪ੍ਰਗਤੀਵਾਦੀ ਸ਼ਾਇਰੀ ਦਾ ਮਾਣ ਕਦੇ ਘਟੇਗਾ ਨਹੀਂ ਪਰ ਸ਼ਾਇਰੀ ਨੂੰ ਅੱਜ ਦੇ ਮਾਹੌਲ ਵਾਸਤੇ ਨਵੇਂ ਦਿਸਹੱਦੇ ਲੱਭਣੇ ਹੋਣਗੇ। ਅਜੋਕੇ ਮਨੁੱਖ ਸਾਹਮਣੇ ਭਾਵੇਂ ਰੋਜ਼ੀ-ਰੋਟੀ, ਘਰ ਅਤੇ ਪਹਿਰਾਵੇ ਦੀ ਸਮੱਸਿਆ ਹੈ ਪਰ ਮਨੁੱਖ ਦੇ ਹੋਣ-ਥੀਣ ਦੇ ਅਨੰਤ ਜੱਦੋ-ਜਹਿਦ ਨੂੰ ਵੀ ਸੰਬੋਧਨ ਹੋਣ ਦੀ ਜ਼ਰੂਰਤ ਹੈ।

ਸੁਰਜੀਤ ਜੱਜ ਪੰਜਾਬੀ ਦਾ ਐਸਾ ਸ਼ਾਇਰ ਹੈ, ਜਿਸ ਨੇ ਪੰਜਾਬੀ ਗ਼ਜ਼ਲ ਨੂੰ ਨਿਰੰਤਰ ਅਗਾਂਹ ਵੱਲ ਅਗਰਸਰ ਕੀਤਾ ਹੈ। ਉਹ ਸ਼ਾਇਰੀ ਨੂੰ ਫ਼ਤਵਿਆਂ ਦੀ ਕਰੀਗਰੀ ਨਹੀਂ ਮੰਨਦਾ ਸਗੋਂ ਉਹ ਬਿਬੇਕੀ ਤੇ ਮੋਹਵੰਤੀ ਗੁਫ਼ਤਗੂ ਤੋਰਨ ਦਾ ਚਾਹਵਾਨ ਹੈ। ਪਿਛਲੇ ਦਿਨੀਂ ਉਸ ਦੀ ਵਿਕਲੋਤਰੀ ਗ਼ਜ਼ਲ ਰੂਪਕਾਰੀ ਉਤੇ ਪੁਸਤਕ 'ਨਾ ਅੰਤ ਨਾ ਆਦਿ' ਆਈ ਹੈ। ਇਹ 160 ਸਫ਼ੇ ਦੀ ਸ਼ਾਇਰੀ ਇਕ ਹੀ ਜ਼ਮੀਨ ਵਿਚ ਹੈ। ਉਹ ਹਰ ਸ਼ਿਅਰ ਦੇ ਦੂਜੇ ਮਿਸਰੇ ਨੂੰ ਅਗਲੇ ਸ਼ਿਅਰ ਵਿਚ ਫੇਰ ਤੋਂ ਪਹਿਲਾ ਮਿਸਰਾ ਬਣਾ ਕੇ ਇਕ ਚਮਤਕਾਰ ਸ਼ਿਅਰੀਕਰਨ ਕਰਦਾ ਹੈ। ਇਸ ਵਿਚ ਉਸ ਨੇ ਲੋਕ ਵਿਸ਼ਵਾਸਾਂ, ਮਿੱਥਾਂ, ਬੁਝਾਰਤਾਂ, ਲੋਕ ਮਾਨਤਾਵਾਂ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਹਾਜ਼ਰ ਹੈ ਵੰਨਗੀ ਵਾਸਤੇ ਏਸੇ ਪੁਸਤਕ 'ਚੋਂ ਸੁਰਜੀਤ ਜੱਜ ਦੀ ਸ਼ਾਇਰੀ।

ਮਸੀਹਾ ਤਾਂ ਨਹੀਂ ਹੈ, ਫਿਰ ਵੀ ਜੋ ਸੂਲੀ ਨੂੰ ਭਾਉਂਦਾ ਹੈ,
ਇਹ ਉਹੋ ਸ਼ਖ਼ਸ ਹੈ ਜੋ ਜ਼ਿੰਦਗੀ ਦੇ ਗੀਤ ਗਾਉਂਦਾ ਹੈ।

ਯੁਗਾਂ ਤੋਂ ਹੀ ਸ਼ਖ਼ਸ ਉਹ ਜ਼ਿੰਦਗੀ ਦੇ ਗੀਤ ਗਾਉਂਦਾ ਹੈ,
ਤੇ ਗੀਤਾਂ ਨੂੰ ਕਿਰਤ ਦੀ ਤਾਲ 'ਤੇ ਉਹ ਗੁਣਗੁਣਾਉਂਦਾ ਹੈ।

ਉਹ ਗੀਤਾਂ ਨੂੰ ਕਿਰਤ ਦੀ ਤਾਲ ਉਤੇ ਗੁਣਗੁਣਾਉਂਦਾ ਹੈ।
ਤੇ ਕਾਇਨਾਤ 'ਤੇ ਆਪਣੇ ਹੁਨਰ ਦੀ ਛਾਪ ਲਾਉਂਦਾ ਹੈ।

ਉਹ ਕਾਇਨਾਤ 'ਤੇ ਜਦ ਵੀ ਹੁਨਰ ਦੀ ਛਾਪ ਲਾਉਂਦਾ ਹੈ,
ਨਾ ਦੇਵਾਂ ਨੂੰ ਸੁਖਾਉਂਦਾ ਹੈ, ਨਾ ਇਬਲੀਸਾਂ ਨੂੰ ਭਾਉਂਦਾ ਹੈ।

ਨਾ ਦੇਵਾਂ ਨੂੰ ਸੁਖਾਉਂਦਾ ਹੈ, ਨਾ ਇਬਲੀਸਾਂ ਨੂੰ ਭਾਉਂਦਾ ਹੈ,
ਮਗਰ ਅਦਨਾ ਜਿਹਾ ਬੰਦਾ ਧਰਤ ਨੂੰ ਰਾਸ ਆਉਂਦਾ ਹੈ।

ਜਦੋਂ ਅਦਨਾ ਜਿਹਾ ਬੰਦਾ ਧਰਤ ਨੂੰ ਰਾਸ ਆਉਂਦਾ ਹੈ,
ਇਹੋ ਕੌਤਕ ਮਹਾਂ-ਮਾਨਵ ਦੀ ਅੱਖ ਵਿਚ ਰੜਕ ਪਾਉਂਦਾ ਹੈ।

ਮਹਾਂ-ਮਾਨਵ ਦੀ ਅੱਖ ਵਿਚ ਉਹ ਕੌਤਕ ਰੜਕ ਪਾਉਂਦਾ ਹੈ,
ਜੋ ਉਹਦੀ ਰਜ਼ਾ ਦੀ ਥਾਂ 'ਤੇ ਵਜ੍ਹਾ ਆਪਣੀ ਮਨਾਉਂਦਾ ਹੈ।

ਕੋਈ ਕੌਤਕ ਰਜ਼ਾ ਦੀ ਥਾਂ ਵਜ੍ਹਾ ਜਦ ਵੀ ਮਨਾਉਂਦਾ ਹੈ,
ਉਹੋ ਅਰਸ਼ਾਂ ਦੀ ਲੀਲ੍ਹਾ ਨੂੰ, ਕਿਰਤ ਦਾ ਫ਼ਲ ਵਿਖਾਉਂਦਾ ਹੈ।

ਜਦੋਂ ਅਰਸ਼ਾਂ ਦੀ ਲੀਲ੍ਹਾ ਨੂੰ ਕਿਰਤ ਦਾ ਫ਼ਲ ਵਿਖਾਉਂਦਾ ਹੈ,
ਖ਼ੁਦਾਈ 'ਤੇ ਉਦੋਂ ਬੰਦਾ ਖ਼ੁਦੀ ਦੀ ਛਾਪ ਲਾਉਂਦਾ ਹੈ।

ਖ਼ੁਦਾਈ 'ਤੇ ਜਦੋਂ ਬੰਦਾ ਖ਼ੁਦੀ ਦੀ ਛਾਪ ਲਾਉਂਦਾ ਹੈ,
ਕਿਤੇ ਉਹ ਨਾਸਤਕ, ਕਾਫ਼ਿਰ ਕਿਤੇ ਮਨਮੁੱਖ ਕਹਾਉਂਦਾ ਹੈ।

ਸ਼ਖ਼ਸ ਜੋ ਨਾਸਤਕ, ਕਾਫ਼ਿਰ ਕਿਤੇ ਮਨਮੁੱਖ ਕਹਾਉਂਦਾ ਹੈ,
ਉਹ ਧਰਤੀ ਦੇ ਧਰਤਪਣ ਦਾ ਹੁਸਨ ਸਾਹੀਂ ਵਸਾਉਂਦਾ ਹੈ।

ਜੋ ਧਰਤੀ ਦੇ ਧਰਤਪਣ ਦਾ ਹੁਸਨ ਸਾਹੀਂ ਵਸਾਉਂਦਾ ਹੈ,
ਇਹ ਉਹੋ ਬਸ਼ਰ ਹੈ ਜੋ ਪੱਥਰਾਂ ਨੂੰ ਬੁੱਤ ਬਣਾਉਂਦਾ ਹੈ।

ਜੋ ਭੋਲਾ ਬਸ਼ਰ ਅਣਘੜ ਪੱਥਰਾਂ ਨੂੰ ਬੁੱਤ ਬਣਾਉਂਦਾ ਹੈ,
ਉਹ ਖ਼ੁਦ ਮਰਦਾ ਹੈ ਤੇ ਬੇਜਾਨ ਬੁੱਤ ਵਿਚ ਜਾਨ ਪਾਉਂਦਾ ਹੈ।

ਜਦੋਂ ਕੋਈ ਬਸ਼ਰ, ਬੇਜਾਨ ਬੁੱਤ ਵਿਚ ਜਾਨ ਪਾਉਂਦਾ ਹੈ,
ਨਚੀਕੇਤਾ ਦੀ ਹੋਣੀ ਫੇਰ ਉਹ ਪਿੰਡੇ ਹੰਢਾਉਂਦਾ ਹੈ।

ਨਚੀਕੇਤਾ ਦੀ ਹੋਣੀ ਉਹ ਜਦੋਂ ਪਿੰਡੇ ਹੰਢਾਉਂਦਾ ਹੈ,
ਕਰਜ਼ ਪਿੱਤਰਾਂ ਦਾ ਲਾਹੁੰਦਾ ਹੈ ਤੇ ਮਰਿਆਦਾ ਨਿਭਾਉਂਦਾ ਹੈ।

ਕਰਜ਼ ਪਿੱਤਰਾਂ ਦਾ ਲਾਹੁੰਦਾ ਹੈ, ਰਵਾਇਤ ਵੀ ਨਿਭਾਉਂਦਾ ਹੈ,
ਮਗਰ ਇਕ ਸ਼ਖ਼ਸ ਅਕਸਰ ਵਖਰੇ ਰਾਹ ਵੀ ਬਣਾਉਂਦਾ ਹੈ।

ਜੋ ਲੀਹਾਂ 'ਤੇ ਵੀ ਤੁਰਦੈ, ਵੱਖਰੇ ਰਾਹ ਵੀ ਬਣਾਉਂਦਾ ਹੈ,
ਉਹ ਪਿੱਤਰਾਂ ਥੀਂ ਜਿਉਂਦਾ ਹੈ, ਤੇ ਪਿੱਤਰਾਂ ਨੂੰ ਜਿਵਾਉਂਦਾ ਹੈ।

ਉਹ ਪਿੱਤਰਾਂ ਥੀਂ ਜਿਉਂਦਾ ਹੈ ਤੇ ਪਿੱਤਰਾਂ ਨੂੰ ਜਿਵਾਉਂਦਾ ਹੈ,
ਬੜੇ ਰੂਪਾਂ 'ਚ ਆਪਣੀ ਹੋਂਦ ਦਾ ਸਿੱਕਾ ਮਨਾਉਂਦਾ ਹੈ।

## ਸੁਖਮਿੰਦਰ ਰਾਮਪੁਰੀ ਦੀਆਂ ਕਵਿਤਾਵਾਂ

### ਹੇ ਸੱਚੇ ਪਾਤਸ਼ਾਹ

ਜਦੋਂ ਚਿੱੜੀਆਂ ਨੇ 'ਕੱਠੇ ਹੋ ਕੇ,
ਬਾਜ਼ ਢਾਹ ਲਿਆ,
ਮੈਂ ਇਹ ਤਸਵੀਰ ਦੇਖ ਕੇ
ਤੁਹਾਥੋਂ ਕੁਰਬਾਨ ਹੋ ਗਿਆ।

ਤੁਹਾਡੇ ਅੰਮ੍ਰਿਤ ਨੇ
ਨਿਮਾਣਿਆਂ ਨੂੰ,
ਨਿਤਾਣਿਆਂ ਨੂੰ,
ਐਨਾ ਤਾਣ ਬਖ਼ਸ਼ ਦਿੱਤਾ,
ਮੈਂ ਤੁਹਾਥੋਂ,
ਫੇਰ ਕੁਰਬਾਨ ਹੋ ਗਿਆ।

ਮੇਰੀ ਸੋਚ,
ਸਾਰੇ ਸੰਸਾਰ ਤੇ ਘੁੰਮ ਗਈ,
ਪਲਾਂ 'ਚ ਗਲੋਬ ਦਾ
ਚੱਕਰ ਲਾ ਕੇ, ਜਦੋਂ ਪਰਤੀ।
ਤੁਹਾਡੇ ਜਿਹਾ, ਮੈਨੂੰ
ਕੋਈ ਵੀ ਸਰਬੰਸ ਦਾਨੀ,
ਸੰਸਾਰ 'ਚੋਂ ਨਹੀਂ ਲੱਭਿਆ।

ਕੰਧ 'ਤੇ ਲੱਗੀ, ਤੁਹਾਡੀ
ਤਸਵੀਰ ਨੂੰ, ਮੈਂ
ਨਤ-ਮਸਤਕ ਹੁੰਦਿਆਂ
ਪੁੱਛਿਆ :
ਤੁਸੀਂ ਗਿੱਦੜਾਂ ਤੋਂ ਸ਼ੇਰ ਬਣਾਏ,
ਤੁਸੀਂ ਚਿੱੜੀਆਂ ਤੋਂ ਬਾਜ਼ ਤੁੜਾਏ,
ਤੁਸੀਂ ਤਾਂ ਚਿੱੜੀਆਂ ਵਲ ਸੀ,
ਚਿੱੜੀਆਂ ਤੋਂ ਹਾਰਿਆ ਹੋਇਆ,
ਇਹ ਬਾਜ਼,
ਤੁਹਾਡੇ ਹੱਕ 'ਤੇ
ਕਿਸ ਨੇ ਬਿਠਾ ਦਿੱਤਾ ?
ਅਤੇ ਤੁਹਾਨੂੰ ਬਾਜ਼ਾਂ ਵਾਲਾ ਬਣਾ ਦਿੱਤਾ।
ਹੇ ਸੱਚੇ ਪਾਤਸ਼ਾਹ
ਮੇਰਾ ਸ਼ੰਕਾ ਨਵਿਰਤ ਕਰੋ !

---

### 1974 – ਕਦੇ ਨਾ ਭੁੱਲਣਾ

ਆਪਣੇ ਪਿੰਡ ਦੀਆਂ ਗਲੀਆਂ ਦੇ ਵਿਚ,
ਜਦ ਵੀ ਫੇਰਾ ਪਾਵਾਂ,
ਮਿਲ ਪੈਂਦੇ ਨੇ ਖੋਏ ਚਿਹਰੇ,
ਖੋਏ ਹਾਸੇ, ਖੋਏ ਰੋਸੇ
ਵੱਖ-ਵੱਖ ਥਾਵਾਂ ਨਾਲ ਜੁੜੇ ਜੋ,
ਜੜੇ ਰਹਿਣਗੇ।
ਜਿੰਨਾਂ ਚਿਰ ਮੈਂ
ਇਹ ਗਲੀਆਂ ਵਿ,
ਆਉਂਦੇ ਜਾਂਦੇ ਰਹਿਣਾ,
ਮਿਲਦੇ ਰਹਿਣੇ।

ਕਈ ਰੋਣੇ, ਕਈ ਚੀਕ, ਪੁਕਾਰਾਂ,
ਹੌਕੇ, ਹਾਵੇ ਅਤੇ ਸਿਆਪੇ,
ਓਵੇਂ ਸੁਣਦੇ,
ਜਿਵੇਂ ਸੁਣੇ ਸਨ, ਤੇ
ਦੇਖੇ ਸਨ।

ਉਹ ਘਰ, ਜਿਥੇ ਮਰੀਆ ਰਹਿੰਦੀ,
ਬੁੱਧਾਂ, ਬਾਨੋ, ਨੱਚੀਆਂ, ਟੱਪੀਆਂ,
ਖਿੜ-ਖਿੜ ਹਸਦੀਆਂ,
ਰੁਲਦੂ, ਹਸਨਾ ਤੇ ਗਫ਼ੂਰਾ
ਤੇ ਵਿੱਚੇ ਮੈਂ, ਇਕੱਠੇ ਖੇਡੇ
ਕਦ ਭੁੱਲਣਾ ਨੇ,
ਭੁੱਲ ਨਾ ਹੋਣੇ।

ਉਨ੍ਹਾਂ ਦੇ ਘਰ, ਕੱਚੇ ਸਨ, ਪਰ
ਅੱਜ ਦੇ ਉਸਰੇ,
ਪੱਕਿਆਂ ਵਿਚੋਂ,
ਹੂ-ਬ-ਹੂ,
ਉਵੇਂ ਦਿਸਦੇ ਨੇ।

ਮੇਰੇ ਘਰ ਦੇ ਸਾਹਵੇਂ, ਜਿਹੜਾ
ਬੰਗਲਾ ਖੂਹ ਏ,
ਓਸ ਖੁਆਜੇ ਨੂੰ ਲੋਕਾਂ ਨੇ,
ਭਰ ਕੇ ਉਤੇ ਲੈਂਟਰ ਲਾਇਆ,
ਘਰ ਘਰ ਨਲਕੇ ਅਤੇ ਮੋਟਰਾਂ,
ਹੁਣ ਉਸ ਦਾ ਕੰਮ ਕਰਦੇ।
ਫਿਰ ਵੀ ਮੈਨੂੰ,
ਹਸਨੇ ਦਾ ਪਿਓ-ਗਾਹੀਆ,
ਦੀਨੇ ਦਾ ਪਿਓ-ਕਾਦਰ,
ਵਖਰੇ ਵਿੱਢ ਤੋਂ,
ਅੱਜ ਵੀ ਪਾਣੀ, ਭਰਦੇ ਦਿਸਦੇ।

ਅੱਜ ਕਲ੍ਹ
ਜਦ ਵੀ ਨਹਿਰ ਉਤਰਦੀ,
ਪੰਜਾ ਲੈ ਕੇ,
ਮੱਛੀਆਂ ਦੀਆਂ ਡਾਰਾਂ ਦੇ ਪਿਛੇ,
ਕੋਈ ਨਾ ਭੱਜਦਾ।
ਮੰਡੀਓਂ ਸਭ ਕੁਝ ਮਿਲ ਜਾਂਦਾ ਹੈ,
ਪਰ ਦੌਲਾ ਤੇ ਸੇਰੂ, ਮੈਨੂੰ
ਅੱਜ ਵੀ ਤਾਂ, ਡਾਰਾਂ ਦਾ ਪਿੱਛਾ,
ਕਰਦੇ ਕਰਦੇ, ਸਾਵੇਂ ਦਿਸਦੇ।
ਪੁਲ 'ਤੇ ਖੜੀ ਮੰਡੀਹਰ
ਅੱਜ ਵੀ, ਓਵੇਂ ਚੀਕੇ,
ਔਧਰ ਗਈਆਂ, ਔਧਰ ਗਈਆਂ
ਨਹੀਂ, ਨਹੀਂ ਓਏ, ਔਧਰ 'ਨੀਂ,
ਏਧਰ ਨੂੰ ਗਈਆਂ।

ਜਿੰਨੀਆਂ ਵੀ ਮੈਂ ਛਿੰਝਾ ਤੱਕੀਆਂ,
ਕਿਨੇ ਪਹਿਲਵਾਨ ਮੈਂ,
ਘੁਲਦੇ ਦੇਖੇ, ਕੋਈ ਨਾ ਗਿਣਤੀ।
ਜਿਹੜੇ ਇਕ ਦੂਜੇ ਨੂੰ,
ਪਟਕੇ ਲਾਉਂਦੇ, ਢਾਹੁੰਦੇ ਦੇਖੇ,
ਓਹਨਾਂ ਦੇ ਵਿਚ,
ਨਾ ਹੁੰਦਿਆਂ ਵੀ,
ਨੂਰ ਮੁਹੰਮਦ ਘੁਲਦਾ ਦਿਸਦਾ,
ਢਾਹੁੰਦਾ ਦਿਸਦਾ।
ਸੱਜੇ ਹੱਥ ਨਾਲ ਥਾਪੀ ਲਾਕੇ
ਛਾਲ ਮਾਰਦਾ,
'ਅੱਲਾਹ ਹੂ ਅਕਬਰ' ਕਹਿੰਦਾ ਸੁਣਦਾ।
ਉਸ ਨੇ ਮੇਰੀਆਂ, ਸੋਚਾਂ ਦੇ ਵਿਚ
ਕਦੇ ਨਾ ਢਹਿਣਾ,
ਢਾਹੁੰਦੇ ਰਹਿਣਾ।

ਘੁਮਿਆਰਾਂ ਦੇ ਛੱਪੜ ਕੋਲੋਂ,
ਜਦੋਂ ਤਾਜੀਏ,
ਥੇਹ ਵੱਲ ਤੁਰਦੇ, ਓਸ ਭੀੜ ਵਿਚ,
ਮੈਂ ਤੇ ਰੁਲਦੂ, ਹਸਨਾ ਅਤੇ ਗਫ਼ੂਰਾ,
ਚਾਮ੍ਹਲ, ਚਾਮ੍ਹਲ,
ਹੌਸਨ, ਦੌਸਨ ਕਹਿੰਦੇ, ਕਹਿੰਦੇ
ਛਾਤੀ ਪਿੱਟਦੇ।
ਕਾਸ਼ ! ਕਿਤੇ ਕੋਈ ਫੋਟੋ ਹੁੰਦੀ,
ਕੋਈ ਨਾ ਫੋਟੋ !
ਜਦ ਵੀ ਅੰਦਰ ਝਾਤੀ ਮਾਰਾਂ,
ਸਾਵਾਂ ਸੀਨ ਉਭਰ ਆਉਂਦਾ ਹੈ।

ਹੁਣ ਖ਼ਬਰੈ, ਉਹ
ਕਿਵੇਂ ਹੋਣਗੇ ? ਕੋਈ ਨਾ ਮਿਲਿਆ।
ਪਰ ਉਹ ਹੁਣ ਵੀ,
ਮੇਰੀ ਸੋਚ ਵਿਚ,
ਨਿੱਕੇ ਹੁੰਦਿਆਂ ਦੀ ਯਾਰੀ ਦੇ
ਸਾਰੇ ਸੁਪਨੇ,
ਜਿਉਂਦੇ ਜੀਅ ਤਾਂ ਨਾਲ ਰਹਿਣਗੇ,
ਜਿਸ ਦਿਨ ਮੇਰਾ ਸਿਵਾ ਬਲੇਗਾ,
ਵਿਚ ਬਲ ਜਾਣੇ।

ਨਹੀਂ.... ਨਹੀਂ,
ਉਹ ਸਾਰੇ ਹੀ ਸੁਪਨੇ,
ਹੁਣ ਇਹ ਸ਼ਬਦਾਂ ਵਿਚ,
ਸਾਕਾਰ ਰਹਿਣਗੇ।
ਸੱਚ ਤੇ ਸੁਪਨੇ ਕਦੇ ਨਾ ਮਰਦੇ
ਕਦੇ ਨਾ ਬਲਦੇ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


Fancy
DOORS & MOULDINGS LTD.
JELD-WEN WINDOWS & DOORS
Masonite
FALL SHOWCASE
CHECK OUT OUR QUALITY SELECTION
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" x 36"
MDF Jamb, 3 Hinges
Exterior Doors
Fibreglass "Parliament"
Pre-Hung
(32" or 36" x80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
Single or Double "Paris" Doors
Pantry Slab
Square Ring with Band
Exterior Wood Doors
Prefinished 32" x 32" x 96"
SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt
$15.00
Passage Knob
$10.99
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed
ALEXANDRIA
MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed
SAVE ON BATHROOM FIXTURES!
Infinity
4 Piece Bath Set
Robe Hook
Towel Bar
Towel Ring
Paper Holder
Sunglow
4 Piece Bath Set
Robe Hook
Towel Bar
Paper Holder
Towel Ring
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012





ਪ੍ਰੋਗਰੈਸਿਵ ਪੀਪਲਜ਼ ਆਫ਼ ਐਡਮਿੰਟਨ ਵਲੋਂ ਗ਼ਦਰ ਸ਼ਤਾਬਦੀ 2013 ਸਬੰਧੀ ਐਡਮਿੰਟਨ ਵਿਖੇ ਨਗਰ ਕੀਰਤਨ ਮੌਕੇ ਲਗਾਈ ਪ੍ਰਦਰਸ਼ਨੀ ਦੀਆਂ ਵੱਖ-ਵੱਖ ਝਲਕੀਆਂ।



ਅਲਬਰਟਾ ਸਰਕਾਰ ਦੇ ਨੁਮਾਇੰਦਿਆਂ ਕੋਲੋਂ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਹੋਏ ਪੀ.ਸੀ.ਏ. ਦੇ ਮੈਂਬਰ।



ਸਿੱਖ ਵੂਮੈਨ ਐਸੋਸੀਏਸ਼ਨ ਵਲੋਂ ਐਡਮਿੰਟਨ ਵਿਖੇ ਮਨਾਏ ਗਏ ਮਦਰ ਡੇ ਦਾ ਦ੍ਰਿਸ਼।



ਗ਼ਦਰ ਸ਼ਤਾਬਦੀ ਸਬੰਧੀ 22 ਜੂਨ ਨੂੰ ਕਰਵਾਏ ਜਾਣ ਵਾਲੇ ਨਾਟਕ ਸਬੰਧੀ ਜਾਣਕਾਰੀ ਦਿੰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਆਗੂ।





ਐਡਮਿੰਟਨ ਵਿਖੇ ਐਥਨਿਕ ਸਨਰਜ਼ੀ ਵਲੋਂ ਕਰਵਾਈ ਗਈ ਸੰਗੀਤਮਈ ਸ਼ਾਮ ਦੀਆਂ ਝਲਕੀਆਂ














ਐਡਮਿੰਟਨ ਵਿਖੇ ਖ਼ਾਲਸਾ ਸਜਾਨਾ ਦਿਵਸ ਸਬੰਧੀ ਸਜਾਏ ਗਏ ਨਗਰ ਕੀਰਤਨ ਦੌਰਾਨ ਸੰਗਤ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰੇ।


# Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਲੋਕ ਦਿਲਾਂ ਉੱਤੇ ਰਾਜ ਪੈਸੇ ਦੇ ਸਿਰ 'ਤੇ ਨਹੀਂ ਕਲਾ ਸਿਰ 'ਤੇ ਹੁੰਦਾ ਹੈ

# ਇੰਦਰਜੀਤ ਹਸਨਪੁਰੀ



**ਮਰਹੂਮ ਇੰਦਰਜੀਤ ਹਸਨਪੁਰੀ ਦਾ ਨਾਂ ਪੰਜ ਦਹਾਕੇ ਤੋਂ ਵੀ ਜ਼ਿਆਦਾ ਸਮੇਂ ਤੋਂ ਪੰਜਾਬੀਆਂ ਦੇ ਦਿਲੋ-ਦਿਮਾਗ 'ਤੇ ਰਾਜ ਕਰ ਰਿਹਾ ਹੈ। ਉਸਦੇ ਗੀਤ ਲੋਕ-ਮਨਾਂ 'ਚ ਲੋਕ-ਗੀਤਾਂ ਵਾਂਗੂੰ ਸਥਾਨ ਬਣਾ ਚੁੱਕੇ ਹਨ। ਭਾਵੇਂ ਨਵੀਂ ਪੀੜ੍ਹੀ ਹੋਵੇ ਜਾਂ ਪੁਰਾਣੀ 'ਗੜਵਾ ਚਾਂਦੀ ਦਾ' ਦਾ ਜਾਦੂ ਹਰ ਇੱਕ ਦੇ ਸਿਰ ਚੜ੍ਹ ਕੇ ਬੋਲਦਾ ਹੈ। ਹਸਨਪੁਰੀ ਨੇ ਫ਼ਿਲਮਾਂ ਲਈ ਵੀ ਗੀਤ ਲਿਖੇ, ਫ਼ਿਲਮਾਂ ਦੀ ਕਹਾਣੀ, ਸਕਰਿੱਪਟ ਲਿਖੀ ਤੇ ਸਾਹਿਤ ਦੇ ਖੇਤਰ ਵਿੱਚ ਵੀ ਕਈ ਕਿਤਾਬਾਂ ਲਿਖ ਕੇ ਮਾਂ-ਬੋਲੀ ਦੀ ਝੋਲੀ ਪਾਈਆਂ। ਉਨ੍ਹਾਂ ਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਕੁਝ ਸਮਾਂ ਪਹਿਲਾਂ ਕੀਤੀ ਇਹ ਮੁਲਾਕਾਤ ਪੇਸ਼ ਹੈ...**

ਮੁਲਾਕਾਤੀ
ਸ਼ਿਵ ਇੰਦਰ ਸਿੰਘ



*? ਸਵਾਲ- ਹਸਨਪੁਰੀ ਸਾਹਿਬ, ਸਭ ਤੋਂ ਪਹਿਲਾਂ ਰਵਾਇਤੀ ਜਿਹਾ ਸਵਾਲ, ਆਪਣੇ ਜਨਮ, ਮਾਤਾ-ਪਿਤਾ, ਪੜ੍ਹਾਈ ਤੇ ਪਰਿਵਾਰ ਬਾਰੇ ਦੱਸੋ।*

ਜਵਾਬ- ਮੇਰੇ ਪਿਤਾ ਮਰਹੂਮ ਸ. ਜਸਵੰਤ ਸਿੰਘ ਦਿੱਲੀ 'ਚ ਠੇਕੇਦਾਰ ਸਨ ਮੁਲਕ ਦੀ ਵੰਡ ਤੋਂ ਪਹਿਲਾਂ ਦਾ ਸਮਾਂ ਸੀ ਇਹ। ਇਸ ਸਮੇਂ ਅਸੀਂ ਵੀ ਦਿੱਲੀ ਰਹੇ। ਪਿਤਾ ਜੀ ਨੇ ਖੁਸ਼ਵੰਤ ਸਿੰਘ ਦੇ ਪਿਤਾ ਸਰ ਸ਼ੋਭਾ ਸਿੰਘ ਦੀਆਂ ਕਈ ਇਮਾਰਤਾਂ ਬਣਾਈਆਂ ਤੇ ਹੋਰ ਉਸਾਰੀ ਦੇ ਕੰਮ ਕੀਤੇ। ਰੰਧਾਵਾ ਜੀ ਉਸ ਸਮੇਂ ਡੀ. ਸੀ. ਸਨ ਤੇ ਪਿਤਾ ਜੀ ਦੇ ਦੋਸਤ ਸਨ। ਉਥੇ ਹੀ ਅੱਠਵੀਂ ਤੱਕ ਪੜ੍ਹਾਈ ਹੋਈ।

*? ਸਵਾਲ- ਇੰਦਰਜੀਤ ਤੋਂ ਇੰਦਰਜੀਤ ਹਸਨਪੁਰੀ ਕਿਵੇਂ ਬਣੇ?*

ਜਵਾਬ- ਬਚਪਨ ਤੋਂ ਹੀ ਲਿਖਣ ਦਾ ਸ਼ੌਕ ਸੀ, ਕਿਉਂਕਿ ਸਾਡੇ ਘਰ ਤਵਿਆਂ ਵਾਲੀ ਮਸ਼ੀਨ ਸੀ। ਮੈਂ ਵੀ ਪਿਤਾ ਜੀ ਨਾਲ ਸੁਣਦਾ ਰਿਹਾ। ਮੇਰੇ ਮਾਤਾ ਸ਼੍ਰੀਮਤੀ ਭਗਵਾਨ ਕੌਰ ਜੀ ਗਾਉਣ ਦਾ ਸ਼ੌਕ ਰੱਖਦੇ ਸਨ। ਮਾਂ ਨੂੰ ਹਰ ਵਿਆਹ-ਸ਼ਾਦੀ 'ਚ ਗਿੱਧੇ 'ਚ ਬੁਲਾ ਲਿਆ ਜਾਂਦਾ ਸੀ। ਪਿਤਾ ਜੀ ਸਾਹਿਤਕ ਰੁਚੀ ਵਾਲੇ ਸਨ। ਸੋ ਕਹਿ ਸਕਦੇ ਹਾਂ ਕਿ ਇੱਕ ਤਰ੍ਹਾਂ ਬਲੱਡ 'ਚ ਹੀ ਇਹ ਸਭ ਰੁਚੀਆਂ ਸਨ। ਇਸਨੂੰ ਸ਼ਿਅਰ 'ਚ ਕੁਝ ਇਸ ਤਰ੍ਹਾਂ ਬਿਆਨ ਕਰਾਂਗਾ,

*ਮਾਂ ਦੀ ਲੋਰੀ ਨੇ ਸੁਰ ਦਿੱਤਾ*
*ਥਾਪੜ-ਥਾਪੜ ਤਾਲ ਸਿਖਾਈ*
*ਇੰਝ ਲੱਗਦਾ ਹੈ ਮੈਨੂੰ ਏਦਾਂ*
*ਗੀਤ ਲਿਖਣ ਦੀ ਸੋਝੀ ਆਈ।*

ਪਹਿਲਾਂ ਤਾਂ ਮੈਨੂੰ ਡਰਾਇੰਗ ਦਾ ਸ਼ੌਕ ਸੀ ਫਿਰ ਗੀਤ ਸੁਣ ਕੇ ਲਿਖਣ ਦਾ ਵੀ ਪੈਦਾ ਹੋ ਗਿਆ। ਪਿਤਾ ਜੀ ਦੀ ਮੌਤ 1947 'ਚ ਹੋਈ। ਸੰਤਾਲੀ ਤੋਂ ਬਾਅਦ ਸਾਡਾ ਇਧਰ ਹੀ ਪਾਕਿਸਤਾਨ ਬਣ ਗਿਆ। ਹਿੰਦੁਸਤਾਨ 'ਚ ਰਹਿੰਦੇ ਹੀ ਅਸੀਂ ਸ਼ਰਨਾਰਥੀ ਹੋ ਗਏ। ਕਾਰੋਬਾਰ ਤਬਾਹ ਹੋ ਗਿਆ। ਰਿਸ਼ਤੇਦਾਰਾਂ ਨੇ ਤਾਂ ਮਾਂ ਤੋਂ ਸਾਈਨ ਕਰਵਾ ਕੇ ਘਰ ਲੈ ਲਿਆ ਤੇ ਪਿੰਡ ਹਸਨਪੁਰ ਰਹਿਣਾ ਪਿਆ। ਮੇਰੀਆਂ ਤਿੰਨ ਛੋਟੀਆਂ ਭੈਣਾਂ, ਮਾਂ ਤੇ ਮੈਂ ਹਸਨਪੁਰ ਆ ਗਏ। ਮੇਰੀ ਉਮਰ ਉਦੋਂ ਪੰਦਰਾਂ ਸਾਲ ਸੀ। ਇਥੇ ਆ ਕੇ ਮੈਂ ਪੇਂਟਿੰਗ ਦਾ ਕੰਮ ਸ਼ੁਰੂ ਕੀਤਾ ਤੇ ਨਾਲ ਦੀ ਨਾਲ ਗੀਤ ਲਿਖਣ ਦਾ ਸ਼ੌਕ ਵੀ ਚੱਲਦਾ ਗਿਆ। ਲੋਕ ਮਖੌਲ ਵੀ ਕਰਦੇ ਸਨ। ਪਿੰਡ ਕੋਈ ਜ਼ਮੀਨ-ਜਾਇਦਾਦ ਨਹੀਂ ਸੀ ਸਿਰਫ਼ ਛੋਟਾ ਜਿਹਾ ਘਰ ਸੀ। ਬਚਪਨ 'ਚ ਸਰਦਾਰੀ ਦੇਖੀ ਤੇ ਮਾਂ-ਬਾਪ ਦੀ ਟੌਹਰ ਵੇਖੀ, ਪਰ ਪਿੰਡ ਆ ਕੇ ਮਾਂ ਨੂੰ ਵੀ ਲੋਕਾਂ ਦੇ ਕੱਪੜੇ ਸੀਣੇ ਪਏ, ਮਿਹਨਤ ਕਰਨੀ ਪਈ। ਮੈਂ ਪੇਂਟਿੰਗ ਦਾ ਕੰਮ ਸ਼ੁਰੂ ਕੀਤਾ। ਹੌਲੀ-ਹੌਲੀ ਦੁਕਾਨ ਪਾ ਲਈ। ਨੌਕਰੀ ਵੀ ਕੀਤੀ। ਇੱਕ ਵਾਰ ਮੈਂ ਤੇ ਮੇਰੇ ਦੋਸਤ ਈਸ਼ਰਪਾਲ ਨੇ ਰਲ ਕੇ ਰਾਏਕੋਟ ਦੇ ਮੇਲੇ 'ਤੇ ਚਾਹ ਦੀ ਦੁਕਾਨ ਪਾ ਲਈ। ਉਥੇ ਚਾਹ ਵੇਚੀ ਪਰ ਕੰਮ ਨਾ ਰੁੜ੍ਹਿਆ।

ਜਦੋਂ ਅਸੀਂ ਰਾਏਕੋਟ ਮੇਲੇ 'ਤੇ ਚਾਹ ਦੀ ਦੁਕਾਨ ਕੀਤੀ ਹੋਈ ਸੀ ਤਾਂ ਉਹਨੀਂ ਦਿਨੀਂ ਸ਼ਾਦੀ-ਬਖ਼ਸ਼ੀ, ਜੋ ਉਸ ਸਮੇਂ ਦੇ ਮਸ਼ਹੂਰ ਸਿੰਗਰ ਸਨ, ਰਾਏਕੋਟ ਮੇਲੇ 'ਤੇ ਆਏ ਹੋਏ ਸਨ। ਉਹ ਸਾਡੇ ਕੋਲ ਚਾਹ ਪੀਣ ਆਏ। ਮੈਂ ਦੱਸਿਆ ਕਿ ਮੈਨੂੰ ਗੀਤ ਲਿਖਣ ਦਾ ਸ਼ੌਕ ਹੈ। ਮੇਰੇ ਕੋਲ ਪਈ ਕਾਪੀ 'ਚੋਂ ਉਹਨਾਂ ਇੱਕ ਗੀਤ ਚੁਣਿਆਂ,

ਸਾਧੂ ਹੁੰਦੇ ਰੱਬ ਵਰਗੇ,
ਘੁੰਡ ਕੱਢ ਕੇ ਖ਼ੈਰ ਨਾ ਪਾਈਏ।

ਇਸੇ ਗੀਤ ਨੇ ਮੈਨੂੰ ਰਾਤੋ-ਰਾਤੋ ਇੰਦਰਜੀਤ ਤੋਂ ਇੰਦਰਜੀਤ ਹਸਨਪੁਰੀ ਬਣਾ ਦਿੱਤਾ।

*? ਸਵਾਲ- ਹਸਨਪੁਰੀ ਪ੍ਰੋਡਿਊਸਰ ਕਿਵੇਂ ਬਣਿਆ?*

ਜਵਾਬ- ਉਹਨਾਂ ਦਿਨਾਂ 'ਚ ਮੇਰਾ ਗੀਤ ਬੜਾ ਮਸ਼ਹੂਰ ਹੋਇਆ,

ਲੈ ਜਾ ਛੱਲੀਆਂ,
ਭੁਨਾ ਲਈਂ ਦਾਣੇ,
ਮਿੱਤਰਾ ਦੂਰ ਦਿਆ।

ਉਹਨਾਂ ਹੀ ਦਿਨਾਂ 'ਚ ਬੰਬੇ ਤੋਂ ਪ੍ਰੋਡਿਊਸਰ ਸਾਹਿਬ ਦੀਪਕ ਜਲੰਧਰੀ ਰਾਹੀਂ ਮੇਰੇ ਕੋਲ ਪਹੁੰਚੇ। ਉਨ੍ਹਾਂ ਮੈਨੂੰ ਆਪਣੀ ਫਿਲਮ ਲਈ ਦੋ ਗੀਤ ਲਿਖਣ ਨੂੰ ਕਿਹਾ। ਫਿਲਮ ਸੀ 'ਨਹੀਂ ਰੀਸਾਂ ਪੰਜਾਬ ਦੀਆਂ' ਪ੍ਰੋਡਿਊਸਰ ਸਨ ਮਿਸਟਰ ਦੱਤਾ ਤੇ ਫਾਇਨੈਂਸਰ ਸੀ ਸ੍ਰੀ ਰਾਮ। ਮੇਰੇ ਦੋਹੇਂ ਗੀਤ ਮੁਹੰਮਦ ਰਫ਼ੀ ਸਾਹਿਬ ਨੇ ਗਾਏ। ਮਿਊਜ਼ਕ ਸੀ ਅੱਲਾ ਰੱਖਾ ਖ਼ਾਂ ਦਾ। ਗੀਤਾਂ ਦੇ ਬੋਲ ਸਨ,

ਨਹੀਂ ਰੀਸਾਂ ਪੰਜਾਬ ਦੀਆਂ,
ਕਰਦਾ ਏ ਸਿਫ਼ਤਾਂ ਮਹਿਕਾਂ ਭਰੇ ਗੁਲਾਬ ਦੀਆਂ।
...
ਤੇਰੇ ਜਿਹੀ ਸੋਹਣੀ ਕੋਈ ਨਾ,
ਅਸੀਂ ਵੇਖੀਆਂ ਬਹੁਤ ਮੁਟਿਆਰਾਂ।

ਇਸ ਫਿਲਮ 'ਚ ਮੈਥੋਂ ਬਿਨਾਂ ਬਾਕੀ ਦੇ ਗੀਤਕਾਰ ਸਨ, ਸ੍ਰੀ ਨੰਦ ਲਾਲ ਨੂਰਪੁਰੀ, ਪ੍ਰੇਮ ਭੂਸ਼ਨ ਸ਼ਾਹਕੋਟੀ ਤੇ ਨਕਸ਼ ਲਾਇਲਪੁਰੀ। ਮੈਨੂੰ ਨੂਰਪੁਰੀ ਸਾਹਿਬ ਨਾਲ ਆਪਣਾ ਨਾਂ ਆਉਣ ਅਤੇ ਰਫ਼ੀ ਸਾਹਿਬ ਦੇ ਗਾਉਣ ਦੀ ਖ਼ੁਸ਼ੀ ਸੀ।

ਜਦੋਂ ਪ੍ਰੋਡਿਊਸਰ ਤੇ ਫਾਇਨੈਂਸਰ ਗੱਲਾਂ ਕਰਦੇ ਕਿ ਉਨ੍ਹਾਂ ਨੂੰ ਦੋ-ਦੋ ਲੱਖ ਦਾ ਫਾਇਦਾ ਹੋਵੇਗਾ ਤਾਂ ਮਨ 'ਚ ਪ੍ਰੋਡਿਊਸਰ ਬਣਨ ਦਾ ਖਿਆਲ ਆਇਆ।

*? ਸਵਾਲ- ਪੰਜਾਬੀ ਫਿਲਮਾਂ 'ਚ ਜ਼ਿਆਦਾਤਰ ਉਹੀ ਹੀਰੋ ਕਾਮਯਾਬ ਰਹੇ ਜੋ ਹਿੰਦੀ ਫਿਲਮਾਂ 'ਚ ਸੁਪਰ ਫਲਾਪ, ਜਿਵੇਂ ਸਤੀਸ਼ ਕੌਲ, 'ਮਨ ਜੀਤੈ ਜਗ ਜੀਤ' ਵਾਲੀ ਰਾਧਾ ਸਾਲੂਜਾ। ਇਹਨੂੰ ਪੰਜਾਬੀ ਫਿਲਮਾਂ ਜਾਂ ਫਿਲਮ ਨਿਰਮਾਤਾਵਾਂ ਦਾ ਗੁਣ ਕਹੋਗੇ ਜਾਂ ਅੰਨਿਆਂ 'ਚ ਕਾਣੇ ਰਾਜੇ ਵਾਲੀ ਗੱਲ?*

ਜਵਾਬ- ਨਹੀਂ, ਅਸਲ 'ਚ ਇਹ ਪੰਜਾਬੀ ਪ੍ਰੋਡਿਊਸਰਾਂ ਤੇ ਪੰਜਾਬੀ ਫਿਲਮ ਬਣਾਉਣ ਵਾਲਿਆਂ ਦਾ ਕਮਾਲ ਹੈ। ਹਿੰਦੀ ਫਿਲਮਾਂ 'ਚੋਂ ਨਕਾਰੇ ਕਲਾਕਾਰਾਂ ਨੂੰ ਪੰਜਾਬੀ ਫਿਲਮਾਂ ਵਿੱਚ ਲੈਣ ਲਈ ਮਜਬੂਰ ਸੀ ਕਿਉਂਕਿ ਪੰਜਾਬੀ ਫਿਲਮਾਂ ਘੱਟ ਬਜਟ ਵਾਲੀਆਂ ਹੁੰਦੀਆਂ ਸਨ। ਹਿੰਦੀ ਫਿਲਮਾਂ 'ਚੋਂ ਨਕਾਰੇ ਕਲਾਕਾਰ ਘੱਟ ਪੈਸੇ 'ਤੇ ਕੰਮ ਕਰਨ ਲਈ ਰਾਜ਼ੀ ਹੋ ਜਾਂਦੇ ਸਨ। ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਨੇ ਅਨੇਕਾਂ ਹੀ ਹਿੰਦੀ ਫਿਲਮਾਂ 'ਚ ਫਲਾਪ ਹੋਏ ਅਭਿਨੇਤਾ ਅਤੇ ਅਭਿਨੇਤਰੀਆਂ ਨੂੰ ਫਿਲਮ ਦੀ ਕਹਾਣੀ ਤੇ ਗੀਤਾਂ ਦੇ ਸਿਰ 'ਤੇ ਸੁਪਰਸਟਾਰ ਬਣਾ ਦਿੱਤਾ।

*? ਸਵਾਲ- ਪੰਜਾਬੀ ਫਿਲਮਾਂ ਦੱਖਣ ਭਾਰਤ ਦੀਆਂ ਫਿਲਮਾਂ ਦੀ ਤਰ੍ਹਾਂ ਕਾਮਯਾਬ ਕਿਉਂ ਨਹੀਂ ਹੋ ਸਕੀਆਂ? ਜਦਕਿ ਪੰਜਾਬੀ ਦਰਸ਼ਕਾਂ ਦੀ ਕਮੀ ਨਹੀਂ ਹੈ?*

ਜਵਾਬ- ਨਹੀਂ, ਅਜਿਹੀ ਕੋਈ ਗੱਲ ਨਹੀਂ ਹੈ। ਪੰਜਾਬੀ ਫਿਲਮਾਂ ਵੀ ਬਹੁਤ ਕਾਮਯਾਬ ਰਹੀਆਂ। ਮੇਰੇ ਤੋਂ ਪਹਿਲਾਂ

## ਹਸਨਪੁਰੀ ਦੀਆਂ ਪ੍ਰਸਿੱਧ ਪੁਸਤਕਾਂ

1 ਔਸੀਆਂ (ਗੀਤ ਸੰਗ੍ਰਹਿ)
2 ਜ਼ਿੰਦਗੀ ਦੇ ਗੀਤ (ਗੀਤ ਸੰਗ੍ਰਹਿ)
3 ਸਮੇਂ ਦੀ ਆਵਾਜ਼ (ਗੀਤ ਸੰਗ੍ਰਹਿ)
4 ਜੋਬਨ ਨਵਾਂ ਨਕੋਰ (ਗੀਤ ਸੰਗ੍ਰਹਿ)
5 ਰੂਪ ਤੇਰਾ ਰੱਬ ਵਰਗਾ (ਗੀਤ ਸੰਗ੍ਰਹਿ)
6 ਮੇਰੇ ਜਿਹੀ ਕੋਈ ਜੱਟੀ ਨਾ (ਗੀਤ ਸੰਗ੍ਰਹਿ)
7 ਗੀਤ ਮੇਰੇ ਗੀਤ (ਗੀਤ ਸੰਗਰਹਿ)
8 ਕਿਥੇ ਗਏ ਉਹ ਦਿਨ (ਲੰਬੀ ਕਵਿਤਾ)
9 ਰੰਗ ਖ਼ੁਸ਼ਬੋ ਰੌਸ਼ਨੀ (ਗ਼ਜ਼ਲ ਸੰਗ੍ਰਹਿ)
10. ਗੁਰੂ ਦਰਸ਼ਨ (ਬਾਲ ਗੀਤ) (ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ)
11. ਘੁੰਮ ਨੀ ਭੰਮੀਰੀਏ (ਬਾਲ ਗੀਤ) (ਖਰੜੇ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਇਨਾਮ 1989 'ਚ)
12. ਝੜ ਰਹੇ ਪੱਤੇ ਹਰੇ (ਅੱਤਵਾਦ ਦਾ ਸੰਤਾਪ ਭੋਗਦੇ ਗੀਤ)



ਦੇ ਦੌਰ ਤੋਂ ਲੈ ਕੇ ਵਰਿੰਦਰ ਦੇ ਸਮੇਂ ਤੱਕ ਚੰਗੀਆਂ ਫਿਲਮਾਂ ਬਣੀਆਂ। ਮੇਰੀਆਂ ਫਿਲਮਾਂ 'ਤੇਰੀ ਮੇਰੀ ਇੱਕ ਜਿੰਦੜੀ' ਤੇ 'ਦਾਜ' ਨੇ ਕਈ ਰਿਕਾਰਡ ਕਾਇਮ ਕੀਤੇ ਹਨ। ਅਸਲ 'ਚ ਪੰਜਾਬ ਵੰਡਣ ਕਰਕੇ ਵੀ ਪੰਜਾਬੀ ਫਿਲਮਾਂ ਦਾ ਬਹੁਤ ਨੁਕਸਾਨ ਹੋਇਆ ਹੈ। ਜੋ ਪੰਜਾਬੀ ਤੋਂ ਬੇਮੁੱਖ ਹੋ ਗਏ ਉਨ੍ਹਾਂ ਪੰਜਾਬੀ ਵੱਲ ਘੱਟ ਧਿਆਨ ਦਿੱਤਾ ਹੈ। ਇੱਕ ਗੱਲ ਹੋਰ ਕਿ ਪੰਜਾਬੀ ਹਿੰਦੀ ਦੇ ਬਹੁਤ ਨੇੜੇ ਹੈ, ਅਨਪੜ੍ਹ ਵਿਅਕਤੀ ਵੀ (ਪੰਜਾਬ ਦਾ) ਹਿੰਦੀ ਫਿਲਮਾਂ ਨੂੰ ਚੰਗੀ ਤਰ੍ਹਾਂ ਦੇਖ ਅਤੇ ਸਮਝ ਸਕਦਾ ਹੈ। ਇਸ ਗੱਲ ਨੇ ਪੰਜਾਬੀ ਫਿਲਮਾਂ ਨੂੰ ਨੁਕਸਾਨ ਪਹੁੰਚਾਇਆ ਤੇ ਹਿੰਦੀ ਫਿਲਮਾਂ ਨੂੰ ਫਾਇਦਾ। ਸਾਊਥ ਵਿੱਚ ਗੱਲ ਵੱਖਰੀ ਹੈ, ਉਥੇ ਬਹੁਤਿਆਂ ਨੂੰ ਹਿੰਦੀ ਨਹੀਂ ਆਉਂਦੀ ਅਤੇ ਨਾ ਹਿੰਦੀ ਪਸੰਦ ਕਰਦੇ ਹਨ। ਏਰੀਆ ਵੀ ਵੱਡਾ ਹੈ।

*? ਸਵਾਲ- ਪਹਿਲੀਆਂ ਫਿਲਮਾਂ 'ਤੇ ਇਹ ਦੋਸ਼ ਵੀ ਲੱਗਦੇ ਰਹੇ ਕਿ ਇਹ ਪਾਕਿਸਤਾਨੀ ਫਿਲਮਾਂ ਦੀ ਨਕਲ ਹਨ। ਇਥੋਂ ਤੱਕ ਕਿ ਇਨ੍ਹਾਂ ਫਿਲਮਾਂ ਦੇ ਨਾਂ ਵੀ ਪਾਕਿਸਤਾਨੀ ਫਿਲਮਾਂ ਦੇ ਆਧਾਰ 'ਤੇ ਹੀ ਰੱਖੇ ਗਏ, ਜਿਵੇਂ 'ਜੱਟ' ਦੇ ਨਾਂ 'ਤੇ ਕਈ ਫਿਲਮਾਂ ਬਣੀਆਂ ਹਨ।*

ਜਵਾਬ- ਨਹੀਂ ਅਜਿਹਾ ਦੌਰ ਕੇਵਲ ਵਰਿੰਦਰ ਦੀ ਮੌਤ ਤੋਂ ਬਾਅਦ ਹੀ ਆਇਆ ਜਦੋਂ ਪਾਕਿਸਤਾਨੀ ਫਿਲਮਾਂ ਦੀ ਨਕਲ ਕਰਕੇ ਫਿਲਮਾਂ ਬਣੀਆਂ ਸਨ, ਪਹਿਲਾਂ ਨਹੀਂ।

*? ਸਵਾਲ- ਹੁਣ ਫੇਰ ਕੁਝ ਸਾਲਾਂ ਤੋਂ ਪੰਜਾਬੀ ਸਿਨੇਮਾ ਆਪਣੀ ਪਛਾਣ ਬਣਾਉਣ ਲੱਗਾ ਹੈ, ਹੁਣ ਦੀਆਂ ਫਿਲਮਾਂ ਦੀ ਚੜ੍ਹਤ ਦੇ ਕਾਰਨ ਸਿਰਫ ਆਰਥਕ ਹੀ ਹਨ ਜਾਂ ਕਲਾ ਪੱਖੋਂ ਵੀ ਪਹਿਲੀਆਂ ਨਾਲੋਂ ਚੰਗੀਆਂ ਹਨ?*

ਜਵਾਬ- ਹਾਂ, ਬਿਲਕੁਲ ਹੁਣ ਪੰਜਾਬੀ ਸਿਨੇਮਾ ਆਪਣੀ ਪਛਾਣ ਬਣਾ ਰਿਹਾ ਹੈ। ਇਸ ਦਾ ਇੱਕ ਵੱਡਾ ਕਾਰਨ ਬਜਟ ਦਾ ਹੋਣਾ ਹੈ। ਪਹਿਲਾਂ ਜਿੱਥੇ ਚਾਰ-ਪੰਜ ਲੱਖ ਦੀਆਂ ਫਿਲਮਾਂ ਬਣਦੀਆਂ ਸਨ, ਉਥੇ ਹੁਣ ਪੰਜ ਕਰੋੜ ਤੱਕ ਬਜਟ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਚੰਗੇ ਡਾਇਰੈਕਟਰ, ਟੈਕਨੀਸ਼ਰ ਤੇ ਵੱਡੇ ਕਲਾਕਾਰ ਆਉਣੇ ਸ਼ੁਰੂ ਹੋ ਗਏ ਹਨ। ਕੁਝ ਬਾਹਰਲੀ ਦੁਨੀਆ ਦੀ ਸ਼ੂਟਿੰਗ ਹੁੰਦੀ ਹੈ, ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਹੀਰੋ ਪਹਿਲਾਂ ਹੀ ਐਜ਼ ਏ ਸਿੰਗਰ ਲੋਕਾਂ 'ਚ ਹੀਰੋ ਹਨ।

*? ਸਵਾਲ- ਇਥੇ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ, ਕਿ ਪੰਜਾਬੀ ਫਿਲਮਾਂ 'ਚ ਪੰਜਾਬੀ ਗਾਇਕ ਹੀ ਅਭਿਨੈ ਕਰੀ ਜਾਂਦੇ ਨੇ। ਕੀ ਸਾਡੇ ਕੋਲ ਪੰਜਾਬੀ ਅਭਿਨੇਤਾਵਾਂ ਦੀ ਘਾਟ ਹੈ?*

ਜਵਾਬ- ਨਹੀਂ, ਘਾਟ ਨਹੀਂ ਹੈ। ਅਸਲ 'ਚ ਬਿਜ਼ਨੈਸਮੈਨ ਫਾਇਦਾ ਉਠਾ ਰਿਹਾ ਹੈ, ਕਿਉਂਕਿ ਇਨ੍ਹਾਂ ਗਾਇਕਾਂ ਦੇ ਗੀਤਾਂ ਦੀ (ਜੋ ਫਿਲਮਾਂ 'ਚ ਗਾਏ ਨੇ) ਕੈਸਿਟ ਹੀ ਲੱਖਾਂ 'ਚ ਵਿੱਕ ਜਾਵੇਗੀ।

*? ਸਵਾਲ- ਹੁਣ ਪੰਜਾਬੀ ਫਿਲਮਾਂ ਦਾ ਭਵਿੱਖ ਕਿਹੋ ਜਿਹਾ ਨਜ਼ਰ ਆ ਰਿਹਾ ਹੈ?*

ਜਵਾਬ- ਚੰਗਾ ਨਜ਼ਰ ਆ ਰਿਹਾ ਹੈ, ਕਿਉਂਕਿ ਵੱਡੀਆਂ-ਵੱਡੀਆਂ ਪਾਰਟੀਆਂ ਪੰਜਾਬੀ ਫਿਲਮਾਂ ਬਣਾਉਣ 'ਚ ਦਿਲਚਸਪੀ ਲੈ ਰਹੀਆਂ ਹਨ। ਇੱਕ ਸਮਾਂ ਸੀ ਜਦੋਂ ਗੇਮ ਕਲਾਕਾਰਾਂ ਦੇ ਹੱਥ ਹੁੰਦੀ ਸੀ, ਅੱਜ ਗੇਮ ਸਰਮਾਏਦਾਰਾਂ ਦੇ ਹੱਥ ਆ ਚੁੱਕੀ ਹੈ। ਅੱਜ ਕਲਾਕਾਰਾਂ ਦੀ ਮਰਜ਼ੀ ਘੱਟ ਹੈ।

*? ਸਵਾਲ- ਹਸਨਪੁਰੀ ਨੇ ਕਿਹਨਾਂ-ਕਿਹਨਾਂ ਨੂੰ ਸਟਾਰ ਬਣਾਇਆ?*

ਜਵਾਬ- ਬਥੇਰੇ ਨੇ ਜਿਵੇਂ ਵਰਿੰਦਰ, ਮੇਹਰ ਮਿੱਤਲ, ਦਲਜੀਤ ਕੌਰ, ਵਿਜੈ ਟੰਡਨ, ਦਰਸ਼ਨ ਬੱਗਾ, ਧੀਰਜ ਕੁਮਾਰ, ਸਰਬਜੀਤ ਮਾਂਗਟ, ਜਗਮੋਹਨ ਕੌਰ, ਨਰਿੰਦਰ ਬੀਬਾ, ਕੇ.ਦੀਪ, ਸੀਤਲ ਸਿੰਘ ਸੀਤਲ, ਜਸਪਿੰਦਰ ਨਰੂਲਾ ਤੇ ਜਗਜੀਤ ਸਿੰਘ (ਚਿੱਤਰਾ)। ਸਭ ਤੋਂ ਪਹਿਲਾਂ ਮੈਂ ਹੀ ਪੰਜਾਬ ਦੇ ਕਲਾਕਾਰਾਂ ਨੂੰ ਮੁੰਬਈ ਲੈ ਕੇ ਗਿਆ, ਪੰਜਾਬੀ ਫਿਲਮਾਂ ਲਈ।

*? ਸਵਾਲ- ਕਿਨ੍ਹਾਂ ਪ੍ਰਸਿੱਧ ਹਸਤੀਆਂ ਦੇ ਨੇੜੇ ਹੋਣ ਦਾ ਮੌਕਾ ਮਿਲਿਆ?*

ਜਵਾਬ- ਧਰਮਿੰਦਰ ਨੇ ਮੇਰੀਆਂ ਫਿਲਮਾਂ ਲਈ ਕੰਮ ਕੀਤਾ ਹੈ। ਪੰਜਾਬੀ ਬੋਲੀ ਨਾਲ ਉਸਨੂੰ ਪਿਆਰ ਹੈ। ਹੋਰ ਹਨ ਰਾਜਿੰਦਰ ਕੁਮਾਰ, ਦਲੀਪ ਕੁਮਾਰ, ਰਾਜ ਕਪੂਰ, ਦੇਵ ਕੁਮਾਰ ਤੇ ਰਫ਼ੀ ਸਾਹਿਬ।

*? ਸਵਾਲ- ਫਿਲਮਾਂ ਨਾਲ ਜੁੜੀ ਕੋਈ ਖੱਟੀ-ਮਿੱਠੀ ਯਾਦ ਤਾਜ਼ਾ ਕਰੋ।*

ਜਵਾਬ- ਜਦੋਂ ਫਿਲਮ 'ਤੇਰੀ ਮੇਰੀ ਇੱਕ ਜਿੰਦੜ' ਬਣ ਰਹੀ ਸੀ ਉਦੋਂ ਪੈਸੇ ਨਹੀਂ ਸਨ। ਮੈਂ ਬੰਬੇ ਇੱਕ ਗੰਜੇ ਜਿਹੇ ਬੰਦੇ ਤੋਂ ਟੈਕਸੀ 'ਚ ਲਿਫਟ ਮੰਗੀ। ਮੈਂ ਉਸਨੂੰ ਕਿਹਾ, ''ਜੇ ਤੁਸੀਂ ਮਹਾਂਲਕਸ਼ਮੀ ਸਟੂਡੀਓ ਵੱਲ ਜਾਣਾ ਹੈ ਤਾਂ ਲਿਫਟ ਦੇ ਦਿਉ''

ਮੈਂ ਉਥੇ ਨਹੀਂ ਜਾਣਾ ਪਰ ਉਹਦੇ ਨੇੜੇ ਹੀ ਜਾਣਾ ਹੈ ਉਥੋਂ ਤੁਹਾਨੂੰ ਨੇੜੇ ਪਏਗਾ। ਅੱਗੇ ਡਰਾਈਵਰ ਕੋਲ ਬੈਠ ਜਾਓ।''

ਜਦੋਂ ਥੋੜੀ ਦੂਰ ਗਏ ਤਾਂ ਉਸਨੇ ਪੁੱਛਿਆ ਕਿ ਕੀ ਕੰਮ ਕਰਦੇ ਹੋ? ਤਾਂ ਮੈਂ ਕਿਹਾ ਕਿ ਮੈਂ ਪੰਜਾਬੀ ਸ਼ਾਇਰ ਹਾਂ, ਹਸਨਪੁਰੀ ਮੇਰਾ ਨਾਂ ਹੈ। ਮੇਰੀ ਗੱਲ ਸੁਣਦੇ ਹੀ ਉਸਨੇ ਡਰਾਈਵਰ ਨੂੰ ਗੱਡੀ ਰੋਕਣ ਲਈ ਕਿਹਾ। ਭੀੜ ਹੋਣ ਕਰਕੇ ਗੱਡੀ ਨਾ ਰੁਕ ਸਕੀ ਤਾਂ ਉਸਨੇ ਘੂਰ ਕੇ ਡਰਾਈਵਰ ਨੂੰ ਰੋਕਣ ਲਈ ਕਿਹਾ। ਗੱਡੀ ਰੁਕੀ ਤਾਂ ਉਹ ਪਿਛੋਂ ਉਤਰ ਹੇਠਾਂ ਆਇਆ ਤੇ ਮੇਰੀ ਖਿੜਕੀ ਖੋਲ੍ਹ ਕੇ ਹੇਠਾਂ ਆਉਣ ਨੂੰ ਕਿਹਾ। ਉਸਨੇ ਆਪਣੇ ਕੋਲ ਮਗਰ ਬੈਠਣ ਲਈ ਕਿਹਾ, ਆਪ ਬੈਠੀਏ,ਆਪ ਮੁਝੇ ਨਹੀਂ ਜਾਨਤੇ। ਮੈਂ ਇੰਦੀਵਰ ਹੂੰ (ਪ੍ਰਸਿੱਧ ਹਿੰਦੀ ਫਿਲਮੀ ਸ਼ਾਇਰ)। ਮਾਫ਼ ਕਰਨਾ ਮੈਂ ਪਹਿਚਾਨ ਨਹੀਂ ਸਕਾ। ਹਮ ਪਹਿਲੇ ਕਭੀ ਮਿਲੇ ਨਹੀਂ ਨਾ। ਮੈਂ ਪੰਜਾਬ ਕੇ ਸਿਰਫ਼ ਦੋ ਸ਼ਾਇਰੋਂ ਕੋ ਹੀ ਜਾਨਤਾ ਹੂੰ, ਨੂਰਪੁਰੀ ਔਰ ਹਸਨਪੁਰੀ। ਮੇਰੇ ਪਾਸ ਆਪ ਕੇ ਬਹੁਤ ਰਿਕਾਰਡ ਹੈਂ।

*? ਸਵਾਲ- ਹੁਣ ਆਉਂਦੇ ਹਾਂ ਤੁਹਾਡੀ ਗੀਤਕਾਰੀ ਵੱਲੀਂ, ਤੁਸੀਂ ਕਦੇ ਸਮਾਜਵਾਦੀ ਹੋਣ ਦਾ ਨਾਅਰਾ ਲਾਉਂਦੇ ਹੋ, ਰੂੜ੍ਹੀਵਾਦੀ ਰਵਾਇਤਾਂ ਦਾ ਵਿਰੋਧ ਕਰਦੇ ਹੋ ਪਰ ਕਦੇ ਅਤਿ-ਅੰਧਵਿਸ਼ਵਾਸੀ ਫਿਲਮਾਂ ਲਈ ਗੀਤ ਵੀ ਲਿਖੇ ਹਨ, ਧਾਰਮਕ ਗੀਤ ਵੀ ਅਜਿਹਾ ਕਿਉਂ?*

ਜਵਾਬ- ਸ਼ਾਇਰ ਦੋ ਪ੍ਰਕਾਰ ਦੇ ਹੁੰਦੇ ਹਨ, ਇੱਕ ਘਾੜਤੀ ਤੇ ਦੂਜੇ ਮਨਾਮਤੀ। ਘਾੜਤੀ ਮੌਕੇ 'ਤੇ ਸਥਿਤੀ ਮੁਤਾਬਕ ਗੀਤ ਘੜਦੇ ਹਨ, ਮਨਾਮਤੀ ਮਨ ਆਈ ਗੱਲ ਕਰਦੇ ਹਨ। ਫਿਲਮੀ ਸ਼ਾਇਰ ਫਿਲਮੀ ਸਟੋਰੀ, ਸਥਿਤੀ ਤੇ ਮੌਕੇ ਮੁਤਾਬਕ ਗੀਤ ਘੜਦੇ ਹਨ। ਪਰ ਮੈਂ ਤਾਂ ਫਿਲਮਾਂ 'ਚ ਵੀ ਇਹੋ ਜਿਹੇ ਗੀਤ ਲਿਖੇ ਹਨ-

ਅੱਗ ਲੱਗੇ ਮੰਦਰਾਂ ਨੂੰ
ਕੁੱਲੀ ਯਾਰ ਦੀ ਸੁਰਗ ਦਾ ਝੂਟਾ।
...
ੳ, ਅ, ੲ, ਸ, ਹ ਬੋਲਣਾ
ਕਦੇ ਨਾ ਡੋਲਣਾ।

*? ਸਵਾਲ- ਲਿਖਣ ਵੇਲੇ ਕਿਹੋ ਜਿਹਾ ਮਾਹੌਲ ਭਾਲਦੇ ਹੋ?*

ਜਵਾਬ- ਕੋਈ ਖਾਸ ਨਹੀਂ, ਉਂਞ ਮੈਂ ਜ਼ਿਆਦਾ ਗੀਤ ਸਫਰ ਕਰਦੇ ਨੇ ਲਿਖੇ ਹਨ।

## ਜਿਨ੍ਹਾਂ ਪ੍ਰਸਿੱਧ ਗਾਇਕਾਂ-ਗਾਇਕਾਵਾਂ ਨੇ ਹਸਨਪੁਰੀ ਦੇ ਫਿਲਮੀ ਤੇ ਗ਼ੈਰ-ਫਿਲਮੀ ਗੀਤ ਗਾਏ

1. ਮਲਿਕਾ-ਏ-ਤਰੰਨਮ ਨੂਰਜਹਾਂ
2. ਮੁਹੰਮਦ ਰਫ਼ੀ
3. ਆਸ਼ਾ ਭੌਸਲੇ
4. ਸ਼ਮਸ਼ਾਦ ਬੇਗਮ
5. ਅਨੁਰਾਧਾ ਪੌਡਵਾਲ
6. ਸੁਮਨ ਕਲਿਆਣਪੁਰੀ
7. ਮਹਿੰਦਰ ਕਪੂਰ
8. ਮਨੂੰ ਪਰਸ਼ੋਤਮ
9. ਦਿਲਰਾਜ ਕੌਰ
10. ਸੁਰੇਸ਼ ਵਾਡੇਕਰ
11. ਜਗਜੀਤ ਸਿੰਘ
12. ਕੇ. ਦੀਪ
13. ਸੁਰਿੰਦਰ ਕੌਰ
14. ਆਸਾ ਸਿੰਘ ਮਸਤਾਨਾ
15. ਨਰਿੰਦਰ ਬੀਬਾ
16. ਜਗਮੋਹਨ ਕੌਰ
17. ਗੁਰਮੀਤ ਬਾਵਾ
18. ਜਸਪਿੰਦਰ ਨਰੂਲਾ
19. ਹਰਚਰਨ ਗਰੇਵਾਲ
20. ਹੰਸ ਰਾਜ ਹੰਸ
21. ਸੁਰਿੰਦਰ ਛਿੰਦਾ
22. ਨੰਦਿਰ ਚੰਚਲ
23. ਅਮਰ ਨੂਰੀ
24. ਸਰਦੂਲ ਸਿਕੰਦਰ
25. ਸੁਖਵਿੰਦਰ
26.ਹਰਿਭਜਨ ਸਿੰਘ ਰਤਨ
27. ਪਿਨਾਜ਼ ਮਸਾਨੀ
28. ਐਸ਼ ਬਲਵੀਰ
29. ਦਿਲਸ਼ਾਦ ਅਖਤਰ
30. ਡਾ. ਸੁਖ ਨੈਨ
31. ਚਾਂਦੀ ਰਾਮ
32. ਸੁਦੇਸ਼ ਕਪੂਰ
33. ਖੁਸ਼ਦਿਲ
34. ਕੁਲਦੀਪ ਕੌਰ
35. ਸੁਖਵੰਤ ਕੌਰ
36. ਗੁਰਪਾਲ ਸਿੰਘ ਪਾਲ
37. ਸਨੇਹ ਲਤਾ
38. ਗੋਲਡਨ ਸਟਾਰ ਮਲਕੀਤ ਸਿੰਘ

## ਜਿਨ੍ਹਾਂ ਫਿਲਮਾਂ ਲਈ ਹਸਨਪੁਰੀ ਨੇ ਗੀਤ ਲਿਖੇ

1. ਮਨ ਜੀਤੈ ਜਗ ਜੀਤ
2. ਦੁੱਖ ਭੰਜਨ ਤੇਰਾ ਨਾਮ
3. ਪਾਪੀ ਤਰੇ ਅਨੇਕ
4. ਧਰਮਜੀਤ
5. ਫੌਜੀ ਚਾਚਾ
6. ਯਮਲਾ ਜੱਟ
7. ਗੋਰੀ ਦੀਆਂ ਝਾਂਜਰਾਂ
8. ਜੈ ਮਾਤਾ ਦੀ
9. ਮਾਂ ਦਾ ਲਾਡਲਾ।
10. ਚੋਰਾਂ ਨੂੰ ਮੋਰ।
11. ਮੋਟਰ ਮਿੱਤਰਾਂ ਦੀ
12. ਲੌਂਗ ਦਾ ਲਿਸ਼ਕਾਰਾ
13. ਨਹੀਂ ਰੀਸਾਂ ਪੰਜਾਬ ਦੀਆਂ
14. ਮਾਹੌਲ ਠੀਕ ਹੈ
15. ਪੰਜਾਬ ਕੌਰ (ਕਹਾਣੀ, ਵਾਰਤਾਲਾਪ ਤੇ ਪਟਕਥਾ)
16. ਮੱਸਿਆ ਦੀ ਰਾਤ

## ਜਿਨ੍ਹਾਂ ਹਿੰਦੀ ਫਿਲਮਾਂ ਲਈ ਗੀਤ ਲਿਖੇ

1. ਦਹੇਜ 2. ਸੰਗਰਾਮ 3. ਵਰਤ ਕੇ ਸ਼ਹਿਜ਼ਾਦੇ 4. ਛੋਟਾ ਸਾ ਮੌਸਮ 5. ਦੂਰਦਰਸ਼ਨ ਦਿੱਲੀ ਲਈ ਹਿੰਦੀ ਸੀਰੀਅਲ ਵਾਸਤੇ ਗੀਤ, ਕਟੀ ਪਤੰਗ (ਹਿੰਦੀ)।

## ਜਿਨ੍ਹਾਂ ਫਿਲਮਾਂ ਦਾ ਨਿਰਮਾਣ ਕੀਤਾ ਕਹਾਣੀ, ਪਟਕਥਾ, ਵਾਰਤਾਲਾਪ ਤੇ ਗੀਤ ਲਿਖੇ,

1. ਤੇਰੀ ਮੇਰੀ ਇੱਕ ਜਿੰਦੜੀ 2. ਦਾਜ 3. ਸੁਖੀ ਪਰਿਵਾਰ 4. ਦਹੇਜ (ਹਿੰਦੀ ਫਿਲਮ)।

## ਦੂਰਦਰਸ਼ਨ ਲਈ ਟੈਲੀ ਫਿਲਮਾਂ

1. ਸਾਡਾ ਪਿੰਡ 2. ਉਜਾੜ ਦਾ ਸਫ਼ਰ (ਕਹਾਣੀ ਸੁਰਿੰਦਰ ਰਾਮਪੁਰੀ) 3. ਪੰਜਾਬੀ ਫਿਲਮਾਂ ਦਾ ਪਹਿਲਾ ਦੌਰ 4. ਪੰਜਾਬੀ ਫਿਲਮਾਂ ਦਾ ਦੂਜਾ ਦੌਰ।

## ਪੀ. ਏ. ਯੂ. ਲਈ ਡਾਕੂਮੈਂਟਰੀ ਫਿਲਮਾਂ

1, ਮਛਲੀ ਪਾਲਣ 2. ਗੰਨ ਕਾਸ਼ਤ 3. ਕੰਢੀ ਏਰੀਏ ਦੀ ਉੱਨਤੀ।

## ਹਸਨਪੁਰੀ ਦੇ ਕੁਝ ਪ੍ਰਸਿੱਧ ਗੀਤ

1. ਜੇ ਮੁੰਡਿਆ ਵੇ ਤੂੰ ਸਾਡੀ ਤੋਰ ਹੈ ਵੇਖਣੀ,
   ਗੜ੍ਹਵਾ ਲੈ ਦੇ ਚਾਂਦੀ ਦਾ, ਲੱਕ ਹਿਲੇ ਮਜਾਜਣ ਜਾਂਦੀ ਦਾ।
2. ਸਾਧੂ ਹੁੰਦੇ ਰੱਬ ਵਰਗੇ, ਘੁੰਡ ਕੱਢ ਕੇ ਖੈਰ ਨਾ ਪਾਈਏ।
3. ਲੈ ਜਾ ਛੱਲੀਆਂ, ਭੁਨਾ ਲਈਂ ਦਾਣੇ ਮਿੱਤਰਾ ਦੂਰ ਦਿਆ।
4. ਹੋਇਆ ਕੀ ਜੇ ਤੂੰ ਕੁੜੀ ਏਂ ਦਿੱਲੀ ਸ਼ਹਿਰ ਦੀ,
   ਮੈਂ ਵੀ ਜੱਟ ਲੁਧਿਆਣੇ ਦਾ।
5. ਬੋਤਾ ਹੌਲੀ ਤੋਰ ਮਿੱਤਰਾ, ਮੇਰਾ ਨਰਮ ਕਾਲਜਾ ਧੜਕੇ।
6. ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਮੈਂ ਕੀ ਕਰਾਂ,
   ਸ਼ਰੇਆਮ ਛੱਜ ਵਿੱਚ ਪਾ ਛੱਜਿਆ, ਦੱਸ ਮੈਂ ਕੀ ਕਰਾਂ।
7. ਜਦੋਂ-ਜਦੋਂ ਵੀ ਬਨੇਰੇ ਬੋਲੇ ਕਾਂ (ਮੇਰਿਆ ਸੱਜਣਾਂ),
   ਮੈਂ ਔਂਸੀਆਂ ਪਾਉਣੀ ਆਂ। (ਮਨ ਜੀਤੈ ਜਗ ਜੀਤ 'ਚ)
8. ਜੱਗ ਨੂੰ ਤੂੰ ਲੁੱਟਣਾ ਏ ਡਾਕੂਆ,
   ਜੇ ਕੋਈ ਦਿਲ ਲੁੱਟ ਕੇ ਵਿਖਾਵੇਂ ਤੈਨੂੰ ਤਾਂ ਮੰਨੀਏ,
   ਕਿਸੇ ਨੂੰ ਮਿਟਾਣਾ ਕੋਈ ਔਖਾ ਨਹੀਂ,
   ਜੇ ਆਪ ਮਿਟ ਜਾਵੇਂ ਤੈਨੂੰ ਤਾਂ ਮੰਨੀਏ।

(ਇਹ ਗੀਤ ਵੀ ਮਨ ਜੀਤੈ ਜਗ ਜੀਤ 'ਚੋਂ ਹੈ।)

*? ਸਵਾਲ- ਤੁਹਾਡੇ ਸੰਸਾਰ ਪ੍ਰਸਿੱਧ ਗੀਤ 'ਗੜਵਾ ਚਾਂਦੀ ਦਾ' ਦੀ ਸਿਰਜਣਾ ਕਿਹੜੇ ਹਾਲਤਾਂ 'ਚ ਹੋਈ ਸੀ।*

ਜਵਾਬ- ਖ਼ਾਸ ਨਹੀਂ, ''ਮੈਂ ਇੱਕ ਲੋਕ-ਕਥਾ ਸੁਣੀ ਸੀ, ਜਿਸ 'ਚ ਨਾਇਕਾ ਨਾਇਕ ਨੂੰ ਕਹਿੰਦੀ ਹੈ ਕਿ ਉਸਦੀਆਂ ਸਹੇਲੀਆਂ ਕੋਲ ਪਿੱਤਲ ਦੇ ਗੜ੍ਹਵੇ ਹਨ। ਮੇਰੇ ਕੋਲ ਵੱਖਰਾ ਹੋਣਾ ਚਾਹੀਦਾ ਹੈ, ਤਾਂ ਜੁ ਮੇਰੀ ਟੌਰ ਬਣ ਸਕੇ। ਤੂੰ ਮੈਨੂੰ ਚਾਂਦੀ ਦਾ ਗੜ੍ਹਵਾ ਲੈ ਕੇ ਦੇ। ਸ੍ਰੀ ਮਹਿੰਦਰ ਸਿੰਘ ਚੀਮਾਂ ਨੇ ਮੇਰੇ ਇਸ ਗੀਤ ਨੂੰ ਡੂੰਘਾਈ ਨਾਲ ਵਾਚਦਿਆਂ ਦੱਸਿਆ ਕਿ ਇਸ 'ਚ ਨਾਇਕ ਦੀ ਆਰਥਕਤਾ ਲੁਕੀ ਹੋਈ ਹੈ। ਇਸੇ ਲਈ ਉਹ ਆਪਣੀ ਗ਼ਰੀਬੀ ਨੂੰ ਛੁਪਾਉਂਦਾ ਹੋਇਆ ਕਹਿੰਦਾ ਹੈ (ਆਪਣੀ ਪ੍ਰੇਮਿਕਾ ਨੂੰ)

ਨੀ ਕੁੜੀਏ ਅਸਾਂ ਤੇਰੀ ਤੋਰ ਨੀ ਵੇਖਣੀ
ਅੱਗ ਲਾਉਣਾ ਗੜ੍ਹਵਾ ਚਾਂਦੀ ਦਾ
ਲੱਕ ਟੁੱਟ ਜੂ ਹੁਲਾਰੇ ਖਾਂਦੀ ਦਾ।

*? ਸਵਾਲ- ਤੁਸੀਂ ਫਿਲਮੀ ਗੀਤ ਵੀ ਲਿਖੇ ਤੇ ਗ਼ੈਰ-ਫਿਲਮੀ ਵੀ। ਦੋਹਾਂ ਦੀ ਰਚਨਾ 'ਚ ਕੀ ਫਰਕ ਹੈ? ਦੋਹਾਂ ਦੀ ਰਚਨਾ ਸਮੇਂ ਕਿਹੜੇ-ਕਿਹੜੇ ਮਾਹੌਲ ਦੀ ਲੋੜ ਹੈ? ਤੁਹਾਨੂੰ ਕਿਹੜੇ ਗੀਤ ਲਿਖ ਕੇ ਜ਼ਿਆਦਾ ਸੰਤੁਸ਼ਟੀ ਮਿਲਦੀ ਹੈ?*

ਜਵਾਬ- ਦੋਹੇਂ ਲਿਖ ਕੇ ਸੰਤੁਸ਼ਟੀ ਹੁੰਦੀ ਹੈ। ਗ਼ੈਰ-ਫਿਲਮੀ ਗੀਤਾਂ ਨਾਲੋਂ ਫਿਲਮੀ ਗੀਤਾਂ 'ਚ ਸਿਰਫ ਏਨਾ ਫਰਕ ਹੁੰਦਾ ਹੈ ਕਿ ਏਹਨਾਂ 'ਚ ਇਹ ਵੇਖਣਾ ਪੈਂਦਾ ਹੈ ਕਿ ਕਹਾਣੀ ਕੀ ਹੈ? ਕਹਾਣੀ ਕੀ ਡੀਮਾਂਡ ਕਰਦੀ ਹੈ? ਇਹ ਸਭ ਮਨ 'ਚ ਸਮਾਉਣਾ ਪੈਂਦਾ ਹੈ। ਜਿਸਨੇ ਗਾਉਣਾ ਹੁੰਦਾ ਹੈ ਉਹਦੀ ਥਾਂ 'ਤੇ ਆਪ ਖੜ੍ਹ ਕੇ ਸੋਚਣਾ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਹਰ ਕੋਈ ਫਿਲਮੀ ਗੀਤ ਨਹੀਂ ਲਿਖ ਸਕਦਾ।

*? ਸਵਾਲ- ਆਲੋਚਕ ਗੀਤਾਂ ਨੂੰ ਸਾਹਿਤਕ ਵਿਧਾ ਨਹੀਂ ਮੰਨਦੇ, ਜਦਕਿ ਅੱਜ ਦੇ ਸਮੇਂ 'ਚ ਵੀ ਰਚੇ ਜਾਣ ਵਾਲੇ ਕਈ ਗੀਤ ਸਾਹਿਤਕ ਵਿਸ਼ੇਸ਼ਤਾਵਾਂ ਰੱਖਦੇ ਹਨ ਬਲਕਿ ਕਈ ਸਾਹਿਤਕ ਮੰਨੀਆਂ ਜਾਣ ਵਾਲੀਆਂ ਬਹੁਤੀਆਂ ਰਚਨਾਵਾਂ ਸਾਹਿਤਕ ਮੁੱਲਾਂ 'ਤੇ ਖਰੀਆਂ ਨਹੀਂ ਉੱਤਰਦੀਆਂ। ਕੀ ਕਹੋਗੇ ਇਸ ਬਾਰੇ?*

ਜਵਾਬ- ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਪਰ ਹੁਣ ਕੁਝ ਆਲੋਚਕ, ਗੀਤਾਂ ਵੱਲ ਧਿਆਨ ਦੇਣ ਲੱਗੇ ਹਨ। ਪਿੱਛੇ ਜਿਹੇ ਕੇਂਦਰੀ ਪੰਜਾਬੀ ਲੇਖਕ ਸਭਾ , ਰਾਮਪੁਰ ਲਿਖਾਰੀ ਸਭਾ ਤੇ ਕੁਝ ਹੋਰ ਸਭਾਵਾਂ ਨੇ ਚੰਗੀ ਗੀਤਕਾਰੀ ਨੂੰ ਮਾਣ ਦੇਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਕਵਿਤਾ ਦੀ ਸ਼ਬਦਾਵਲੀ ਜਿੰਨੀ ਸਾਦੀ, ਸਰਲ ਤੇ ਸਪੱਸ਼ਟ ਹੋਵੇ ਚੰਗਾ ਹੋਵੇ, ਤਾਂ ਜੋ ਜਿਹੜੀ ਕਵਿਤਾ ਲੋਕਾਂ ਤੋਂ ਦੂਰ ਹੋ ਗਈ ਉਹ ਨੇੜੇ ਹੋ ਸਕੇ।

ਗੀਤ ਜ਼ਿੰਦਗੀ ਦੀ ਸਭ ਤੋਂ ਨੇੜੇ ਦੀ ਵਿਧਾ ਹੈ। ਜੇ ਕਿਸੇ ਵੀ ਗੀਤ ਦੀ ਸਿਫਤ ਕਰਨੀ ਹੋਵੇ ਤਾਂ ਉਸਨੂੰ ''ਲੋਕ-ਗੀਤ'' ਵਰਗਾ ਕਿਹਾ ਜਾਂਦਾ ਹੈ।



*? ਸਵਾਲ- ਬਹੁਤ ਸਾਰੇ ਗੀਤਕਾਰ ਦੋਸ਼ ਲਾਉਂਦੇ ਨੇ ਕਿ ਉਨ੍ਹਾਂ ਦੁਆਰਾ ਲਿਖਿਆ ਗੀਤ ਫਲਾਣੇ ਨੇ ਚੋਰੀ ਕਰ ਲਿਆ। ਤੁਹਾਡੇ ਨਾਲ ਕਦੇ ਅਜਿਹਾ ਭਾਣਾ ਵਰਤਿਆ?*

ਜਵਾਬ- ਬਥੇਰੀ ਵਾਰ, ਵਰਤਦਾ ਹੀ ਰਹਿੰਦਾ ਹੈ।

*? ਸਵਾਲ- ਪੰਜਾਬੀ ਗਾਇਕੀ ਦੇ ਖੇਤਰ ਵਿੱਚ ਗੀਤਕਾਰੀ ਦੀ ਕੀ ਹਾਲਤ ਹੈ?*

ਜਵਾਬ- ਜੇ ਚੰਗੀ ਹੁੰਦੀ ਤਾਂ ਨੂਰਪੁਰੀ ਖੂਹ 'ਚ ਛਾਲ ਮਾਰ ਕੇ ਨਾ ਮਰਦਾ।

*? ਸਵਾਲ- ਗੀਤਕਾਰ ਨੂੰ ਬਹੁਤ ਵਾਰ ਕੰਪਨੀਆਂ ਦੇ ਕਹੇ 'ਤੇ ਜਾਂ ਫਿਲਮੀ ਪ੍ਰੋਡਿਊਸਰਾਂ ਦੇ ਕਹੇ 'ਤੇ ਆਪਣੀ ਸ਼ਾਇਰੀ ਨਾਲ ਸਮਝੌਤਾ ਕਰਨਾ ਪੈਂਦਾ ਹੈ। ਤੁਹਾਨੂੰ ਇਹ ਸਮੱਸਿਆ ਕਿੰਨੀ ਕੁ ਵਾਰ ਆਈ?*

ਜਵਾਬ- ਕੰਪਨੀਆਂ ਲਈ ਨਹੀਂ ਕੰਮ ਕੀਤਾ ਸਿਰਫ਼ ਫਿਲਮਾਂ ਲਈ ਕੀਤਾ ਹੈ। ਮੈਂ ਫਿਲਮਾਂ 'ਚ ਸਮਝੌਤਾ ਵੀ ਕੀਤਾ ਹੈ ਪਰ ਉਸ ਹੱਦ ਤੱਕ ਨਹੀਂ ਕਿ ਕੋਈ ਮੇਰੇ 'ਤੇ ਉਂਗ਼ਲ ਉਠਾ ਸਕੇ।

*? ਸਵਾਲ- ਅਜੋਕੀ ਗੀਤਕਾਰੀ ਤੇ ਗਾਇਕੀ ਬਾਰੇ ਕੀ ਕਹੋਗੇ?*

ਜਵਾਬ- ਗੀਤਕਾਰੀ ਦੀ ਹਾਲਤ ਬਹੁਤੀ ਚੰਗੀ ਨਹੀਂ। ਹੁਣ ਲੋਕ ਗੀਤ ਸੁਣਦੇ ਨਹੀਂ ਦੇਖਦੇ ਹਨ। ਹੁਣ ਢੋਲ ਵੱਜ ਰਿਹਾ ਹੈ ਤੇ ਗੀਤ ਭੱਜ ਰਿਹਾ ਹੈ।

*? ਸਵਾਲ- ਬਹੁਤ ਸਾਰੇ ਪ੍ਰਵਾਸੀ ਪੈਸੇ ਦੇ ਜ਼ੋਰ 'ਤੇ ਆਪਣੀਆਂ ਕੈਸਿਟਾਂ ਤੇ ਵੀਡੀਓਜ਼ ਕਢਵਾਉਂਦੇ ਹਨ। ਆਪਣੇ ਗੀਤ ਰਿਕਾਰਡ ਕਰਵਾਉਂਦੇ ਹਨ। ਇਸ ਨਾਲ ਪ੍ਰਤਿਭਾਵਾਨ ਗਾਇਕਾਂ ਅਤੇ ਗੀਤਕਾਰਾਂ ਨੂੰ ਬੜਾ ਨੁਕਸਾਨ ਹੋ ਰਿਹਾ ਹੈ। ਆਖਿਰ ਇਹ ਹਵਾ ਕਦੋਂ ਤੱਕ ਚੱਲੇਗੀ?*

ਜਵਾਬ- ਜਿੰਨਾਂ ਚਿਰ ਤੁਸੀਂ ਪੈਸੇ ਦਿੰਦੇ ਹੋ, ਉਨਾਂ ਚਿਰ ਹੀ ਤੁਹਾਡਾ ਰਾਜ ਰਹਿੰਦਾ ਹੈ, ਪਰ ਲੋਕ ਦਿਲਾਂ 'ਤੇ ਰਾਜ ਪੈਸੇ ਦੇ ਸਿਰ 'ਤੇ ਨਹੀਂ, ਕਲਾ ਦੇ ਸਿਰ 'ਤੇ ਹੋਵੇਗਾ।

*? ਸਵਾਲ- ਅਸ਼ਲੀਲ ਗਾਇਕੀ ਤੇ ਵੀਡੀਓਜ਼ ਦਾ ਬੜਾ ਰੌਲਾ ਪਾਇਆ ਜਾ ਰਿਹਾ ਹੈ। ਕੀ ਕਹੋਗੇ ਇਸ ਬਾਬਤ?*

ਜਵਾਬ- ਅਜਿਹਾ ਨਹੀਂ ਹੋਣਾ ਚਾਹੀਦਾ। ਕਲਾਕਰਾਂ ਤੇ ਕੰਪਨੀਆਂ ਵਾਲਿਆਂ ਸਭ ਦਾ ਫ਼ਰਜ਼ ਬਣਦਾ ਹੈ ਕਿ ਉਹ ਪੈਸੇ ਨੂੰ ਹੀ ਮੁੱਖ ਨਾ ਰੱਖਣ ਸਗੋਂ ਸਮਾਜ ਤੇ ਸੱਭਿਆਚਾਰ ਪ੍ਰਤੀ ਵੀ ਆਪਣਾ ਬਣਦਾ ਫ਼ਰਜ਼ ਪਛਾਨਣ।

*? ਸਵਾਲ- ਜੇਕਰ ਤੁਹਾਡੀ ਸ਼ਾਇਰੀ ਵੱਲ ਆਈਏ ਤਾਂ ਪਤਾ ਲੱਗਦਾ ਹੈ ਕਿ ਤੁਸੀਂ ਉਰਦੂ 'ਚ ਵੀ ਲਿਖਿਆ ਹੈ। ਜ਼ਰਾ ਇਹਦੇ ਬਾਰੇ ਦੱਸੋ?*

ਜਵਾਬ- ਹਾਂ, ਛਪਿਆ ਬਥੇਰਾ ਹੈ, ਪਰ ਕਿਤਾਬ ਕੋਈ ਨਹੀਂ ਆਈ।

*? ਸਵਾਲ- ਕਈ ਲੇਖਕ ਤੇ ਆਲੋਚਕ ਕਹਿੰਦੇ ਹਨ ਕਿ ਹਸਨਪੁਰੀ ਤਾਂ ਫਿਲਮਾਂ ਵਾਲਾ ਬੰਦਾ ਹੈ ਜਾਂ ਉਹ ਤਾਂ ਗੀਤਕਾਰ ਹੈ, ਉਹ ਕਿਧਰੋਂ ਸਾਹਿਤਕਾਰ ਹੋ ਗਿਆ। ਕੀ ਕਹੋਗੇ?*

ਜਵਾਬ- ਮੈਂ ਕੀ ਕਹਿਣਾ ਹਰ ਬੰਦੇ ਦੀ ਆਪੋ-ਆਪਣੀ ਸਮਝ ਹੈ, ਤੇ ਆਪੋ-ਆਪਣਾ ਖ਼ਿਆਲ ਹੈ। ਅਸੀਂ ਕਿਸ ਦੀ ਜ਼ੁਬਾਨ ਫੜ ਸਕਦੇ ਹਾਂ।

*? ਸਵਾਲ- ਤੁਹਾਡੀ ਕਿਤਾਬ 'ਕਿਥੇ ਗਏ ਉਹ ਦਿਨ' ਬੜੀ ਮਕਬੂਲ ਹੋਈ। ਇਹਦੇ ਬਾਰੇ ਕੀ ਕਹੋਗੇ?*

ਜਵਾਬ- ਇਹ ਲੰਮੀ ਕਵਿਤਾ ਦੀ ਕਿਤਾਬ ਹੈ। 1947 ਦੀ ਵੰਡ ਬਾਰੇ ਹੈ। ਇਸ ਵੰਡ 'ਚ ਦੋ ਦੋਸਤ ਵਿਛੜ ਜਾਂਦੇ ਹਨ। ਮੇਰੀ ਇਹ ਕਿਤਾਬ ਅਸਲ 'ਚ ਕਲਪਨਾ 'ਤੇ ਆਧਾਰਤ ਹੈ। ਮੇਰਾ ਅਸਲਮ ਨਾਂ ਦਾ ਕੋਈ ਦੋਸਤ ਨਹੀਂ ਸੀ।

*? ਸਵਾਲ- ਗੀਤਕਾਰੀ ਤੋਂ ਸਾਹਿਤਕਾਰੀ ਵੱਲ ਕਿਵੇਂ ਆਏ?*

ਜਵਾਬ- ਮੈਂ ਤਾਂ ਗੀਤਕਾਰੀ ਹੀ ਕੀਤੀ ਹੈ, ਇਹਨੂੰ ਜੋ ਮਰਜ਼ੀ ਸਮਝੋ।

*? ਸਵਾਲ- ਤੁਹਾਡੀ ਸ਼ਾਇਰੀ 'ਚ ਤੁਸੀਂ ਇਕੋ ਵੇਲੇ ਆਸ਼ਾਵਾਦੀ ਵੀ ਨਜ਼ਰ ਆਉਂਦੇ ਹੋ ਤੇ ਨਿਰਾਸ਼ਾਵਾਦੀ ਵੀ, ਜਿਵੇਂ 'ਹੰਝੂਆਂ ਨੇ ਤਕਦੀਰਾਂ ਕਦ ਪਲਟੀਆਂ ਨੇ' 'ਚ ਤੁਸੀਂ ਆਸ਼ਾਵਾਦੀ ਹੋ। 'ਨੀ ਕੁੜੀਏ ਤੂੰ ਆਜ਼ਾਦੀ ਏਂ, ਸਾਡੇ ਖਾਬ੍ਹਾਂ ਦੀ ਸ਼ਹਿਜ਼ਾਦੀ ਏਂ, ਲੋਟੂਆਂ 'ਤੇ ਤੂੰ ਹੋਈ ਦਿਆਲ, ਗੱਲ ਨਾ ਕਰੇਂ ਸਾਡੇ ਨਾਲ।' 'ਚ ਤੁਸੀਂ ਨਿਰਾਸ਼ਾਵਾਦੀ ਹੋ। ਇਸੇ ਤਰ੍ਹਾਂ ਹੀ,*

ਕਹਿੰਦੇ ਦੇਸ਼ ਆਜ਼ਾਦ ਹੋ ਗਿਆ
ਮੈਂ ਕਹਿਨਾ ਬਰਬਾਦ ਹੋ ਗਿਆ।
ਇਸੇ ਗੀਤ ਦੀ ਹੋਰ ਸਤਰ ਹੈ...
---------
ਮੋਢੀ ਮੈਂਬਰ ਜੇ ਘਰ ਦਾ
ਫਿਰਦਾ ਠੱਗੀ-ਠੱਗੀ ਕਰਦਾ।
ਹਸਨਪੁਰੀ ਕੀ ਅੰਤ ਹੋਏਗਾ
ਜਿਥੇ ਐਸਾ ਆਦਿ ਹੋ ਗਿਆ। *ਅਜਿਹਾ ਕਿਉਂ ਹੈ?*

ਜਵਾਬ- ਸ਼ਿਵ ਇੰਦਰ ਮੈਂ ਨਿਰਾਸ਼ਾਵਾਦੀ ਨਹੀਂ ਆਸ਼ਾਵਾਦੀ ਹਾਂ। ਤੂੰ ਜੋ ਤੁਕਾਂ ਬੋਲੀਆਂ ਹਨ ਇਸ 'ਚ ਮੈਂ ਨਿਰਾਸ਼ ਨਹੀਂ ਅਸੰਤੁਸ਼ਟ ਹਾਂ। ਨਿਰਾਸ਼ ਹੋਣ ਤੇ ਅਸੰਤੁਸ਼ਟ ਹੋਣ 'ਚ ਫਰਕ ਹੁੰਦਾ ਹੈ। ਮੈਂ ਇਹ ਗੱਲਾਂ ਲੋਕਾਂ ਨੂੰ ਜਗਾਉਣ ਲਈ ਕੀਤੀਆਂ ਹਨ।

*? ਸਵਾਲ- ਕੀ ਤੁਸੀਂ ਸਿਰਜਣ ਪ੍ਰਕਿਰਿਆ ਨੂੰ ਰੱਬੀ ਦਾਤ ਮੰਨਦੇ ਹੋ?*

ਜਵਾਬ- ਮੈਂ ਇਸ ਸਵਾਲ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ।

*? ਸਵਾਲ- ਪਰਿਵਾਰ ਦੀ ਕੀ ਪ੍ਰਤੀਕਿਰਿਆ ਰਹੀ?*
ਜਵਾਬ- ਠੀਕ ਹੈ ਪਹਿਲਾਂ ਤਾਂ ਐਵੇਂ ਸਮਝਦੇ ਸਨ। ਪਰ ਜਦੋਂ ਮਸ਼ਹੂਰੀ ਹੋਣ ਲੱਗੀ ਤਾਂ ਸਭ ਠੀਕ ਹੋ ਗਿਆ।

*? ਸਵਾਲ- ਤੁਸੀਂ ਲੇਖਕ ਸਭਾਵਾਂ ਦੀਆਂ ਚੋਣਾਂ ਲੜਦੇ ਹੋ। ਹੁਣ 'ਪੰਜਾਬੀ ਸਾਹਿਤ ਅਕਾਦਮੀ' ਦੇ ਮੀਤ ਪ੍ਰਧਾਨ ਹੋ। ਕੀ ਤੁਹਾਨੂੰ ਇਹ ਕੰਮ ਠੀਕ ਲੱਗਦਾ ਹੈ ਕਿ ਕਿਸੇ ਸ਼ਾਇਰ ਦਾ ਇਸ ਤਰ੍ਹਾਂ ਚੋਣ ਲੜਨਾ? ਇਥੇ ਸੌ ਤਰ੍ਹਾਂ ਦੀ ਸਿਆਸਤ ਖੇਡੀ ਜਾਂਦੀ ਹੈ। ਕੀ ਇਸ ਨਾਲ ਤੁਹਾਡੇ ਸੂਖ਼ਮ ਮਨ 'ਤੇ ਕੋਈ ਅਸਰ ਨਹੀਂ ਹੁੰਦਾ?*
ਜਵਾਬ- ਜੇਕਰ ਤੁਸੀਂ ਅਜਿਹਾ ਸੋਚ ਕੇ ਘਰ ਬੈਠ ਜਾਵੋਗੇ ਤਾਂ ਚੰਗੇ ਬੰਦੇ ਅੱਗੇ ਨਹੀਂ ਆਉਣਗੇ। ਸੰਸਥਾਵਾਂ ਕਿਵੇਂ ਚੱਲਣਗੀਆਂ? ਹਾਂ, ਇਹ ਠੀਕ ਹੈ ਕਿ ਅਜਿਹੀਆਂ ਸੰਸਥਾਵਾਂ 'ਚ ਚੋਣ ਨਾ ਹੋਵੇ ਤਾਂ ਚੰਗੀ ਗੱਲ ਹੈ ਕਿਉਂਕਿ ਜੇਕਰ ਲੋਕਾਂ ਨੂੰ ਮੱਤਾਂ ਦੇਣ ਵਾਲੇ ਲੇਖਕ ਅਜਿਹੀਆਂ ਗੱਲਾਂ ਕਰਨਗੇ ਤਾਂ ਗੱਲ ਜੱਚਦੀ ਨਹੀਂ।

*? ਸਵਾਲ- ਲੇਖਕ ਸਭਾਵਾਂ ਛੱਤੀ ਤਰ੍ਹਾਂ ਦੇ ਧੜਿਆਂ 'ਚ ਵੰਡੀਆਂ ਪਈਆਂ ਹਨ। ਕੀ ਤੁਹਾਨੂੰ ਆਸ ਹੈ ਕਿ ਇਹ ਮਾਂ-ਬੋਲੀ ਦੀ ਸੇਵਾ ਕਰਨਗੀਆਂ?*
ਜਵਾਬ- (ਕੁਝ ਸੋਚਕੇ) ਦੇਖੋ ਮੈਂ ਮੰਨਦਾ ਹਾਂ ਕਿ ਲੇਖਕ ਵੀ ਸਮਾਜ ਦਾ ਹੀ ਅੰਗ ਹਨ। ਰੌਲਾ ਪਾ ਕੇ ਅਸੀਂ ਵਕਤੀ ਤੌਰ 'ਤੇ ਤਾਂ ਅੱਗੇ ਆ ਸਕਦੇ ਹਾਂ ਪਰ ਸਦਾ ਲਈ ਨਹੀਂ। ਮੈਨੂੰ ਲੱਗਦਾ ਹੈ ਕਿ ਸਭਾਵਾਂ ਰਾਹੀਂ ਨੌਜਵਾਨ ਅਦੀਬਾਂ ਨੂੰ ਸ਼ਿੰਗਾਰਿਆ ਜਾ ਸਕਦਾ ਹੈ ਤੇ ਨੌਜਵਾਨ ਜੁੜਦੇ ਵੀ ਹਨ। ਸਭਾਵਾਂ ਚੰਗੀ ਕੋਸ਼ਿਸ਼ ਕਰ ਰਹੀਆਂ ਹਨ।

*? ਸਵਾਲ- ਤੁਹਾਡੇ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰਨ 'ਤੇ ਕਈ ਤਰ੍ਹਾਂ ਦੀਆਂ ਉਂਗਲਾਂ ਉਠਾਈਆਂ ਗਈਆਂ ਹਨ। ਆਖਿਆ ਜਾਂਦਾ ਹੈ ਕਿ ਹਸਨਪੁਰੀ ਉਸ ਸਮੇਂ ਦੀ ਉਪ-ਮੁੱਖ ਮੰਤਰੀ ਦੇ ਬਹੁਤ ਨੇੜੇ ਹੋ ਗਿਆ ਸੀ। ਇਹ ਵੀ ਆਖਿਆ ਜਾਂਦਾ ਹੈ ਕਿ ਹਸਨਪੁਰੀ ਨੇ ਉੱਚਾ ਪਿੰਡ ਸੰਘੋਲ ਆਪਣੇ ਖ਼ਰਚੇ 'ਤੇ ਇੱਕ ਸਮਾਗਮ ਕਰਵਾਇਆ ਤੇ ਉਸ ਸਮੇਂ ਭਾਸ਼ਾ ਵਿਭਾਗ ਦੇ ਤਤਕਾਲੀਨ ਡਾਇਰੈਕਟਰ ਨੂੰ ਬੁਲਾਇਆ ਤਾਂ ਜੋ ਡਾਇਰੈਕਟਰ ਸਾਹਿਬ ਦੀ ਨਿਗ੍ਹਾ 'ਚ ਆ ਸਕੇ?*
ਜਵਾਬ- ਇਹ ਸਭ ਬੇਬੁਨਿਆਦੀ ਗੱਲਾਂ ਹਨ। ਉਸ ਸਮੇਂ ਡਾਇਰੈਕਟਰ ਨਹੀਂ ਸੀ ਆਇਆ। ਮੈਂ ਕਦੇ ਇਨਾਮਾਂ ਵੱਲ ਨਹੀਂ ਵੇਖਿਆ, ਨਾ ਕਦੇ ਆਲੋਚਕਾਂ ਵੱਲ ਭੱਜਿਆ ਹਾਂ। ਅੱਧੀ ਸਦੀ ਤੋਂ ਉੱਪਰ ਹੋ ਗਿਆ ਗੀਤ ਲਿਖਦੇ ਨੂੰ ਤੇ ਆਖਰੀ ਸਾਹ ਤੱਕ ਲਿਖਦਾ ਰਹਾਂਗਾ। ਮੈਂ ਫਿਲਮਾਂ ਵੀ ਸਮਾਜਿਕ ਬਣਾਈਆਂ ਹਨ ਤੇ ਬਣਾ ਵੀ ਰਿਹਾ ਹਾਂ।

*? ਸਵਾਲ- ਪੰਜਾਬੀ ਸੱਭਿਆਚਾਰ, ਗੀਤਕਾਰੀ, ਗਾਇਕੀ ਤੇ ਜ਼ੁਬਾਨ ਦਾ ਕੀ ਭਵਿੱਖ ਨਜ਼ਰ ਆ ਰਿਹਾ ਹੈ?*

ਜਵਾਬ- ਸੱਭਿਆਚਾਰ ਦਾ ਬਦਲਣਾ ਕੁਦਰਤੀ ਹੈ ਪਰ ਫਿਰ ਵੀ ਸੱਭਿਆਚਾਰ ਦੀਆਂ ਪਾਏਦਾਰ ਕੀਮਤਾਂ ਨੂੰ ਬਣਾਏ ਰੱਖਣ ਦੀ ਲੋੜ ਹੈ। ਇਸੇ ਤਰਾਂ ਲੋਕ-ਸੰਗੀਤ ਹਮੇਸ਼ਾ ਜਿਊਂਦਾ ਰਹੂਗਾ। ਬੋਲੀ ਨੂੰ ਬਚਾਉਣ ਲਈ ਇਸਦੇ ਦਰਦਮੰਦਾਂ ਨੂੰ ਅੱਗੇ ਆਉਣਾ ਹੋਵੇਗਾ।

*? ਸਵਾਲ- ਪਿਆਰ ਦੇ ਗੀਤ ਲਿਖਣ ਵਾਲੇ ਹਸਨਪੁਰੀ ਦੀਆਂ ਕਦੇ ਅੱਖਾਂ ਚਾਰ ਹੋਈਆਂ?*
ਜਵਾਬ- ਮਹਿੰਦਰ ਸਿੰਘ ਚੀਮਾਂ ਹੀ ਕਹਿੰਦਾ ਹੈ ਕਿ ਪਿਤਾ ਦੀ ਮੌਤ ਤੋਂ ਬਾਅਦ ਹਸਨਪੁਰੀ 15 ਤੋਂ 65 ਸਾਲ ਦਾ ਹੋ ਗਿਆ। ਫੇਰ ਅੱਖਾਂ ਚਾਰ ਕਰਨ ਦਾ ਸਮਾਂ ਹੀ ਕਦੋਂ ਸੀ ਮੇਰੇ ਕੋਲ। ਘਰ ਦੀਆਂ ਕਬੀਲਦਾਰੀਆਂ 'ਚੋਂ ਹੀ ਨਹੀਂ ਨਿਕਲ ਸਕਿਆ ਸੀ। ਜ਼ਰੂਰੀ ਨਹੀਂ ਪਿਆਰ ਮਰਦ-ਔਰਤ 'ਚ ਹੀ ਹੋਵੇ। ਮੈਂ ਆਪਣੀ ਮਾਂ ਨੂੰ ਪਿਆਰ ਕੀਤਾ ਹੈ, ਭੈਣਾਂ ਨੂੰ ਪਿਆਰ ਕੀਤਾ ਹੈ, ਸ਼ਾਇਦ ਮੈਨੂੰ ਇਸੇ ਮਾਂ ਤੇ ਭੈਣਾਂ ਦੇ ਪਿਆਰ ਨੇ ਹੀ ਅਸ਼ਲੀਲ ਨਹੀਂ ਹੋਣ ਦਿੱਤਾ।

*? ਸਵਾਲ- ਬੱਚਿਆਂ ਲਈ ਵੀ ਲਿਖਿਆ ਹੈ?*
ਜਵਾਬ- ਹਾਂ, ਪੰਜ-ਛੇ ਕਿਤਾਬਾਂ ਲਿਖੀਆਂ ਹਨ।

*? ਸਵਾਲ- ਭਵਿੱਖ 'ਚ ਕਿਸੇ ਫਿਲਮ ਬਾਰੇ ਸੋਚਿਆ?*
ਜਵਾਬ- ਹਾਂ, ਇੱਕ ਫਿਲਮ 'ਨਾ ਜਾਈਂ ਪ੍ਰਦੇਸ' ਦੀ ਸਟੋਰੀ ਲਿਖ ਰਿਹਾ ਹਾਂ।

*? ਸਵਾਲ- ਜੀਵਨ ਦੇ ਇਸ ਪੰਧ 'ਤੇ ਹਸਨਪੁਰੀ ਕੀ ਸੋਚਦਾ ਹੈ?*

ਜਵਾਬ- ਸੋਚਦਾਂ ਵੱਧ ਤੋਂ ਵੱਧ ਲਿਖ ਸਕਾਂ। ਤੁਰਦੇ ਹੀ ਰਹੀਏ। ਕੋਈ ਵਧੀਆ ਫਿਲਮ ਬਣ ਸਕੇ। ਜਦੋਂ ਮੌਤ ਹੋਵੇ ਤਾਂ ਹੱਥ ਵਿੱਚ ਕਲਮ ਹੋਵੇ ਜਾਂ ਫਿਲਮ ਪ੍ਰੋਡਕਸ਼ਨ।

*? ਸਵਾਲ- ਪੰਜਾਬੀ ਬੋਲੀ ਦੇ ਪਾਠਕਾਂ, ਕਲਾਕਾਰਾਂ ਤੇ ਸਰੋਤਿਆਂ ਨੂੰ ਕੀ ਸੁਨੇਹਾ ਦਿਓਗੇ?*
ਜਵਾਬ- ਸਭ ਨੂੰ ਆਪੋ-ਆਪਣਾ ਫਰਜ਼ ਸਮਝ ਕੇ ਚੱਲਣਾ ਚਾਹੀਦਾ ਹੈ। ਮਾੜੀ ਚੀਜ਼ ਲਿਖਣੀ-ਗਾਉਣੀ ਨਹੀਂ ਚਾਹੀਦੀ ਤੇ ਲੋਕਾਂ ਨੂੰ ਮਾੜੀ ਨੂੰ ਨਕਾਰਨਾ ਚਾਹੀਦਾ ਹੈ, ਚੰਗੇ ਨੂੰ ਸਤਿਕਾਰ ਦੇਣਾ ਚਾਹੀਦਾ ਹੈ, ਤਾਂ ਜੋ ਆਉਣ ਵਾਲੀ ਨਸਲ ਲਈ ਵੀ ਕੁਝ ਚੰਗਾ ਛੱਡਿਆ ਜਾ ਸਕੇ।

*? ਸਵਾਲ- ਕੁਝ ਹੋਰ ਕਹਿਣਾ ਚਾਹੋਗੇ?*
ਜਵਾਬ- ਮੇਰੇ ਖ਼ਿਆਲ ਵਿੱਚ ਸਭ ਕੁਝ ਹੋ ਗਿਆ ਹੈ। ਫੇਰ ਵੀ ਇਹੀ ਕਹਾਂਗਾ ਕਿ ਇਨਸਾਨ ਨੂੰ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ। ਆਸ਼ਾ ਦੀ ਬੇੜੀ 'ਤੇ ਬਹਿ ਕੇ ਦੁੱਖਾਂ-ਮੁਸੀਬਤਾਂ ਦੇ ਸਾਗਰ ਤਰੇ ਜਾ ਸਕਦੇ ਹਨ। ਮੈਂ ਇੱਕ ਸ਼ਿਅਰ ਨਾਲ ਗੱਲ ਮੁਕਾਉਂਦਾ ਹਾਂ,
ਆਸ਼ਾ ਨਾਲ ਯਾਰਾਨਾ ਮੇਰਾ,
ਨਾਲ ਨਿਰਾਸ਼ਾ ਵੈਰ,
ਇਸੇ ਲਈ ਜੀਵਨ 'ਚ ਮੇਰੇ,
ਕਦੇ ਨਾ ਥਿੜ੍ਹਕੇ ਪੈਰ।

# ਹਸਨਪੁਰੀ ਦੇ ਗੀਤ

## ਮੁੜ ਆ ਵਤਨਾਂ ਨੂੰ

ਮੇਰੇ ਵੱਜਣ ਕਲੇਜੇ ਤੀਰ,
ਵੇ ਦਿਲ ਹੋ ਗਿਆ ਲੀਰੋ-ਲੀਰ,
ਮੁੜ ਆ ਵਤਨਾਂ ਨੂੰ।

ਸੱਜਣਾ ਆਪਣਾ ਦੇਸ਼ ਨਿਆਰਾ,
ਮਾਣ ਕਰੇ ਜਿਸ 'ਤੇ ਜਗ ਸਾਰਾ,
ਜਿਥੇ ਜੰਨਤ ਜਿਹੀ ਕਸ਼ਮੀਰ,
ਜਿਥੇ ਰਾਂਝਿਆ ਤੇਰੀ ਹੀਰ,
ਮੁੜ ਆ ਵਤਨਾਂ ਨੂੰ।

ਪਾਰਸ ਵਰਗੀ ਰੇਤ ਵੇ ਏਥੇ,
ਸੋਨਾ ਉਗਦੇ ਖੇਤ ਵੇ ਏਥੇ,
ਜੇ ਕਰ ਲਈਏ ਤਦਬੀਰ,
ਏਥੇ ਆਪ ਬਣੇ ਤਕਦੀਰ,
ਮੁੜ ਆ ਵਤਨਾਂ ਨੂੰ।

ਪਰਦੇਸਾਂ ਤੋਂ ਮੋੜ ਮੁਹਾਰਾਂ,
ਤੁਧ ਬਿਨ ਮੈਨੂੰ ਦੁੱਖ ਹਜ਼ਾਰਾਂ,
ਦੋ ਨਦੀਆਂ ਦਾ ਨੀਰ,
ਮੇਟੇ ਰੂਪ ਦੀ ਇਹ ਤਸਵੀਰ,
ਮੁੜ ਆ ਵਤਨਾਂ ਨੂੰ।

ਘਰ ਆ ਜਾ ਮੈਂ ਕਟ ਲਊਂ ਤੰਗੀ,
ਸਾਰੀ ਤੋਂ ਸਾਨੂੰ ਅੱਧੀ ਚੰਗੀ,
ਮੈਂ ਸੁੱਕ ਗਈ ਵਾਂਗ ਕਰੀਰ,
ਮੇਰੀ ਕੌਣ ਬਨਾਵੇ ਧੀਰ,
ਮੁੜ ਆ ਵਤਨਾਂ ਨੂੰ।

ਖੇਤ ਬੁਲਾਉਂਦੇ ਆ ਜਾ ਛੇਤੀ,
ਹਸਨਪੁਰੀ ਲੁੱਟ ਲੈਣ ਨਾ ਭੇਤੀ,
ਹੁਣ ਤੋੜ ਦੇ ਹਿਜ਼ਰ ਜ਼ੰਜੀਰ,
ਆ ਹੋ ਜਾਈਏ ਖੰਡ-ਖੀਰ,
ਮੁੜ ਆ ਵਤਨਾਂ ਨੂੰ।

## ਲੋਹਾਰਾ ਤੇਰੀ ਮਿੰਨਤ ਕਰਾਂ

ਛੇਤੀ ਕਢ ਮੇਰੀ ਦਾਤੀ ਦੇ ਤੂੰ ਦੰਦੇ
ਲੋਹਾਰਾ ਤੇਰੀ ਮਿੰਨਤ ਕਰਾਂ।
ਬਾਕੀ ਫੇਰ ਤੂੰ ਮੁਕਾ ਲਈ ਸਾਰੇ ਧੰਦੇ
ਲੋਹਾਰਾ ਤੇਰੀ....

ਟਿੱਬਿਆਂ ਤੋਂ ਭਰੀ ਇਕ
ਕਾਹੀ ਦੀ ਲਿਆਉਣੀ ਏਂ।
ਉਹਦੀ ਅੱਗ ਬਾਲ
ਅੱਗ ਢਿੱਡ ਦੀ ਬੁਝਾਉਣੀ ਏਂ।
ਅਸੀਂ ਮਿਹਨਤੀ ਮਜ਼ੂਰ ਜਹੇ ਬੰਦੇ
ਲੋਹਾਰਾ ਤੇਰੀ .....

ਖੇਤਾਂ ਵਿਚ ਮਾਹੀ ਨਿੱਤ
ਲਾਉਂਦਾ ਏ ਦਿਹਾੜੀਆਂ।
ਭਰਦੀਆਂ ਨਾ ਢਿੱਡ ਸਾਡੇ
ਸਾਉਣੀਆਂ ਤੇ ਹਾੜ੍ਹੀਆਂ
ਅਸੀਂ ਖੋਲਣੇ ਮੁਕੱਦਰਾਂ ਦੇ ਜੰਦੇ
ਲੋਹਾਰਾ ਤੇਰੀ .....

ਘਰ ਦਾ ਮੈਂ ਕੰਮ ਸਾਰਾ
ਆਣ ਕੇ ਮੁਕਾਣਾ ਏਂ।
ਤੀਏ ਪਹਿਰ ਫੇਰ ਵੇ ਮੈਂ
ਕੱਖਾਂ ਨੂੰ ਜਾਣਾ ਏਂ।
ਨਾਲੇ ਪਾਉਣੇ ਵਛੌਣੀ ਨੂੰ ਨਗੰਦੇ
ਲੋਹਾਰਾ ਤੇਰੀ .....

ਹਸਨਪੁਰੀ ਏਨੇ ਤਿੱਖੇ
ਤਿੱਖੇ ਦੰਦੇ ਕੱਢ ਵੇ।
ਜ਼ੁਲਮਾਂ ਦੀ ਜੜ ਨੂੰ ਜੋ
ਜੜੋਂ ਦੇਣ ਵੱਢ ਵੇ।
ਮੁੱਕ ਜਾਣ ਇਹ ਨਜ਼ਾਮ ਗੰਦੇ ਗੰਦੇ
ਲੋਹਾਰਾ ਤੇਰੀ .....




## ਜੱਟ ਲੁਧਿਆਣੇ ਦਾ

ਲੜਕਾ - ਹੋਇਆ ਕੀ ਜੇ ਕੁੜੀ ਏਂ ਤੂੰ ਦਿੱਲੀ ਸ਼ਹਿਰ ਦੀ,
ਮੈਂ ਵੀ ਜੱਟ ਲੁਧਿਆਣੇ ਦਾ।
ਲੜਕੀ - ਮੈਂ ਵੀ ਕੁੜੀ ਹਾਂ ਵੇ ਬੀਬਾ ਦਿੱਲੀ ਸ਼ਹਿਰ ਦੀ
ਜੇ ਤੂੰ ਜੱਟ ਲੁਧਿਆਣੇ ਦਾ।
ਲੜਕਾ - ਮੰਨਿਆਂ ਕਿ ਗੋਰੀਏ ਤੂੰ ਬਹੁਤੀ ਏਂ ਸ਼ੁਕੀਨ ਨੀ
ਕਰ ਕੇ ਤਾਂ ਦੇਖ ਕੇਰਾਂ ਜੱਟ 'ਤੇ ਯਕੀਨ ਨੀ।
ਸ਼ੌਕ ਪੂਰੇ ਕਰੂੰ ਚਾਹੇ ਵਿਕ ਜੇ ਜ਼ਮੀਨ ਨੀ
ਤੇਰੇ 'ਤੇ ਜਵਾਨੀ ਸੀਤੋ ਕਿਨੀ ਕਹਿਰ ਦੀ
ਮੈਂ ਵੀ ਜੱਟ .....
ਲੜਕੀ - ਤੇਰਾ ਮੇਰਾ ਮੇਲ ਕੀ ਏ ਵੇ ਤੂੰ ਪਰਾਂ ਹੱਟ ਵੇ
ਮੈਂ ਹਾਂ ਕੁੜੀ ਸ਼ਹਿਰ ਦੀ ਤੇ ਤੂੰ ਏਂ ਪੇਂਡੂ ਜੱਟ ਵੇ
ਤੇਰੇ ਨਾਲ ਹੋਣੇ ਨਹੀਓਂ ਦਿਨ ਮੈਥੋਂ ਕੱਟ ਵੇ
ਮੇਰੇ ਪਿੰਡੇ 'ਤੇ ਨਾ ਚੰਨਾ ਮੱਖੀ ਠਹਿਰ ਦੀ।
ਜੇ ਤੂੰ ਜੱਟ....
ਲੜਕਾ - ਲਾ ਕੇ ਸਾਨੂੰ ਆਵੰਦੀ ਏ ਗੋਰੀਏ ਨਿਭਾਣੀ ਨੀ
ਜੱਟ ਦੀਆਂ ਗੱਲਾਂ ਦਾ ਨਾ ਝੂਠ ਰਤਾ ਜਾਣੀ ਨੀ
ਆਪਣੀ ਬਣਾ ਕੇ ਰਖੂੰ ਤੈਨੂੰ ਪਟਰਾਣੀ ਨੀ
ਸੈਰ ਮੈਂ ਕਰਾਊਂ ਤੈਨੂੰ ਗਿਲਾਂ ਵਾਲੀ ਨਹਿਰ ਦੀ
ਮੈਂ ਵੀ ਜੱਟ....
ਲੜਕੀ - ਫ਼ੌਜੀ ਵਰਦੀ 'ਚ ਮੈਥੋਂ ਹੋਇਆ ਨਾ ਪਛਾਣ ਵੇ
ਤੂੰ ਤਾਂ ਮੇਰੇ ਮਾਹੀਆ ਲਗੇ ਪੂਰਾ ਕਪਤਾਨ ਵੇ
ਹਸਨਪੁਰੀ ਦੇਸ਼ ਉਤੇ ਵਾਰ ਦਈਏ ਜਾਨ ਵੇ
ਚੁੱਕ ਲੈ ਸੰਗੀਨ ਵੇ ਤੂੰ ਭਰੀ ਜ਼ਹਿਰ ਦੀ
ਜੇ ਤੂੰ ਜੱਟ ....
ਲੜਕਾ - ਵੈਰੀਆਂ ਤੇ ਗੋਲੀ ਮੈਂ ਚਲਾਊਂ ਕਹਿਰ ਦੀ
ਮੈਂ ਵੀ ਜੱਟ ....
ਲੜਕੀ - ਨਾਲ ਚਲੂ ਕੁੜੀ ਤੇਰੇ ਦਿੱਲੀ ਸ਼ਹਿਰ ਦੀ
ਜੇ ਤੂੰ ਜੱਟ ...

## ਜਬਰ ਦੀਆਂ ਜ਼ੰਜੀਰਾਂ

ਤੋੜ ਦਿਆਂਗੇ
ਜਬਰ ਦੀਆਂ ਜ਼ੰਜੀਰਾਂ ਨੂੰ
ਬਦਲ ਦਿਆਂਗੇ
ਦੇਸ਼ ਦੀਆਂ ਤਕਦੀਰਾਂ ਨੂੰ

ਹੁਣ ਕਿਰਤੀ ਕਿਰਸਾਣ
ਨਾ ਏਥੇ ਛੁਸਕਣ ਗੇ
ਹੁਣ ਲੋਟੂ-ਜ਼ਰਦਾਰ
ਨਾ ਏਥੇ ਕੁਸਕਣ ਗੇ।
ਖੁਸ਼ੀਆਂ ਲੱਦਾ ਹਰ ਦਿਲ
ਵਿਹੜਾ ਹੋਵੇਗਾ।
ਹੁਣ ਧਰਤੀ ਅਸਮਾਨ ਤੇ
ਖੇੜਾ ਹੋਵੇ ਗਾ।
ਮੰਨਣੀ ਪੈਣ ਹਾਰ
ਜ਼ੁਲਮ-ਸ਼ਮਸ਼ੀਰਾਂ ਨੂੰ
ਬਦਲ ਦਿਆਂ ਗੇ
ਦੇਸ਼ ਦੀਆਂ ਤਕਦੀਰਾਂ ਨੂੰ

ਹੁਣ ਮਿਹਨਤਕਸ਼, ਕਾਮੇ
ਹੋਸ਼ ਸੰਭਾਲੀ ਏ।
ਹੁਣ ਮਨ ਅੰਦਰ ਜੋਤ
ਏਸ ਨੇ ਬਾਲੀ ਏ।
ਲੀਰਾਂ ਲੀਰਾਂ ਹੋ ਇਹ
ਨੇਰਾ ਜਾਵੇ ਗਾ।
ਨਚਦਾ ਗਾਉਂਦਾ ਸੋਨ-ਸਵੇਰਾ
ਆਵੇ ਗਾ।
ਹੁਣ ਨਾ ਮੁੱਲ ਖ਼ਰੀਦੇ ਗਾ
ਕੁਈ ਹੀਰਾਂ ਨੂੰ
ਬਦਲ ਦਿਆਂ ਗੇ
ਦੇਸ਼ ਦੀਆਂ ਤਕਦੀਰਾਂ ਨੂੰ।

ਖੁਦਗਰਜ਼ੀ ਇਹ ਜ਼ੁਲਮ-
ਜਬਰ ਮਨਜ਼ੂਰ ਨਹੀਂ।
ਹੁਣ ਪੈਂਡਾ ਹੈ ਮੁਕਿਆ
ਮੰਜ਼ਿਲ ਦੂਰ ਨਹੀਂ।
ਹੁਣ ਮਿਹਨਤ, ਮਜ਼ਦੂਰੀ
ਦਾ ਯੁਗ ਆਵੇ ਗਾ।
ਜ਼ਰ੍ਹਾ-ਜ਼ਰ੍ਹਾ ਧਰਤੀ ਦਾ
ਮੁਸਕਾਵੇ ਗਾ।
ਹਸਨ ਪੁਰੀ ਗਲ ਲਾਉਣਾ
ਡਿੱਗੇ ਵੀਰਾਂ ਨੂੰ।
ਬਦਲ ਦਿਆਂ ਗੇ
ਦੇਸ਼ ਦੀਆਂ ਤਕਦੀਰਾਂ ਨੂੰ।

6TH Anniversary Special

NIRVANA
ENTERTAINMENT INC.

NIRVANA

Lunch & Dinner Buffet
7 Days a Week
(Veg. & Non-Veg.)



NIRVANA

1009-5075 Falconridge Blvd. N.E.

www.nirvanacalgary.com/nirvanantertainmentic.com

403-590-9797

# ਅਰਪਨ ਲਿਖਾਰੀ ਸਭਾ ਦੇ ਸਾਲਾਨਾ ਸਮਾਗਮ ਨੇ ਇਤਿਹਾਸਕ ਪੈੜਾਂ ਸਿਰਜੀਆਂ

## ਸੁਖਿੰਦਰ ਨੂੰ ਇਕਬਾਲ ਅਰਪਨ ਯਾਦਗਾਰੀ ਪੁਰਸਕਾਰ

ਕੈਲਗਰੀ (ਡਾ. ਹਰਭਜਨ ਸਿੰਘ/ ਇਕਬਾਲ ਖ਼ਾਨ): ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ 1 ਜੂਨ 2013 ਨੂੰ ਟੈਂਪਲ ਕਮਿਊਨਟੀ ਹਾਲ ਵਿਖੇ ਹੋਇਆ ਭਰਵੇ ਇਕੱਠ ਵਿੱਚ ਹੋਇਆ। ਸਭ ਤੋਂ ਪਹਿਲਾਂ ਡਾ. ਹਰਭਜਨ ਸਿੰਘ ਢਿੱਲੋਂ ਨੇ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਮੁਖ ਮਹਿਮਾਨ ਸੁਖਿੰਦਰ, ਇੰਡੀਆਂ ਤੋਂ ਆਏ ਲਾਲ ਸਿੰਘ ਕਹਾਣੀਕਾਰ, ਬੀ. ਸੀ. ਤੋਂ ਆਏ ਚਰਨ ਸਿੰਘ ਵਿਰਦੀ ਅਤੇ ਐਡਮਿੰਟਨ ਤੋਂ ਆਏ ਜਸਬੀਰ ਦਿਉਲ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਸੋਬਿਤ ਹੋਣ ਲਈ ਸੱਦਾ ਦਿੱਤਾ। ਕੇਸਰ ਸਿੰਘ ਨੀਰ ਨੇ ਆਏ ਹੋਏ ਸਾਹਿਤਕਾਰਾਂ, ਸਰੋਤਿਆਂ, ਸਪੌਂਸਰਾਂ ਅਤੇ ਪੰਜਾਬੀ ਮੀਡੀਆ ਨੂੰ ਜੀ ਆਇਆ ਆਖਿਆ।ਹਰਭਜਨ ਸਿੰਘ ਢਿੱਲੋਂ ਨੇ ਸਮਾਗਮ ਦੀ ਰੂਪ-ਰੇਖਾ ਬਾਰੇ ਦੱਸਦਿਆਂ ਕੈਲਗਰੀ ਦੇ ਨੌਜਵਾਨ ਅਤੇ ਸੁਥਰੀ ਗਇਕੀ ਗਾਉਣ ਵਾਲੇ ਨਿੰਮੇ ਖ਼ਹਿਰੇ ਨੂੰ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਲਈ ਬੇਨਤੀ ਕੀਤੀ।ਨਿੰਮੇ ਖ਼ਹਿਰੇ ਨੇ ਨੋਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦਾ ਹੋਇਆ ਗੀਤ ਗਾ ਕੇ ਅੱਜ ਦੇ ਪ੍ਰੋਗਰਾਮ ਦੀ ਕਾਮਯਾਬੀ ਦੀ ਪਹਿਲੀ ਪੁਲਾਘ ਪੁੱਟੀ।

ਹਰਚਰਨ ਕੌਰ ਬਾਸੀ ਨੇ ਮਾਂਵਾਂ ਨੂੰ ਸਮਰਪਿਤ ਕਵਿਤਾ ਸੁਣਾਈ।ਸਰੂਪ ਸਿੰਘ ਮੰਡੇਰ ਨੇ ਸ਼ਹੀਦਾਂ ਦੀ ਮਹਾਨਤਾਂ ਨੂੰ ਬਿਆਨਦੀ ਕਵਿਤਾ ਕਵੀਸ਼ਰੀ ਰੰਗ ਵਿੱਚ ਪੇਸ਼ ਕੀਤੀ। ਅਜੈਬ ਸਿੰਘ ਸੇਖੋਂ ਨੇ ਵੱਖ ਵੱਖ ਵਿਚਾਰਾਂ ਨੂੰ ਕਵਿਤਾ ਵਿੱਚ ਗੁੰਦ ਕੇ ਪੇਸ਼ ਕੀਤਾ।ਬੀ. ਸੀ. ਤੋਂ ਆਏ ਗੁਰਚਰਨ ਟੱਲੇਵਾਲੀਏ ਨੇ ਦੋ ਲੇਖਕਾਂ (ਹਰਜੀਤ ਦੌਧਰੀਆ ਅਤੇ ਨਛੱਤਰ ਸਿੰਘ ਗਿੱਲ) ਜਿਹੜੇ ਮਜਬੂਰੀਆਂ ਕਾਰਨ ਇਸ ਸਮਾਗਮ ਤੇ ਪੰਹੁਚ ਨਹੀਂ ਸਨ ਸਕੇ, ਉਹਨਾਂ ਵਲੋਂ ਭੇਜੇ ਸੰਦਸ਼ੇ ਪੜ੍ਹ ਕੇ ਸੁਣਾਏ।ਹਰਨੇਕ ਸਿੰਘ ਬੱਧਣੀ ਨੇ ਦੁਨੀਆਂ ਭਰ ਦੇ ਕਿਰਤੀਆਂ ਨੂੰ ਹਲੂਣਾ ਦਿੰਦੀ ਕਵਿਤਾ ਖ਼ਾਸ ਅੰਦਾਜ ਵਿੱਚ ਪੇਸ਼ ਕੀਤੀ।

ਇੰਡੀਆ ਤੋਂ ਉਚੇਚੇ ਤੌਰ ਤੇ ਪੰਹੁਚੇ ਕਹਾਣੀਕਾਰ ਲਾਲ ਸਿੰਘ ਹੋਰਾਂ ਨੇ ਨਵੇਂ ਤੇ ਪੁਰਾਣੇ ਲਿਖਣ ਵਾਲਿਆਂ ਨੂੰ ਸੰਬੋਧਨ ਹੁੰਦਿਆਂ ਬਹੁਤ ਹੀ ਸੰਖ਼ੇਪ ਅਤੇ ਭਾਵਪੂਰਤ ਸ਼ਬਦਾਂ ਵਿੱਚ ਮੁੱਲਵਾਨ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਹਰ ਲਿਖਣ ਵਾਲੇ ਨੂੰ ਅਲੋਚਕਾਂ ਪ੍ਰਵਾਹ ਨਾ ਕਰਦੇ ਹੋਏ ਇਮਾਨਦਾਰੀ ਨਾਲ ਮਿਹਨਤ ਕਰਨੀ ਚਾਹੀਦੀ ਹੈ।ਤੁਹਾਡੀ ਸਫ਼ਲਤਾ ਤਾਂ ਤੁਹਾਡੇ ਪਾਠਕਾਂ ਨੇ ਹੀ ਦੱਸ ਦੇਣੀ ਹੁੰਦੀ ਹੈ। ਕੈਲਗਰੀ ਦੇ ਨੋਜਵਾਨ ਅਤੇ ਬਹੁਤ ਹੀ ਬੁਲੰਦ ਅਵਾਜ਼ ਦੇ ਮਾਲਕ ਹਰਜੀਤ ਗਿੱਲ ਨੇ ਉੱਘੇ ਸ਼ਾਇਰ ਕੇਸਰ ਸਿੰਘ ਨੀਰ ਦੀ ਗ਼ਜ਼ਲ ਸੁਣਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ।ਕੁਲਦੀਪ ਕੌਰ ਘਟੌੜਾ ਨੇ ਕੈਲਗਰੀ ਸ਼ਹਿਰ ਦੀ ਖ਼ੂਬਸੂਰਤੀ ਨੂੰ ਬਿਆਨ ਕਰਦੀ ਕਵਿਤਾ ਸੁਣਾ ਕੇ ਮਾਹੌਲ ਨੂੰ ਹੋਰ ਖ਼ੂਬਸੂਰਤ ਕਰ ਦਿੱਤਾ।ਮੈਨੀਟੋਬਾ ਤੋਂ ਆਈ ਜਸਬੀਰ ਕੌਰ 'ਮੰਗੂਵਾਲ' ਨੇ 'ਅਹਿਸਾਸ' ਨਾਂ ਦੀ ਕਵਿਤਾ ਸੁਣਾਕੇ ਸਰੋਤਿਆਂ ਨੂੰ ਗੰਭੀਰ ਕਰ ਦਿੱਤਾ। ਵੈਨਕੂਵਰ ਤੋਂ ਆਏ ਮਨਜੀਤ 'ਮੀਤ' ਨੇ ਚਿੰਤਨ ਦਾ ਦਰਿਆ ਨਾਂ ਦੀ ਕਵਿਤਾ ਇਸ ਅੰਦਾਜ਼ ਵਿੱਚ ਸੁਣਾਈ ਕਿ ਸਾਰੇ ਸਰੋਤੇ ਵਾਹ ਵਾਹ ਕਰ ਉੱਠੇ।

ਡਾ.ਹਰਭਜਨ ਢਿੱਲੋਂ ਨੇ ਸੁਖਿੰਦਰ ਦੀ ਸਾਹਿਤਕ ਸਿਰਜਣਾ ਬਾਰੇ ਬਹੁਤ ਸ਼ਾਨਦਾਰ ਸ਼ੈਲੀ ਅਤੇ ਢੁੱਕਵੇਂ ਸ਼ਬਦਾਂ ਰਾਹੀ ਜਾਣ-ਪਛਾਣ ਕਰਾ ਕੇ ਕੁਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ।ਉਸ ਨੇ ਸੁਖਿੰਦਰ ਨੂੰ ਸਮੇਂ ਦਾ ਸੱਚ ਬਿਅਨ ਕਰਨ ਵਾਲਾ ਨਿਧੜਕ ਸਾਹਿਤਕਾਰ ਦੱਸਿਆ।ਕੈਲਗਰੀ ਦਾ ਹੀ ਇੱਕ ਹੋਰ ਹੋਣਹਾਰ ਕਲਾਕਾਰ, ਬਲਜਿੰਦਰ ਢਿੱਲੋਂ ਜਿਸ ਨੇ, ਕੈਨੇਡੀਅਨ ਜੀਵਨ ਨੂੰ ਰੂਪਮਾਨ ਕਰਦੀਆਂ ਬੋਲੀਆਂ ਸਣਾ ਕੇ ਸਰੋਤਿਆਂ ਨੂੰ ਤਲੀਆਂ ਨਾਲ ਸਾਥ ਦੇ ਲਈ ਮਜਬੂਰ ਕਰ ਦਿੱਤਾ। ਕੈਲਗਰੀ ਨੌਰਥ ਈਸਟ ਏਰੀਏ ਤੋਂ ਐਮ. ਪੀ. ਦਵਿੰਦਰ ਸ਼ੋਰੀ ਨੇ ਅਰਪਨ ਲਿਖਾਰੀ ਸਭਾ ਦੀ ਟੀਮ ਵਲੋਂ ਕੀਤੇ ਵਧੀਆ ਉੱਦਮ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ। ਅਤੇ ਹਰ ਸਮੇਂ ਸਹਿਯੋਗ ਦਾ ਵਚਨ ਦਿੱਤਾ। ਸੋਰੀ ਨੇ ਕਿਹਾ ਕਿ ਇਕਬਾਲ ਅਰਪਨ ਇੱਕ ਬਹੁਤ ਹੀ ਨੇਕ ਇਨਸਾਨ ਤੇ ਵਧੀਆ ਸਾਹਿਤਕਾਰ ਸੀ। ਉਸ ਨੇਕ ਇਨਸਾਨ ਅਤੇ ਸਮਾਜ ਸੇਵਕ ਨੂੰ ਯਾਦ ਰੱਖਣ ਅਤੇ ਉਸ ਦੇ ਸ਼ੂਰੂ ਕੀਤੇ ਕੰਮਾਂ ਨੂੰ ਜ਼ਾਰੀ ਰੱਖਣ ਦਾ ਇਹ ਇੱਕ ਬਹੁਤ ਵਧੀਆ ਉਪਰਾਲਾ ਹੈ।

ਮਾ. ਬਚਿੱਤਰ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਰਚਨਾ "ਭੁੱਖੇ ਪਿਆਸਿਆਂ ਤੋਂ ਲੜੀ ਜਾਣੀ ਜੰਗ ਨਾ, ਸਾਡੀ ਬਹੁੜੀ ਗੁਰੂ ਜੀ" ਕਵੀਸ਼ਰੀ ਰੰਗ ਵਿੱਚ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। ਸਤਪਾਲ ਕੌਰ ਬੱਲ








ਨੇ ਔਰਤ ਜਾਤੀ ਨੂੰ ਅਬਲਾ ਤੋ ਅਵਲ-ਔਰਤ ਹੋਣ ਦਾ ਕਵਿਤਾ ਰਾਹੀ ਸਨੇਹਾ ਦਿੱਤਾ ਦਿੱਤਾ।ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਬੀਰ ਸਹੋਤਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਕਬਾਲ ਅਰਪਨ ਯਾਦਗਾਰੀ ਪੁਰਸਕਾਰ ਦੇਣ ਲਈ ਇੱਕ ਵਧੀਆ ਤੇ ਨਾਮਵਰ ਸਾਹਿਤਕਾਰ ਦੀ ਚੋਣ ਕਰਨ ਤੇ ਸਭਾ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਮੁੱਖ ਮਹਿਮਾਨ ਸੁਖਿੰਦਰ ਨੇ ਆਪਣੇ ਸਹਿਤਕ ਸਫ਼ਰ ਬਾਰੇ ਬਹੁਤ ਹੀ ਸੰਖ਼ੇਪ ਤੇ ਭਾਵਪੂਰਤ ਸ਼ਬਦਾਂ ਵਿੱਚ ਗੱਲ ਕੀਤੀ ।ਉਹਨਾ ਰੂਪਵਾਦੀ ਅਤੇ ਕਾਂਤੀਕਾਰੀ ਕਵਿਤਾ ਬਾਰੇ ਵੀ ਚਾਨਣਾ ਪਾਇਆ। ਆਪਣੀਆਂ ਦੋ ਕਵਿਤਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਜੋ ਸਰੋਤਿਆਂ ਨੂੰ ਧੁਰ ਅੰਦਰ ਤੱਕ ਹਲੂਣ ਗਈਆਂ।ਰੇਡੀਓ ਐਫ਼. ਐਮ. ਦੇ ਹੋਸਟ ਰਿਸ਼ੀ ਨਾਗਰ ਨੇ ਆਪਣੇ ਬਚਪਨ ਵਿੱਚ ਪੜ੍ਹੀ ਇੱਕ ਕਵਿਤਾ, ਜੋ ਉਹਨੂੰ ਅਜੇ ਵੀ ਜਵਾਨੀ ਯਾਦ ਹੈ ਸਰੋਤਿਆਂ ਨਾਲ ਸਾਂਝੀ ਕੀਤੀ।ਉਹਨਾਂ ਦੱਸਿਆ ਕਿ ਸਖਿੰਦਰ ਦੇ ਵੱਡੇ ਭਰਾ ਡਾ. ਗੁਰਭਗਤ ਸਿੰਘ ਉਹਨਾਂ ਦੇ ਅਧਿਆਪਕ ਰਹੇ ਹਨ, ਪਰਿਵਾਰ ਸੰਬਧਾਂ ਬਾਰੇ ਗਲ ਬਾਤ ਵੀ ਸਾਂਝੀ ਕੀਤੀ। ਕਮਲਜੀਤ ਕੌਰ ਸ਼ੇਰਗਿੱਲ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਬਿਆਨ ਕਰਦੀ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ।ਵੈਨਕੂਵਰ ਤੋਂ ਆਏ ਸ਼ਾਇਰ ਚਰਨ ਸਿੰਘ ਵਿਰਦੀ ਨੇ 'ਸੰਤੁਲਨ' ਨਾਂ ਦੀ ਕਵਿਤਾ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤੀ।ਮਾ. ਭਜਨ ਗਿੱਲ ਨੇ ਗ਼ਦਰ ਲਹਿਰ ਦੇ ਸ਼ਤਬਦੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸਾਰੇ ਪੰਜਾਬੀ ਭਾਈਚਾਰੇ ਨੂੰ ਹੁਮ ਹੁਮਾਂ ਕੇ ਉਹਨਾਂ ਸਾਰੇ ਸਮਾਗਮਾਂ ਵਿੱਚ ਪੰਹੁਣ ਲਈ ਬੇਨਤੀ ਕੀਤੀ।ਮਾ. ਭਜਨ ਗਿੱਲ ਨੇ ਹਰ ਸਾਲ ਵਾਂਗ ਤਰਕਸ਼ੀਲ ਕਿਤਾਬਾਂ, ਅਤੇ ਅਰਪਨ ਲਿਖਾਰੀ ਸਭਾ ਵੱਲੋਂ ਮਿਆਰੀ ਸਾਹਿਤ ਦੀ ਪ੍ਰਦਰਸ਼ਨੀ ਲਾਈ ਗਈ, ਬੱਚਿਆਂ ਲਈ ਬਾਲ-ਉਪਦੇਸ਼ ਵੀ ਵੰਡੇ ਗਏ ਤਾਂ ਕਿ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਦਾਦੇ, ਦਾਦੀਆਂ ਜਾਂ ਨਾਨੇ ਨਾਨੀਆਂ ਪੰਜਾਬੀ ਬੋਲੀ ਦਾ ਮੁਢਲਾ ਗਿਆਨ ਘਰ ਵਿੱਚ ਹੀ ਦੇ ਸਕਣ।

ਹੁਣ ਸਮਾਂ ਸੀ ਮੁਖ ਮਹਿਮਾਨ, ਸੁਖਿੰਦਰ ਨੂੰ ਇਕਬਾਲ ਅਰਪਨ ਯਾਦਗਾਰੀ ਪੁਰਸਕਾਰ ਨਾਲ ਸਨਮਾਨਤਿ ਕਰਨ ਦਾ, ਸਭਾ ਪ੍ਰਧਾਨ ਨੇ ਬਾਕੀ ਮੈਂਬਰਾਂ ਨੂੰ ਨਾਲ ਲੈ ਕੇ ਇੱਕ ਪਲੈਕ, ਇੱਕ ਹਜ਼ਾਰ ਡਾਲਰ, ਇੱਕ ਸ਼ਾਲ, ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜਨਾਗਲ ਹੋਰਾਂ ਵੱਲੋਂ ਬਣਾਇਆ ਸੁਖਿੰਦਰ ਦਾ ਚਿੱਤਰ ਅਤੇ ਸਭਾ ਦੇ ਲੇਖਕਾਂ ਦੀਆਂ ਕਿਤਬਾਂ ਦਾ ਸੈਟ ਭੇਟ ਕਰ ਕੇ ਸਨਮਾਨਿਤ ਕੀਤਾ।ਸੁਖਿੰਦਰ ਦੇ ਸਨਮਾਨ ਤੋਂ ਬਾਅਦ ਕਹਾਣੀਕਾਰ ਲਾਲ ਸਿੰਘ ਨੂੰ ਵੀ ਸਭਾ ਵੱਲੋਂ ਪਲੈਕ ਦੇ ਸਨਮਾਨਿਤ ਕੀਤਾ ਗਿਆ।ਅਲਬਰਟਾ ਸਰਕਾਰ ਦੇ ਸਰਵਿਸ ਮਨਿਸਟਰ ਮਨਮੀਤ ਭੁੱਲਰ ਵੱਲੋਂ ਭੇਜੇ ਗਏ ਮਾਣ-ਪੱਤਰ ਵੀ ਦੋਹਾਂ ਸਾਹਿਤਕਾਰਾਂ ਨੂੰ ਭੇਟ ਗਏ।

ਇਸ ਤੋਂ ਬਾਅਦ ਵੈਨਕੂਵਰ ਤੋਂ ਇੱਕ ਰੰਗੀਲੇ ਸ਼ਾਇਰ ਗੁਰਚਰਨ ਸਿੰਘ ਟੱਲੇਵਾਲੀਏ ਨੇ ਕੈਨੇਡੀਅਨ ਜਨ-ਜੀਵਨ ਦੀ ਬੋਲੀਆਂ ਸੁਣਾ ਕੇ ਸਰੋਤਿਆਂ ਦੇ ਢਿੱਡੀ ਪੀੜ੍ਹਾਂ ਪਾ ਦਿੱਤੀਆਂ। ਟੱਲੇਵਾਲੀਏ ਨੇ ਤਾਲੀਆਂ ਨਾਲ ਸਰੋਤਿਆਂ ਤੋਂ ਦਾਦ ਖੱਟੀ।ਹਰਮਿੰਦਰ ਕੌਰ ਢਿੱਲੋਂ ਨੇ ਪ੍ਰਵਾਸੀ ਹੋਣ ਵਾਲੇ ਹਰ ਇਨਸਾਨ ਨੂੰ ਦੇਸ਼ ਦੀ ਮਿੱਟੀ ਨਾਲ ਜੁੜੇ ਰਹਿਣ ਦੀ ਅਪੀਲ ਕਰਦੀ ਕਵਿਤਾ ਸੁਣਾ ਕੇ ਆਪਣੀ ਮਿੱਠੀ ਅਵਾਜ਼ ਦਾ ਜਾਦੂ ਸਰੋਤਿਆਂ ਦੇ ਕੰਨਾਂ ਵਿੱਚ ਘੋਲ ਦਿੱਤਾ। ਮਨਜੋਤ ਗਿੱਲ ਨੇ ਮਨੁੱਖੀ ਰਿਸ਼ਤਿਆਂ ਦੀ ਦਾਸਤਾਨ ਬਿਆਨ ਕਰਦੀ ਕਵਿਤਾ ਪੇਸ਼ ਕਰਕੇ ਸੱਚ ਦੀ ਕਿਤਾਬ ਦੇ ਪੰਨੇ ਸਰੋਤਿਆਂ ਸਾਵੇਂ ਖੋਲ੍ਹ ਦਿੱਤੇ। ਮਨਜੀਤ ਸਿੰਘ ਪਿਆਸਾ ਨੇ ਉਰਦੂ ਵਿੱਚ ਰਬਾਈ ਤੇ ਗ਼ਜ਼ਲ ਇੱਕ ਵਿਲਖਣ ਅੰਦਾਜ਼ ਨਾਲ ਪੇਸ਼ ਕਰਕੇ ਨਵਾਂ ਰੰਗ ਬੰਨਿਆ।ਕੇਸਰ ਸਿੰਘ ਨੀਰ ਨੇ ਚੌਬਰਗਾ ਅਤੇ ਗ਼ਜ਼ਲ ਸੁਣਾ ਕੇ 'ਸ਼ਾਨਦਾਰ ਕਵੀ ਦਰਬਰ' ਦੀ ਪ੍ਰਭਾਸ਼ਾ ਨੂੰ ਸਿੱਧ ਕਰ ਦਿੱਤਾ।ਅਖ਼ੀਰ ਤੇ ਮਾ. ਬਚਿੱਤਰ ਸਿੰਘ ਦੀ ਕਵੀਸ਼ਰੀ ਸੁਨਣ ਦੇ ਆਸ਼ਕ ਹਾਲ ਨੂੰ ਛੱਡ ਜਾਣ ਲਈ ਤਿਆਰ ਨਾ ਹੋਏ ਤਾਂ ਬਾਬੂ ਰਬਜ਼ ਅਲੀ ਦਾ ਬਹੱਤਰ ਕਲਾ ਛੰਦ ਨਾਲ 'ਮਾ ਦੇ ਮਖਣੀ ਖਾਣਿਓ ਵੇ' ਸੁਣਾਉਣ ਤੋਂ ਬਾਅਦ ਸਤਨਾਮ ਸਿੰਘ ਢਾਅ ਨੇ ਸਰੋਤਿਆਂ ਤੋਂ ਸਮਾਗਮ ਸਮਾਪਤ ਕਰਨ ਦੀ ਇਜਾਜ਼ਤ ਲਈ।

ਸਭਾ ਦੇ ਪ੍ਰਧਾਨ, ਸਤਨਾਮ ਸਿੰਘ ਢਾਅ ਨੇ ਦੇਸ਼ ਵਿਦੇਸ਼ਾਂ ਤੋਂ ਅਤੇ ਕੈਨੇਡਾ ਭਰ ਦੇ ਦੂਜੇ ਸ਼ਹਿਰਾਂ(ਐਡਮਿੰਟਨ, ਵੈਨਕੂਵਰ, ਟਰਾਂਟੋ, ਮੈਨੀਟੋਬਾ) ਤੋਂ ਆਏ ਸਾਹਿਤਕਾਰਾਂ, ਮਿੱਤਰਾਂ ਦੋਸਤਾਂ ਦਾ, ਸਮਾਗਮ ਦੇ ਸਪੌਂਸਰਾਂ, ਪੰਜਾਬੀ ਮੀਡੀਆ, ਕੈਲਗਿਰੀ ਦੀਆਂ ਸਾਰੀਆਂ ਸੰਸਥਾਵਾਂ ਤੇ ਖ਼ਾਸ ਕਰਕੇ ਸੁਹਿਰਦ ਸਰੋਤਿਆਂ ਦਾ, ਜਿਨ੍ਹਾਂ ਨੇ ਪੂਰੇ ਤਿੰਨ ਘੰਟੇ ਬੈਠ ਕੇ ਇਸ ਸਮਾਗਮ ਦਾ ਆਨੰਦ ਮਾਣਿਆ ਉਹਨਾਂ ਸਾਰਿਆਂ ਹਾਰਦਿਕ ਧੰਨਵਾਦ ਕੀਤਾ।ਉਹਨਾਂ ਆਖਿਆ ਕਿ ਇਹ ਸਮਾਗਮ ਇੱਕ ਪਰਿਵਾਰ ਸਮਾਗਮ ਹੋ ਨਿਬੜਿਆ ਜਿਸ ਵਿੱਚ ਭੈਣਾ, ਮਾਤਾਵਾਂ, ਬਜ਼ੁਰਗਾਂ ਅਤੇ ਨਵੀਂ ਪੀੜ੍ਹੀ ਦੀ ਗਿਣਤੀ ਪਿਛਲੇ ਸਾਰੇ ਸਮਾਗਮਾਂ ਨਾਲੋਂ ਜ਼ਿਆਦਾ ਦੇਖੀ ਗਈ, ਜੋ ਕਿ ਬੜੀ ਖੁਸ਼ੀ ਦੀ ਗੱਲ ਹੈ।ਇਸ ਦੀ ਕਾਮਯਾਬੀ ਪੰਜਾਬੀ ਭਾਈਚਾਰੇ ਦੀ ਕਾਮਯਬੀ ਦੱਸਦਿਆਂ ਉਹਨਾਂ ਕਿਹਾ, "ਜੇਕਰ ਤੁਹਾਡਾ ਸਾਥ ਇਸੇ ਤਰ੍ਹਾਂ ਮਿਲਦਾ ਰਿਹਾ ਤਾਂ ਅਸੀਂ ਮਾਂ ਬੋਲੀ ਨੂੰ ਜਿਉਂਦੀ ਰੱਖਣ ਲਈ ਹੋਰ ਵੀ ਉਤਸ਼ਾਹ ਨਾਲ ਕੰਮ ਕਰਦੇ ਰਹਾਂਗੇ"।ਸ੍ਰ. ਢਾਅ ਨੇ ਕਿਹਾ ਅਰਪਨ ਲਿਖਾਰੀ ਸਭਾ ਦੇ ਉਹਨਾਂ ਸਾਰੇ ਵਲੰਟੀਅਰਾਂ ਦਾ, ਜਿਨ੍ਹਾਂ ਨੇ ਦਿਨ ਰਾਤ ਕੰਮ ਕਰਕੇ ਸਮਾਗਮ ਨੂੰ ਸਫ਼ਲ ਕਰਨ ਵਿੱਚ ਹਿੱਸਾ ਪਾਇਆ, ਉਹਨਾਂ ਦੇ ਦਿਲੋ ਸ਼ੁਕਰਗੁਜ਼ਾਰ ਹਾਂ।ਸਟੇਜ ਦੀਆਂ ਜ਼ਿੰਮੇਵਾਰੀਆਂ ਇਕਬਾਲ ਖ਼ਾਨ ਅਤੇ ਡਾ. ਹਰਭਜਨ ਢਿੱਲੋਂ ਨੇ ਬਾਖੂਬੀ ਨਿਭਾਈਆਂ।ਇਸ ਸਮਾਗਮ ਵਿੱਚ ਵੀਡੀਓ ਦੀਆਂ ਸੇਵਾਵਾਂ ਡਰੀਮ ਪ੍ਰੋਡੈਕਸ਼ਨ ਵਾਲਿਆਂ ਅਤੇ ਚਾਹ ਪਾਣੀ ਦੇ ਅਟੁੱਟ ਲੰਗਰ ਦੀ ਸੇਵਾ ਸੁਖਦੇਵ ਕੌਰ ਢਾਅ, ਡਾ. ਗੁਰਜਿੰਦਰ ਕੌਰ ਢਿੱਲੋਂ, ਦਲਜੀਤ ਕੌਰ ਢੱਡਵਾਲ ਅਤੇ ਸੁਖਪਾਲਵੀਰ ਸਿੰਘ ਨੇ, ਫੋਟੋ-ਗ੍ਰਾਫ਼ੀ ਦੀਆਂ ਸੇਵਾਵਾ ਦਲਜੀਤ ਹੁੰਝਣ ਨੇ ਬੜੀ ਖ਼ੂਬੀ ਨਾਲ ਨਿਭਾਈਆਂ। ਹੋਰ ਸੰਪਰਕ ਲਈ ਸਤਨਾਮ ਸਿੰਘ ਢਾਹ ਨੂੰ 403-285-6091 ਅਤੇ ਇਕਬਾਲ ਖ਼ਾਨ ਨੂੰ 403-921-8736 ਤੇ ਫ਼ੋਨ ਕੀਤਾ ਜਾ ਸਕਦਾ ਹੈ।

ਸਫ਼ਾ 21 ਦੀ ਬਾਕੀ

## ਕੀ ਅਸੀਂ ਆਪਣੀਆਂ ਧੀਆਂ ਨੂੰ ਪਿਆਰ ਨਹੀਂ ਕਰਦੇ ?

ਹੁਣ ਤਾਂ ਵੱਡੇ ਪਿੰਡਾਂ ਵਿਚ ਵੀ ਅਲਟ੍ਰਾਸਾਊਂਡ ਕਲੀਨਿਕ ਖੁੱਲ੍ਹ ਗਏ ਹਨ। ਹਾਲਾਂਕਿ ਇਸ ਬਾਰੇ ਕਾਨੂੰਨ ਮੌਜੂਦ ਹੈ ਪਰ ਉਹ ਬੇਅਸਰ ਸਾਬਤ ਹੋਇਆ ਹੈ। 'ਪ੍ਰੀ-ਨੇਟਲ ਡਾਇਗਨੋਸਿਟਕ ਟੈਕਨੀਕਸ ਐਕਟ, 1994' ਨੂੰ 2004 ਵਿਚ ਸੋਧਿਆ ਗਿਆ ਹੈ ਅਤੇ ਇਸ ਦਾ ਨਾਮ 'ਪ੍ਰੀ-ਕਾਨਸਪ੍ਰੇਸ਼ਨ ਐਂਡ ਪ੍ਰੀ-ਨੇਟਲ ਡਾਇਗਨੋਸਟਿਕ ਟੈਕਨੀਕਸ (ਰੈਗੂਲੇਸ਼ਨ ਐਂਡ ਪ੍ਰਿਵੇਂਸ਼ਨ ਆਫ਼ ਮਿਸਯੂਜ਼) (ਪੀ.ਸੀ.ਪੀ.ਐਨ.ਡੀ.ਟੀ.) ਐਕਟ ਕੀਤਾ ਗਿਆ। ਇਸ ਕਾਨੂੰਨ ਮੁਤਾਬਕ ਅਲਟ੍ਰਾਸਾਉਂਡ ਤਕਨੀਕ ਦੀ ਵਰਤੋਂ ਕਰਨ ਵਾਲੇ ਡਾਕਟਰਾਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਸਰਕਾਰੀ ਰਜਿਸਟ੍ਰੇਸ਼ਨ ਕਰਵਾਉਣ। ਇਸ ਤੋਂ ਇਲਾਵਾ ਰੋਗੀਆਂ ਅਤੇ ਉਸ ਦੇ ਅਲਟ੍ਰਾਸਾਓਂਡ ਦੇ ਰਿਕਾਰਡ ਨੂੰ ਦੋ ਸਾਲ ਤਕ ਸੁਰੱਖਿਅਤ ਰੱਖਿਆ ਜਾਵੇ। ਇਸ ਸਬੰਧ ਵਿਚ ਸਬੰਧਤ ਸੂਬਾ ਏਜੰਸੀ ਨੂੰ ਮਾਸਿਕ ਰਿਪੋਰਟ ਦਿੱਤੀ ਜਾਵੇਗੀ। ਕਾਨੂੰਨ ਮੁਤਾਬਕ ਅਜਿਹੇ ਡਾਕਟਰ ਅਤੇ ਰੇਡੀਓਲੋਜਿਸਟ ਜੋ ਲਿੰਗ ਨਿਰਧਾਰਤ ਟੈਸਟ ਕਰਨਗੇ ਜਾਂ ਲੋਕਾਂ ਨੂੰ ਅਜਿਹਾ ਕਰਵਾਉਣ ਲਈ ਉਕਸਾਉਣਗੇ ਤਾਂ ਪੰਜ ਸਾਲ ਦੀ ਜੇਲ੍ਹ ਅਤੇ 50 ਹਜ਼ਾਰ ਰੁਪਏ ਤਕ ਦਾ ਜੁਰਮਾਨਾ ਹੋਵੇਗਾ। ਪਰ ਇਹ ਕਾਨੂੰਨ ਪ੍ਰਭਾਵਸ਼ਾਲੀ ਸਾਬਤ ਨਹੀਂ ਹੋ ਰਿਹਾ। ਜਿਵੇਂ ਕਿ ਯੂ.ਪੀ. ਨੂੰ ਦੇਖੀਏ, ਜਿਥੇ ਪਿਛਲੇ ਸਾਲ ਸਤੰਬਰ ਵਿਚ ਇਲਾਹਾਬਾਦ ਹਾਈ ਕੋਰਟ ਨੇ ਸੂਬੇ ਵਿਚ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਾਅਵਾਂ ਦੇ ਮੱਦੇਨਜ਼ਰ ਸੂਬਾ ਸਰਕਾਰ ਨੂੰ ਦੋ ਹਫ਼ਤੇ ਦੇ ਅੰਦਰ ਇਕ ਜਵਾਬੀ ਹਲਫ਼ਨਾਮਾ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਇਕ ਡਿਵੀਜ਼ਨ ਬੈਂਚ ਨੇ ਸਮਾਜ ਸੇਵੀ ਕਾਰਕੁਨ ਨੂਤਨ ਠਾਕੁਰ ਦੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਦਿੱਤੇ ਸਨ। ਕਾਨੂੰਨ ਮੁਤਾਬਕ ਅਜਿਹੇ ਮਾਮਲਿਆਂ 'ਤੇ ਨਜ਼ਰ ਰੱਖਣ ਲਈ ਰਾਜ ਪਰਿਵੇਸ਼ਕ ਕਮੇਟੀ ਹੋਵੇਗੀ, ਜੋ ਹਰ ਚਾਰ ਮਹੀਨੇ ਵਿਚ ਇਕ ਵਾਰ ਮੀਟਿੰਗ ਕਰੇਗੀ। ਪਰ ਉੱਤਰ ਪ੍ਰਦੇਸ਼ ਵਿਚ ਪਿਛਲੇ 7 ਸਾਲਾਂ ਵਿਚ ਕਮੇਟੀ ਦੀਆਂ ਕੇਵਲ 6 ਮੀਟਿੰਗਾਂ ਹੀ ਹੋਈਆਂ ਹਨ। ਇਸ ਤੋਂ ਇਲਾਵਾ ਸੂਬੇ ਦੇ ਕੁੱਲ 75 ਵਿਚੋਂ ਕੇਵਲ 15 ਜ਼ਿਲ੍ਹਿਆਂ ਵਿਚ ਹੀ ਜ਼ਿਲ੍ਹਾ ਸਲਾਹਕਾਰੀ ਕਮੇਟੀਆਂ ਦਾ ਗਠਨ ਹੋਇਆ ਹੈ। ਸਾਰੇ ਬਾਕੀ ਸੂਬਿਆਂ ਦੀ ਤਰ੍ਹਾਂ ਯੂ.ਪੀ. ਵਿਚ ਵੀ ਕਈ ਗੈਰ-ਕਾਨੂੰਨੀ ਅਲਟ੍ਰਾਸਾਉਂਡ ਕਲੀਨਿਕ ਚੱਲ ਰਹੇ ਹਨ। ਰਵਾਇਤੀ ਤੌਰ 'ਤੇ ਪੇਂਡੂ ਪਰਿਵਾਰਾਂ ਵਿਚ ਅਣਚਾਹੀਆਂ ਬੇਟੀਆਂ ਤੋਂ ਛੁਟਕਾਰਾ ਪਾਉਣ ਲਈ ਭਰੂਣ ਹੱਤਿਆ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਪਰ ਕੰਨਿਆ ਭਰੂਣ ਹੱਤਿਆ ਦੀਆਂ ਘਟਨਾਵਾਂ ਸ਼ਹਿਰਾਂ ਵਿਚ ਜ਼ਿਆਦਾ ਹੁੰਦੀਆਂ ਹਨ ਕਿਉਂਕਿ ਉਥੇ ਜ਼ਿਆਦਾ ਪੈਸਾ ਹੈ, ਜ਼ਿਆਦਾ ਡਾਕਟਰ ਹਨ ਅਤੇ ਅਲਟ੍ਰਾਸਾਉਂਡ ਕਲੀਨਿਕ ਵਰਗੀਆਂ ਸਹੂਲਤਾਂ ਹਨ। ਹਾਲਾਂਕਿ ਹੁਣ ਅਲਟ੍ਰਾਸਾਉਂਡ ਤਕਨੀਕ ਪੇਂਡੂ ਇਲਾਕਿਆਂ ਤਕ ਪਹੁੰਚ ਗਈ ਹੈ, ਜਿਸ ਦੀ ਵਰਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਲਿੰਗ ਨਿਰਧਾਰਤ ਵਿਚ ਕੀਤੀ ਜਾ ਰਹੀ ਹੈ। ਇਹ ਸ਼ਰਮਨਾਕ ਸਥਿਤੀ ਹੈ ਅਤੇ ਜੇਕਰ ਕਾਨੂੰਨ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ ਦਿਸ਼ਾ ਵਿਚ ਗੰਭੀਰ ਕਦਮ ਨਾ ਚੁੱਕੇ ਗਏ ਤਾਂ ਹਾਲਾਤ ਬਦ ਤੋਂ ਬਦਤਰ ਹੋਣ ਵਿਚ ਦੇਰ ਨਹੀਂ ਲੱਗੇਗੀ। ਪੀ.ਸੀ.ਐਨ.ਡੀ.ਟੀ. ਕਾਨੂੰਨ ਤਹਿਤ ਦੋਸ਼ੀ ਠਹਿਰਾਏ ਗਏ ਲੋਕਾਂ ਦੀ ਗਿਣਤੀ ਬੇਹੱਦ ਘੱਟ ਹੈ। ਦਰਅਸਲ, ਸਿਆਸੀ ਅਤੇ ਸਮਾਜਕ ਇੱਛਾ ਸ਼ਕਤੀ ਤੋਂ ਬਿਨਾਂ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ।

# ਭਗਤ ਸਿੰਘ ਵਿਚਾਰਵਾਨ ਇਨਕਲਾਬੀ

ਜਸਵੀਰ ਸਮਰ
+91-

ਇਸ ਕਿਤਾਬ (ਭਗਤ ਸਿੰਘ: ਵਿਚਾਰਵਾਨ ਇਨਕਲਾਬੀ) ਦੇ ਨਾਂ ਦੇ ਬੜੇ ਡੂੰਘੇ ਅਤੇ ਵਿਸ਼ਾਲ ਅਰਥ ਹਨ। ਵਿਚਾਰਵਾਨ ਇਨਕਲਾਬੀ ਦਾ ਸਿਹਰਾ ਭਗਤ ਸਿੰਘ ਦੇ ਉਨ੍ਹਾਂ ਕੁਝ ਕੁ ਸਾਲਾਂ ਦੀ ਕਮਾਈ ਹੈ ਜਦੋਂ ਖਾਸ ਕਰਕੇ ਲਾਹੌਰ ਕਲਾ, ਸਮਾਜ ਅਤੇ ਸਿਆਸਤ ਦੇ ਹਰ ਖੇਤਰ ਵਿਚ ਉਸਲਵੱਟੇ ਲੈ ਰਿਹਾ ਸੀ। ਭਗਤ ਸਿੰਘ ਅਤੇ ਉਹਦੇ ਸੰਗੀਆਂ ਦੇ ਹਿੱਸੇ ਉਦੋਂ ਸਿਆਸਤ ਦਾ ਪਿੜ ਆਇਆ। ਇਸ ਪਿੜ ਵਿਚ ਇਨ੍ਹਾਂ ਮੁੰਡਿਆਂ ਦੀ ਸਿੱਧੀ ਸ਼ਰੀਕੇਬਾਜ਼ੀ ਮੁੱਖਧਾਰਾ ਦੀ ਸਿਆਸਤ ਨਾਲ ਜੁੜੇ ਖੱਬੀਖਾਨ ਸਿਆਸਤਦਾਨਾਂ ਨਾਲ ਸੀ ਪਰ ਇਨ੍ਹਾਂ ਦੀ ਸਿਆਸਤ ਦਾ ਰੁਖ਼ ਇੰਨਾ ਮੂੰਹਜ਼ੋਰ ਸੀ ਕਿ ਦੇਖਦੇ ਦੇਖਦੇ ਇਨ੍ਹਾਂ ਗਭਰੇਟਾਂ ਨੇ ਇਨ੍ਹਾਂ ਸਿਆਸਤਦਾਨਾਂ ਅਤੇ ਅੰਗਰੇਜ਼ ਹਾਕਮਾਂ ਨੂੰ ਵਖ਼ਤ ਪਾ ਦਿੱਤਾ। ਇਨ੍ਹਾਂ ਸਿਆਸਤਦਾਨਾਂ ਅਤੇ ਇਨ੍ਹਾਂ ਇਨਕਲਾਬੀਆਂ ਦੀ ਪਹੁੰਚ ਵਿਚਲਾ ਫ਼ਰਕ ਹੁਣ ਦੇਸ਼ ਦੀ ਆਜ਼ਾਦੀ ਤੋਂ ਛੇ ਦਹਾਕਿਆਂ ਬਾਅਦ ਭਲੀਭਾਂਤ ਨਜ਼ਰ ਆ ਰਿਹਾ ਹੈ। ਇਸ ਕਿਤਾਬ ਦੇ ਤਿੰਨਾਂ ਭਾਗਾਂ ਵਿਚ ਵੀ ਇਹ ਫ਼ਰਕ ਬਾਕਾਇਦਾ ਉਘੜਦਾ ਹੈ।

ਇਹ ਫ਼ਰਕ ਭਗਤ ਸਿੰਘ ਦੀ ਸ਼ਖ਼ਸੀਅਤ ਵਿਚ ਆਏ ਉਤਰਾਅ-ਚੜ੍ਹਾਅ ਦੇ ਤਿੱਖੇ ਫ਼ਰਕ ਨਾਲ ਮੇਲ਼ ਕੇ ਵੀ ਫੜਿਆ ਜਾ ਸਕਦਾ ਹੈ। ਭਗਤ ਸਿੰਘ ਦੀ ਸਿਆਸੀ ਸਰਗਰਮੀ ਦੇ ਮੋਟੇ ਰੂਪ ਵਿਚ ਤਿੰਨ ਅਹਿਮ ਪੜਾਅ ਬਣਦੇ ਹਨ। ਪਹਿਲਾ, ਮੁਢਲੀ ਸਰਗਰਮੀ।ਇਸ ਵਿਚ ਗਾਂਧੀ ਦੀਆਂ ਨਾਮਿਲਵਰਤਣ ਤੇ ਸਿਵਲ ਨਾਫ਼ਰਮਾਨੀ ਲਹਿਰਾਂ ਸੰਗ ਤੁਰਨਾ ਸ਼ਾਮਲ ਹੈ। ਦੂਜਾ, ਹਥਿਆਰਬੰਦ ਐਕਸ਼ਨਾਂ ਦਾ ਦੌਰ। ਤੀਜਾ, ਮਾਰਕਸਵਾਦ ਵੱਲ ਪੇਸ਼ਕਦਮੀ। ਬਹੁਤ ਵਾਰ ਇਨ੍ਹਾਂ ਨੂੰ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਵਿਕਾਸ ਨਾਲ ਜੋੜ ਦਿੱਤਾ ਜਾਂਦਾ ਹੈ। ਹਕੀਕਤ ਇਹ ਹੈ ਕਿ ਇਹ ਪੜਾਅ ਉਸ ਸਿਆਸਤ ਦੇ ਪੂਰਕ ਹਨ ਜਿਸ ਨੂੰ ਸਿਰੇ ਤੱਕ ਪਹੁੰਚਾਉਣ ਲਈ ਇਨ੍ਹਾਂ ਇਨਕਲਾਬੀਆਂ ਨੇ ਸਭ ਕੁੱਝ ਦਾਅ ਉੱਤੇ ਲਾਇਆ ਹੋਇਆ ਸੀ। ਇਸ ਪ੍ਰਸੰਗ ਵਿਚ 'ਗ਼ਦਰੀ ਬਾਬਿਆ ਦੇ ਮੁਨਸ਼ੀ' ਬਾਬਾ ਮਲਵਿੰਦਰਜੀਤ ਸਿੰਘ ਵੜੈਚ ਦੀ ਟਿੱਪਣੀ ਧਿਆਨ ਲੋੜਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਗਤ ਸਿੰਘ ਦਾ ਸਭ ਤੋਂ ਵੱਡਾ ਹਾਸਲ ਉਸ ਦੀ ਸਮੁੱਚੇ ਹਾਲਾਤ ਦੀ ਸਮਝ ਤੇ ਮਾਨਵੀ ਕਦਰਾਂ ਕੀਮਤਾਂ ਬਾਰੇ ਪਹੁੰਚ ਹੈ। ਕਮਿਉਨਿਸਟ ਤਾਂ ਉਸ ਜ਼ਮਾਨੇ ਵਿਚ ਵੀ ਹੋਏ ਹਨ ਅਤੇ ਸਰਗਰਮ ਵੀ ਬਥੇਰੇ ਸਨ। ਇਹ ਭਗਤ ਸਿੰਘ ਨਾਲੋਂ ਬੇਸ਼ੱਕ ਵੱਡੇ ਲੀਡਰ ਵੀ ਸਨ ਪਰ ਜਿਸ ਢੰਗ ਨਾਲ ਭਗਤ ਸਿੰਘ ਨੇ ਹਾਲਾਤ ਨੂੰ ਹੰਘਾਲ ਕੇ ਸਰਗਰਮੀ ਅਤੇ ਪਹਿਲਕਦਮੀ ਕੀਤੀ, ਉਹ ਅਪਣੀ ਮਿਸਾਲ ਆਪ ਹੈ। ... ਤੇ ਇਸ ਕਿਤਾਬ ਦਾ ਅੱਖਰ-ਅੱਖਰ ਭਗਤ ਸਿੰਘ ਦੀ ਇਸ ਪਹੁੰਚ ਦੀ ਸ਼ਾਹਦੀ ਭਰਦਾ ਹੈ।

ਕਿਤਾਬ ਦੇ ਪਹਿਲੇ ਭਾਗ ਵਿਚ ਚਮਨ ਲਾਲ ਦੇ ਅਪਣੇ ਲੇਖ ਹਨ ਜੋ ਉਸ ਨੇ ਵੱਖ ਵੱਖ ਮੌਕਿਆਂ 'ਤੇ ਭਗਤ ਸਿੰਘ ਅਤੇ ਉਸ ਨਾਲ ਸਬੰਧਤ ਮੁੱਦਿਆਂ-ਮਸਲਿਆਂ ਬਾਬਤ ਲਿਖੇ। ਇਸ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਵਿਚਾਰਧਾਰਾ ਤੋਂ ਲੈ ਕੇ ਸਰਗਰਮੀ ਤੱਕ ਦੀ ਬੜੀ ਵਸੀਹ ਚਰਚਾ ਹੈ। ਇਸ ਭਾਗ ਵਿਚ ਭਗਤ ਸਿੰਘ ਨਾਲ ਸਬੰਧਤ ਹਰ ਨੁਕਤੇ ਬਾਰੇ ਚਰਚਾ ਹੈ ਜੋ ਸਾਹਿਤ, ਸਿਧਾਂਤ, ਸਭਿਆਚਾਰ, ਵਿਰਸੇ, ਉਸ ਦੇ ਟੱਬਰ ਅਤੇ ਲਿਖਤਾਂ ਨਾਲ ਜੁੜੀ ਹੈ। ਦੂਜੇ ਭਾਗ ਵਿਚ ਭਗਤ ਸਿੰਘ ਦੇ ਸਾਥੀਆਂ- ਸ਼ਿਵ ਵਰਮਾ, ਜੈਦੇਵ ਕਪੂਰ, ਦੁਰਗਾ, ਕਿਸ਼ੋਰੀ ਲਾਲ ਦੀਆਂ ਲਿਖਤਾਂ ਹਨ। ਇਸ ਵਿਚੋਂ ਉਹ ਭਗਤ ਸਿੰਘ ਦਿਸਦਾ ਹੈ ਜਿਸ ਦੀ ਚਰਚਾ ਬੜੀ ਘੱਟ ਹੋਈ ਹੈ। ਤੀਜੇ ਵਿਚ ਭਗਤ ਸਿੰਘ ਦੀਆਂ ਚੋਣਵੀਆਂ ਰਚਨਾਵਾਂ ਹਨ। ਇਸ ਤੋਂ ਭਗਤ ਸਿੰਘ ਦੇ ਉਸ ਪਿੜ ਦੇ ਦੀਦਾਰੇ ਹੁੰਦੇ ਹਨ ਜਿਸ ਲਈ ਇਨ੍ਹਾਂ ਇਨਕਲਾਬ ਪਸੰਦਾਂ ਨੇ ਬਿਖੜੇ ਪੈਂਡੇ ਉੱਤੇ ਪੈਰ ਧਰਿਆ। ਕਿਤਾਬ ਦਾ ਸਭ ਤੋਂ ਮਹੱਤਵਪੂਰਨ ਨੁਕਤਾ ਸਿਆਸਤ ਦੇ ਪਿੜ ਵਿਚ ਭਗਤ ਸਿੰਘ ਦੀਆਂ ਸਰਗਰਮੀਆਂ ਦੀ ਠੁੱਕਦਾਰ ਚਰਚਾ ਹੈ।




ਭਗਤ ਸਿੰਘ ਦੀਆਂ ਜੇਲ੍ਹ ਲਿਖਤਾਂ-ਆਈਡੀਅਲ ਆਫ਼ ਸੋਸ਼ਲਿਜ਼ਮ, ਜੀਵਨ ਕਥਾ, ਇੰਡੀਆ ਵਿਚ ਇਨਕਲਾਬੀ ਤਹਿਰੀਕਾਂ ਦਾ ਇਤਿਹਾਸ ਤੇ ਮੌਤ ਦੇ ਬੂਹੇ ਉਤੇ-ਗੁਆਚਣ ਦਾ ਝੋਰਾ ਤਾਂ ਸਾਨੂੰ ਸਭ ਨੂੰ ਹੈ ਪਰ ਜਿਸ ਢੰਗ ਨਾਲ ਇਹ ਚਰਚਾ ਇਸ ਕਿਤਾਬ ਵਿਚ ਹੋਈ ਹੈ, ਉਸ ਤੋਂ ਜਿਹੜੇ ਸਵਾਲ ਉੱਭਰਦੇ ਹਨ, ਉਸ ਤੋਂ ਸਬਕ ਲੈਣਾ, ਜੀਣ-ਥੀਣ ਦੀ ਚਾਹ ਰੱਖਣ ਵਾਲੇ ਹਰ ਸ਼ਖ਼ਸ ਦਾ ਫ਼ਰਜ਼ ਹੋਣਾ ਚਾਹੀਦਾ ਹੈ। ਇਸ ਕਿਤਾਬ ਦਾ ਸਬੱਬ ਭਗਤ ਸਿੰਘ ਦੀ ਜਨਮ ਸ਼ਤਾਬਦੀ ਬਣੀ ਹੈ। ਕਿਤਾਬ ਸ਼ੁਰੂ ਹੀ ਸ਼ਤਾਬਦੀ ਕਿਵੇਂ ਮਨਾਈਏ ਦੇ ਹੋਕੇ ਨਾਲ ਹੁੰਦੀ ਹੈ। ਭਗਤ ਸਿੰਘ ਜਿਸ ਸੋਚ ਦਾ ਮਾਲਕ ਸੀ ਜਾਂ ਜੋ ਕੁਝ ਉਹ ਚਾਹੁੰਦਾ ਸੀ, ਉਹ ਆਜ਼ਾਦੀ ਤੋਂ ਬਾਅਦ ਬਣੀਆਂ ਸਰਕਾਰ ਨੂੰ ਪੁੱਗਦਾ ਨਹੀਂ। ਸਰਕਾਰਾਂ ਆਏ ਸਾਲ ਖਾਨਾਪੂਰਤੀ ਕਰਦੀਆਂ ਹਨ ਪਰ ਸ਼ਤਾਬਦੀ ਮੌਕੇ ਇਨਕਲਾਬ ਪਸੰਦ ਧਿਰਾਂ ਵੱਲੋਂ ਵੀ ਕੁਝ ਖਾਸ ਨਹੀਂ ਸਰਿਆ। ਇਹ ਉਲਾਂਭਾ ਨਹੀਂ, ਹਕੀਕਤ ਹੈ। ਖਟਕੜ ਕਲਾਂ ਵਾਲੇ ਘਰ ਨਾਲ ਭਗਤ ਸਿੰਘ ਦਾ ਲਾਗਾ-ਦੇਗਾ ਉਸ ਰੂਪ ਵਿਚ ਤਾਂ ਭਾਵੇਂ ਨਹੀਂ ਬਣਦਾ ਪਰ ਉਸ ਘਰ ਦੀ ਮੂਲ ਰੂਪ ਵਿਚ ਸਾਂਭ-ਸੰਭਾਲ ਕਰਨੀ ਤਾਂ ਬਣਦੀ ਹੀ ਸੀ। ਸ਼ਤਾਬਦੀ ਜਸ਼ਨਾਂ ਮੌਕੇ ਬਾਹਰਲੀ ਕੰਧ ਢਾਹ ਕੇ ਘਰ ਨੂੰ ਉਸ ਪਾਰਕ ਦਾ ਹਿੱਸਾ ਬਣਾ ਦਿੱਤਾ ਗਿਆ ਹੈ ਜਿਸ ਉੱਤੇ ਲੱਖਾਂ ਰੁਪਏ ਲਾਏ ਗਏ ਹਨ। ਇਸ ਦੇ ਨਾਲ ਇਕ ਹੋਰ ਗੱਲ ਵੀ ਹੈ। ਉਹ ਇਹ ਕਿ ਅਸੀਂ ਸ਼ਹੀਦਾਂ/ਇਨਕਲਾਬੀਆਂ ਦੀਆਂ ਯਾਦਾਂ ਨਾ ਸੰਭਾਲਣ ਦੇ ਬੜੇ ਉਲਾਂਭੇ ਦਿੰਦੇ ਹਾਂ ਪਰ ਅਪਣੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਸ਼ਾਇਦ ਅਪਣੇ ਕੋਲ ਵਕਤ ਜਾਂ ਫਿਰ ਜੇਰਾ ਨਹੀਂ। ਇਨਕਲਾਬੀ ਸ਼ਾਇਰ ਪਾਸ਼ ਦੇ ਘਰ ਦੀ ਥਾਂ ਹੁਣ ਆਲੀਸ਼ਾਨ ਕੋਠੀ ਤੁਹਾਡਾ ਸਵਾਗਤ ਕਰਦੀ ਹੈ। ਘਰ ਦੇ ਰੂਪ ਵਿਚ ਪਾਸ਼ ਦੀ ਯਾਦ ਅਸੀਂ ਆਪ ਮਿਟਣ ਦਿੱਤੀ। ਇਸ ਦਾ ਉਲਾਂਭਾ ਕਿਸ ਨੂੰ ਦੇਈਏ? ਕੌਣ ਕੌਣ ਇਸ ਹਾਦਸੇ ਤੋਂ ਸਬਕ ਲੈਣ ਦਾ ਦਿਲ-ਗੁਰਦਾ ਰੱਖਦਾ ਹੈ?

ਚਮਨ ਲਾਲ ਨੇ ਅਚੇਤ ਕਿ ਸਚੇਤ ਇਸ ਕਿਤਾਬ ਵਿਚ ਉਰਦੂ ਦੇ ਲਫ਼ਜ਼ ਵਾਹਵਾ ਵਰਤੇ ਹਨ। ਮਸਲਨ-ਵਾਜਿਹ, ਆਮਰੀਅਤ, ਬੇ-ਜ਼ਰਰ, ਨਾਕਾਬਲ-ਏ-ਮੁਜ਼ਾਹਮਤ, ਬੇ-ਯਾਰੋ ਆਦਿ। (ਚਲੋ ਤਹਿਰੀਕ, ਮਕਾਸਿਦ, ਆਜਜ਼ੀ, ਮੁਮਕਿਨ, ਖ਼ਿਦਮਾਤ, ਹਿਫ਼ਾਜ਼ਤ ਮਸ਼ਕੂਕ, ਮੁਤਾਸਰ ਆਦਿ ਲਫ਼ਜ਼ ਤਾਂ ਸਮਝ ਆ ਜਾਂਦੇ ਹਨ) ਮੇਰੇ ਵਰਗੇ ਬਥੇਰੇ ਪਾਠਕ ਹੋਣਗੇ ਜਿਨ੍ਹਾਂ ਦਾ ਕਿਸੇ ਨਾ ਕਿਸੇ ਕਾਰਨ ਇਨ੍ਹਾਂ ਲਫ਼ਜ਼ਾਂ ਨਾਲ ਵਾਹ-ਵਾਸਤਾ ਨਹੀਂ ਪਿਆ। ਅਜਿਹੇ ਪਾਠਕ ਇਨ੍ਹਾਂ ਦੇ ਅਰਥ ਸਮਝਣ ਤੋਂ ਅਸਮਰਥ ਹਨ ਪਰ ਇਹ ਕਿਸੇ ਵੀ ਲਿਹਾਜ ਨਾਲ ਲੇਖਕ ਦਾ ਕਸੂਰ ਨਹੀਂ ਬਣਦਾ ਬਲਕਿ ਇਸ ਨਾਲ ਸਾਡੀਆਂ ਸਰਕਾਰਾਂ ਦੇ ਉਨ੍ਹਾਂ ਸੌੜੇ ਫ਼ੈਸਲਿਆਂ ਦੀ ਨਿਸ਼ਾਨਦੇਹੀ ਹੁੰਦੀ ਹੈ ਜਿਸ ਤਹਿਤ ਆਜ਼ਾਦੀ ਤੋਂ ਬਾਅਦ ਉਰਦੂ ਦੀ ਪੜ੍ਹਾਈ ਉੱਕਾ ਹੀ ਬੰਦ ਕਰ ਦਿੱਤੀ ਗਈ। ਬਾਅਦ ਵਿਚ ਜਿਸ ਤਰ੍ਹਾਂ ਉਰਦੂ ਮੁਸਲਮਾਨਾਂ ਨਾਲ, ਪੰਜਾਬੀ ਸਿੱਖਾਂ ਨਾਲ ਅਤੇ ਹਿੰਦੀ ਹਿੰਦੂਆਂ ਨਾਲ ਜੋੜੀ ਗਈ, ਇਹ ਮਸਲੇ ਮਾਨਵੀ ਵਿਕਾਸ ਦੇ ਰਾਹ ਦੇ ਰੋੜ ਬਣ ਗਏ ਹਨ ਜਿਸ ਬਾਰੇ ਭਗਤ ਸਿੰਘ ਸਭ ਤੋਂ ਵੱਧ ਫ਼ਿਕਰਮੰਦ ਸੀ। ਇਸ ਸਿਲਸਿਲੇ ਵਿਚ ਇਹ ਚਰਚਾ ਕਰਨੀ ਜ਼ਰੂਰੀ ਹੈ ਕਿ ਭਾਸ਼ਾ ਬਾਰੇ ਭਗਤ ਸਿੰਘ ਦੇ ਵਿਚਾਰਾਂ ਨੂੰ ਹੁਣ ਕੁਝ ਲੋਕਾਂ ਨੇ ਸਮੁੱਚੇ ਪ੍ਰਸੰਗ ਨਾਲੋਂ ਤੋੜ ਕੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਭਗਤ ਸਿੰਘ ਪੰਜਾਬੀ ਵਿਰੋਧੀ ਸੀ! ਇਹ ਮਸਲੇ ਅਸਲ ਵਿਚ ਸਮੇਂ ਦੀ ਸਿਆਸਤ ਨਾਲ ਜੁੜਦੇ ਹਨ।

ਇਸ ਕਿਤਾਬ ਦੀ ਖਾਸੀਅਤ ਇਸ ਵਿਚ ਸ਼ਾਮਲ ਕਿਤਾਬ ਸੂਚੀ ਹੈ ਜੋ ਭਗਤ ਸਿੰਘ ਨਾਲ ਸਬੰਧਤ ਹੈ। ਭਗਤ ਸਿੰਘ ਦੇ ਜੱਦੀ ਘਰ ਅਤੇ ਸਕੂਲ ਦੀਆਂ ਫੋਟੋਆਂ ਸ਼ਾਇਦ ਪਹਿਲੀ ਵਾਰ ਪਾਠਕਾਂ ਦੀ ਨਜ਼ਰ ਹੋਈਆਂ ਹਨ।

Blend of flavours
Party Cakes – Cupcakes – Desserts
Gluten free menu
Thai & Asian cuisine
http://www.facebook.com/Blendofflavours
tania – 780-977-4589
(take away only)

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance
Lock Smith
If:
→ Your Car is Locked
→ Your Car Need Boost
Please Call
Rental Car Available For Road Test (Dual Brake)



C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੇਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਐਂਟੀਬਾਇਓਟਿਕ ਦੇ ਅੰਨ੍ਹੇਵਾਹ ਇਸਤੇਮਾਲ ਦੇ ਖ਼ਤਰੇ



**ਅਭਿਸ਼ੇਕ ਕੁਮਾਰ ਸਿੰਘ**

ਦੋ ਸਾਲ ਪਹਿਲਾਂ ਦੇਸ਼ ਵਿਚ ਇਕ ਨਵੇਂ ਸੁਪਰ ਬੱਗ, ਐਨ.ਡੀ.ਐਮ.-1 ਨਾਲ ਜੁੜੀਆਂ ਕਈ ਖ਼ਬਰਾਂ ਆਈਆਂ ਸਨ। ਇਹ ਖੁਲਾਸਾ ਹੋਇਆ ਸੀ ਕਿ ਐਨ.ਡੀ.ਐਮ.-1 ਨਾਮਕ ਬੈਕਟੀਰੀਆ ਨੇ ਆਪਣੇ ਅੰਦਰ ਐਂਟੀਬਾਇਓਟਿਕ ਦਵਾਈਆਂ ਦੇ ਖ਼ਿਲਾਫ਼ ਪ੍ਰਤੀਰੋਧਕ ਸ਼ਕਤੀ ਵਿਕਸਤ ਕਰ ਲਈ ਹੈ। ਜਦ ਸਾਨੂੰ ਬਿਮਾਰ ਬਣਾਉਣ ਵਾਲੇ ਕਿਸੇ ਬੈਕਟੀਰੀਆ ਉਤੇ ਸਾਰੀਆਂ ਉਪਲੱਬਧ ਐਂਟੀਬਾਇਓਟਿਕ ਦਵਾਈਆਂ ਬੇਅਸਰ ਸਾਬਤ ਹੋਣ ਲੱਗਣ ਤਾਂ ਅਜਿਹੇ ਜੀਵਾਣੂਆਂ ਨੂੰ ਡਾਕਟਰ ਅਤੇ ਵਿਗਿਆਨੀ ਸੁਪਰ ਬੱਗ ਦੀ ਸ਼੍ਰੇਣੀ ਵਿਚ ਰੱਖਦੇ ਹਨ। 'ਐਨ.ਡੀ.ਐਮ.-1' ਦੇ ਮਾਮਲੇ ਤੋਂ ਇਹ ਸਾਫ਼ ਹੋ ਗਿਆ ਸੀ ਕਿ ਦੁਨੀਆ ਭਰ ਵਿਚ ਐਂਟੀਬਾਇਓਟਿਕ ਦਵਾਈਆਂ ਬੇਅਸਰ ਸਾਬਤ ਹੋਣ ਲੱਗੀਆਂ ਹਨ। ਪਰ ਏਧਰ ਹਾਲ ਹੀ ਵਿਚ ਉਤਰ ਭਾਰਤ ਵਿਚ ਜਦ ਵਾਇਰਲ ਬੁਖ਼ਾਰ ਅਤੇ ਡੇਂਗੂ ਦੇ ਸੈਂਕੜੇ ਮਾਮਲੇ ਸਾਹਮਣੇ ਆਏ ਤਾਂ ਇਕ ਵਾਰ ਫਿਰ ਡਾਕਟਰਾਂ ਨੇ ਐਂਟੀਬਾਇਓਟਿਕ ਦਵਾਈਆਂ ਦਾ ਜੰਮ ਕੇ ਇਸਤੇਮਾਲ ਕੀਤਾ। ਸਿਹਤ ਵਿਗਿਆਨੀ ਮੰਨਦੇ ਹਨ ਕਿ ਕਿਸੇ ਵਾਇਰਸ ਦੇ ਤੇਜ਼ ਪ੍ਰਸਾਰ ਦੀ ਸਮੱਸਿਆ ਦਾ ਇਕ ਸਿਰਾ ਦੁਨੀਆ ਵਿਚ ਐਂਟੀਬਾਇਓਟਿਕ ਦਵਾਈਆਂ ਦੇ ਅੱਖਾਂ ਬੰਦ ਕਰ ਕੇ ਕੀਤੇ ਇਸਤੇਮਾਲ ਨਾਲ ਜੁੜਿਆ ਹੋਇਆ ਹੈ। ਖ਼ਤਰਾ ਸਿਰਫ਼ ਐਂਟੀਬਾਇਓਟਿਕ ਦਵਾਈਆਂ ਦੇ ਬੇਅਸਰ ਸਿੱਧ ਹੋਣ ਦਾ ਹੀ ਨਹੀਂ ਹੈ ਬਲਕਿ ਜ਼ਿਆਦਾ ਵੱਡੀ ਚੁਣੌਤੀ ਇਨ੍ਹਾਂ ਦੇ ਉਲਟੇ ਅਸਰ ਦੀ ਹੈ ਭਾਵ ਲਾਭ ਦੀ ਬਜਾਏ ਇਹ ਦਵਾਈਆਂ ਨੁਕਸਾਨ ਪਹੁੰਚਾਉਣ ਲੱਗੀਆਂ ਹਨ। ਇਸ ਲਈ ਇਹ ਸਵਾਲ ਉਠਣ ਲੱਗਿਆ ਹੈ ਕਿ ਮਾਡਰਨ ਮੈਡੀਸਨ ਦਾ ਆਧਾਰ ਕਹੀਆਂ ਜਾਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਦਾ ਦੌਰ ਵਾਸਤਵ ਵਿਚ ਖ਼ਤਮ ਹੋ ਗਿਆ ਹੈ ਅਤੇ ਕੀ ਹੁਣ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਹੀ ਉਚਿਤ ਹੋਵੇਗਾ। ਆਧੁਨਿਕ ਚਿਕਿਤਸਾ ਮੰਨੀ ਜਾਣ ਵਾਲੀ ਐਲੋਪੈਥੀ ਵਿਚ ਐਂਟੀਬਾਇਓਟਿਕ ਦਵਾਈਆਂ ਦਾ ਅਤੀਤ ਸੌ ਸਾਲ ਤੋਂ ਜ਼ਿਆਦਾ ਪੁਰਾਣਾ ਨਹੀਂ ਹੈ। 1928 ਵਿਚ ਸਕਾਟਿਸ ਵਿਗਿਆਨੀ ਅਲੈਗਜ਼ੈਂਡਰ ਲੈਮਿੰਗ ਦੁਆਰਾ ਸਿਫ਼ਲਿਸ ਜਿਹੇ ਇਨਫ਼ੈਕਸ਼ਨ ਨੂੰ ਖ਼ਤਮ ਕਰਨ ਵਾਲੇ ਐਂਟੀਬਾਇਓਟਿਕ ਪੈਨਿਸਲਿਨ ਦੀ ਖੋਜ ਦੇ ਨਾਲ ਲੋਕਾਂ ਦਾ ਧਿਆਨ ਐਂਟੀਬਾਇਓਟਿਕ ਦਵਾਈਆਂ ਵੱਲ ਗਿਆ ਸੀ। ਇਸ ਦੇ ਕਾਫ਼ੀ ਸਮਾਂ ਬਾਅਦ 1942 ਵਿਚ ਜਦ ਅਮਰੀਕਨ ਮਾਈਕ੍ਰੋਬਾਇਓਲਾਜਿਸਟ ਸੇਲਮੈਨ ਵਾਕਸਮੈਨ ਨੇ ਉਨ੍ਹਾਂ ਪਦਾਰਥਾਂ ਨੂੰ, ਜਿਹੜੇ ਕਿ ਬੈਕਟੀਰੀਆ ਦਾ ਖ਼ਾਤਮਾ ਕਰਦੇ ਹਨ ਅਤੇ ਉਨ੍ਹਾਂ ਦਾ ਵਾਧਾ ਰੋਕਦੇ ਹਨ, ਐਂਟੀਬਾਇਓਟਿਕ ਦਾ ਨਾਮ ਦਿੱਤਾ, ਤਦ ਇਨ੍ਹਾਂ ਨੂੰ ਡਾਕਟਰ ਬਾਕਾਇਦਾ ਅਤੇ ਆਪਣੇ ਨੁਸਖ਼ਿਆਂ ਵਿਚ ਸੁਝਾਉਣ ਲੱਗੇ ਸਨ।

ਉਸ ਸਮੇਂ ਇਹ ਦਵਾਈਆਂ ਕਿਸੇ ਚਮਤਕਾਰ ਤੋਂ ਘੱਟ ਨਹੀਂ ਮੰਨੀਆਂ ਗਈਆਂ। ਕਿਉਂਕਿ ਅਪਰੇਸ਼ਨ ਟੇਬਲ 'ਤੇ ਪਏ ਕਈ ਮਰੀਜ਼ ਸਫ਼ਲ ਆਪਰੇਸ਼ਨ ਦੇ ਬਾਵਜੂਦ ਸਿਰਫ਼ ਇਸ ਲਈ ਮਰ ਜਾਂਦੇ ਸਨ ਕਿ ਇਸ ਦੌਰਾਨ ਉਨ੍ਹਾਂ ਨੂੰ ਕੋਈ ਨਾ ਕੋਈ ਇਨਫ਼ੈਕਸ਼ਨ ਹੋ ਜਾਂਦੀ ਸੀ। ਅਜਿਹੀ ਇਨਫ਼ੈਕਸ਼ਨ ਉਤੇ ਕਾਬੂ ਪਾਉਣ ਦਾ ਕੋਈ ਕਾਰਗਾਰ ਤਰੀਕਾ ਉਦੋਂ ਆਧੁਨਿਕ ਚਿਕਿਤਸਾ ਦੇ ਕੋਲ ਨਹੀਂ ਸੀ। ਐਂਟੀਬਾਇਓਟਿਕਸ ਨੇ ਅਜਿਹੇ ਇਨਫ਼ੈਕਸ਼ਨਾਂ ਨਾਲ ਨਿਪਟਣ ਦਾ ਤਰੀਕਾ ਸੁਝਾਇਆ। ਪਰ ਉਦੋਂ ਤੋਂ ਦੁਨੀਆ ਕਾਫ਼ੀ ਅੱਗੇ ਨਿਕਲ ਆਈ ਹੈ। ਪਰ ਇਸੇ ਦੌਰਾਨ ਪੂਰੀ ਦੁਨੀਆ ਵਿਚ ਇਹ ਪ੍ਰਚਲਨ ਹੋ ਗਿਆ ਕਿ ਲੋਕ ਆਪਣੇ ਆਪ ਤੋਂ ਵੀ ਜਿਆਦਾ ਭਰੋਸਾ ਐਂਟੀਬਾਇਓਟਿਕਸ 'ਤੇ ਕਰਨ ਲੱਗੇ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਬਿਮਾਰੀਆਂ ਦੇ ਬੈਕਟੀਰੀਆ ਵੀ ਇਨ੍ਹਾਂ ਦਵਾਈਆਂ ਦੇ ਖ਼ਿਲਾਫ਼ ਜ਼ਿਆਦਾ ਤਾਕਤਵਰ ਹੋਏ ਹਨ। ਦਵਾਈਆਂ ਦੇ ਖ਼ਿਲਾਫ਼ ਇਨਫ਼ੈਕਸ਼ਨਾਂ ਦੇ ਬੈਕਟੀਰੀਆ ਦੇ ਤਾਕਤਵਰ ਹੁੰਦੇ ਜਾਣ ਦੇ ਕੁਝ ਕਾਰਨ ਤਾਂ ਸਾਫ਼ ਦਿਖਾਈ ਦਿੰਦੇ ਹਨ। ਪਹਿਲਾ ਕਾਰਨ ਡਾਕਟਰਾਂ ਦੁਆਰਾ ਇਨ੍ਹਾਂ ਦਾ ਅੰਨ੍ਹੇਵਾਹ ਇਸਤੇਮਾਲ ਹੈ। ਇਹ ਸਭ ਡਾਕਟਰ ਦੀ ਸੀਮਿਤ ਜਾਣਕਾਰੀ ਦੀ ਵਜ੍ਹਾ ਨਾਲ ਹੋ ਸਕਦਾ ਹੈ। ਅਜਿਹਾ ਇਸ ਲਈ ਵੀ ਹੋ ਸਕਦਾ ਹੈ ਕਿ ਉਹ ਕੁਝ ਫ਼ਾਰਮਾ ਕੰਪਨੀਆਂ ਦੇ ਲਾਲਚ ਦੇ ਦਬਾਅ ਵਿਚ ਕਈ ਵਾਰ ਨਵੇਂ, ਮਹਿੰਗੇ ਅਤੇ ਜ਼ਿਆਦਾ ਤਾਕਤ ਵਾਲੇ ਐਂਟੀਬਾਇਓਟਿਕ ਆਪਣੇ ਮਰੀਜ਼ਾਂ ਨੂੰ ਸੁਝਾਉਂਦੇ ਹਨ। ਮਾਹਰ ਕਹਿੰਦੇ ਹਨ ਕਿ ਜੇਕਰ ਕਿਸੇ ਮਰੀਜ਼ ਦੀ ਬਿਮਾਰੀ ਦੀ ਸਹੀ ਜਾਂਚ ਕੀਤੇ ਬਗੈਰ ਕੋਈ ਡਾਕਟਰ 48 ਘੰਟੇ ਤਕ ਉਸ ਨੂੰ ਐਂਟੀਬਾਇਓਟਿਕ ਦਾਵਈਆਂ ਦਿੰਦਾ ਹੈ ਤਾਂ ਇਹ ਬੇਹੱਦ ਖ਼ਤਰਨਾਕ ਗੱਲ ਹੈ ਕਿਉਂਕਿ ਇਸ ਵਿਚ ਬਿਮਾਰੀ ਦਾ ਪਤਾ ਹੀ ਨਹੀਂ ਹੁੰਦਾ। ਥਾਮਸ ਹੁਸਲਰ ਨੇ ਆਪਣੀ ਕਿਤਾਬ 'ਵਾਇਰਸ ਵਰਸਜ਼ ਸੁਪਰਬੱਗਜ਼' ਵਿਚ ਅੰਕੜਾ ਦਿੱਤਾ ਹੈ ਕਿ 2005 ਵਿਚ ਅਮਰੀਕਾ ਵਿਚ 20 ਲੱਖ ਲੋਕ ਇਨਫ਼ੈਕਸ਼ਨਾਂ ਦੀ ਚਪੇਟ ਵਿਚ ਆਏ, ਜਿਨ੍ਹਾਂ ਵਿਚੋਂ 90 ਹਜ਼ਾਰ ਦੀ ਮੌਤ ਹੋ ਗਈ। ਇਹ ਐਂਟੀਬਾਇਓਟਿਕ ਦਵਾਈਆਂ ਦੀ ਅਸਫ਼ਲਤਾ ਦਾ ਸਾਫ਼ ਉਦਾਹਰਣ ਹੈ। ਤਾਂ ਕੀ ਕੀਤਾ ਜਾਵੇ? ਕੀ ਐਂਟੀਬਾਇਓਟਿਕ ਦਵਾਈਆਂ ਦੇ ਇਸਤੇਮਾਲ ਉਪਰ ਤੁਰੰਤ ਰੋਕ ਲਾ ਦਿੱਤੀ ਜਾਵੇ? ਸ਼ਾਇਦ ਅਜਿਹਾ ਕਰਨਾ ਠੀਕ ਨਹੀਂ ਹੋਵੇਗਾ ਕਿਉਂਕਿ ਅਜਿਹਾ ਕਰ ਕੇ ਅਸੀਂ ਪ੍ਰੀ-ਪੇਨਿਸਲਿਨ ਵਾਲੇ ਯੁੱਗ ਵਿਚ ਪਹੁੰਚ ਜਾਵਾਂਗੇ ਜਿਥੇ ਇਨਫ਼ੈਕਸ਼ਨ ਨਾਲ ਲੜਨ ਦੀ ਕੋਈ ਯੁਕਤੀ ਸਾਡੇ ਹੱਥਾਂ ਵਿਚ ਨਹੀਂ ਹੋਵੇਗੀ। ਇਸ ਬਾਰੇ ਵਿਚ ਵਿਗਿਆਨੀਆਂ ਦਾ ਇਕ ਸੁਝਾਅ ਹੈ ਕਿ ਹਾਈਜ਼ੀਨ ਅਰਥਾਤ ਸਫ਼ਾਈ ਨੂੰ ਇਕ ਹਥਿਆਰ ਦੇ ਰੂਪ ਵਿਚ ਅਪਣਾਇਆ ਜਾਵੇ। ਲੋਕ ਵਾਇਰਸ ਨੂੰ ਲੈ ਕੇ ਜਾਗਰੂਕ ਬਣਨ, ਹੱਥ ਧੋਣ ਨੂੰ ਲੈ ਕੇ ਸੰਜੀਦਾ ਹੋਣ ਅਤੇ ਸਿਰਫ਼ ਬੱਸ, ਦਫ਼ਤਰ ਹਸਪਤਾਲ ਵਿਚ ਹੀ ਨਹੀਂ, ਖਾਣਾ ਬਣਾਉਂਦੇ ਸਮੇਂ ਆਪਣੇ ਕਿਚਨ ਵਿਚ ਅਤੇ ਕਿਤੇ ਵੀ ਖਾਣਾ ਖਾਂਦੇ ਸਮੇਂ ਸਾਫ਼ ਸਫ਼ਾਈ ਦਾ ਪੂਰਾ ਧਿਆਨ ਰੱਖਣ। ਜਦ ਇਨਫ਼ੈਕਸ਼ਨ ਹੀ ਪੈਦਾ ਨਹੀਂ ਹੋਵੇਗੀ ਤਾਂ ਐਂਟੀਬਾਇਓਟਿਕ ਲੈਣ ਦੀ ਨੌਬਤ ਹੀ ਨਹੀਂ ਆਵੇਗੀ।




## ਪਰਵਰਿਸ਼

# ਛੋਟੀ ਉਮਰ ਤੋਂ ਬੱਚਿਆਂ ਨੂੰ ਪੈਸਿਆਂ ਦੀ ਕਦਰ ਕਰਨਾ ਸਿਖਾਓ

**ਡਾ. ਸ਼ੈਲਜਾ ਸੇਨ**



ਅੱਜ ਵੀ ਮੈਨੂੰ ਪੈਸਿਆਂ ਬਾਰੇ ਗੱਲ ਕਰਨ ਸਮੇਂ ਘਬਰਾਹਟ ਮਹਿਸੂਸ ਹੁੰਦ ਹੀ। ਮੈਂ ਕਈ ਵਾਰ ਪੈਸਿਆਂ ਦੀ ਗੁੱਥੀ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਪ੍ਰੇਸ਼ਾਨੀ ਹੀ ਹੋਈ ਹੈ। ਮੇਰੀ ਇਸ ਸਮੱਸਿਆ ਦੀਆਂ ਜੜ੍ਹਾਂ ਬਚਪਨ ਨਾਲ ਜੁੜੀਆਂ ਹਨ। ਜਦੋਂ ਮੈਂ ਛੋਟੀ ਹੁੰਦੀ ਸੀ, ਮੇਰੇ ਮਾਪੇ ਮੈਨੂੰ ਕਦੇ ਪੈਸਿਆਂ ਬਾਰੇ ਦੱਸਦੇ ਨਹੀਂ ਸਨ। ਨਤੀਜਾ ਇਹ ਹੋਇਆ ਕਿ ਪੈਸਿਆਂ ਨੂੰ ਲੈ ਕੇ ਮੇਰਾ ਭਰੋਸਾ ਘੱਟ ਹੋਣ ਲੱਗਾ। ਮਾਂ ਹੋਣ ਦੇ ਨਾਤੇ ਮੈਂ ਆਪਣੇ ਬੱਚਿਆਂ ਨਾਲ ਪੈਸਿਆਂ ਨੂੰ ਲੈ ਕੇ ਮਜ਼ਬੂਤ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਤੁਸੀਂ ਵੀ ਇਨ੍ਹਾਂ ਤਰੀਕਿਆਂ ਨਾਲ ਬੱਚਿਆਂ ਨੂੰ ਪੈਸਿਆਂ ਦੀ ਅਹਿਮੀਅਤ ਸਮਝਾ ਸਕਦੇ ਹੋ।

ਪਹਿਲਾ, ਘਰ ਵਿਚ ਆਰਥਕ ਤੰਗੀ ਜਾਂ ਖ਼ਰਚ ਵੱਧ ਗਏ ਹਨ ਤਾਂ ਇਸ ਬਾਰੇ ਬੱਚਿਆਂ ਨੂੰ ਨਾ ਦੱਸੋ। ਪੈਸਿਆਂ ਦੇ ਮਾਮਲੇ ਵਿਚ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਜਿੰਨਾ ਹੀ ਦੱਸੋ। ਜਿਵੇਂ ਦਸ ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਕਹੋ ਕਿ ਜਦੋਂ ਤਕ ਕੋਈ ਚੰਗਾ ਕੰਮ ਨਹੀਂ ਮਿਲੇਗਾ ਤੁਸੀਂ ਕੰਮ ਤੋਂ ਬਰੇਕ ਲੈ ਰਹੇ ਹੋ। 11 ਤੋਂ 14 ਵਰ੍ਹਿਆਂ ਦੇ ਬੱਚੇ ਨੂੰ ਕਹੋ ਕਿ ਪੁਰਾਣੀ ਨੌਕਰੀ ਚੰਗੀ ਨਹੀਂ ਚੱਲ ਰਹੀ ਸੀ, ਇਸ ਲਈ ਆਪਣੇ ਕੰਮ ਤੋਂ ਬਰੇਕ ਲਿਆ ਹੈ। ਟੀਨਏਜ ਬੱਚੇ ਨੂੰ ਕਹੋ ਕਿ ਆਰਥਕ ਮੰਦੀ ਵਿਚ ਨੌਕਰੀ ਚਲੀ ਗਈ ਹੈ। ਮੈਂ ਕਿਸੇ ਚੰਗੀ ਨੌਕਰੀ ਦੀ ਉਡੀਕ ਕਰ ਰਹੀ ਹਾਂ। ਦੂਸਰਾ ਬੱਚੇ ਨੂੰ ਸਮਝਾਓ ਕਿ ਜ਼ਿੰਦਗੀ ਵਿਚ ਉਤਾਰ-ਚੜ੍ਹਾਅ ਲੱਗੇ ਰਹਿੰਦੇ ਹਨ। ਇਸ ਨੂੰ ਸਹੀ ਤਰੀਕੇ ਨਾਲ ਮੈਨੇਜ ਕਰਨ ਬਾਰੇ ਦੱਸੋ। ਤੀਸਰਾ, ਬੱਚੇ ਨਾਲ ਗੱਲ ਕਰਨ ਨਾਲ ਉਨ੍ਹਾਂ ਨੂੰ ਲੱਗੇਗਾ ਕਿ ਤੁਸੀਂ ਉਨ੍ਹਾਂ ਦਾ ਧਿਆਨ ਰੱਖਦੇ ਹੋ। ਵਿਸ਼ਵਾਸ ਵੀ ਕਰਦੇ ਹੋ। ਆਰਥਕ ਤੰਗੀ ਦੌਰਾਨ ਬੱਚਿਆਂ 'ਤੇ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਉਣ ਦਿਓ।

ਚੌਥਾ, ਬੱਚਿਆਂ ਨੂੰ ਸਕੂਲ ਦੇ ਦਿਨਾਂ ਤੋਂ ਪੈਸਿਆਂ ਨੂੰ ਮੈਨੇਜ ਕਰਨ ਬਾਰੇ ਸਿਖਾਓ। ਉਨ੍ਹਾਂ ਨੂੰ ਪਿੱਗੀ ਬੈਂਕ ਵਿਚ ਪੈਸੇ ਇਕੱਠ ਕਰਨ ਨੂੰ ਕਹੋ। ਬੱਚਿਆਂ ਨੂੰ ਹਿਸਾਬ ਕਰਨਾ ਆਏ ਤਾਂ ਉਨ੍ਹਾਂ ਨੂੰ ਹਰ ਹਫ਼ਤੇ ਥੋੜ੍ਹਾ ਜੇਬ ਖ਼ਰਚਾ ਦਿਓ। ਉਨ੍ਹਾਂ ਨੂੰ ਘਰ ਦੇ ਕੰਮ ਕਰ ਕੇ ਪੈਸਾ ਕਮਾਉਣ ਲਈ ਉਤਸ਼ਾਹਤ ਕਰੋ। ਜਿਵੇਂ ਕਾਰ ਧੋਣ 'ਤੇ, ਡਿਨਰ ਟੇਬਲ ਸਜਾਉਣ 'ਤੇ ਜਾਂ ਪਾਲਤੂ ਜਾਨਵਰ ਨੂੰ ਸੈਰ 'ਤੇ ਲੈ ਕੇ ਜਾਣ ਲਈ ਪੈਸੇ ਦਿਓ। ਉਨ੍ਹਾਂ ਦਾ ਬੈਂਕ ਅਕਾਉਂਟ ਖੋਲ੍ਹੋ। ਇਸ ਨਾਲ ਬੱਚਿਆਂ ਨੂੰ ਬੈਂਕਿੰਗ ਦੇ ਬੇਸਿਕ, ਸੇਵਿੰਗ ਤੇ ਇੰਟਰਸਟ ਬਾਰੇ ਪਤਾ ਚੱਲ ਸਕੇਗਾ। ਪੈਸਿਆਂ ਨੂੰ ਲੈ ਕੇ ਆਪਣੇ ਵਿਚਾਰਾਂ ਦਾ ਮੂਲੰਕਣ ਕਰੋ। ਜਿਵੇਂ ਕਿ ਤੁਸੀਂ ਖਰਚੀਲੇ ਹੋ ਜਾਂ ਪੈਸੇ ਜੋੜਨ ਵਿਚ ਯਕੀਨ ਕਰਦੇ ਹੋ।

# ਇੰਡੀਅਨ ਫ਼ਿਕਸਿੰਗ ਲੀਗ



**2009** ਸਤੰਬਰ ਵਿਚ ਪਾਕਿਸਤਾਨੀ ਸਪਿਨਰ ਦਾਨਿਸ਼ ਕਨੇਰੀਆ ਅਤੇ ਇੰਗਲੈਂਡ ਦੇ ਮਰਵੇਨ ਵੈਸਟਫੀਲਡ ਕਾਊਂਟੀ ਕ੍ਰਿਕਟ ਵਿਚ ਸਪਾਟ ਫਿਕਸਿੰਗ ਦੇ ਦੋਸ਼ੀ ਪਾਏ ਗਏ।

**2010** 29 ਅਗਸਤ ਨੂੰ ਪਾਕਿ ਕਪਤਾਨ ਸਲਮਾਨ ਬਟ, ਮੁਹੰਮਦ ਆਸਿਫ਼ ਅਤੇ ਮੁਹੰਮਦ ਆਮਿਰ ਲਾਡਰਜ਼ ਟੈਸਟ ਵਿਚ ਸਪਾਟ ਫਿਕਸਿੰਗ ਕਰਦੇ ਫੜੇ ਗਏ। ਜੇਲ੍ਹ ਜਾਣਾ ਪਿਆ।

**2012** 14 ਮਈ ਨੂੰ ਪੰਜ ਖਿਡਾਰੀ ਮੋਹਨਨੀਸ਼ ਮਿਸ਼ਰਾ, ਸ਼ਲਭ ਸ੍ਰੀਵਾਸਤਵ, ਟੀ.ਵੀ. ਸੁਧੀਂਦਰ, ਹਰਮੀਤ ਸਿੰਘ ਅਤੇ ਅਭਿਨਵ ਬਾਲੀ ਸਪਾਟ ਫਿਕਸਿੰਗ ਵਿਚ ਫਸੇ।

*ਗੰਦਾ ਹੈ ਪਰ ਧੰਦਾ ਹੈ ਇਹ। ਕ੍ਰਿਕਟ ਵਿਚ ਕੈਂਸਰ ਦੀ ਤਰ੍ਹਾਂ ਫ਼ੈਲ ਚੁੱਕਾ ਸਪਾਟ ਫਿਕਸਿੰਗ ਦਾ ਜਾਲ ਬੇਹੱਦ ਬਾਰੀਕੀ ਨਾਲ ਬੁਣਿਆ ਜਾਂਦਾ ਹੈ। ਕਿਸੇ ਵੀ ਵੱਡੇ ਬਿਜ਼ਨਸ ਦੀ ਤਰ੍ਹਾਂ ਇਸ ਦੇ ਆਪਣੇ ਨਿਯਮ ਹਨ, ਆਪਣੇ ਕਾਇਦੇ ਹਨ, ਅਤੇ ਆਪਣੀ ਸ਼ਬਦਾਵਲੀ ਹੈ। ਆਓ ਸਮਝੀਏ ਕਿਸ ਤਰ੍ਹਾਂ ਚਲਦੀ ਹੈ ਇਹ 'ਖੇਡ'।*

# ਹਰ ਗੇਂਦ ਨਾਲ ਬਦਲਦਾ ਹੈ ਰੇਟ

## ਹਾਈਟੈਕ ਨੈਟਵਰਕ ਰਾਹੀਂ ਹੁੰਦੀ ਹੈ ਕਰੋੜਾਂ ਦੀ ਖੇਡ

### ਮੋਬਾਈਲ ਹੋਇਆ ਪੁਰਾਣਾ ਹੁਣ ਲੀਜ ਲਾਈਨਾਂ ਨਾਲ ਲੱਗਦਾ ਹੈ ਸੱਟਾ

ਨਵੀਂ ਦਿੱਲੀ (ਨਦਬ) : ਕ੍ਰਿਕਟ ਵਿਚ ਸੱਟੇਬਾਜ਼ੀ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਜਿੰਨਾ ਗਲੈਮਰ ਇਸ ਖੇਡ ਨਾਲ ਜੁੜਿਆ ਹੋਇਆ ਹੈ ਓਨਾ ਹੀ ਵੱਡਾ ਗੋਰਖਧੰਦਾ ਮੈਦਾਨ ਤੋਂ ਲੈ ਕੇ ਡ੍ਰੈਸਿੰਗ ਰੂਮ ਅਤੇ ਦੁਬਈ ਤੋਂ ਲੈ ਕੇ ਦੁਨੀਆ ਦੇ ਕੋਨੇ ਕੋਨੇ ਤਕ ਚਲਦਾ ਹੈ। ਕ੍ਰਿਕਟ ਦਾ ਫਾਰਮੈਟ ਕੋਈ ਵੀ ਹੋਵੇ ਹਾਈ ਪ੍ਰੋਫ਼ਾਈਲ ਅਤੇ ਬੇਹੱਦ ਤੇਜ਼ ਤਰਾਰ ਬੁਕੀ ਹਰ ਇਕ ਗੇਂਦ ਤੋਂ ਮੁਨਾਫ਼ਾ ਕਮਾਉਣ ਦਾ ਰਸਤਾ ਜਾਣਦੇ ਹਨ। ਇਨ੍ਹਾਂ ਦੇ ਇਸ਼ਾਰਿਆਂ 'ਤੇ ਹੀ ਜਿੱਤਣ ਵਾਲੀ ਟੀਮ ਹਾਰ ਜਾਂਦੀ ਹੈ ਅਤੇ ਕਮਜ਼ੋਰ ਟੀਮ ਬਾਜ਼ੀ ਮਾਰ ਜਾਂਦੀ ਹੈ। ਜਿੱਤ ਅਤੇ ਹਾਰ ਤੈਅ ਕਰਦੇ ਹਨ, ਮੈਦਾਨ ਤੋਂ ਸੈਂਕੜੇ ਕਿਲੋਮੀਟਰ ਦੂਰ ਬੈਠੇ ਬੁਕੀ। ਇਨ੍ਹਾਂ ਦੀ ਸੈਟਿੰਗ ਐਨੀ ਮਜ਼ਬੂਤ ਹੁੰਦੀ ਹੈ ਕਿ ਸਟੇਡੀਅਮ ਦੇ ਵੀ.ਆਈ.ਪੀ. ਲਾਊਂਜ ਤੋਂ ਲੈ ਕੇ ਖਿਡਾਰੀਆਂ ਨੂੰ ਡਰਿੰਕ ਦੇਣ ਵਾਲੀ ਟੀਮ ਤਕ ਇਨ੍ਹਾਂ ਦੀ ਪਹੁੰਚ ਹੁੰਦੀ ਹੈ। ਦੁਬਈ ਤੈਅ ਕਰਦੀ ਹੈ ਕਿ ਭਾਅ ਕੀ ਖੁਲ੍ਹੇਗਾ। ਮੈਚ ਅਤੇ ਸਪਾਟ ਫਿਕਸਿੰਗ ਦੀਆਂ ਡੂੰਘੀਆਂ ਪਰਤਾਂ ਤੋਂ ਪਰਦਾ ਉਠਾਇਆ ਜੈਪੁਰ ਦੇ ਇਕ ਬੁਕੀ ਜਾਨ ਨੇ।

### ਦੁਬਈ ਵਿਚ ਹੁੰਦੀ ਹੈ ਫਿਊਚਰ ਪਲਾਨਿੰਗ

ਹਰ ਮੈਚ ਦੀ ਫਿਊਚਰ ਪਲਾਨਿੰਗ ਦੁਬਈ ਵਿਚ ਹੁੰਦੀ ਹੈ। ਇੱਥੋਂ ਭਾਅ ਖੁਲ੍ਹਦਾ ਹੈ। ਇਥੇ ਵੱਡੇ ਵੱਡੇ ਬੁਕੀ ਮਿਲਦੇ ਹਨ ਹਰ ਖਿਡਾਰੀ ਅਤੇ ਹਰ ਗੇਂਦ ਦਾ ਰੇਟ ਸੈਟ ਕੀਤਾ ਜਾਂਦਾ ਹੈ। ਰੇਟ ਇਸ ਤਰ੍ਹਾਂ ਸੈਟ ਹੁੰਦੇ ਹਨ ਕਿ ਕਿਸੇ ਫੇਰਬਦਲ ਦੀ ਸਥਿਤੀ ਵਿਚ ਉਨ੍ਹਾਂ ਨੂੰ ਬਦਲਿਆ ਜਾ ਸਕੇ। ਇਕ ਵੱਡਾ ਬੁਕੀ ਸਿਰਫ਼ ਦੂਜੇ ਵੱਡੇ ਬੁਕੀ ਨਾਲ ਹੀ ਗੱਲ ਕਰਦਾ ਹੈ। ਦੁਬਈ ਵਿਚ ਸੌਦਾ ਕੱਟਣ ਅਰਥਾਤ ਸਭ ਤੋਂ ਵੱਡੀ ਡੀਲ ਹੋਣ ਤੋਂ ਬਾਅਦ ਰੇਟ ਨੂੰ ਮੁੰਬਈ ਭੇਜਿਆ ਜਾਂਦਾ ਹੈ। ਮੁੰਬਈ ਤੋਂ ਭਾਅ ਦਿੱਲੀ ਆਉਂਦਾ ਹੈ ਅਤੇ ਉਸ ਤੋਂ ਵੱਡੇ ਬੁਕੀ ਦੇ ਨੈਟਵਰਕ ਨਾਲ ਜੁੜੇ ਲੋਕ ਹਰ ਥਾਂ ਇਹ ਭਾਅ ਪਹੁੰਚਾ ਦਿੰਦੇ ਹਨ। ਟੀਮ ਦੀ ਜਿੱਤ 'ਤੇ ਭਾਅ ਕੱਟਣਾ ਅਤੇ ਟੀਮ ਦੀ ਹਾਰ 'ਤੇ ਪੈਸਾ ਲਾਉਣ ਨੂੰ ਭਾਅ ਖਾ ਜਾਣਾ ਕਿਹਾ ਜਾਂਦਾ ਹੈ। ਰੇਟ ਸੈਟ ਹੋਣ ਦੌਰਾਨ ਕਾਲ ਰਿਕਾਰਡਿੰਗ ਸਾਫਟਵੇਅਰ ਦੀ ਵਰਤੋਂ ਵੀ ਹੁੰਦੀ ਹੈ ਤਾਂਕਿ ਸੌਦਾ ਵਿਗੜਨ ਦੀ ਹਾਲਤ ਵਿਚ ਕੀ ਚੀਜ਼ ਤੈਅ ਹੋਈ ਇਹ ਜਾਣਿਆ ਜਾ ਸਕੇ।

### ਸਟੇਡੀਅਮ ਵਿਚ ਬੁਕੀ ਨੈਟਵਰਕ

ਰੇਟ ਸੈਟ ਹੋਣ ਤੋਂ ਬਾਅਦ ਫਿਕਸਿੰਗ ਦੇ ਧੰਦੇ ਦੇ ਆਗੂਆਂ ਦਾ ਨੈਟਵਰਕ ਉਸ ਸਟੇਡੀਅਮ ਵਿਚ ਮੌਜੂਦ ਹੁੰਦਾ ਹੈ ਜਿਥੇ ਮੈਚ ਖੇਡੇ ਜਾਂਦੇ ਹਨ। ਨੈਟਵਰਕ ਦੇ ਲੋਕ ਵੀ.ਆਈ.ਪੀ. ਲਾਊਂਜ ਤੋਂ ਲੈ ਡਰਿੰਕਸ ਦੇਣ ਵਾਲੀ ਟੀਮ ਅਤੇ ਡ੍ਰੈਸਿੰਗ ਰੂਮ ਤਕ ਮੌਜੂਦ ਹੁੰਦੇ ਹਨ। ਮੈਚ ਦੇਖਣ ਵਾਲਾ ਏਜੰਟ ਹਰ ਇਕ ਗੇਂਦ ਦਾ ਹਿਸਾਬ ਆਪਣੇ ਉਪਰਲੇ ਦਲਾਲ ਨੂੰ ਮੁਹੱਈਆ ਕਰਵਾਉਂਦਾ ਹੈ। ਹਰ ਗੇਂਦ ਦੇ ਨਾਲ ਰੇਟ ਵੀ ਬਦਲ ਜਾਂਦਾ ਹੈ। ਇਸ ਏਜੰਟ ਨੂੰ ਵੀ.ਆਈ.ਪੀ. ਲਾਊਂਜ ਵਰਗੀਆਂ ਥਾਵਾਂ 'ਤੇ ਸੈਟ ਕੀਤਾ ਜਾਂਦਾ ਹੈ, ਜਿਥੇ ਹਾਈ ਪ੍ਰੋਫ਼ਾਈਲ ਲੋਕ ਬੈਠਦੇ ਹਨ ਅਤੇ ਸੁਰੱਖਿਆ ਮੁਲਾਜ਼ਮਾਂ ਦੀ ਦਖ਼ਲਅੰਦਾਜ਼ੀ ਨਾਂਹ ਦੇ ਬਰਾਬਰ ਹੁੰਦੀ ਹੈ। ਇਹ ਸਿੱਧਾ ਕਾਲ ਕੰਨੈਕਟ ਕਰ ਕੇ ਲਾਈਵ ਸਕੋਰ ਦੱਸਦਾ ਹੈ।

### ਟਾਈਮ ਆਊਟ ਦੌਰਾਨ ਸਪਾਟ ਫਿਕਸਿੰਗ

ਟਾਈਮ ਆਊਟ ਜਾਂ ਬਰੇਕ ਦੌਰਾਨ ਫਿਕਸਿੰਗ ਵਿਚ ਸ਼ਾਮਲ ਖਿਡਾਰੀਆਂ ਨੂੰ ਬੁਕੀ ਦੇ ਬੰਦੇ ਦੱਸਦੇ ਹਨ ਕਿ ਮੈਚ ਵਿਚ ਕੋਈ ਫੇਰਬਦਲ ਹੋਣ ਦੀ ਜਾਣਕਾਰੀ ਦਿੰਦੇ ਹਨ। ਫਿਰ ਮੈਚ ਵਿਚ ਖਿਡਾਰੀ ਬੁਕੀ ਦੀ ਜਾਣਕਾਰੀ ਦੇ ਮੁਤਾਬਕ ਪ੍ਰਦਰਸ਼ਨ ਕਰਦੇ ਹਨ। ਇਕ ਖਿਡਾਰੀ ਫਿਕਸਿੰਗ ਵਿਚ ਸ਼ਾਮਲ ਖਿਡਾਰੀਆਂ ਨੂੰ ਇਸ਼ਾਰੇ ਰਾਹੀਂ ਅਪਡੇਟ ਕਰਦਾ ਹੈ। ਕਿਸੇ ਟੀਮ ਦੀ ਜਿੱਤ 'ਤੇ ਜੇਕਰ ਜ਼ਿਆਦਾ ਪੈਸਾ ਲੱਗਾ ਹੋਵੇ ਅਤੇ ਉਹ ਖ਼ਰਾਬ ਪ੍ਰਦਰਸ਼ਨ ਕਰ ਰਹੀ ਹੈ ਤਾਂ ਉਸ ਨੂੰ ਸਪਾਟ ਫਿਕਸਿੰਗ ਰਾਹੀਂ ਜਿਤਾਇਆ ਜਾਂਦਾ ਹੈ। ਬੁਕੀ ਜਿੱਤ ਅਤੇ ਹਾਰ ਦੋਵਾਂ 'ਤੇ ਪੈਸਾ ਲਾਉਂਦੇ ਹਨ।



### ਪੂਰੀ ਖੇਡ ਵਿਚ ਹਾਈਟੈਕ ਨੈਟਵਰਕ ਦੀ ਵਰਤੋਂ

ਵੱਡੇ ਬੁਕੀ ਮੋਬਾਈਲ ਦਾ ਘੱਟ ਤੇ ਹਾਈ ਸਪੀਡ ਇੰਟਰਨੈਟ ਲੀਜ ਲਾਈਨਾਂ ਦੀ ਵਰਤੋਂ ਜ਼ਿਆਦਾ ਕਰਦੇ ਹਨ। ਜ਼ਿਆਦਾਤਰ ਪੰਟਰ (ਘੱਟ ਕੀਮਤ ਦਾ ਸੱਟਾ ਖੇਡਣ ਵਾਲੇ ਲੋਕ) ਹੀ ਛੋਟੇ ਬੁਕੀ ਨਾਲ ਮੋਬਾਈਲ 'ਤੇ ਸੰਪਰਕ ਕਰਦੇ ਹਨ। ਦੂਜੇ ਦੇਸ਼ਾਂ ਤੋਂ ਇੰਟਰਨੈਟ ਰਾਹੀਂ ਵੱਡੇ ਬੁਕੀ ਹੀ ਅਪਰੇਟ ਕਰਦੇ ਹਨ। ਇਨ੍ਹਾਂ ਰਾਹੀਂ ਵਿਦੇਸ਼ਾਂ ਵਿਚ ਹੋਣ ਵਾਲੇ ਮੈਚ ਦੀ ਤਾਜ਼ਾ ਜਾਣਕਾਰੀ ਬਿਨਾ ਕਿਸੇ ਦੇਰੀ ਦੇ ਦੂਜੇ ਬੁਕੀਆਂ ਤਕ ਪਹੁੰਚਾਈ ਜਾਂਦੀ ਹੈ। ਇਸ ਦੀ ਵਰਤੋਂ ਦੇ ਛੋਟੇ ਅਤੇ ਮੱਧਮ ਦਰਜੇ ਦੇ ਬੁਕੀਆਂ ਨੂੰ ਕਾਫ਼ੀ ਫੀਸ ਦੇਣੀ ਪੈਂਦੀ ਹੈ। ਇਨ੍ਹਾਂ ਬੁਕੀਆਂ ਨਾਲ ਪੰਟਰ ਜੁੜੇ ਹੁੰਦੇ ਹਨ ਜਿਹੜਾ ਇਨ੍ਹਾਂ ਕੋਲ ਸੱਟਾ ਖੇਡਦੇ ਹਨ। ਪੰਟਰ ਵੀ ਹਾਰ-ਜਿੱਤ ਦੋਵਾਂ 'ਤੇ ਸੱਟਾ ਖੇਡਦੇ ਹਨ। ਇਸ ਨੂੰ ਕਮਲ ਕੱਟਣਾ ਕਹਿੰਦੇ ਹਨ।

### ਆਈ.ਪੀ.ਐਲ. ਆਸਾਨ ਸ਼ਿਕਾਰ

- ਕ੍ਰਿਕਟ ਦਾ ਫਟਾਫਟ ਢਾਂਚਾ ਦਰਸ਼ਕਾਂ ਨੂੰ ਹੀ ਨਹੀਂ ਬਲਕਿ ਸਟੋਰੀਆਂ ਦਾ ਵੀ ਪਸੰਦੀਦਾ ਹੈ।
- ਆਈ.ਸੀ.ਸੀ. ਦੀ ਭੂਮਿਕਾ ਨਾ ਹੋਣ ਕਾਰਨ ਫਸਣ ਦੀ ਸੰਭਾਵਨਾ ਘੱਟ ਹੁੰਦੀ ਹੈ।
- ਪ੍ਰਬੰਧਕਾਂ ਦੀ ਭੀੜ ਵਿਚ ਫ੍ਰੈਂਚਾਇਜ਼ੀ ਦਾ ਖਿਡਾਰੀਆਂ ਨਾਲ ਸੰਪਰਕ ਕਰਨਾ ਸੌਖਾ
- ਲੀਗ ਵਿਚ ਅਜਿਹੇ ਕਈ ਖਿਡਾਰੀ ਹਨ, ਜਿਨ੍ਹਾਂ ਨੂੰ ਪਹਿਲੀ ਸ਼੍ਰੇਣੀ ਜਾਂ ਕੌਮਾਂਤਰੀ ਕ੍ਰਿਕਟ ਦਾ ਅਨੁਭਵ ਨਹੀਂ ਹੈ। ਅਜਿਹੇ ਖਿਡਾਰੀ ਛੇਤੀ ਹੀ ਲਾਲਚ ਵਿਚ ਆ ਜਾਂਦੇ ਹਨ।
- ਆਈ.ਪੀ.ਐਲ. ਦੀ ਚਕਾਚੌਂਧ ਵਿਚ ਨੌਜਵਾਨਾਂ ਦੇ ਭਟਕਣ ਲੱਗਿਆਂ ਦੇਰ ਨਹੀਂ ਲੱਗਦੀ।
- ਮੈਚ ਤੋਂ ਬਾਅਦ ਹੋਣ ਵਾਲੀ ਪਾਰਟੀ ਵੀ ਸੱਟੇਬਾਜ਼ਾਂ ਦੇ ਲਈ ਕ੍ਰਿਕਟਰਾਂ ਨਾਲ ਸੰਪਰਕ ਬਣਾਉਣ ਦਾ ਚੰਗਾ ਰਸਤਾ ਹੈ।

### ਕੀ ਹੈ ਸਪਾਟ ਫਿਕਸਿੰਗ

ਕ੍ਰਿਕਟ ਵਿਚ ਸਪਾਟ ਫਿਕਸਿੰਗ ਬਹੁਤ ਪੁਰਾਣੀ ਨਹੀਂ ਹੈ। ਮੈਚ ਫਿਕਸਿੰਗ ਦੇ ਬਹੁਤ ਬਾਅਦ ਇਸ ਦਾ ਜਨਮ ਹੋਇਆ। ਇਹ ਆਮ ਮੈਚ ਫਿਕਸਿੰਗ ਤੋਂ ਕਿਤੇ ਆਸਾਨ ਹੁੰਦੀ ਹੈ। ਸਟੋਰੀਆ ਸਪਾਟ ਫਿਕਸਿੰਗ ਦੇ ਅਧੀਨ ਕਿਸੇ ਵਿਸ਼ੇਸ਼ ਗੇਂਦਬਾਜ਼ ਜਾਂ ਬੱਲੇਬਾਜ਼ ਨੂੰ ਜ਼ਰੀਆ ਬਣਾ ਕੇ ਕੋਈ ਓਵਰ ਜਾਂ ਕੁਝ ਗੇਂਦਾਂ ਜਾਂ ਫਿਰ ਮੈਚ ਦਾ ਕੋਈ ਅਹਿਮ ਹਿੱਸਾ ਫਿਕਸ ਕਰਵਾਉਂਦੇ ਹਨ। ਗੇਂਦਬਾਜ਼ ਨੂੰ ਇਕ ਓਵਰ ਵਿਚ ਨਿਰਧਾਰਤ ਦੌੜਾਂ ਦੇਣੀਆਂ ਹੁੰਦੀਆਂ ਹਨ ਜਾਂ ਫਿਰ ਨੋ ਬਾਲ, ਵਾਈਡ ਬਾਲ ਤੇ ਜਾਂ ਫਿਰ ਫੁੱਲ ਟਾਸ ਗੇਂਦ ਸੁੱਟਣੀ ਹੁੰਦੀ ਹੈ। ਜਿਥੇ ਤਕ ਰਹੀ ਗੱਲ ਬੱਲੇਬਾਜ਼ ਦੀ, ਤਾਂ ਉਹ ਆਊਟ ਹੋਣ ਦੀ ਫਿਕਸਿੰਗ ਕਰਦਾ ਹੈ ਜਾਂ ਕਿਸੇ ਗੇਂਦ 'ਤੇ ਸਕੋਰ ਨਾ ਬਣਾਉਣ ਦੀ ਸੈਟਿੰਗ ਕਰਦਾ ਹੈ। ਬੱਲੇਬਾਜ਼ ਪਹਿਲਾਂ ਤੋਂ ਹੀ ਤੈਅ ਗੇਂਦਾਂ 'ਤੇ ਆਊਟ ਹੁੰਦਾ ਹੈ। ਇਸ ਨਾਲ ਟੀਮ ਨੂੰ ਤਾਂ ਨੁਕਸਾਨ ਹੀ ਹੁੰਦਾ ਹੈ ਪਰ ਖਿਡਾਰੀਆਂ ਦੀ ਜੇਬਾਂ ਭਾਰੀ ਹੋ ਜਾਂਦੀਆਂ ਹਨ। ਟੀ-20 ਫ਼ਾਰਮੇਟ ਸਪਾਟ ਫਿਕਸਿੰਗ ਲਈ ਸਭ ਤੋਂ ਚੰਗਾ ਮੰਨਿਆ ਜਾ ਰਿਹਾ ਹੈ।

### ਰਾਜਸਥਾਨ ਦਾ ਸਾਬਕਾ ਖਿਡਾਰੀ ਮਾਸਟਰਮਾਂਈਡ

ਨਵੀਂ ਦਿੱਲੀ (ਨਦਬ) : ਰਾਜਸਥਾਨ ਰਾਇਲਜ਼ ਦਾ ਇਕ ਸਾਬਕਾ ਖਿਡਾਰੀ ਹੀ ਇਸ ਸਪਾਟ ਫਿਕਸਿੰਗ ਰੈਕੇਟ ਦਾ ਮਾਸਟਰਮਾਂਈਡ ਦੱਸਿਆ ਜਾ ਰਿਹਾ ਹੈ। ਇਹ ਖਿਡਾਰੀ ਆਈ.ਪੀ.ਐਲ. ਵਿਚ ਪਿਛਲੇ ਸੀਜ਼ਨ ਤਕ ਕਈ ਮੈਚ ਖੇਡ ਚੁੱਕਾ ਹੈ। ਇਸ ਵਾਰ ਉਸ ਦੀ ਟੀਮ ਵਿਚ ਚੋਣ ਨਹੀਂ ਹੋਈ ਤਾਂ ਉਹ ਸੱਟੇਬਾਜ਼ਾਂ ਨਾਲ ਸੰਪਰਕ ਕਰ ਕੇ ਸਪਾਟ ਫਿਕਸਿੰਗ ਕਰਵਾਉਣ ਲੱਗਾ। ਦਿੱਲੀ ਪੁਲੀਸ ਦੇ ਸੂਤਰਾਂ ਨੇ ਦਾਅਵਾ ਕੀਤਾ ਕਿ ਪੱਛਮੀ ਭਾਰਤ ਵਲੋਂ ਖੇਡਣ ਵਾਲੇ ਕ੍ਰਿਕਟਰ ਅਮਿਤ ਰਾਹੀਂ ਹੀ ਇਸ ਫਿਕਸਿੰਗ ਰੈਕੇਟ ਦਾ ਪਰਦਾਫ਼ਾਸ਼ ਹੋਇਆ ਹੈ। ਦਾਅਵਾ ਇਹ ਵੀ ਹੈ ਕਿ ਇਸ ਕ੍ਰਿਕਟਰ ਨੂੰ ਵੀ ਫੜਿਆ ਗਿਆ ਹੈ। ਦਿੱਲੀ ਪੁਲੀਸ ਦੇ ਸੂਤਰਾਂ ਮੁਤਾਬਕ ਇਸ ਕ੍ਰਿਕਟਰ ਨੇ ਹੀ ਸ੍ਰੀਸੰਤ, ਅਜੀਤ ਅਤੇ ਅੰਕਿਤ ਨੂੰ ਬੁਕੀਜ਼ ਨਾਲ ਮਿਲਵਾਇਆ ਸੀ। ਉਹ ਰਾਜਸਥਾਨ ਰਾਇਲਜ਼ ਸਮੇਤ ਆਈ.ਪੀ.ਐਲ. ਦੀਆਂ ਟੀਮਾਂ ਦੇ ਨਾਲ ਵੀ ਜੁੜਿਆ ਹੋਇਆ ਸੀ। ਇਸ ਦਾ ਫੋਨ ਪੁਲੀਸ ਨੇ ਸਭ ਤੋਂ ਪਹਿਲਾਂ ਸਰਵੀਲਾਂਸ 'ਤੇ ਲਾਇਆ ਸੀ। ਸਪੈਸ਼ਲ ਸੈਲ ਦੀ ਟੀਮ ਨੇ ਅਪ੍ਰੈਲ ਮਹੀਨੇ ਦੀ ਸ਼ੁਰੂਆਤ ਵਿਚ ਹੀ ਤਕਰੀਬਨ 50 ਤੋਂ ਜ਼ਿਆਦਾ ਮੋਬਾਈਲ ਫ਼ੋਨਾਂ ਨੂੰ ਸਰਵੀਲਾਂਸ 'ਤੇ ਲਿਆ ਸੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਪੁਲੀਸ ਫਿਕਸਿੰਗ ਤੋਂ ਬਾਅਦ ਇਸ ਰੈਕੇਟ ਦਾ ਪੰਜ ਮਈ ਨੂੰ ਜੈਪੁਰ ਵਿਚ ਪਰਦਾਫਾਸ਼ ਕਰਨਾ ਚਾਹੁੰਦੀ ਸੀ। ਤਕਰੀਬਨ ਦੋ ਦਰਜਨ ਪੁਲੀਸ ਮੁਲਾਜ਼ਮਾਂ ਨੇ ਸਟੇਡੀਅਮ ਅਤੇ ਜੈਪੁਰ ਦੇ ਹੋਟਲਾਂ ਵਿਚ ਜਾਲ ਵਿਛਾ ਦਿੱਤਾ ਸੀ ਪਰ ਉਦੋਂ ਪੁਲੀਸ ਕ੍ਰਿਕਟਰ ਅਤੇ ਬੁਕੀਜ਼ ਦੀ ਚੰਗੀ ਤਰ੍ਹਾਂ ਪਛਾਣ ਨਹੀਂ ਕਰ ਸਕੀ ਸੀ। ਦੂਜਾ ਇਸ ਮੈਚ ਵਿਚ ਫੋਨ ਟੈਪਿੰਗ ਦੇ ਅਨੁਸਾਰ, ਖਿਡਾਰੀ ਅਜੀਤ ਨੇ ਸਿਗਨਲ ਨਹੀਂ ਦਿਖਾਇਆ ਸੀ।

**ਸਟੋਰੀਆਂ ਨੂੰ ਲੜਕੀਆਂ ਸਪਲਾਈ ਕਰਦਾ ਸੀ ਵਿੰਦੂ :** ਆਈ.ਪੀ.ਐਲ. ਸਪਾਟ ਫ਼ਿਕਸਿੰਗ ਦੀ ਜਾਂਚ ਵਿਚ ਲੱਗੀ ਪੁਲੀਸ ਨੂੰ ਰੋਜ਼ ਨਵੀਆਂ ਗੱਲਾਂ ਪਤਾ ਲੱਗ ਰਹੀਆਂ ਹਨ। ਅਦਾਕਾਰ ਵਿੰਦੂ ਦਾਰਾ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਉਹ ਸਟੀਕ ਜਾਣਕਾਰੀ ਇਕੱਠੀ ਕਰਨ ਲਈ ਸਟੋਰੀਆਂ ਨੂੰ ਲੜਕੀਆਂ ਵੀ ਸਪਲਾਈ ਕਰਦਾ ਸੀ। ਇਹ ਲੜਕੀਆਂ ਮਾਡਲ ਹੁੰਦੀਆਂ ਸਨ। ਪੁਲੀਸ ਪਤਾ ਕਰ ਰਹੀ ਹੈ ਕਿ ਕੀ ਉਹ ਕ੍ਰਿਕਟਰਾਂ ਨੂੰ ਵੀ ਲੜਕੀਆਂ ਸਪਲਾਈ ਕਰਦਾ ਸੀ। ਪੁਲੀਸ ਨੂੰ ਵਿੰਦੂ ਦੇ ਟਿਕਾਣਿਆਂ ਵਿਚੋਂ ਕਈ ਕ੍ਰਿਕਟਰਾਂ ਨਾਲ ਫ਼ੋਟੋਆਂ ਮਿਲੀਆਂ ਹਨ। ਉਹ ਜੈਕ ਦੇ ਨਾਲ ਪਛਾਣਿਆ ਜਾਂਦਾ ਸੀ।

### ਬੀ.ਸੀ.ਸੀ.ਆਈ. ਦਾ ਐਂਟੀ ਕੁਰੱਪਸ਼ਨ ਤੰਤਰ ਫੇਲ੍ਹ

ਨਵੀਂ ਦਿੱਲੀ : ਮੁੰਬਈ ਦੀਆਂ ਸੜਕਾਂ 'ਤੇ ਰਾਤ ਦੇ ਦੋ ਤੋਂ ਢਾਈ ਵਜੇ ਦਾ ਸਮਾਂ ਸੀ। ਮੈਚ ਤੋਂ ਬਾਅਦ ਕਿਸੇ ਖਿਡਾਰੀ ਲਈ ਇਹ ਸਮਾਂ ਟੀਮ ਹੋਟਲ ਵਿਚ ਸੌਣ ਦਾ ਮੰਨਿਆ ਜਾਂਦਾ ਹੈ। ਪਰ ਸ੍ਰੀਸੰਤ, ਅੰਕਿਤ ਚੌਹਾਨ ਅਤੇ ਅਜੀਤ ਚੰਦੀਲਾ ਤਿੰਨੇ ਹੀ ਆਪਣੇ ਟੀਮ ਹੋਟਲ ਵਿਚ ਨਹੀਂ ਬਲਕਿ ਬਾਹਰ ਸਨ। ਇਥੋਂ ਹੀ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਸਪਾਟ ਫਿਕਸਿੰਗ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ। ਸਪਾਟ ਫਿਕਸਿੰਗ ਦੇ ਇਸ ਖੁਲਾਸੇ ਤੋਂ ਬਾਅਦ ਬੋਰਡ ਦੀ ਐਂਟੀ ਕੁਰੱਪਸ਼ਨ ਯੂਨਿਟ ਨਾ ਸਿਰਫ਼ ਆਈ.ਪੀ.ਐਲ. ਵਿਚ ਫੇਲ੍ਹ ਹੋਈ ਹੈ ਬਲਕਿ ਫਿਕਸਿੰਗ ਦਾ ਮੱਕੜਜਾਲ ਬੀ.ਸੀ.ਸੀ.ਆਈ. ਲਈ ਮੁਸੀਬਤ ਬਣ ਗਿਆ ਹੈ। ਬੋਰਡ ਵੀ ਇਸ ਮਾਮਲੇ ਤੋਂ ਬਾਅਦ ਹੁਣ ਸਖ਼ਤ ਕਦਮ ਚੁੱਕਣ ਦੀ ਗੱਲ ਕਰ ਰਿਹਾ ਹੈ। ਬੀ.ਸੀ.ਸੀ.ਆਈ. ਪ੍ਰਧਾਨ ਐਨ. ਸ੍ਰੀਨਿਵਾਸਨ ਦਾ ਕਹਿਣਾ ਹੈ ਕਿ ਇਹ ਸਮਾਂ ਸਮੀਖਿਆਵਾਂ ਦਾ ਹੈ। ਇਹ ਸਭ ਕੁਝ ਰੋਕਣ ਲਈ ਹੋਰ ਕੀ ਹੋ ਸਕਦਾ ਹੈ, ਇਸ 'ਤੇ ਕੰਮ ਕੀਤਾ ਜਾਵੇਗਾ। ਆਈ.ਪੀ.ਐਲ. ਟੀਮਾਂ ਦੀ ਕਮਾਨ ਉਨ੍ਹਾਂ ਦੇ ਫ੍ਰੈਂਚਾਇਜ਼ੀ ਮਾਲਕਾਂ ਦੇ ਹੱਥਾਂ ਵਿਚ ਹੁੰਦੀ ਹੈ। ਮੈਚ ਦੌਰਾਨ ਆਈ.ਪੀ.ਐਲ. ਵਿਚ ਵੀ ਅੱਧੀ-ਅੱਧੀ ਰਾਤ ਤਕ ਪਾਰਟੀਆਂ ਚਲਦੀਆਂ ਹਨ ਜੋ ਕਿ ਆਈ.ਸੀ.ਸੀ. ਅਤੇ ਬੀ.ਸੀ.ਸੀ.ਆਈ. ਦੋਵਾਂ ਦੀ ਐਂਟੀ ਕੁਰੱਪਸ਼ਨ ਗਾਈਡਲਾਈਨਜ਼ ਦੇ ਵਿਰੁੱਧ ਹੈ।




# ਗਵਾਚੀ ਖ਼ੁਸ਼ੀ



ਮੰਗਤ ਰਾਮ ਪਾਸਲਾ
+91-98141-82998

*ਮੰਗਤ ਰਾਮ ਪਾਸਲਾ ਸੀ.ਪੀ.ਐਮ. (ਪੰਜਾਬ) ਦੇ ਜਨਰਲ ਸਕੱਤਰ ਵਜੋਂ ਇਕ ਆਦਰਸ਼ ਕਮਿਊਨਿਸਟ ਦੇ ਤੌਰ 'ਤੇ ਜਾਣੇ ਜਾਂਦੇ ਹਨ। ਇਨ੍ਹੀ ਦਿਨੀਂ ਉਨ੍ਹਾਂ ਜਨਤਕ ਜੀਵਨ ਵਿਚ ਵਿਚਰਦਿਆਂ ਜੋ ਮਹਿਸੂਸ ਕੀਤਾ ਹੈ, ਉਸ ਨੂੰ ਸਾਹਿਤਕ ਅੰਦਾਜ਼ 'ਚ ਅਖਰਾਂ 'ਚ ਪਰੋਣਾ ਸ਼ੁਰੂ ਕੀਤਾ ਹੈ। ਸਾਹਿਤਕ ਰਸਾਲੇ 'ਸੀਰਤ' ਦੀ ਉਚੇਚੀ ਬੇਨਤੀ 'ਤੇ ਉਨ੍ਹਾਂ ਕੁਝ ਵਾਰਤਕ ਟੋਟੇ ਲਿਖੇ ਹਨ। ਜਿਸ ਤੋਂ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦਾ ਜੀਵਨ ਅਨੁਭਵ ਕਿਸ ਪੱਧਰ ਦਾ ਹੈ। 'ਨਵੀਂ ਦੁਨੀਆ' 'ਸੀਰਤ' ਤੋਂ ਧੰਨਵਾਦ ਸਹਿਤ ਇਹ ਵਾਰਤਕ ਟੋਟਾ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। - ਸੰਪਾਦਕ*

ਜਿਹੜੀ ਦਾਲ, ਰੋਟੀ ਰਾਤੀਂ ਸੰਘ ਵਿਚੋਂ ਹੇਠਾਂ ਨਹੀਂ ਸੀ ਉਤਰਦੀ, ਉਹ ਸਵੇਰੇ ਕਿਵੇਂ ਸੁਆਦੀ ਬਣ ਗਈ, ਇਹ ਗਲ ਸਮਝ ਨਹੀਂ ਸੀ ਪੈ ਰਹੀ ਮੈਨੂੰ? ਮੇਰੇ ਦੋਸਤ, ਗਾਮੇ ਦੀ ਪਤਨੀ ਨੇ ਬੜੇ ਹੀ ਸ਼ਰਧਾ ਨਾਲ ਰਾਤ ਦਾ ਭੋਜਨ ਤਿਆਰ ਕੀਤਾ ਸੀ। ਦਾਲ, ਸਬਜ਼ੀ, ਪਿਆਜ਼ ਦਾ ਸਲਾਦ, ਅਚਾਰ, ਜੋ ਵੀ ਘਰ ਵਿਚ ਸੰਭਵ ਸੀ ਮੈਨੂੰ ਤੇ ਮੇਰੇ ਮਿੱਤਰ ਗਾਮੇ ਨੂੰ ਰਾਤੀਂ ਪ੍ਰੋਸਿਆ ਗਿਆ। ਪ੍ਰੰਤੂ ਮੈਂ ਜਦੋਂ ਵੀ ਗ੍ਰਾਹੀ ਮੂੰਹ ਵਿਚ ਪਾਉਣ ਲੱਗਾਂ, ਫੂਲ ਕੇ ਬਾਹਰ ਵੱਲ ਨੂੰ ਏਦਾਂ ਵਾਪਸ ਆਵੇ ਜਿਵੇਂ ਭਾਰ ਤੋਲਣ ਵਾਲੀ ਮਸ਼ੀਨ ਵਿਚ ਲੋੜੀਂਦੇ ਸਿੱਕੇ ਨਾਲੋਂ ਪਾਇਆ ਛੋਟਾ ਸਿੱਕਾ ਭੁੜਕ ਕੇ ਬਾਹਰ ਨੂੰ ਵਾਪਸ ਆਉਂਦਾ ਹੈ। ਮਿੱਤਰ ਪਰਿਵਾਰ ਦੀ ਮੁਹੱਬਤ ਦੇਖ ਕੇ ਮਨ ਤਾਂ ਕਰਦਾ ਸੀ ਕਿ ਸਾਰਾ ਕੁਝ ਝਬਦੇ ਹੀ ਖਾ ਜਾਵਾਂ। ਭੁੱਖ ਵੀ ਤਾਂ ਲੱਗੀ ਹੋਈ ਸੀ। ਪ੍ਰੰਤੂ ਇਸ ਕੰਮ ਲਈ ਦਿਮਾਗੀ ਅਵਸਥਾ ਸਾਥ ਨਹੀਂ ਸੀ ਦੇ ਰਹੀ। ਦੋਸਤ ਦੀ ਪਤਨੀ ਵਾਰ ਵਾਰ ਹੋਰ ਦਾਲ ਸਬਜ਼ੀ ਲਿਆ ਕੇ ਚੰਗੇ ਪ੍ਰਹੁਣਚਾਰੀ ਹੋਣ ਦਾ ਸਬੂਤ ਦੇ ਰਹੀ ਸੀ, ਪ੍ਰੰਤੂ ਮੈਂ 'ਬੱਸ ਜੀ' ਉਪਰ ਅੜਿਆ ਬੈਠਾ ਸਾਂ। ਅੱਧ ਪਚੱਧਾ ਖਾ ਕੇ ਸੌਂ ਗਿਆ ਸਾਂ ਰਾਤੀਂ। ਰਾਤ ਨੂੰ ਮੈਨੂੰ ਨੀਂਦ ਵੀ ਪੂਰੀ ਨਹੀਂ ਸੀ ਆਈ। ਮਨ ਦੀ ਭਟਕਣ ਤੇ ਵਿਆਕੁਲਤਾ ਨੀਂਦ ਦੀਆਂ ਦੁਸ਼ਮਣ ਦੱਸੀ ਦੀਆਂ ਹਨ। ਇਵੇਂ ਹੀ ਮੇਰੇ ਨਾਲ ਵਾਪਰਿਆ।

ਪ੍ਰੰਤੂ ਸਵੇਰ ਵੇਲੇ ਦੇ ਨਾਸ਼ਤੇ ਵਿਚ ਰਾਤ ਵਾਲਾ ਮੀਨੂੰ ਮੇਰਾ 'ਮਨ ਭਾਉਂਦਾ ਖਾਜਾ' ਬਣ ਗਿਆ।

ਗੱਲ ਅਸਲ ਇੰਝ ਵਾਪਰੀ ਕਿ ਜਦੋਂ ਮੈਂ ਕੱਲ ਸ਼ਾਮ ਨੂੰ ਆਪਣੇ ਮਿੱਤਰ ਸਾਥੀ ਦੇ ਪਿੰਡ ਉਸਨੂੰ ਮਿਲਣ ਲਈ ਪੁੱਜਿਆ, ਥੋੜੀ ਦੇਰ ਬਾਦ ਕੁਝ ਬੇ ਸੁਆਦਾ ਜਿਹਾ ਵਾਪਰ ਗਿਆ ਸੀ, ਜਿਸਨੇ ਮੈਨੂੰ ਬੇਹਬਲ ਕਰ ਦਿੱਤਾ। ਗਾਮੇ ਵਲੋਂ ਮੈਨੂੰ ਕਿੰਨੇ ਚਿਰਾਂ ਤੋਂ ਪਿੰਡ ਆਉਣ ਦਾ ਸੱਦਾ ਦਿੱਤਾ ਜਾ ਰਿਹਾ ਸੀ। ਪ੍ਰੰਤੂ ਮੈਂ ਲਾਰਾ ਲੱਪਾ ਲਾਈ ਜਾਂਦਾ ਸਾਂ। ਕਿਤੇ ਗਾਮਾ ਮੇਰੇ ਨਾ ਜਾਣ ਦਾ ਬੁਰਾ ਹੀ ਨਾ ਮਨਾ ਲਵੇ ਇਸ ਡਰੋਂ ਇਕ ਦਿਨ ਮੈਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਗਾਮੇ ਦੇ ਪਿੰਡ ਰਾਤ ਠਹਿਰਨ ਦਾ ਮਨ ਬਣਾ ਲਿਆ ਸੀ। ਉਹ ਮੇਰਾ ਜਨਤਕ ਲਹਿਰ ਵਿਚ ਚੰਗਾ ਸਾਥੀ ਹੋਣ ਦੇ ਨਾਲ ਨਾਲ ਗੂੜ੍ਹਾ ਮਿੱਤਰ ਵੀ ਬਣ ਗਿਆ ਸੀ। ਅਸੀਂ ਇਕ ਦੂਸਰੇ ਨਾਲ ਸਾਰੇ ਦੁੱਖ ਸੁਖ ਸਾਂਝੇ ਕਰ ਲੈਂਦੇ ਸਾਂ। ਮੇਰੇ ਘਰ ਵੜਦਿਆਂ ਹੀ ਸਾਰੇ ਪਰਿਵਾਰ ਨੂੰ ਚਾਅ ਚੜ੍ਹ ਗਿਆ। ਦੋਨੋਂ ਮੁੰਡੇ ਅੱਗੇ ਪਿੱਛੇ ਅੰਕਲ-ਅੰਕਲ ਕਰਦੇ ਫਿਰਨ। ਗਾਮੇ ਦਾ ਬਾਪ 70ਵਿਆਂ ਨੂੰ ਢੁਕ ਚੁੱਕਾ ਸੀ। ਪ੍ਰੰਤੂ ਫੇਰ ਵੀ ਕੁਝ ਨਾ ਕੁਝ ਕਰੀ ਜਾਂਦਾ ਸੀ। ਠੇਕੇ 'ਤੇ ਜ਼ਮੀਨ ਲੈ ਕੇ ਖਾਣ ਜੋਗੇ ਦਾਣੇ ਕਰ ਲੈਂਦਾ। ਹਰ ਰੋਜ਼ ਮੱਝ ਲਈ ਪੱਠੇ ਲੈ ਆਉਂਦਾ ਤੇ ਸਾਰਾ ਦਿਨ ਇਸਦੀ ਸੇਵਾ ਸੰਭਾਲ ਕਰਦਾ। ਗਾਮੇ ਦੀ ਘਰਵਾਲੀ ਘਰ ਦਾ ਸਾਰਾ ਕੰਮਕਾਰ ਸਾਂਭੀ ਜਾਂਦੀ ਸੀ। ਦੋਨੋਂ ਮੁੰਡੇ ਅਜੇ ਨਿਆਣੇ ਸਨ। ਬਹੁਤਾ ਪੜ੍ਹਾਈ ਵਿਚ ਵੀ ਮਨ ਨਹੀਂ ਸਨ ਲਾਉਂਦੇ।

ਘਰ ਪੁਜਦਿਆਂ ਹੀ ਗਾਮੇ ਦੀ ਪਤਨੀ ਪਹਿਲਾਂ ਪਾਣੀ, ਫੇਰ ਚਾਹ ਤੇ ਨਾਲ ਗਰਮ ਪਕੌੜੇ ਲਿਆਈ। ਮੈਨੂੰ ਜਾਪਿਆ ਮੇਰੇ ਆਓ ਭਗਤ ਦੀਆਂ ਹਦਾਇਤਾਂ ਗਾਮੇ ਨੇ ਸਾਰੇ ਟੱਬਰ ਨੂੰ ਪਹਿਲਾਂ ਹੀ ਦੇ ਰੱਖੀਆਂ ਸਨ। ਉਸੇ ਵਿਧੀ ਮੁਤਾਬਕ ਸਾਰਾ ਕੰਮ ਹੋ ਰਿਹਾ ਸੀ। ਘੁਸਮੁਸਾ ਹੁੰਦੇ ਅਸੀਂ ਦੋਨੋਂ ਬਾਹਰ ਖੇਤਾਂ ਵਿਚ ਜੰਗਲ ਪਾਣੀ ਜਾਣ ਲਈ ਘਰੋਂ ਨਿਕਲੇ ਹੀ ਸਾਂ ਕਿ ਘਰ ਦੇ ਅੱਗੇ ਗਾਮੇ ਦੀ ਧਰਮ ਪਤਨੀ ਤੇ 9 ਕੁ ਸਾਲ ਦਾ ਮੁੰਡਾ ਵਿਜੇ, ਕੱਚੇ ਰਾਹ ਉਪਰ ਤੇਜ਼ੀ ਨਾਲ ਕੁਝ ਟੋਲਣ ਲੱਗੇ ਹੋਏ ਸਨ। ਸੌ ਕੁ ਗਜ਼ ਕਦੀ ਅੱਗੇ ਨੂੰ ਜਾਣ, ਕਦੇ ਫੇਰ ਪਿਛਾਂਹ ਪਰਤ ਆਉਣ। ਪ੍ਰੀਤੋ ਪੈਰਾਂ 'ਚ ਪਾਈਆਂ ਚਪਲਾਂ ਨਾਲ ਕਦੀ ਮਿੱਟੀ ਵਿਚ ਪੈਰ ਮਾਰੇ, ਕਦੇ ਰਾਹ ਵਿਚ ਪੱਥੀਆਂ ਗੋਹੇ ਦੀਆਂ ਪਾਥੀਆਂ ਨੂੰ ਪਰਾਂਹ ਹਟਾ ਕੇ ਬੇਸਬਰੀ ਨਾਲ ਕੁੱਝ ਟਟੋਲੇ। ਵਿਜੇ ਤਾਂ ਨੰਗੇ ਪੈਰਾਂ ਨਾਲ ਹੀ ਤੁਰਦਾ ਤੁਰਦਾ ਗਰਮੀਓਂ ਗਰਮੀ ਹੋਇਆ ਇਵੇਂ ਬੌਂਦਲਿਆ ਪਿਆ ਸੀ ਜਿਵੇਂ ਕੋਈ ਨਿਆਣਾ ਭਰੇ ਮੇਲੇ ਵਿਚ ਆਪਣੀ ਮਾਂ ਤੋਂ ਵਿਛੜ ਕੇ ਬਿਹਬਲ ਹੋਇਆ ਰੋ-ਕੁਰਲਾ ਰਿਹਾ ਹੋਵੇ। ਅਸੀਂ ਦੋਨੋਂ ਇਹ ਸਾਰਾ ਕੁੱਝ ਦੇਖ ਕੇ ਹੌਲੀ ਹੌਲੀ ਉਨ੍ਹਾਂ ਦੋਨਾਂ ਕੋਲੋਂ ਲੰਘ ਕੇ ਅੱਗੇ ਖੇਤਾਂ ਵੱਲ ਨੂੰ ਨਿਕਲ ਗਏ। ਮੇਰੇ ਪੁੱਛਣ 'ਤੇ ਗਾਮੇ ਨੇ ਦੱਸਿਆ ਕਿ ਉਸਦੇ ਬਾਪ ਨੇ ਇਸ ਵਾਰ ਇਕ ਕਿੱਲਾ ਜ਼ਮੀਨ ਠੇਕੇ ਉਪਰ ਲੈ ਲਈ ਹੋਈ ਸੀ ਤੇ ਕੱਲ੍ਹ ਹੀ ਉਸ ਵਿਚ ਝੋਨੇ ਦੀ ਬਿਜਾਈ ਕੀਤੀ ਸੀ। ਵਿਜੇ ਨੂੰ ਨਾਲ ਲੈ ਕੇ ਬਾਪੂ ਨੇ ਸਾਰਾ ਦਿਨ ਉਸਨੂੰ ਕੰਮ ਉਤੇ ਲਾਈ ਰੱਖਿਆ। ਕਦੀ ਪਨੀਰੀ ਪੁੱਟਣ, ਕਈ ਪਨੀਰੀ ਗੱਡਣ। ਜੇਕਰ ਹੋਰ ਕੁਝ ਨਹੀਂ ਤਾਂ ਘਰੋਂ ਦਾਲ ਰੋਟੀ ਲੈ ਕੇ ਆਉਣ ਦਾ ਜ਼ਿੰਮਾ। ਗਰੀਬ ਆਦਮੀ ਲਈ ਇਕ ਕਿੱਲੇ ਦੀ ਖੇਤੀ ਲਈ ਵੀ ਸੌ ਕਿਲੇ ਸਾਂਭਣ ਜਿੰਨਾ ਆਹਰ ਤੇ ਉਦਮ ਕਰਨਾ ਪੈਂਦਾ ਹੈ। ਸ਼ਾਮ ਨੂੰ ਗਾਮੇ ਦੇ ਬਾਪ ਨੇ ਵਿਜੇ ਨੂੰ ਦਿਨ ਦੇ ਕੰਮ ਬਦਲੇ ਪੰਜ ਰੁਪਏ ਦਾ ਨੋਟ ਦਿੱਤਾ।

'ਇਸਨੂੰ ਦਿਹਾੜੀ ਸਮਝੋ ਜਾਂ ਛੋਟਾ ਇਨਾਮ' ਗਾਮੇ ਨੇ ਗੱਲ ਨੂੰ ਮੁਕਾਉਂਦਿਆਂ ਆਖਿਆ।

ਕੁੱਝ ਦੇਰ ਰੁਕਣ ਤੋਂ ਬਾਅਦ ਉਸਨੇ ਦੱਸਿਆ ਕਿ ਵਿਜੇ ਨੇ ਇਹ ਪੰਜ ਰੁਪਏ ਇਕ ਕਾਗਜ਼ ਵਿਚ ਲਪੇਟੇ ਤੇ ਉਪਰੋਂ ਧਾਗੇ ਨਾਲ ਘੁਟ ਕੇ ਬੰਨ੍ਹ ਲਏ। ਖੇਡਦਿਆਂ ਹੋਇਆਂ ਵਿਜੇ ਤੋਂ ਇਹ ਕਾਗਜ਼ ਦੀ ਪੁੜੀ ਪਤਾ ਨਹੀਂ ਕਿੱਥੇ ਗੁਆਚ ਗਈ। ਹੌਕਾ ਜਿਹਾ ਲੈ ਕੇ ਗਾਮੇ ਨੇ ਦੱਸਿਆ ਕਿ ਸ਼ਇਦ ਮਾਂ-ਪੁੱਤ ਦੋਨੋਂ ਉਸਨੂੰ ਹੀ ਲੱਭ ਰਹੇ ਸਨ। ਜਦੋਂ ਕਿਸੇ ਦਾ 'ਕੀਮਤੀ ਖਜ਼ਾਨਾ' ਲੁਟਿਆ ਜਾਵੇ ਤੇ ਉਸਦਾ ਕੋਈ ਥਹੁ ਪਤਾ ਨਾ ਲੱਗੇ ਫੇਰ ਉਸ ਵਿਅਕਤੀ ਦਾ ਕੀ ਹਾਲ ਬਣਦਾ ਹੈ, ਦਾ ਅੰਦਾਜ਼ਾ ਗਾਮੇ ਦੀ ਪਤਨੀ ਪ੍ਰੀਤੋ ਤੇ ਪੁੱਤਰ ਵਿਜੇ ਦੇ ਉਦਾਸ ਚਿਹਰਿਆਂ ਨੂੰ ਦੇਖ ਕੇ ਹੀ ਲੱਗ ਸਕਦਾ ਹੈ। ਸ਼ਾਇਦ ਫੇਰ ਵੀ ਪੂਰਾ ਅੰਦਾਜ਼ਾ ਨਾ ਹੀ ਲੱਗੇ, ਪ੍ਰੰਤੂ ਮਸਲੇ ਦੀ ਗੰਭੀਰਤਾ ਦਾ ਅਹਿਸਾਸ ਜ਼ਰੂਰ ਹੋ ਸਕਦਾ ਹੈ!

ਅਸੀਂ ਬਾਹਰੋਂ ਘੁੰਮ ਕੇ ਆ ਗਏ। ਹੱਥ ਧੋਣ ਤੋਂ ਬਾਅਦ ਬੈਠੇ ਹੀ ਸਾਂ ਕਿ ਪ੍ਰੀਤੋ ਰਾਤ ਦੀ ਰੋਟੀ ਥਾਲੀਆਂ ਵਿਚ ਪ੍ਰੋਸ ਕੇ ਲੈ ਕੇ ਆਈ। ਪਹਿਲਾਂ ਚਾਹ ਪਕੌੜੇ ਪਰੋਸਣ ਤੇ ਬਾਅਦ ਵਿਚ ਰਾਤੀਂ ਰੋਟੀ ਵਰਤਾਉਣ ਸਮੇਂ ਗਾਮੇ ਦੀ ਪਤਨੀ ਪ੍ਰੀਤੋ ਤੇ ਬੇਟੇ ਵਿਜੇ ਦੀ ਬੋਲੀ, ਸਲੀਕੇ ਤੇ ਚਿਹਰੇ ਦੇ ਹਾਅ-ਭਾਵ ਵਿਚਲਾ ਅੰਤਰ ਸਮਝਣਾ ਮੈਨੂੰ ਔਖਾ ਨਹੀਂ ਲੱਗਾ। ਕਿਸੇ ਮੁਸਾਫਰ ਦੇ ਲੁੱਟੇ ਜਾਣ ਤੋਂ ਪਹਿਲੇ ਤੇ ਬਾਅਦ ਦੇ ਮਨ ਦੀ ਅਵਸਥਾ ਵਾਂਗਰ। ਮੈਂ ਸੌਣ ਤੋਂ ਪਹਿਲਾਂ ਗਾਮੇ ਨੂੰ ਕਿਹਾ, "ਯਾਰ, ਮੈਥੋਂ ਪੰਜ ਰੁਪਏ ਲੈ ਲਾ ਤੇ ਬੇਟੇ ਨੂੰ ਕਹਿ ਦੇ ਕਿ ਪੈਸੇ ਲੱਭ ਪਏ ਨੇ। ਖੁਸ਼ ਹੋ ਜਾਵੇਗਾ।" ਪ੍ਰੰਤੂ ਉਸਨੇ ਹਾਮੀ ਨਾ ਭਰੀ। ਮੈਥੋਂ ਵਿਜੇ ਦਾ ਉਦਾਸ ਤੇ ਮੁਰਝਾਇਆ ਚਿਹਰਾ ਸਹਾਰਿਆ ਨਹੀਂ ਸੀ ਜਾ ਰਿਹਾ। ਸੁਤ ਉਣੀਦੀਆਂ ਅੱਖਾਂ ਨਾਲ ਅਸੀਂ ਦੋਨੋਂ ਸਵੇਰ ਵੇਲੇ ਬਾਹਰ ਵੱਲ ਨੂੰ ਨਿਕਲ ਤੁਰੇ। ਮੈਂ ਸੁੱਤੇ ਸਿੱਧ ਹੀ ਆਪਣੀ ਜੁੱਤੀ ਨਾਲ ਉਹੀ ਸੌ ਕੁ ਗਜ਼ ਦੇ ਰਾਹ ਦੀ ਮਿੱਟੀ, ਖਿਲਰੇ ਕੱਖ ਪੱਤੇ ਤੇ ਪਾਥੀਆਂ ਉਪਰ ਫੋਲਾ ਫਰਾਲੀ ਕਰਦਾ ਤੁਰਿਆ ਜਾ ਰਿਹਾ ਸਾਂ। ਇਕ ਗੋਹੇ ਦੀ ਪੁੱਠੀ ਪਈ ਪਾਥੀ ਨੂੰ ਮੈਂ ਠੋਕਰ ਮਾਰ ਕੇ ਸਿੱਧੇ ਕੀਤਾ ਤਾਂ ਹੇਠੋਂ ਧਾਗੇ ਵਿਚ ਲਪੇਟੀ ਇਕ ਕਾਗਜ਼ ਦੀ ਪੁੜੀ ਜਿਹੀ ਮਿਲੀ। ਇਹ ਉਹੀ ਪੰਜ ਰੁਪਿਆ ਵਾਲਾ ਬਟੂਆ ਜਾਪਦਾ ਸੀ। ਮੈਂ ਚੁਕ ਕੇ ਝਬਦੇ ਹੀ ਗਾਮੇ ਨੂੰ ਫੜਾ ਕੇ ਕਿਹਾ, "ਯਾਰ ਪੈਸੇ ਲਭ ਪਏ ਐ।"

ਉਸਨੇ ਕਾਗਜ਼ ਦੀ ਪੁੜੀ ਨੂੰ ਆਪਣੀ ਜੇਬ ਵਿਚ ਪਾ ਲਿਆ। ਅਸੀਂ ਬਾਹਰੋਂ ਜਲਦੀ ਜਲਦੀ ਜੰਗਲ ਪਾਣੀ ਕਰਕੇ ਵਾਪਸ ਪਰਤ ਆਏ। ਸਾਡੇ ਲਈ ਚਾਹ-ਨਾਸ਼ਤਾ ਬਣਾਉਣ ਦੇ ਆਹਰ ਵਿਚ ਰਸੋਈ ਵਿਚ ਜੁਟੀ ਹੋਈ ਪ੍ਰੀਤੋ ਨੂੰ ਇਹ ਕਾਗਜ਼ ਫੜਾ ਕੇ ਗਾਮੇ ਨੇ ਤੇਜ਼ੀ ਨਾਲ ਦੱਸਿਆ ਕਿ "ਆਹ ਲੈ, ਵਿਜੇ ਦੇ ਪੈਸੇ ਲਭ ਪਏ ਆ" ਬੱਸ ਫੇਰ ਕੀ ਸੀ, ਪ੍ਰੀਤੋ ਨੇ ਸੁੱਤੇ ਪਏ ਮੁੰਡੇ ਨੂੰ ਜਗਾਇਆ ਤੇ ਖੁਸ਼ੀ ਵਿਚ ਜ਼ੋਰ ਨਾਲ ਚੀਕ ਕੇ ਕਿਹਾ, "ਵਿਜੇ ਤੇਰੇ ਗੁਆਚੇ ਪੈਸੇ ਤੇਰੇ ਅੰਕਲ ਨੂੰ ਲੱਭ ਪਏ ਆ, ਲੈ ਫੜ" ਉਘਲਾਉਂਦੇ ਤੇ ਅੱਖਾਂ ਮਲਦੇ ਹੋਏ ਵਿਜੇ ਦਾ ਚਿਹਰਾ ਇਕਦਮ ਆਪ ਮੁਹਾਰਾ ਖਿੜ ਗਿਆ, ਦਗ ਦਗ ਕਰਨ ਲੱਗ ਪਿਆ। ਕਹਿੰਦੇ ਨੇ ਸਵੇਰੇ ਸੂਰਜ ਚੜ੍ਹਨ ਸਮੇਂ ਸਾਰਾ ਸਮੁੰਦਰ ਲਾਲ ਸੂਹਾ ਹੋ ਜਾਂਦਾ ਹੈ। ਪਰ ਮੈਨੂੰ ਉਸਤੋਂ ਵੀ ਜ਼ਿਆਦਾ ਵਿਜੇ ਦਾ ਚਿਹਰਾ ਲਾਲ ਭਾਅ ਮਾਰਦਾ ਜਾਪਿਆ। ਉਸਦੀ ਖੁਸ਼ੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਲੱਗਾ ਮੈਨੂੰ। ਮੈਂ ਤੇ ਗਾਮਾ ਇਕੱਠੇ ਛਾਹ ਵੇਲਾ ਖਾ ਰਹੇ ਸਾਂ। ਪ੍ਰੀਤੋ ਤੇ ਦੋਨੋਂ ਮੁੰਡੇ ਵੀ ਨਾਲ ਦੀ ਮੰਜੀ ਉਪਰ ਬੈਠੇ ਸਾਡੀ ਸੰਗਤ ਕਰ ਰਹੇ ਸਨ।

ਪ੍ਰੀਤੋ ਨੇ ਮੇਰੇ ਕੀਤੇ ਕਾਰਨਾਮੇ ਉਪਰ ਖੁਸ਼ੀ ਜ਼ਾਹਰ ਕਰਦਿਆਂ ਹੋਇਆਂ ਵਿਜੇ ਵੱਲ ਮੂੰਹ ਕਰਕੇ ਕਿਹਾ, "ਦੇਖਿਆ ਬੇਟਾ, ਤੇਰੇ ਅੰਕਲ ਨੇ ਤੇਰਾ ਖੁਸਿਆ ਖਜ਼ਾਨਾ ਲੱਭ ਦਿੱਤਾ ਜੇ। ਹੁਣ ਸਾਂਭ ਕੇ ਰੱਖੀ।"

ਇਹ ਸੁਣ ਕੇ ਮੈਂ ਥੋੜਾ ਗੰਭੀਰ ਜਿਹਾ ਹੋ ਗਿਆ। ਸੋਚਦਾ ਸਾਂ ਕਿ ਜਿਥੇ ਜਾ ਕੇ ਮੈਂ ਅੱਜ ਵੱਡੇ ਇਕੱਠ ਨੂੰ ਸੰਬੋਧਨ ਕਰਨਾ ਹੈ ਉਨ੍ਹਾਂ ਲੋਕਾਂ ਦਾ ਖੁਸਿਆ ਖਜ਼ਾਨਾ ਅਸੀਂ ਕਦੋਂ ਲੱਭ ਕੇ ਦੇ ਸਕਾਂਗੇ? ਬੜੇ ਸਾਲਾਂ ਦੇ ਲੱਗੇ ਹੋਏ ਆਂ। ਮਹਿਸੂਸ ਹੋਇਆ ਜਿਵੇਂ ਦਾਲ ਵਿਚਲਾ ਕੋਈ ਕੋਕੜੂ ਦੰਦਾਂ ਹੇਠਾਂ ਆ ਗਿਆ ਹੋਵੇ। ਮੈਂ ਜਲਦੀ ਜਲਦੀ ਖਾਣਾ ਖਾ ਕੇ ਰਾਜਸੀ ਕਾਨਫਰੰਸ ਵਿਚ ਸਮੇਂ ਸਿਰ ਪੁੱਜਣਾ ਚਾਹੁੰਦਾ ਸਾਂ। ਮੈਂ ਹੀ ਤਾਂ ਉਥੇ ਮੁੱਖ ਬੁਲਾਰਾ ਸਾਂ।

"ਚਲ ਯਾਰ, ਰਈਏ ਬਸ ਚੜ੍ਹਾ ਆ, ਮੈਨੂੰ ਉਥੇ ਪੁੱਜਣ ਨੂੰ ਘੱਟੋ ਘੱਟ 3 ਘੰਟੇ ਤਾਂ ਲੱਗ ਹੀ ਜਾਣੇ ਨੇ। ਲੋਕੀਂ ਉਡੀਕਦੇ ਰਹਿਣਗੇ ਐਵੇਂ।" ਮੈਂ ਗਾਮੇਂ ਨੂੰ ਇਹ ਕਹਿ ਕੇ ਜਾਣ ਲਈ ਤਿਆਰੀ ਕਰ ਲਈ। ਵਿਜੇ ਆਪਣੇ ਕਿਸੇ ਮਿੱਤਰ ਨਾਲ ਆਪਣੀ ਖੁਸ਼ੀ ਸਾਂਝੀ ਕਰਨ ਚਲਾ ਗਿਆ ਜਾਪਦਾ ਸੀ। ਸਾਨੂੰ ਅਜੇ ਸਭ ਦੀ ਗਵਾਚੀ ਖ਼ੁਸ਼ੀ ਲੱਭਣ ਲਈ ਪਤਾ ਨਹੀਂ ਕਿੰਨਾਂ ਸਮਾਂ ਲੱਗਣਾ ਸੀ!

ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070





Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4

NEW WAY
Stucco Ltd.
Quality work at reasonable rates.



We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ


# VOLUNTEER AT CANADA DAY!

**July 1st, 2013**
**@ Mill Woods Park - 23rd Ave & 66 Street**
**July 1 2013 - 1pm to 11pm**

**SHIFTS FOR ACTIVITIES**

1st Shift - 12.30-3.30 PM
2nd Shift - 3.15-6.15 PM
3rd Shift – 6:00-9:00 PM
4th Shift – 8:45-11:45 PM

**VOLUNTEER REWARDS**

*Official Canada Day Volunteer T-Shirt
*Meal and beverages
*Opportunity to show your community spirit
*Opportunity to gain large-scale event experience
*Invitation to the Volunteer Appreciation BBQ

**VOLUNTEER REQUIRMENETS**

*Commit to a minimum of 3 hours
*Enjoy working with the public
*Be at least 13 years of age
*Be friendly, punctual and responsible

**VOLUNTEER REGISTRATION**

Email your confirmation to the Volunteer Coordinator @ mwcanadaday@shaw.ca


SMART BRANDS TRUCK CENTRE SOUTH
$500 OFF your vehicle purchase with this ad
CHOOSE FROM OVER 100 CERTIFIED USED VEHICLES ON OUR LOT


2009 TOYOTA RAV4 AWD #13T562-1 $19,995 ONLY 35,000 KMS


2013 FORD EDGE LTD SEL AWD #12271-0 $33,995 21,000KMS NAV


2012 KIA SORENTO AWD #13229-0 $21,995 LOADED


2012 CHEV AVALANCHE LT #12295-0 $32,495 4X4


2012 RAM 1500 Q/C SXT #12309-0 $26,995 4X4


2012 DODGE GRAND CARAVAN SE #12343-0 $19,995 STOW 'N GO


2012 NISSAN PATHFINDER #12142-0 $27,995 26,000KMS


2007 FORD F-150 C/C XLT #12231-1 $14,995 4X4


2006 FORD EXPLORER LTD 4WD #12304-1 $12,995


2012 JEEP LIBERTY SPORT #12206-0 $21,995


2012 DODGE DURANGO #12199-0 $29,995 47,000KMS 7 PASS. LOADED


2012 GMC SIERRA 1500 4X4 CREW CAB #12328-0 $25,995 4X4

Open 24/7 @ MILLWOODSSUZUKI.COM
OPEN TO SERVICE YOUR WARRANTY ON SUZUKI'S
...WONDERING WHERE TO SERVICE YOUR VEHICLE?
Honda? Saturn? Toyota? Gm? Ford? Chrysler? Kia? Mazda? Hyundai? VW?
Come To Millwoods Suzuki!!!
We Service All Makes And Models



POTHOLE SPECIAL
Free Suspension & Brake Inspection with this coupon
780·450·4500



LANA JEFFREY Service Department Manager
NAND BHASIN Used Vehicle Manager
34th AVE AUTO ROW | 3403 - 93 ST.
SPECIAL TOLL FREE 1·866·897·4500
BBB ACCREDITED BUSINESS
Alberta Motor Vehicle Industry Council
VEHICLES MAY NOT BE EXACTLY AS ILLUSTRATED. 0.9% FINANCE RATE AVAILABLE OAC.


CALL TODAY TO BOOK YOUR APPOINTMENT OR EMAIL SERVICE@SHERWOODFORD.BIZ!
SHERWOOD Ford
GET READY for SPRING SERVICE SALE
6.0 + 7.3L Diesel Health Check
$139.95 - Engine
$289.95 - Full Truck
only applicable on Ford vehicles. Taxes and fees not included.
A/C Check-Up
$54.95
No Top Ups!
Diesel Labour Rate
6.0 & 7.3L
$90 PER HOUR
SPRING WILL BE HERE! (OFFER VALID WITH COUPONS ONLY)
Transmission Flush and Filter
Starting at $299.95
Power Steering Flush
$99.95
Includes parts and labour
Brake Flush
$99.95
Includes parts and labour
187 Point Inspection
$99.95
NOW HIRING ALL SERVICE AND PARTS STAFF
Find Sherwood Ford on
Let's get connected.
SHERWOOD
Ford
local & toll free 1.866.444.7183
2540 Broadmoor Blvd.
Mon. - Fri. 9am - 9pm
Saturday 9am - 6pm
sherwoodford.ca
Alberta Motor Vehicle Industry Council

## ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਸਮਰ ਕੈਂਪ

ਐਡਮਿੰਟਨ (ਨਦਬ) ਪੰਜਾਬੀ ਹੈਰੀਟੇਜ ਫ਼ਾਊਂਡੇਸ਼ਨ ਵਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ 'ਸਮਰ ਕੈਂਪ' ਲਾਇਆ ਜਾ ਰਿਹਾ ਹੈ। ਇਹ ਕੈਂਪ 2 ਜੁਲਾਈ ਤੋਂ 18 ਅਗਸਤ ਤਕ ਚਲੇਗਾ। ਇਸ ਵਿਚ 5 ਸਾਲ ਦੇ ਬੱਚੇ ਤੋਂ ਲੈ ਕੇ 70 ਸਾਲ ਦੇ ਬਜ਼ੁਰਗ ਹਿੱਸਾ ਲੈ ਸਕਦੇ ਹਨ। ਕੈਂਪ ਵਿਚ ਭੰਗੜਾ, ਗਿੱਧਾ, ਜ਼ਿੰਦੂਆ, ਲੁੱਡੀ, ਸੰਮੀ, ਝੂਮਰ, ਧਮਾਲ, ਮਲਵਈ ਗਿੱਧਾ ਆਦਿ ਲੋਕ ਨਾਚਾਂ ਦੀ ਸਿਖਲਾਈ ਦਿੱਤੀ ਜਾਵੇਗੀ। ਲੋਕ ਸਾਜ ਢੋਲ, ਚਿਮਟਾ, ਅਲਗੋਜੇ, ਤੂੰਬੀ, ਢੱਡ ਆਦਿ ਵਜਾਉਣ ਦੀ ਜਾਚ ਵੀ ਸਿਖਾਈ ਜਾਵੇਗੀ। ਲੋਕ-ਗੀਤ ਜਿਵੇਂ ਘੋੜੀਆਂ, ਸੁਹਾਗ, ਟੱਪੇ, ਦੋਹੇ ਆਦਿ ਵੀ ਸਿਖਾਏ ਜਾਣਗੇ। ਔਰਤਾਂ ਲਈ ਗਿੱਧੇ ਦੀ ਕਲਾਸ ਦਾ ਵੀ ਪ੍ਰਬੰਧ ਹੈ। ਇਨਾਂ ਸਾਰੀਆਂ ਵੰਨਗੀਆਂ ਦੀ ਟਰੇਨਿੰਗ ਲਈ ਭਾਰਤ ਤੋਂ ਵੀ ਟੀਚਰਜ਼ ਨੂੰ ਉਚੇਚੇ ਤੌਰ 'ਤੇ ਸੱਦਿਆ ਗਿਆ ਹੈ। ਇਹ ਕੈਂਪ ਐਡਮਿੰਟਨ ਵਿਚ ਨੌਰਥ ਤੇ ਸਾਊਥ ਦੋਵਾਂ ਸਥਾਨਾਂ 'ਤੇ ਲਗਾਇਆ ਜਾਵੇਗਾ। ਕੈਂਪ ਵਿਚ ਪੰਜਾਬੀ ਭਾਸ਼ਾ ਪੜਨੀ ਸਿਖਾਏ ਜਾਣ ਦੇ ਨਾਲ-ਨਾਲ ਪੱਗ ਬੰਨਣ ਦੀ ਟਰੇਨਿੰਗ ਵੀ ਦਿੱਤੀ ਜਾਵੇਗੀ। ਇਹ ਕੈਂਪ ਪੰਜਾਬੀ ਭਾਈਚਾਰੇ ਨਾਲ ਸਬੰਧਤ ਬੱਚਿਆਂ ਲਈ ਆਪਣੇ ਸੱਭਿਆਚਾਰ ਨਾਲ ਜੁੜਨ ਦਾ ਸੁਨਹਿਰੀ ਮੌਕਾ ਹੈ। ਹੋਰ ਜਾਣਕਾਰੀ ਲਈ ਮਨਜੀਤ ਸਿੰਘ 780-952-5075, ਪੂਨਮ ਔਲਖ -780-289-9521, ਹਰਪ੍ਰੀਤ ਗਰੇਵਾਲ- 780-709-0293 ਅਤੇ ਮਨਪ੍ਰੀਤ 780-863-7701 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਲਬਰਟਾ ਸਰਕਾਰ ਵਲੋਂ ਪੰਜਾਬੀ ਕਲਚਰਲ ਐਸੋਸੀਏਸ਼ਨ ਨੂੰ ਵਿੱਤੀ ਸਹਾਇਤਾ

ਐਡਮਿੰਟਨ (ਨਦਬ) : ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਐਡਮਿੰਟਨ ਦੀ ਸਿਰਮੌਰ ਸੰਸਥਾ ਪੰਜਾਬੀ ਕਲਚਰਲ ਐਸੋਸੀਏਸ਼ਨ ਨੂੰ ਅਲਬਰਟਾ ਸਰਕਾਰ ਵੱਲੋਂ 50 ਹਜ਼ਾਰ ਡਾਲਰ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਇਸ ਸਬੰਧ ਵਿਚ ਸਥਾਨਿਕ ਮਹਾਰਾਜਾ ਬੈਕਾਟ ਹਾਲ ਵਿਚ ਰੱਖੇ ਗਏ ਇਕ ਵਿਸ਼ੇਸ਼ ਸਮਾਗਮ ਦੌਰਾਨ ਵਿਧਾਨ ਸਭਾ ਦੇ ਸਪੀਕਰ ਜੀਨ ਜਵੈਸਡੇਸਕੀ, ਵਿਧਾਇਕ ਨਰੇਸ਼ ਭਾਰਦਵਾਜ, ਅਤੇ ਵਿਧਾਇਕ ਸੁਹੇਲ ਕਾਦਰੀ ਨੇ ਸਾਝੇਂ ਤੌਰ 'ਤੇ ਚੈਂਕ ਭੇਟ ਕਰਦਿਆ ਸੰਸਥਾ ਵੱਲੋਂ ਵਿਦੇਸ਼ਾਂ ਵਿਚ ਜੰਮੇ-ਪਲੇ ਪੰਜਾਬੀ ਮੂਲ ਦੇ ਬੱਚਿਆ ਨੂੰ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਬਰਾੜ ਨੇ ਕਿਹਾ ਕਿ ਇਸ ਰਾਸ਼ੀ ਨਾਲ ਪੰਜਾਬੀ ਭਵਨ ਦੀ ਇਮਾਰਤ ਅੰਦਰੋ ਪੂਰੀ ਤਰਾਂ ਨਾਲ ਮੁੰਕਮਲ ਹੋ ਜਾਵੇਗੀ। ਜਿਸਨੂੰ ਭਾਈਚਾਰੇ ਵੱਲੋਂ ਪੰਜਾਬੀ ਸਕੂਲ, ਲਾਇਬ੍ਰੇਰੀ, ਸਾਹਿਤਕ ਤੇ ਸਮਾਜਿਕ ਉਸਾਰੂ ਗਤੀਵਿਧੀਆਂ ਲਈ ਵਰਤਿਆ ਜਾਵੇਗਾ। ਇਸ ਮੌਕੇ ਸਕੱਤਰ ਦਲਬੀਰ ਸਾਂਗਿਆਣ ਨੇ ਪੁੱਜੇ ਵਿਧਾਇਕਾਂ ਤੇ ਭਾਈਚਾਰੇ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਕੌਸਲਰ ਅਮਰਜੀਤ ਸੋਹੀ, ਇੰਦਰਾ ਸਰੋਆ, ਵਰਿੰਦਰ ਭੁੱਲਰ, ਪਰਮਿੰਦਰ ਧਾਲੀਵਾਲ, ਬਖਸ਼ ਸੰਘਾ, ਕਿਰਤਮੀਤ ਕੋਹਾੜ, ਗੁਰਵਿੰਦਰ ਸੋਨੀ ਅਤੇ ਗੁਰਸੇਵਕ ਮਾਨ ਤੋਂ ਇਲਾਵਾ ਹੋਰ ਵੀ ਭਾਈਚਾਰਾ ਮੌਜੂਦ ਸੀ।

# ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ ਨੇ ਕਰਵਾਇਆ ਸੱਭਿਆਚਾਰਕ ਮੇਲਾ


ਵਿਧਾਇਕ ਨਰੇਸ਼ ਭਾਰਦਵਾਜ, ਵਿਧਾਇਕ ਸੁਹੇਲ ਕਾਦਰੀ, ਫ਼ੈਡਰੇਸ਼ਨ ਦੇ ਪ੍ਰਧਾਨ ਕੁਲਮੀਤ ਸਿੰਘ ਸੰਘਾ ਅਤੇ ਹੋਰ ਪ੍ਰੋਗਰਾਮ 'ਚ ਭਾਗ ਲੈਣ ਵਾਲੇ ਬੱਚਿਆਂ ਨਾਲ।

ਐਡਮਿੰਟਨ (ਨਦਬ) : ਸਿੱਖ ਫ਼ੈਡਰੇਸ਼ਨ ਆਫ਼ ਐਡਮਿੰਟਨ ਵਲੋਂ 29ਵਾਂ ਵਿਸਾਖੀ ਮੇਲਾ ਜੁਬਲੀ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਬੱਚਿਆਂ ਨੇ ਧਾਰਮਕ ਗੀਤ ਅਤੇ ਕਨੇਡਾ ਦੇ ਰਾਸ਼ਟਰੀ ਗੀਤ ਨਾਲ ਕੀਤੀ। ਉਪਰੰਤ ਭੁਪਿੰਦਰ ਸਿੰਘ ਰੰਧਾਵਾ ਵਲੋਂ ਬੱਚਿਆਂ ਦੇ ਸਹਿਯੋਗ ਨਾਲ ਇਕ ਧਾਰਮਕ ਗੀਤ ਪੇਸ਼ ਕੀਤਾ ਗਿਆ। ਬੱਚਿਆਂ ਦੇ ਵੱਖ-ਵੱਖ ਗਰੁੱਪਾਂ ਨੇ ਗਿੱਧਾ-ਭੰਗੜਾ, ਕੋਰੀਓਗ੍ਰਾਫ਼ੀ, ਗੀਤ, ਕਵਿਤਾਵਾਂ ਅਤੇ ਹੋਰਨਾਂ ਸਭਿਆਚਾਰਕ ਵੰਨਗੀਆਂ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪ੍ਰੋਗਰਾਮ ਦੌਰਾਨ ਕੁਲਦੀਪ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੀ ਗਈ ਕੋਰੀਓਗ੍ਰਾਫ਼ੀ 'ਹਿੰਦ ਦੀ ਚਾਦਰ' ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। 'ਫ਼ਾਈਵ ਰਿਵਰਜ਼ ਯੂਥ' ਵਲੋਂ ਖੇਡਿਆ ਗਿਆ ਨਾਟਕ ਭਰੂਣ ਹੱਤਿਆ ਪ੍ਰਤੀ ਸਮਾਜ ਨੂੰ ਚੰਗੀ ਸੇਧ ਦੇ ਗਿਆ। ਛੋਟੀ ਬੱਚੀ ਅਨੂਪ ਧਾਲੀਵਾਲ ਨੇ 'ਗੋਬਿੰਦ ਦੇ ਲਾਲ ਸੂਬਿਆ' ਕਵਿਤਾ ਰਾਹੀਂ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਨ ਸਭਾ ਦੇ ਸਪੀਕਰ ਜੀਨ ਜਵੈਸਡੇਸਕੀ, ਵਿਧਾਇਕ ਨਰੇਸ਼ ਭਾਰਦਵਾਜ, ਵਿਧਾਇਕ ਦਰਸ਼ਨ ਕੰਗ ਤੇ ਐਨ.ਡੀ.ਪੀ. ਦੇ ਆਗੂ ਤੇ ਵਿਧਾਇਕ ਬਰਾਈਨ ਮੈਸ਼ਨ ਨੇ ਪੜਾਈ, ਖੇਡਾਂ ਅਤੇ ਹੋਰਨਾਂ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਤ ਚਿੰਨ ਭੇਟ ਕੀਤੇ। ਇਸੇ ਦੌਰਾਨ ਉਘੇ ਸਮਾਜ ਸੇਵੀ ਜ਼ੋਰਾ ਸਿੰਘ ਝੱਜ ਨੂੰ ਵੀ ਸਨਮਾਨਤ ਕੀਤਾ ਗਿਆ। ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਵਿਧਾਇਕ ਨਰੇਸ਼ ਭਾਰਦਵਾਜ, ਜੀਨ ਜਵੈਸਡੇਸਕੀ, ਸੁਹੇਲ ਕਾਦਰੀ, ਡੇਵਸ, ਦਰਸ਼ਨ ਕੰਗ, ਬਰਾਈਨ ਮੈਸਨ ਅਤੇ ਕੌਂਸਲਰ ਅਮਰਜੀਤ ਸੋਹੀ ਨੇ ਕਿਹਾ ਕਿ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਲਈ ਫ਼ੈਡਰੇਸ਼ਨ ਵਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਪ੍ਰੋਗਰਾਮ ਦੌਰਾਨ ਸਟੇਜ ਦੀ ਭੂਮਿਕਾ ਅਮਨ ਗਿੱਲ, ਕੁਲਮੀਤ ਸੰਘਾ ਅਤੇ ਜਸਬੀਰ ਸਿੰਘ ਨੇ ਬਾਖ਼ੂਬੀ ਨਿਭਾਈ। ਪ੍ਰੋਗਰਾਮ ਦੇ ਅੰਤ ਵਿਚ ਫ਼ੈਡਰੇਸ਼ਨ ਦੇ ਪ੍ਰਧਾਨ ਕੁਲਮੀਤ ਸਿੰਘ ਸੰਘਾ ਨੇ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜਨ ਲਈ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ।

ਪਾਸ਼ ਨੂੰ ਯਾਦ ਕਰਦਿਆਂ.....

## ਪਾਸ਼ ਦੇ ਜੀਵਨ ਨੂੰ ਦਰਸਾਉਂਦੀ ਡਾਕੂਮੈਂਟਰੀ ਫਿਲਮ ਦਿਖਾਈ



ਸਰ੍ਹੀ (ਨਦਬ) : ਪਿਛਲੇ ਦਿਨੀਂ ਪੰਜਾਬੀ ਦੇ ਜੁਝਾਰਵਾਦੀ ਕਵੀ ਪਾਸ਼ ਦੇ 25ਵੇਂ ਸ਼ਹੀਦੀ ਦਿਵਸ 'ਤੇ ਸਰੀ ਦੀ ਸਿਟੀ ਸੈਂਟਰਲ ਲਾਇਬਰੇਰੀ ਵਿੱਚ ਉਹਨਾਂ ਦੇ ਜੁਝਾਰਵਾਦੀ ਜੀਵਨ ਨੂੰ ਦਰਸਾਉਂਦੀ 'ਆਪਣਾ ਪਾਸ਼' ਨਾਂ ਦੀ ਡਾਕੂਮੈਂਟਰੀ ਫਿਲਮ ਪ੍ਰਦਰਸ਼ਿਤ ਕੀਤੀ ਗਈ। ਫਿਲਮ ਦੇ ਪ੍ਰਦਰਸ਼ਨ ਤੋਂ ਬਾਅਦ ਪਾਸ਼ ਦੇ ਜੀਵਨ, ਉਸਦੀ ਕਵਿਤਾ ਅਤੇ ਜੁਝਾਰਵਾਦੀ ਲਹਿਰ ਬਾਰੇ ਵੀ ਹਾਜ਼ਿਰ ਵਿਦਵਾਨਾਂ ਨੇ ਡੂੰਘੀ ਬਹਿਸ ਕੀਤੀ। ਫਿਲਮ ਨੂੰ ਪ੍ਰਦਰਸ਼ਿਤ ਕਰਨ ਮੌਕੇ ਫਿਲਮ ਦੇ ਨਿਰਦੇਸ਼ਕ ਰਾਜੀਵ ਕੁਮਾਰ ਵੀ ਮੌਕੇ 'ਤੇ ਹਾਜ਼ਿਰ ਤੇ ਉਹਨਾਂ ਨੇ ਦਰਸ਼ਕਾਂ ਵੱਲੋਂ ਪਾਸ਼ ਦੇ ਜੀਵਨ ਬਾਰੇ ਅਤੇ ਡਾਕੂਮੈਂਟਰੀ ਅਨੁਭਵਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਵਿਸਥਾਰ ਨਾਲ ਉੱਤਰ ਦਿੱਤੇ। ਦਰਸ਼ਕਾਂ ਵਿੱਚ ਦੱਖਣੀ ਏਸ਼ੀਆ ਦੀਆਂ ਕਈ ਪ੍ਰਗਤੀਵਾਦੀ ਜਥੇਬੰਦੀਆਂ ਦੇ ਪ੍ਰਤੀਨਿਧੀ ਹਾਜ਼ਿਰ ਸਨ। ਨਿਰਦੇਸ਼ਕ ਨੇ ਦੱਸਿਆ ਕਿ ਕਿਵੇਂ 1990 ਦੇ ਸ਼ੁਰੂਆਤੀ ਦਿਨਾਂ ਵਿੱਚ ਇਹ ਪੈਸੇ ਦੀ ਕਮੀ ਹੋਣ ਕਰਕੇ ਬਹੁਤ ਘੱਟ ਤਕਨੀਕੀ ਉਪਕਰਨਾਂ ਨਾਲ ਇਹ ਫਿਲਮ ਤਿਆਰ ਕੀਤੀ ਗਈ। ਇਹ ਅਜਿਹੀ ਪਹਿਲੀ ਡਾਕੂਮੈਂਟਰੀ ਫਿਲਮ ਹੈ ਜਿਸ ਵਿੱਚ ਪਾਸ਼ ਦੇ ਪਰਿਵਾਰਕ ਮੈਂਬਰ, ਦੋਸਤ ਤੇ ਲਹਿਰ ਵਿੱਚ ਕੰਮ ਕਰਨ ਵਾਲੇ ਉਸਦੇ ਸਾਥੀਆਂ ਨਾਲ ਵੀ ਮੁਲਾਕਾਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਰਾਜੀਵ ਕੁਮਾਰ ਨੇ ਸਮਾਜਿਕ ਅਨਿਆਂ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਲੈ ਕੇ 'ਨਾਬਰ' ਵਰਗੀਆਂ ਫਿਲਮਾਂ ਵੀ ਬਣਾਈਆਂ ਹਨ ਜਿਹੜੀ ਕਿ ਮਨੁੱਖੀ ਤਸਕਰੀ 'ਤੇ ਅਧਾਰਿਤ ਹੈ ਤੇ ਇਸ ਫਿਲਮ ਨੇ ਰਾਸ਼ਟਰੀ ਪੁਰਸ਼ਕਾਰ ਵੀ ਜਿੱਤਿਆ ਹੈ। ਇਹ ਪ੍ਰੋਗਰਾਮ ਚੇਤਨਾ ਐਸੋਸੀਏਸ਼ਨ ਅਤੇ ਵਤਨ ਮੈਗਜ਼ੀਨ ਦੁਆਰਾ ਉਲੀਕਿਆ ਗਿਆ ਸੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਨਿਰਦੇਸ਼ਕ ਰਾਜੀਵ ਕੁਮਾਰ ਦਾ ਲੋਕ ਸਿਨੇਮਾ ਦੇ ਖੇਤਰ ਵਿੱਚ ਉਹਨਾਂ ਦੇ ਯੋਗਦਾਨ ਨੂੰ ਦੇਖਦਿਆਂ ਸਨਮਾਨ ਵੀ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬੀਸੀ ਦੇ ਸਾਬਕਾ ਪ੍ਰੀਮੀਅਰ ਉਜਲ ਦੁਸਾਂਝ ਤੇ ਉਹਨਾਂ ਦੀ ਪਤਨੀ ਰਮਿੰਦਰ ਧਾਲੀਵਾਲ ਜੋ ਕਿ ਇੰਡੀਅਨ ਮਾਹਿਲਾ ਐਸੋਸੀਏਸ਼ਨ ਦੀ ਆਗੂ ਹੈ, ਵੀ ਹਾਜ਼ਿਰ ਸੀ। ਇਸ ਮੌਕੇ ਹਾਜ਼ਿਰ ਵਿਦਵਾਨਾਂ ਵਿੱਚ ਲੇਖਕ ਸੁਖਵੰਤ ਹੁੰਦਲ, ਸਾਧੂ ਬਿਨਿੰਗ, ਹਰਜੀਤ ਦੌਧਰੀਆ, ਕੁਲਵੰਤ ਢੇਸੀ, ਜੈ ਬਿਰਦੀ, ਸੈਫ਼ ਖਾਲਿਦ, ਅਵਤਾਰ ਗਿੱਲ ਅਤੇ ਪਰਮਿੰਦਰ ਸਵੈਚ ਹਾਜ਼ਿਰ ਸਨ।




ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ

ਵਲੋਂ ਕਨੇਡਾ ਦੇ ਜੰਮਪਲ ਬੱਚਿਆਂ ਲਈ ਗਰਮੀਆਂ ਦੀਆਂ ਛੁੱਟੀਆਂ ਵਿਚ

ਪੰਜਾਬੀ (ਭਾਸ਼ਾ ਅਤੇ ਨਾਚ), ਅੰਗਰੇਜ਼ੀ ਅਤੇ ਹਿਸਾਬ

ਸਿਖਲਾਈ ਪ੍ਰੋਗਰਾਮ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 0 (KG) ਤੋਂ 7 ਗਰੇਡ ਤੱਕ ਦੇ ਬੱਚੇ **ਜੇ ਪਰਸੀ ਪੇਜ (2707 Mill Woods Rd NW Edmonton)** ਸਕੂਲ ਵਿਚ ਸਿੱਖਿਅਤ ਅਤੇ ਯੋਗ ਅਧਿਆਪਕਾਂ ਕੋਲੋਂ ਪੰਜਾਬੀ ਸਕੂਲ ਦਾ ਫਾਇਦਾ ਉਠਾ ਸਕਦੇ ਹਨ। ਇਹ ਸਕੂਲ ਚਾਰ ਹਫਤਿਆਂ ਲਈ **ਸੋਮਵਾਰ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ 12:30 ਤੋਂ 16:00 ਵਜੇ ਤਕ 2 ਜੁਲਾਈ ਤੋਂ 26 ਜੁਲਾਈ 2013** ਤੱਕ ਲਗਾਇਆ ਜਾਵੇਗਾ। 6 ਅਤੇ 7 ਗਰੇਡ ਦੇ ਬੱਚਿਆਂ ਨੂੰ ਪੰਜਾਬੀ ਨਾਟਕ ਵੀ ਸਿਖਾਇਆ ਜਾਏਗਾ ਅਤੇ ਇਹ ਨਾਟਕ ਐਸੋਸੀਏਸ਼ਨ ਦੇ ਸਾਲਾਨਾ ਪ੍ਰੋਗਰਾਮ 'ਤੇ ਵੀ ਪੇਸ਼ ਕੀਤਾ ਜਾਵੇਗਾ।

**ਦਾਖਲੇ ਲਈ :** *12, 19, 26 ਮਈ 2013*
*ਸਮਾਂ : 1:30 ਤੋਂ 2:30*
*ਸਥਾਨ : 101, 9158-23 ਅਵਿਨਿਊ*
*2 ਜੂਨ : ਮੇਲਾ ਮਾਵਾਂ ਧੀਆਂ*
*ਮਹਾਰਾਜਾ ਬੈਂਕੁਇਟ ਹਾਲ*
*2:00 ਤੋਂ 4:00*

**ਦਾਖਲਾ ਫੀਸ**
2 ਜੂਨ ਤੋਂ ਪਹਿਲਾਂ $50
2 ਜੂਨ ਤੋਂ ਬਅਾਦ $70.

**ਹੋਰ ਜਾਣਕਾਰੀ ਲਈ ਫ਼ੋਨ ਕਰੋ**
ਵਰਿੰਦਰ ਭੁੱਲਰ 780-966-3121
ਦਲਬੀਰ ਸਾਂਗਿਆਣ 780-995-5475
ਅਰਵਿੰਦ ਸੇਖੋਂ 780-965-9508
Email : pcaalberta@hotmail.com

ਨੋਟ : - ਯੋਗ ਅਧਿਆਪਕਾਂ ਦੀ ਲੋੜ ਹੈ



ਨੋਟ : ਐਡਮਿੰਟਨ ਪਬਲਿਕ ਸਕੂਲ ਬੋਰਡ ਅਤੇ ਐਡਮਿੰਟਨ ਸ਼ਹਿਰ ਦੇ ਸਹਿਯੋਗ ਨਾਲ ਇਹ ਸਕੂਲ ਚਲਾਇਆ ਜਾ ਰਿਹਾ ਹੈ। ਥੋੜ੍ਹੀਆਂ ਹੀ ਸੀਟਾਂ ਉਪਲਬਧ ਹਨ। ਪਹਿਲਾਂ ਆਓ ਪਹਿਲਾਂ ਪਾਓ ਦੇ ਅਦਾਰ 'ਤੇ ਦਾਖਲਾ ਦਿੱਤਾ ਜਾਵੇਗਾ।

In association with Edmonton Public School and City of Edmonton, Punjabi Cultural Association presents Punjabi Summer Camp, where children can learn Punjabi, English and Math. This camp will be held at J Percy Page School from 2 to 26 July 2013 between 12:30 and 16:00.
Please do not contact J Percy Page School directly they will not be able to provide you any information.

**For information please contact**

Varinder Bhullar (780) 966-3121, Dalbir Sangione (780) 995-5475, or Arvind Sekhon (780)965-9508 Or pcaalberta@hotmail.com
Note: Need qualified teachers. Please send your resume to pcaalberta@hotailcom.








# ਗ਼ਦਰ ਤੋਂ ਗ਼ਦਰ ਦੀ ਅਮਰ ਕਹਾਣੀ




ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com


**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡ਼ਾ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ

ਦਸੰਬਰ 1911 ਨੂੰ ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਹੁਰਾਂ ਨੇ ਬਾਕੀ ਸਾਥੀਆਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਦੂਰੋਂ ਨੇੜਿਓਂ ਸਭ ਹਿੰਦੋਸਤਾਨੀ ਇਕੱਠੇ ਹੋਏ। ਇਨ੍ਹਾਂ ਵਿਚ ਹਿੰਦੂ, ਮੁਸਲਮਾਨ ਸਭ ਧਰਮਾਂ ਦੇ ਲੋਕ ਹਾਜ਼ਰ ਹੋਏ ਸਨ। ਕੈਲੇਫੋਰਨੀਆ ਵਿਚ ਹਿੰਦੋਸਤਾਨੀਆਂ ਦਾ ਇਹ ਪਹਿਲਾ ਏਨਾ ਵੱਡਾ ਇਕੱਠ ਸੀ। ਇਹ ਇਕੱਠ ਤਿੰਨ ਦਿਨ ਚੱਲਿਆ ਸੀ। ਪਹਿਲੇ ਦਿਨ ਕੇਵਲ ਧਾਰਮਕ ਮਸਲਿਆਂ 'ਤੇ ਹੀ ਗੱਲਬਾਤ ਹੋਈ। ਮਗਰਲੇ ਦੋਵੇਂ ਦਿਨ ਦੇਸ਼ ਦੇ ਅੰਦਰੂਨੀ ਮਸਲਿਆਂ ਬਾਰੇ ਨਿੱਠ ਕੇ ਵਿਚਾਰ ਚਰਚਾ ਹੋਈ। ਇਸ ਦਿਨ ਭਾਰਤ ਤੇ ਭਾਰਤੀਆਂ ਦੇ ਰਾਜਸੀ ਮਸਲਿਆਂ ਬਾਰੇ ਕਮੇਟੀ ਸਰਬਸੰਮਤੀ ਨਾਲ ਬਣਾਈ ਗਈ, ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਨੂੰ ਬਣਾਇਆ ਗਿਆ ਤੇ ਸਕੱਤਰ ਦੀਆਂ ਜ਼ਿੰਮੇਵਾਰੀਆਂ ਨੌਜਵਾਨ ਸੰਤੋਖ ਸਿੰਘ ਨੂੰ ਦਿੱਤੀਆਂ ਗਈਆਂ। ਇਸੇ ਇਕੱਠ ਨੇ ਇਹ ਫੈਸਲਾ ਲਿਆ ਕਿ ਸਮੱਸਿਆਵਾਂ ਦੇ ਹੱਲ ਵਾਸਤੇ ਜਿੱਥੇ ਜਥੇਬੰਦੀ ਦੀ ਅਹਿਮ ਲੋੜ ਹੈ, ਉੱਥੇ ਭਾਰਤੀਆਂ ਦੇ ਮਿਲ ਬੈਠਣ ਵਾਸਤੇ ਗੁਰਦੁਆਰੇ ਦੀ ਵੀ ਜ਼ਰੂਰਤ ਹੈ। ਸੰਤੋਖ ਸਿੰਘ ਕਨੇਡਾ ਵਿਚ ਅਜਿਹੇ ਰਾਜਸੀ ਮਹੱਤਵ ਵਾਲੇ ਗੁਰਦੁਆਰੇ ਬਾਰੇ ਜਾਣਦਾ ਸੀ ਕਿ ਉਹ ਗੁਰਦੁਆਰਾ ਲਹਿਰ ਉਸਾਰਨ ਵਿਚ ਕਿਵੇਂ ਹਾਂ ਪੱਖੀ ਕੰਮ ਕਰ ਰਿਹਾ ਹੈ। ਇਸ ਮਕਸਦ ਲਈ ਸਟਾਕਟਨ ਵਿਖੇ ਗੁਰਦੁਆਰਾ ਬਣਾਉਣ ਦਾ ਫੈਸਲਾ ਕੀਤਾ ਗਿਆ, ਜਿਸ ਦੀ ਜ਼ਿੰਮੇਵਾਰੀ ਵੀ ਸੰਤੋਖ ਸਿੰਘ ਨੂੰ ਸੌਂਪ ਦਿੱਤੀ ਗਈ। ਉਸ ਸਮੇਂ ਅਮਰੀਕਾ ਵਿਚ ਇਸ ਕਿਸਮ ਦੇ ਕਾਰਜ ਕਰਨੇ ਆਸਾਨ ਨਹੀਂ ਸਨ।

ਫਰਵਰੀ 1912 ਦੇ ਅੰਤਲੇ ਦਿਨਾਂ ਵਿਚ ਨੌਜਵਾਨ ਸੰਤੋਖ ਸਿੰਘ, ਜਵਾਲਾ ਸਿੰਘ ਤੇ ਵਿਸਾਖਾ ਸਿੰਘ ਨੇ ਇਕੱਤਰਤਾ ਵਿਚ ਗੁਰੂ ਗ੍ਰੰਥ ਸਾਹਿਬ ਮੋਹਰੇ ਖੜ੍ਹੇ ਹੋ ਕੇ ਕਸਮ ਖਾਧੀ ''ਅੱਜ ਤੋਂ ਅਸੀਂ ਆਪਣਾ ਜੀਵਨ ਦੇਸ਼ ਵਾਸੀਆਂ ਦੀ ਸੇਵਾ ਤੇ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੇ ਲੇਖੇ ਲਾਉਣਾ ਹੈ। ਅਸੀਂ ਕਸਮ ਖਾਂਦੇ ਹਾਂ ਕਿ ਇਸ ਉੱਚੇ-ਸੁੱਚੇ ਮਨੋਰਥ ਲਈ ਆਪਣੀ ਜਾਨ ਵਾਰਨ ਤੋਂ ਵੀ ਝਿਜਕਾਂਗੇ ਨਹੀਂ। ਅਸੀਂ ਆਪਣੀ ਮਾਤਭੂਮੀ ਦੀ ਸੁਤੰਤਰਤਾ ਤੇ ਬਰਾਬਰੀ ਲਈ ਆਪਣੇ ਅੰਤਲੇ ਸਾਹਾਂ ਤਕ ਜੂਝਾਂਗੇ। ਇਹ ਸਾਡੇ ਜੀਵਨ ਦਾ ਮਿਸ਼ਨ ਹੋਵੇਗਾ।'' ਇਸ ਮੀਟਿੰਗ ਨੇ ਕਨੇਡਾ ਤੇ ਅਮਰੀਕਾ ਵਿਚ ਵਸਦੇ ਭਾਰਤੀਆਂ ਨੂੰ ਜਿੱਥੇ ਇਕ ਸੂਤਰ ਵਿਚ ਪਰੋਇਆ, ਉੱਥੇ ਮਨੋਵਿਗਿਆਨਕ ਤਬਦੀਲੀ ਨੇ ਭਾਰਤੀਆਂ ਨੂੰ ਆਜ਼ਾਦ ਕੌਮ ਵਾਂਗ ਜੀਉਣ ਦਾ ਸੁਪਨਾ ਦਿੱਤਾ।

ਅਮਰੀਕਾ, ਕਨੇਡਾ ਵਿਚ ਵਸਦੇ ਭਾਰਤੀਆਂ ਦੀਆਂ ਆਪਣੀਆਂ ਵੀ ਕੁਝ ਸਮੱਸਿਆਵਾਂ ਸਨ, ਜਿਹੜੀਆਂ ਉਨ੍ਹਾਂ ਨੂੰ ਹਰ ਰੋਜ਼ ਬਰਦਾਸ਼ਤ ਕਰਨੀਆਂ ਪੈਂਦੀਆਂ ਸਨ। ਉਨ੍ਹਾਂ ਨੂੰ ਉੱਥੇ ਜੀਉਂਦੇ ਰਹਿਣ ਲਈ ਜਥੇਬੰਦ ਹੋਣਾ ਹੀ ਪੈਣਾ ਸੀ। ਜਥੇਬੰਦੀ ਦੀ ਲੋੜ ਤੇ ਸਥਿਤੀਆਂ ਦੇ ਵਿਗਿਆਨਕ ਅਧਿਐਨ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਮਹਾਨ ਕਾਰਜ ਨਾਲ ਜੋੜ ਦਿੱਤਾ। ਉਸ ਮਹਾਨ ਕਾਰਜ ਵਿਚ ਲੱਗੀਆਂ ਸ਼ਖ਼ਸੀਅਤਾਂ ਵੀ ਮਹਾਨ ਹੋ ਗਈਆਂ।

ਅਮਰੀਕਾ ਦੀ ਮੰਦੀ ਦੇ ਸਮੇਂ ਓਥੋਂ ਦੇ ਰੇਲਵੇ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਕੰਪਨੀ ਨੇ ਹਿੰਦੀ ਮਜ਼ਦੂਰਾਂ ਨੂੰ ਭਰਤੀ ਕਰ ਲਿਆ। ਇਹ ਵੱਡਾ ਅੰਤਰ ਵਿਰੋਧ ਸੀ, ਜਿਹੜਾ ਹਿੰਦੀ ਮਜ਼ਦੂਰਾਂ ਨੂੰ ਬਰਦਾਸ਼ਤ ਕਰਨਾ ਪਿਆ। ਹਿੰਦੀ ਮਜ਼ਦੂਰਾਂ 'ਤੇ ਹਮਲੇ ਹੋਰ ਤਿੱਖੇ ਹੋ ਗਏ। ਸੰਭਾਵੀ ਟਕਰਾ ਦੀਆਂ ਸਥਿਤੀਆਂ ਨੇ ਭਾਰਤੀ ਮਜ਼ਦੂਰਾਂ ਨੂੰ ਹਰ ਵਕਤ ਤਿਆਰ ਰਹਿਣ ਲਈ ਜਿੱਥੇ ਹੋਰ ਵੱਖ ਵੱਖ ਉਪਾਅ ਕਰਨ ਲਈ ਸੁਚੇਤ ਕੀਤਾ, ਉੱਥੇ ਜਥੇਬੰਦਕ ਤੌਰ 'ਤੇ ਲਾਮਬੰਦ ਹੋਣ ਦਾ ਖਿਆਲ ਵੀ ਇਸੇ ਲੋੜ ਦੀ ਮਜਬੂਰੀ ਵਿਚੋਂ ਹੀ ਨਿੱਕਲਿਆ।

ਅਮਰੀਕਾ ਵਿਚ ਦੋ ਕਿਸਮ ਦੀ ਮਾਨਸਿਕਤਾ ਬਣ ਗਈ। ਇਕ ਤਾਂ ਉਹ ਲੋਕ ਸਨ, ਜਿਨ੍ਹਾਂ ਨੇ ਹਿੰਦੋਸਤਾਨੀ ਮਜ਼ਦੂਰਾਂ ਦਾ ਸਾਥ ਦਿੱਤਾ, ਕਿਉਂਕਿ ਇਨ੍ਹਾਂ ਹਿੰਦੋਸਤਾਨੀ ਮਜ਼ਦੂਰਾਂ ਦੇ ਉੱਥੇ ਰਹਿਣ ਨਾਲ ਉਨ੍ਹਾਂ ਨੂੰ ਸਸਤੀ ਲੇਬਰ ਮਿਲਦੀ ਸੀ, ਜਿਸ ਨਾਲ ਉਨ੍ਹਾਂ ਨੂੰ ਆਰਥਕ ਲਾਭ ਹੁੰਦਾ ਸੀ। ਦੂਸਰੇ ਪਾਸੇ ਉਹ ਸਨ, ਜਿਨ੍ਹਾਂ ਦਾ ਇਨ੍ਹਾਂ ਹਿੰਦੋਸਤਾਨੀ ਮਜ਼ਦੂਰਾਂ ਨਾਲ ਹਿੰਸਾਤਮਕ ਯੁੱਧ ਚੱਲ ਰਿਹਾ ਸੀ। ਇਸ ਦਾ ਵੀ ਕਾਰਨ ਸਿੱਧਾ ਹੀ ਸੀ ਕਿ ਇਸ ਅੰਤਰ ਵਿਰੋਧ ਦੇ ਚੱਲਦਿਆਂ ਹਿੰਦੀ ਮਜ਼ਦੂਰ ਸਸਤੀ ਤੋਂ ਸਸਤੀ ਮਜ਼ਦੂਰੀ ਕਰਨ ਲਈ ਤਿਆਰ ਸਨ। ਅਮਰੀਕੀ ਮਜ਼ਦੂਰ ਬੇਰੁਜ਼ਗਾਰ ਹੋ ਗਏ ਸਨ ਤੇ ਇਸ ਦੇ ਨਾਲ ਹੀ ਮਹਿੰਗਾਈ ਦੇ ਵਧਣ ਦੇ ਬਾਵਜੂਦ ਉਹ ਸਸਤੀ ਤੋਂ ਸਸਤੀ ਲੇਬਰ ਕਰਨ ਲਈ ਤਿਆਰ ਹੋ ਰਹੇ ਸਨ। ਇਸ ਅੰਤਰਵਿਰੋਧ ਕਰ ਕੇ ਅਮਰੀਕਾ ਦੀ ਮਜ਼ਦੂਰ ਜਮਾਤ ਨਾਲ ਸਾਂਝ ਦੀ ਬਜਾਏ ਸ਼ਰੀਕਾ ਪੈਦਾ ਹੋ ਗਿਆ ਸੀ। ਉਥੋਂ ਦੀ ਸਰਮਾਏਦਾਰ ਜਮਾਤ ਨਾਲ ਸ਼ਰੀਕੇ ਦੀ ਬਜਾਏ ਸਾਂਝ ਪੈਦਾ ਹੋ ਗਈ। ਇਹ ਦੋਵੇਂ ਹੀ ਉਲਟ ਸਥਿਤੀਆਂ ਸਨ। ਇਨ੍ਹਾਂ ਸਥਿਤੀਆਂ ਦਾ ਦੇਰ-ਸਵੇਰ ਨੁਕਸਾਨ ਹੋਣਾ ਹੀ ਸੀ।

ਇਨ੍ਹਾਂ ਉਪਰੋਕਤ ਸਥਿਤੀਆਂ ਵਿਚ ਬਾਬਾ ਸੋਹਣ ਸਿੰਘ ਭਕਨਾ ਵਰਗੇ ਸਮਝਦਾਰ ਭਾਰਤੀਆਂ ਦਾ ਇਹ ਸੋਚਣਾ ਸੀ ਕਿ ਬੁਨਿਆਦੀ ਕਾਰਨਾਂ ਨੂੰ ਫੜਿਆ ਜਾਵੇ ਤੇ ਉਸ ਦੇ ਹੱਲ ਲਈ ਵੀ ਕੁਝ ਕੀਤਾ ਜਾਵੇ। ਬਾਬਾ ਸੋਹਣ ਸਿੰਘ ਭਕਨਾ, ਜਿੱਥੇ ਉਮਰ ਵਿਚ ਵੱਡੇ ਸਨ, ਉੱਥੇ ਉਨ੍ਹਾਂ ਦਾ ਪਿਛੋਕੜ ਪੰਜਾਬ ਦੀ ਕੂਕਾ ਲਹਿਰ ਦਾ ਹੋਣ ਕਰ ਕੇ ਉਹ ਕਿਸੇ ਘਟਨਾ ਦੀ ਤੈਅ ਹੇਠ ਕੰਮ ਕਰਦੇ ਨਿਯਮਾਂ ਨੂੰ ਸਮਝਣ ਦੇ ਕਾਬਲ ਸਨ। ਉਨ੍ਹਾਂ ਦਾ ਮਤ ਸੀ ਕਿ ਸਾਨੂੰ ਜਾਤੀ ਭਿੰਨਤਾ ਛੱਡ ਕੇ ਹੀ ਕੁਝ ਪ੍ਰਾਪਤ ਹੋ ਸਕਦਾ ਹੈ। ਬਾਬਾ ਜਵਾਲਾ ਸਿੰਘ ਦਾ ਬਾਬਾ ਸੋਹਣ ਸਿੰਘ ਭਕਨਾ ਨਾਲ ਮਿਲਾਪ ਇਤਿਹਾਸਕ ਘਟਨਾ ਬਣ ਗਿਆ। ਸੋ ਇਕ ਸਮਝ ਵਾਲੀ ਜਥੇਬੰਦੀ ਦੀ ਘਾਟ ਤੇ ਇਸ ਲੋੜ ਦੀ ਪੂਰਤੀ ਦੇ ਸਮਰੱਥ ਆਗੂਆਂ ਦੀ ਪਛਾਣ ਪਹਿਲੀ ਮੀਟਿੰਗ ਤੋਂ ਹੀ ਹੋਣੀ ਆਰੰਭ ਹੋ ਗਈ ਸੀ, ਜਿਹੜੇ ਭਾਰਤੀ ਇਨ੍ਹਾਂ ਸਾਰਿਆਂ ਮਸਲਿਆਂ ਦੀ ਜੜ੍ਹ ਵਜੋਂ ਭਾਰਤ ਦੇ ਬਸਤੀਵਾਦੀ ਪ੍ਰਬੰਧ ਨੂੰ ਇਸ ਦਾ ਬੁਨਿਆਦੀ ਕਾਰਨ ਸਮਝਦੇ ਸਨ। ਉਨ੍ਹਾਂ ਵਿਚ ਹੋਰਨਾਂ ਦੇ ਨਾਲ ਨੌਜਵਾਨ ਸੰਤੋਖ ਸਿੰਘ ਵੀ ਸੀ, ਜਿਨ੍ਹਾਂ ਨੇ ਭਾਰਤੀ ਆਜ਼ਾਦੀ ਨੂੰ ਬੁਨਿਆਦੀ ਲੋੜ ਵਜੋਂ ਚਿਤਰਦਿਆਂ ਕਿਹਾ ਸੀ ਕਿ ਆਜ਼ਾਦ ਕੌਮ ਵਾਲਾ ਸਤਿਕਾਰ ਕੇਵਲ ਆਜ਼ਾਦ ਕੌਮ ਨੂੰ ਹੀ ਮਿਲਦਾ ਹੈ ਇਸ ਕਰ ਕੇ ਭਾਰਤ ਮਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣਾ ਸਾਡਾ ਪਹਿਲਾ ਕੰਮ ਹੈ। ਸੰਤੋਖ ਸਿੰਘ ਨੇ ਸਪਸ਼ਟ ਕਿਹਾ, 'ਆਜ਼ਾਦ ਕੌਮਾਂ ਹੀ ਸਤਿਕਾਰ ਦੀਆਂ ਹੱਕਦਾਰ ਹੁੰਦੀਆਂ ਹਨ ਤੇ ਬਹਾਦਰ ਕੌਮਾਂ ਆਜ਼ਾਦੀ ਲਈ ਮਰ ਮਿਟਦੀਆਂ ਹਨ ਤੇ ਇਹ ਸਤਿਕਾਰ ਮਰ ਮਰ ਕੇ ਲੈਣਾ ਪੈਂਦਾ ਹੈ।'

ਏਥੇ ਜੇ.ਡੀ ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਆਦਿ ਵੀ ਆਪਣਾ ਕੰਮ ਕਰ ਰਹੇ ਸਨ। ਇਨ੍ਹਾਂ ਦਾ ਵੀ ਇਹ ਹੀ ਮਤ ਸੀ ਕਿ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਆਜ਼ਾਦੀ ਹੀ ਹੈ ਤੇ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਬਰਤਾਨਵੀ ਬਸਤੀਵਾਦ ਦੀ ਗੁਲਾਮੀ ਹੈ। ਇਸ ਕਾਰਜ ਲਈ ਕਈ ਅਖ਼ਬਾਰ ਵੀ ਜੀ-ਜਾਨ ਨਾਲ ਕੰਮ ਕਰ ਰਹੇ ਸਨ, ਜਿਨ੍ਹਾਂ ਵਿਚੋਂ ਸਵਦੇਸ਼ ਸੇਵਕ, ਪਰਦੇਸ਼ੀ ਖਾਲਸਾ, ਸੰਸਾਰ, ਫਰੀ ਹਿੰਦੋਸਤਾਨ ਵਰਗੀਆਂ ਅਖ਼ਬਾਰਾਂ ਵੀ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਕ ਮਤ ਹੋਣ ਤੇ ਹਥਿਆਬੰਦ ਵਿਦਰੋਹ ਕਰਨ ਦਾ ਹੋਕਾ ਦੇ ਰਹੀਆਂ ਸਨ।

ਮਾਰਚ 1913 ਨੂੰ ਅਮਰੀਕਾ ਦੇ ਸ਼ਾਂਤ ਸਾਗਰੀ ਤੱਟ 'ਤੇ ਭਾਰਤੀ ਆਜ਼ਾਦੀ ਲਈ ਹਿੰਦੀ ਐਸੋਸੀਏਸ਼ਨ ਕਾਇਮ ਕੀਤੀ ਗਈ। ਇਸ ਵੱਡੀ ਮੀਟਿੰਗ ਵਿਚ ਸਾਰੀਆਂ ਇਕਾਈਆਂ ਦੀ ਸਾਂਝੀ ਜਥੇਬੰਦੀ ਬਣਾ ਕੇ ਉਸ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ ਤੇ ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

ਆਸਟਰੀਆ ਵਿਖੇ 21 ਅਪ੍ਰੈਲ, 1913 ਨੂੰ ਹਿੰਦੁਸਤਾਨੀ ਪਰਵਾਸੀਆਂ ਨੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ' ਕਾਇਮ ਕਰ ਲਈ ਜੋ ਕੁਝ ਸਮਾਂ ਪਾ ਕੇ 'ਹਿੰਦੁਸਤਾਨ ਗ਼ਦਰ ਪਾਰਟੀ' ਦੇ ਨਾਮ ਨਾਲ ਜਾਣੀ ਜਾਣ ਲੱਗ ਪਈ। 1913 ਵਿਚ ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਇਸ ਐਸੋਸੀਏਸ਼ਨ ਦੇ ਕਰਤਾ-ਧਰਤਾ ਭਾਈ ਸੋਹਣ ਸਿੰਘ ਭਕਨਾ (ਪ੍ਰਧਾਨ), ਲਾਲਾ ਹਰਦਿਆਲ (ਜਨਰਲ ਸਕੱਤਰ) ਅਤੇ ਪੰਡਿਤ ਕਾਂਸ਼ੀ ਰਾਮ ਮੜੌਲੀ (ਖਜ਼ਾਨਚੀ) ਆਦਿ ਨੇ ਸੈਕਰਾਮੈਂਟੋ ਵਿਖੇ ਮੀਟਿੰਗ ਕਰ ਕੇ ਭਾਈ ਸੰਤੋਖ ਸਿੰਘ ਨੂੰ ਗ਼ਦਰ ਪਾਰਟੀ ਦੇ ਅਗਜ਼ੈਕਟਿਵ ਮੈਂਬਰ ਵਜੋਂ ਇਸ ਵਿਚ ਸ਼ਾਮਲ ਕਰ ਲਿਆ।

*ਲਾਲਾ ਹਰਦਿਆਲ ਦੀ ਅਗਵਾਈ ਹੇਠ ਪਹਿਲੀ ਨਵੰਬਰ 1913 ਨੂੰ ਗ਼ਦਰ ਅਖਬਾਰ ਛਾਪਣਾ ਸ਼ੁਰੂ ਕੀਤਾ, ਜੋ ਪਹਿਲਾਂ ਉਰਦੂ ਵਿਚ ਤੇ ਬਾਅਦ ਵਿਚ ਪੰਜਾਬੀ ਜੁਬਾਨ ਵਿਚ ਵੀ ਕੱਢਿਆ ਗਿਆ। ਇਹ ਹਫ਼ਤਾਵਾਰੀ ਅਖ਼ਬਾਰ ਸੀ, ਜਿਹੜਾ ਐਸੋਸੀਏਸ਼ਨ ਦਾ ਕ੍ਰਾਂਤੀਕਾਰੀ ਸੁਨੇਹਾ ਲੈ ਕੇ ਘਰ ਘਰ ਜਾਣ ਲੱਗਿਆ। ਇਹ ਅਖ਼ਬਾਰ ਇਕ ਤਰ੍ਹਾਂ ਦਾ ਇਨਕਲਾਬੀ ਹਥਿਆਰ ਹੀ ਸੀ।*

ਲਾਲਾ ਹਰਦਿਆਲ ਦੀ ਅਗਵਾਈ ਹੇਠ ਪਹਿਲੀ ਨਵੰਬਰ 1913 ਨੂੰ ਗ਼ਦਰ ਅਖਬਾਰ ਛਾਪਣਾ ਸ਼ੁਰੂ ਕੀਤਾ, ਜੋ ਪਹਿਲਾਂ ਉਰਦੂ ਵਿਚ ਤੇ ਬਾਅਦ ਵਿਚ ਪੰਜਾਬੀ ਜ਼ੁਬਾਨ ਵਿਚ ਵੀ ਕੱਢਿਆ ਗਿਆ। ਇਹ ਹਫ਼ਤਾਵਾਰੀ ਅਖ਼ਬਾਰ ਸੀ, ਜਿਹੜਾ ਐਸੋਸੀਏਸ਼ਨ ਦਾ ਕ੍ਰਾਂਤੀਕਾਰੀ ਸੁਨੇਹਾ ਲੈ ਕੇ ਘਰ ਘਰ ਜਾਣ ਲੱਗਿਆ। ਇਹ ਅਖ਼ਬਾਰ ਇਕ ਤਰ੍ਹਾਂ ਦਾ ਇਨਕਲਾਬੀ ਹਥਿਆਰ ਹੀ ਸੀ।

ਇਸੇ ਕਰ ਕੇ ਐਸੋਸੀਏਸ਼ਨ ਦਾ ਨਾਮ ਵੀ ਲੋਕਾਂ ਨੇ ਅਖ਼ਬਾਰ ਦੇ ਨਾਮ ਤੋਂ ਗ਼ਦਰ ਹੀ ਪਾ ਦਿੱਤਾ। ਗ਼ਦਰ ਕਰਨ ਵਾਲਿਆਂ ਲਈ ਗ਼ਦਰੀ ਸ਼ਬਦ ਦਾ ਪ੍ਰਯੋਗ ਹੋਣ ਲੱਗਾ। ਇਹ ਨਾਮ ਸਰਕਾਰ ਨੂੰ ਵੀ ਪਸੰਦ ਸੀ ਕਿਉਂਕਿ ਸਰਕਾਰ ਵੀ ਇਨ੍ਹਾਂ ਨੂੰ ਹਕੂਮਤ ਖ਼ਿਲਾਫ ਗ਼ਦਰ ਕਰਨ ਵਾਲੇ ਨਾਂਹਵਾਚੀ ਵਿਸ਼ੇਸ਼ਣ ਦੇ ਤੌਰ 'ਤੇ ਵਰਤਣਾ ਚਾਹੁੰਦੀ ਸੀ। ਇਕੋ ਸ਼ਬਦ ਜੋ ਹਕੂਮਤ ਲਈ ਨਾਂਹਵਾਚੀ ਸੀ, ਉਹ ਭਾਰਤ ਵਾਸੀਆਂ ਲਈ ਮਾਣ ਸਨਮਾਨ ਦਾ ਚਿੰਨ੍ਹ ਬਣ ਗਿਆ ਤੇ ਭਾਰਤ ਮਾਂ ਦੇ ਇਹ ਸਪੂਤ ਗ਼ਦਰੀ ਨਾਮ ਹੇਠ ਸਾਰੇ ਸੰਸਾਰ ਦੇ ਕੋਨੇ ਕੋਨੇ ਵਿਚ ਜਾਣੇ ਗਏ। ਇਹ ਅਖ਼ਬਾਰ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਵਿਚ ਇਕ ਦਮ ਹਰਮਨ ਪਿਆਰਾ ਹੋ ਗਿਆ। ਅਖ਼ਬਾਰ ਵਿਚ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਸੀ, ਉਹ ਸਮਾਂ ਆਉਣ ਤਕ ਦੇਸ਼ ਨੂੰ ਬਗ਼ਾਵਤ ਲਈ ਤਿਆਰ ਕੀਤਾ ਜਾਏ ਅਤੇ ਉਹ ਸਮਾਂ ਜਲਦੀ ਹੀ ਆਉਣ ਵਾਲਾ ਹੈ 'ਜਦੋਂ ਰਾਈਫ਼ਲ ਅਤੇ ਖ਼ੂਨ ਨੂੰ ਕਲਮ ਅਤੇ ਸਿਆਹੀ ਵਜੋਂ ਵਰਤਿਆ ਜਾਵੇਗਾ, ਅਤੇ ਅੰਗਰੇਜ਼ ਰਾਜ ਤਬਾਹ ਕਰ ਦਿੱਤਾ ਜਾਏਗਾ।

ਗ਼ਦਰ ਅਖ਼ਬਾਰ ਦਾ ਪੱਕਾ ਕਾਲਮ ਸੀ: ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ। ਇਸ ਵਿਚ ਹਮੇਸ਼ਾ 14 ਨੁਕਤੇ ਹੁੰਦੇ ਸਨ, ਜਿਹੜੇ ਪਹਿਲੇ ਸਫ਼ੇ ਉਤੇ ਛਾਪੇ ਹੁੰਦੇ ਸਨ। ਆਖ਼ਰੀ ਨੁਕਤਾ ਹੁੰਦਾ ਸੀ - 1857 ਦੇ ਗ਼ਦਰ ਨੂੰ 56 ਸਾਲ ਹੋ ਚੁੱਕੇ ਹਨ, ਹੁਣ ਦੂਜੇ ਗ਼ਦਰ ਦੀ ਲੋੜ ਹੈ। ਇਕ ਹੋਰ ਬਾਕਾਇਦਾ ਫੀਚਰ ਸੀ 'ਅੰਕੋਂ ਕੀ ਗਵਾਹੀ'। ਇਸ ਵਿਚ ਭਾਰਤ ਵਿਚ ਬਰਤਾਨਵੀ ਲੁੱਟ-ਖਸੁੱਟ ਦੇ ਮਾਰੂ ਸਿੱਟਿਆਂ ਨੂੰ ਉਘਾੜਿਆ ਹੁੰਦਾ ਸੀ। ਬਰਤਾਨਵੀ ਰਾਜ ਨੂੰ ਕੌਮ ਲਈ ਇਕ ਫੋੜਾ, ਪਲੇਗ ਦਸਿਆ ਗਿਆ ਹੁੰਦਾ। ਇਹ ਲਿਖਿਆ ਜਾਂਦਾ ਕਿ ਜਦੋਂ ਤਕ ਇਸ ਨੀਚ, ਦੁਸ਼ਟ ਸਰਕਾਰ ਨੂੰ ਤਬਾਹ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤਕ ਚੈਨ ਨਾਲ ਨਹੀਂ ਬੈਠਾਂਗੇ।

ਭਾਰਤੀਆਂ ਨੂੰ ਅਕਸਰ ਹੀ ਜ਼ੋਰ ਦੇ ਕੇ ਕਿਹਾ ਜਾਂਦਾ ਸੀ ਕਿ ਉਹ ਜਾਗਣ, ਢਿੱਲਾਪਣ ਅਤੇ ਆਰਜ਼ੀ ਆਰਾਮ ਛੱਡਣ ਅਤੇ ਤਨ, ਮਨ ਅਤੇ ਧਨ ਨਾਲ ਆਪਣੇ ਦੇਸ਼ ਦੀ ਸੇਵਾ ਕਰਨ। ਪਹਿਲੇ ਅੰਕ ਦੇ ਹੀ ਇਕ ਲੇਖ ਵਿਚ ਲਿਖਿਆ ਗਿਆ ਸੀ:

ਮੇਰੇ ਯੋਧਿਓ! ਓ ਸ਼ੇਰੋ! ਓ ਬਹਾਦਰੋ! ਹੋਸ਼ ਵਿਚ ਆਓ! ਕਿੰਨੀ ਦੇਰ ਸੌਂਦੇ ਰਹੋਗੇ? ਕਦੋਂ ਤਕ ਤੁਸੀਂ ਦੂਜਿਆਂ ਦੇ ਛਿੱਤਰ ਖਾਣ ਲਈ ਤਿਆਰ ਰਹੋਗੇ ਅਤੇ ਉਨ੍ਹਾਂ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰਦੇ ਰਹੋਗੇ।

ਐ ਹਿੰਦੁਸਤਾਨ ਦੇ ਨੌਜਵਾਨੋਂ, ਆਪਣੇ ਵੱਲ ਦੇਖੋ, ਗੁਲਾਮੀ ਨੇ ਤੁਹਾਨੂੰ ਜਿਊਂਦੇ ਜਾਗਦੇ ਪਿੰਜਰ ਬਣਾ ਛਡਿਆ ਹੈ। ਇਸ ਨੇ ਤੁਹਾਡਾ ਮਾਸ ਚੂੰਡ ਲਿਆ ਹੈ ਅਤੇ ਸਿਰਫ਼ ਹੱਡੀਆਂ ਰਹਿਣ ਦਿੱਤੀਆਂ ਹਨ। ਸ਼ਰਮ ਕਰੋ! ਸ਼ਰਮ ਕਰੋ! ਸ਼ਰਮ ਕਰੋ! ਜਾਗੋ ਐ ਸ਼ੇਰੋ! ਜਾਗੋ!

ਜਾਗੋ, ਐ ਸ਼ੇਰੋ! ਹਿੰਮਤ ਕਰੋ। ਆਪਣੇ ਦੇਸ਼ ਦੀ ਸੇਵਾ ਕਰੋ ਅਤੇ ਆਪਣਾ ਫਰਜ਼ ਨਿਭਾਓ। ਦੁਸ਼ਮਣ ਤੁਹਾਨੂੰ ਖਾਈ ਜਾ ਰਿਹਾ ਹੈ। ਉਸ ਨੂੰ ਮਾਰ ਮਾਰ ਕੇ ਆਪਣੇ ਦੇਸ਼ ਤੋਂ ਬਾਹਰ ਕੱਢ ਦਿਓ। ਆਓ, ਬਹਾਦਰੋ! ਆਓ ਨਾਨਾ ਸਾਹਿਬ ਅਤੇ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦਾ ਬਦਲਾ ਲੈਣ ਲਈ ਇਕਮੁੱਠ ਹੋ ਜਾਓ। ਜਾਗੋ... ਮੈਂ ਤੁਹਾਨੂੰ ਪੁਕਾਰ ਰਿਹਾ ਹਾਂ। ਜਾਗੋ!... ਆਪਣੇ ਵਡੇਰਿਆਂ ਦੀ ਇੱਜ਼ਤ ਸੰਭਾਲੋ। ਆਪਣੇ ਆਪ ਨੂੰ ਸਿੰਘਾਂ, ਖਾਨਾਂ ਅਤੇ ਰਾਜਪੂਤਾਂ ਦੇ ਯੋਗ ਸਪੁੱਤਰ ਸਿੱਧ ਕਰੋ।... ਜੇ ਤੁਸੀਂ ਹੁਣ ਹਿੰਮਤ ਨਹੀਂ ਕਰਦੇ, ਤਾਂ ਮਗਰੋਂ ਤੁਹਾਨੂੰ ਆਪਣੇ ਹੱਥ ਮਲਣੇ ਪੈਣਗੇ। ਇਹ ਮੌਕਾ ਤੁਹਾਡੇ ਹੱਥ ਮੁੜ ਕੇ ਨਹੀਂ ਆਏਗਾ। ਇਸ ਲਈ ਮੇਰੀ ਆਖ਼ਰੀ ਸਲਾਹ ਤੁਹਾਨੂੰ ਇਹੀ ਹੈ! ਉਠੋ, ਕਮਰ-ਕੱਸੇ ਕਰੋ। ਉਠੋ। ਇਹ ਢਿੱਲ-ਮੱਠ ਦਾ ਸਮਾਂ ਨਹੀਂ। (ਡਾ. ਹਰੀਸ਼ ਕੇ. ਪੁਰੀ, ਗ਼ਦਰ ਲਹਿਰ, ਪੰਨਾ 32)

1857 ਦੇ ਗ਼ਦਰ ਨੂੰ ਮੁਕੰਮਲ ਕਰਨ ਦਾ ਸੁਪਨਾ ਗ਼ਦਰੀ ਸੂਰਬੀਰਾਂ ਨੇ ਲਿਆ ਸੀ। ਏਨ੍ਹੇ ਲੰਮੇ ਸਮੇਂ ਬਾਅਦ ਗ਼ਦਰ ਦੀ ਉਹੀ ਗੂੰਜ ਅੰਗਰੇਜ਼ਾਂ ਦੇ ਕੰਨਾਂ ਵਿਚ ਪੈਣੀ ਸ਼ੁਰੂ ਹੋ ਗਈ ਸੀ, ਜਿਸ ਅਸਫ਼ਲ ਗ਼ਦਰ ਤੋਂ ਬਾਅਦ ਅੰਗਰੇਜ਼ਾਂ ਨੇ ਸੋਚਿਆ ਸੀ ਕਿ ਹੁਣ ਕੋਈ ਆਵਾਜ਼ ਨਹੀਂ ਉੱਠੇਗੀ, ਉਨ੍ਹਾਂ ਦੇ ਕੰਨਾਂ ਵਿਚ ਗ਼ਦਰ ਦੀ ਉਹੀ ਆਵਾਜ਼ ਪੈਣ ਲੱਗ ਪਈ। ਸ਼ਹੀਦ ਮੰਗਲ ਪਾਂਡੇ ਕਦ ਕਰਤਾਰ ਸਰਾਭਾ ਬਣ ਕੇ ਉਠ ਪਵੇਗਾ ਇਸ ਦੀ ਭਿਣਕ ਅੰਗਰੇਜ਼ਾਂ ਨੂੰ ਨਹੀਂ ਸੀ। ਇਕ ਗ਼ਦਰ ਤੋਂ ਦੂਜੇ ਗ਼ਦਰ ਦੀ ਅਮੁੱਕ ਕਹਾਣੀ ਨੇ ਸਦੀ ਦਾ ਸਫ਼ਰ 21 ਅਪ੍ਰੈਲ ਨੂੰ ਤੈਅ ਕਰ ਲਿਆ ਹੈ ਪਰ ਗ਼ਦਰ ਅਜੇ ਵੀ ਜਾਰੀ ਹੈ।




# Hypocrisy

**A.RIAR**
UNIVERSTIY OF WINNIPEG, WINNIPEG

As we talk about living in a modern world and accepting people. Some communities still hold on to the traditions of their ancestors, which is a beautiful thing. Children are being taught the culture their parents grew up with, but is it making them hypocrite too?

Minor communities usually talk about being the victim of racism, or feeling like an outsider. But are minority communities really accepting others too? How could be expected to be accepted, when they aren't doing the same. As a part of the small Indian community, I see our people judging every single community and complaining about it too. Hypocrisy has become a problem that none of us wants or ready to talk about. We get so defensive when it comes to our community that sometimes we ignore the fact that what we are doing could be wrong. Even if the topic comes up, we judge others on the basis of their skin colour. Racism isn't the topic we are being a hypocrite about. There are many other examples like generation gap and gender discrimination. If a girl wants to live the way she likes she would be judged by almost everyone within her own community whereas boys have almost no restrictions. We do hold onto the traditions of our ancestors, which are a beautiful thing, but are we really being fair. We are using culture as an excuse. Our culture doesn't say that girl cannot be independent. Guru Nanak Dev Ji, the founder of Sikhism has said himself, "So Kyu Manda Aakhiye Jit Janmey Rajaan", which means that men and women are equal and therefore women cannot be considered socially or spiritually inferior. If we are really following our tradition and teachings, how could we leave this one out?

The generation gap is another problem. Parents need to understand that time has changed and with that it's also changed how society thinks. Parents need to let children make their mistakes to learn lessons. They can't be with them every single second. If parents are too uptight, children sneak out and make bigger mistakes. Children feel afraid to share their secrets and problems. Parents need to become more understanding of their children's problems like peer pressure. They need to know they can help their kids by talking to them not by forcing their decisions.

# Reducing Waste through Technology

**Harpreet**
Maple Collegiate, Winnipeg Grade-10

In today's world Technology advances by the minutes but have you ever thought about using it to our advantage. In Winnipeg there are 700,000 people , Every month every citizen in Winnipeg receives a electricity bill , that's 700,000 paper bills unless some receive through computer but in this assumption I will assume no one does that . That means 700,000 paper bills are sent and that not even including the packaging and the extra promotional letters. It is estimated a average tree produces 80,500 sheets of paper, so that means that we cut down approximately 8 tress every month just for our bills, that's 96 tress cut down just from our bills . To change this we can easily ask the companies to email the bill instead of sending it through mail. This may not be a big improvement but it's a step to lessen our impact on our environment.

Technology can do both things it can lessen our impact but it can also increase it as well. Big Corporations like Microsoft, Rogers, Bell, Dell etc... , these corporations extract rare earth metals like Cerium, Europium and Terbium to make their products (Computers, Phones). Rare earth metals take thousands and thousands of years to be renewable. Wanting the next big phone or computer is the kind of lifestyle we Winnipeggers have but not only us is this the same throughout the world. The more things we are going to consume the less resources there will be to produce what we consume. Our culture is based on having the next thing we're forgetting that a next big thing has maybe one or two differences from the last product. To change this, the next time you go to buy a computer or a phone just ask or look up how efficient it is and how it was made. If we as consumers change our choice and ask for more a greener product then the producers will do their job and give us a greener product. Also Technology is advancing every day but will it be able to advance if we don't have the right materials to advance?

# My trip from India to Canada

**JAGBIR SINGH**
RED RIVER COLLEGE, WINNIPEG

Nowadays traveling is becoming more popular in Punjab India, whether it is nationwide or international. Everyone wants a good future for themselves and their families and that's what inspired me to come to Canada, as one can get so many opportunities in the educational field here. So after fulfilling all the requirements for the study visa, my visa had been approved on the 14th of April 2013. I departure on the 22nd of April, it was a whole new experience for me flying in a plane for the very first time. Unfortunately my ticket was for the wrong Province in Canada, I landed at the coast of the Atlantic Ocean, but I had to go the coast of the Pacific Ocean. This was a mistake about the airport codes while making the reservation, I was totally lost, sitting in the airport of Saint John New Brunswick and had no clue what to do, the staff of the airport was so kind to me they helped me a lot and they allowed me to make calls so I called my Uncle in India to fix the problem that I was in, I had to book a ticket for Fort Saint John British Columbia from there but I didn't have enough money for the ticket, my uncle called me and told me that he had some relatives in Winnipeg Manitoba and he suggested me to go to them, they arranged my ticket and I spoke with them, they told me about Winnipeg which was nearer to me than Fort Saint John. It was 11 at night and my flight to Winnipeg was at 1 pm, that was a rough night for me because I was alone at the airport and also the shops and cafeteria was closed, I was starving. Early in the morning one of the staff came to me and asked me whether I had money or not so that he could buy me breakfast. Early in the morning, I had breakfast and I had to wait for the flight, as on the scheduled time, the flight departure from Saint John to Winnipeg. I arrived at Winnipeg at 4 pm, my uncles relatives' kids were at the airport before I arrived, I got in there car and we drove home. Afterwards, up to present I am living with my relatives and enjoying their company and the family atmosphere.

The big difference in India and Canada, the people are so much more helpful in Canada. If I were in the same situation in India I possibly couldn't get that much help from anyone. I also liked the political system here, which actually means "Government is to the people, for the people, by the people". I really like how there is a system here in Canada, unlike India. Originally I was suppose to go to Northern Lights College at Fort Saint John, but my uncle and the relatives convinced me to study in Winnipeg at the Red River College. I joined Red River, the course I took was Hospitality and Tourism, I am currently in Winnipeg living with my relatives, it's been almost 1 and a half month since I've been to Winnipeg. I really enjoy living here in Canada.

# OUR JOURNEY TO TODAY

**Arunesh Sharma**
Maple Collegiate, Winnipeg Grade-11

Travelling in an airplane for the first time was an amazing experience, but the 16 hours it took, felt like days. I can clearly remember when we were about to land in Toronto on the evening of January 16, 2006. I remember how they announced that "we are now landing," and everyone cheered and sound of applause filled the plane. I thought Toronto was our destination and I was ready to jump in joy, but then I found out that I still have another two hours to go. I remember seeing a lot of Indian faces in Toronto, but Winnipeg was completely different; it felt like a special occasion every time one of us spotted an Indian face. I wish someone had warned us about what kind of place we were going to, because back then (only 7 years ago) not only was it impossible to find a job, but the weather was not the greatest either. A couple of days after our arrival in Winnipeg, my parents were already looking for jobs, and trying to figure out what schools me and my sister will be going to. My mom and my dad were good English speakers, my sister had also learned some back in Indian, but I had no clue how to speak any English at all, other than "Hello," "Thank You"and"My name is" (with a strong accent). But ever since then we have all come so far, my mom finally got a permanent job, my dad passed all his exams and became a veterinarian, my sister is almost done with her post-secondary education, and I have made it to grade 11. After struggling for several years, facing difficult challenges, and having to make life changing decisions, we can finally ourselves "Well settled Indo-Canadians".

**Harjeet Sandhu**
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation
To view Thousands of properties online visit:
www.harjeetsandhu.com

harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਲੜੀਵਾਰ ਛਪਣ ਵਾਲੀ ਕਹਾਣੀ

# ਕੁੱਤੀ ਵਿਹੜਾ



ਮਨਿੰਦਰ ਸਿੰਘ ਕਾਂਗ

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖੁਸ਼ੀ ਲਈ ਜਾ ਰਹੀ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

-ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

...ਪਲਾਂ ਛਿਣਾਂ ਵਿਚ ਹੀ ਉਹਨਾਂ ਤੇਲ ਪਾ ਕੇ ਉਹਨੂੰ ਲੂਹ ਦਿੱਤਾ। ਉਹ ਪੂਰੀ ਤਰ੍ਹਾਂ ਮੱਚ ਜਾਏ, ਇਸ ਲਈ ਇਕ ਨੇ ਪੈਂਦਿਆ ਹੀ ਡਾਂਗ ਮਾਰ ਕੇ ਉਹਦਾ ਗੋਡਾ ਤੋੜ ਦਿੱਤਾ ਸੀ।

ਉਹਦੀ ਸੜੀ ਲੋਥ ਕੋਲ ਥੋੜ੍ਹੀ ਦੂਰੀ ਤੇ ਹੀ ਆਲੂ-ਪਿਆਜ਼ ਵਾਲੇ ਲਫਾਫੇ ਥੈਲੇ ਵਿਚੋਂ ਨਿਕਲ ਕੇ ਖਿਲਰੇ ਪਏ ਸਨ...

...ਪਤਾ ਉਦੋਂ ਵੀ ਬਲਵੰਤ ਹੁਰਾਂ ਨੂੰ ਨਹੀਂ ਲਗਾ ਕਿ ਬੌਬੀ ਦੂਆ ਤੇ ਉਹਦੇ ਚੇਲੇ ਨੇ ਕਿੰਨੇ ਸਨੈਪ ਉਹਨਾਂ ਦੇ ਉਸ ਸਿੱਖ ਨੂੰ ਸਾੜਨ ਵੇਲੇ ਲੈ ਲਏ ਸਨ!

ਬੌਬੀ ਨੇ ਇਹ ਸਾਰੇ ਸਨੈਪ ਇੰਡੀਅਨ ਐਕਸਪ੍ਰੈਸ ਤੋਂ ਇਲਾਵਾ ਟੈਲੀਗ੍ਰਾਫ ਨੂੰ ਵੀ ਵੇਚੇ ਤੇ ਨਾਲ ਹੀ ਇਕ-ਇਕ ਕਾਪੀ ਭਾਈ ਅਮਰੀਕ ਸਿੰਘ ਨੂੰ ਉਹਦੇ ਛੋਟੇ ਭਰਾ ਭਾਈ ਅਮਰੀਕ ਸਿੰਘ ਹੱਥ ਭੇਜ ਦਿੱਤੀ। ਭਾਈ ਜੀ ਨੇ ਉਹੀ ਫੋਟੋਆਂ ਸੰਤ ਭਿੰਡਰਾਵਾਲੇ ਦੇ ਦਰਬਾਰ ਪੇਸ਼ ਕਰ ਦਿੱਤੀਆਂ। ਪਛਾਣਨ ਵਾਲਿਆਂ ਬਾਰਾਂ ਘੰਟਿਆਂ ਵਿਚ ਸੂਹ ਕੱਢ ਲਈ, ''ਬਲਵੰਤ ਜਨਸੰਘੀ' ਨਾਲ ਸੂਰ ਮੰਡੀ ਦੇ ਬਾਲਮੀਕੀ ਸਨ। ਬਾਕੀ ਦੋ-ਤਿੰਨ੍ਹ ਹਿੰਦੂ ਬਾਊ ਕੌਣ ਸਨ, ਇਹ ਪਤਾ ਨਹੀਂ ਸੀ ਲਗ ਰਿਹਾ? ਸੰਤ ਭਿੰਡਰਾਂਵਾਲੇ ਦਿਆਂ ਚੇਲੇ-ਚਾਟੜਿਆਂ ਉਸੇ ਸ਼ਾਮ ਬਲਵੰਤ ਨੂੰ ਉਹਦੇ ਦੋ ਗੰਨਮੈਨਾਂ ਸਮੇਤ ਮਾਰ ਦਿੱਤਾ। ਅਗਲੇ ਬਾਰਾਂ ਘੰਟਿਆਂ ਵਿਚ ਹੀ ਉਹਨਾਂ ਸੂਰ ਮੰਡੀ ਦੇ ਉਹਨਾਂ ਦੋਹੇਂ-ਤਿੰਨ੍ਹੇ ਬਦਮਾਸ਼ਾਂ ਨੂੰ ਵੀ ਮਾਰ ਮੁਕਾਇਆ, ਜਿਨ੍ਹਾਂ ਰੇਲਵੇ ਸਟੇਸ਼ਨ ਵਾਲਾ ਹਰਮੰਦਰ ਦਾ ਕੱਚ ਦਾ ਮਾਡਲ ਤੋੜਿਆ ਸੀ।

...ਵੱਡੀ ਮੁਸ਼ਕਲ ਬਾਕੀ ਦੇ ਦੋ-ਤਿੰਨ੍ਹ ਅਣਜਾਣ ਦਿੱਸਦੇ ਹਿੰਦੂ ਬਾਊਆਂ ਦੀ ਸੀ, ਜਿਹੜੇ ਨਾ ਪੰਜਾਬੀ ਲਗਦੇ ਸਨ ਤੇ ਨਾ ਕੋਈ ਉਹਨਾਂ ਦੀ ਪਛਾਣ ਹੋ ਰਹੀ ਸੀ। ਭਾਈ ਮਨਜੀਤ ਸਿੰਘ ਦੇ ਚਾਟੜੇ ਉਹ ਫੋਟੋਆਂ ਲੈ ਕੇ ਕੁੱਤੀ ਵਿਹੜੇ ਦੇ ਪ੍ਰਧਾਨ 'ਪ੍ਰੀਤਮ ਬਾਲਮੀਕੀ' ਤੇ 'ਸ਼ੌਕੀ ਮਸੀਹ' ਕੋਲ ਵੀ ਆਏ ਸਨ। ਦੋਹਾਂ ਨੇ ਇਕਸੁਰ ਹੋ ਕੇ ਕਿਹਾ ਸੀ-

'ਜਿਹੜਾ ਹਰਮੰਦਰ ਸਾਹਿਬ ਦੀ ਬੇਦਬੀ ਕਰੇ, ਸਾਡਾ ਵਿਹੜਾ ਤੇ ਉਹਦੀ ਮਕਾਣ ਵੀ ਨਹੀਂ ਜਾਂਦਾ।''

...ਕੁਝ ਸਮੇਂ ਬਾਦ ਇੰਡੀਅਨ ਐਕਸਪ੍ਰੈਸ ਦੇ ਸਟਰਿੰਗਰਾਂ ਨੇ ਹੀ ਖਬਰ ਕੱਢ ਲਿਆਂਦੀ ਸੀ, ਕਿ ਉਸ ਸਿੱਖ ਨੂੰ ਤੇਲ ਪਾ ਕੇ ਸਾੜਦੇ ਜਿਹੜੇ ਦੋ-ਤਿੰਨ੍ਹ ਅਣਜਾਣ ਜਿਹੇ ਹਿੰਦੂ ਬਾਊ ਦਿੱਸ ਰਹੇ ਸਨ, ਉਹ ਸੀ.ਆਰ.ਪੀ ਦੇ ਹੀ ਸਾਦੇ ਕਪੜਿਆਂ ਵਾਲੇ ਜੁਆਨ ਸਨ---

ਮ ਮ ਮ

ਹੜੇ ਵਿਚ ਵਿਆਹ ਦੇ ਦੌਰ-ਦੌਰੇ ਬੜੇ ਸਹਿਜ ਚਲ ਰਹੇ ਸਨ।

ਭਾਵੇਂ ਪੂਰਾ ਅੰਬਰਸਰ ਬਰੂਦ ਦੇ ਢੇਰ 'ਤੇ ਬੈਠਾ ਸੀ। ਮਈ ਦਾ ਅਖੀਰ ਸੀ ਤੇ ਗਰਮੀ ਇਸ ਵਾਰ ਕਹਿਰ-ਪਹਿਰ ਦੀ ਸ਼ੁਰੂ ਸੀ। ਪਹਿਲਾਂ 'ਅਤਰੋਂ ਝੱਲੀ' ਦੇ ਛੋਟੇ ਮੁੰਡੇ ਪੈਤਰਿਕ ਮਸੀਹ ਦਾ ਵਿਆਹ ਹੋ ਕੇ ਹਟਿਆ ਸੀ। ਪੈਤਰਿਕ ਦੇ ਵਿਆਹ ਦੇ ਗਿੱਧੇ ਤੋਂ ਥੱਕੀਆਂ ਚੂਹੜੀਆਂ ਵਿਚਾਰੀਆਂ ਨੇ ਮਸਾਂ ਲੱਕ ਸਿੱਧੇ ਕੀਤੇ ਸਨ ਕਿ ਮੁੜ ਅੰਨਗੜ੍ਹ (ਅੰਬਰਸਰ ਸ਼ਹਿਰ ਵਿਚ ਸ਼ਰਾਬ ਕੱਢਣ ਲਈ ਮਸ਼ਹੂਰ ਪਿੰਡ) ਤੋਂ ਸ਼ਰਾਬ ਦੇ ਬਲੈਡਰ ਪਹੁੰਚਣੇ ਸ਼ੁਰੂ ਹੋ ਗਏ ਸਨ। ਪਹਿਲੀ ਜੂਨ ਨੂੰ ਡੇਵਿਡ ਦੇ ਮੁੰਡੇ ਪਰਤਾਪ ਦੇ ਵਿਆਹ ਦੀਆਂ ਰਸਮਾਂ ਸਨ। ਨਿਕਾਹ ਦੀਆਂ ਰਸਮਾਂ ਸਾਲਵੇਸ਼ਨ ਆਰਮੀ (ਈਸਾਈਆਂ ਦਾ ਇਕ ਫਿਰਕਾ) ਦੇ ਸਰੀਆ ਮਾਰਕਿਟ ਵਾਲੇ ਪੁਰਾਣੇ ਚਰਚ ਵਿਚ ਸਨ। ਉਧਰੋਂ ਉਂਨਤੀ ਤੇ ਤੀਹ ਮਈ ਨੂੰ ਭਿੰਡਰਾਂਵਾਲੇ ਦੇ ਜੱਥੇ ਤੇ ਸਾਹਮਣੇ ਕੋਠਿਆਂ ਤੇ ਬੈਠੀ ਸੀ.ਆਰ.ਪੀ. ਵਿਚ ਸਿੱਧੀ ਗੋਲਾਬਾਰੀ ਸ਼ੁਰੂ ਹੋਈ ਤੇ ਲਗਾਤਾਰ ਚਲਦੀ ਰਹੀ। ਇੱਕਤੀ ਨੂੰ ਠੰਡ-ਠੰਡੋਰਾ ਹੋਇਆ ਸੀ,ਪਰ ਪਿਛਲੇ ਚਾਰ ਦਿਨਾਂ ਤੋਂ ਸਾਰਾ ਸ਼ਹਿਰ ਸੁਸਰੀ ਵਾਂਗ ਸੁੱਤਾ ਪਿਆ ਸੀ। ਸਿਵਾਇ ਰੌਲ ਲਾਣ ਵਾਲੇ ਗ੍ਰੰਥੀਆਂ ਤੇ ਵੱਡੇ ਜਥੇਦਾਰਾਂ ਦੇ, ਕੋਈ ਟਾਵਾਂ-ਟਾਵਾਂ ਸ਼ਰਧਾਲੂ ਹੀ ਜਾ ਰਿਹਾ ਸੀ। ਨਿੱਤਨੇਮੀ ਪਰ ਨੇਮ ਦੇ ਪੱਕੇ ਸਨ। ਰਾਤ ਦੀ ਸੇਵਾ ਵਾਲੇ, ਸ਼ਬਦ ਚੌਂਕੀਆਂ ਵਾਲੇ ਤੇ ਅੰਮ੍ਰਿਤ ਵੇਲੇ ਦੀ ਸੇਵਾ ਵਾਲੇ ਬਿਨ੍ਹਾਂ ਡਰ-ਭਓ ਦੇ ਆ ਜਾ ਰਹੇ ਸਨ। ਦੋ ਜੂਨ ਤੋਂ ਸ਼ਹੀਦੀ ਜੋੜ ਮੇਲੇ ਦੇ ਭੋਗ ਪੈਣੇ ਸ਼ੁਰੂ ਸਨ।

- - - -

ਉਧਰ ਕੁੱਤੀ ਵਿਹੜੇ ਵਿਚ ਤੀਹ, ਇੱਕਤੀ, ਦੋਹੇਂ ਦਿਨ ਅੰਨ੍ਹੀ ਸ਼ਰਾਬ ਉੱਡੀ ਸੀ। ਸ਼ਹਿਰ ਲਗਭਗ ਬੰਦ ਸੀ ਤੇ ਸਫਾਈ ਸੇਵਕ ਵਿਹਲੇ ਸਨ। ਕੋਠੇ ਲਾਹੁਣ ਵਾਲੀਆਂ ਵੀ ਮਚਲ ਮਾਰ ਛੱਡੀ ਸੀ। ਭਾਵੇਂ ਉਹ ਦੋਹੇਂ ਦਿਨ ਭਾਰੀ ਗੋਲਾਬਾਰੀ ਸੁਣਦੇ ਰਹੇ ਸਨ। ਪਰ ਉਹਨਾਂ ਨੇ ਗਿੱਧੇ ਤੇ ਬੋਲੀਆਂ ਤੇ ਢੋਲ ਵਜਾਣ ਦੀ ਕਸਰ ਨਹੀਂ ਸੀ ਛੱਡੀ। ਇੱਕਤੀ ਨੂੰ ਠੰਡ-ਠੰਡੋਰਾ ਰਿਹਾ ਹੋਣ ਕਰਕੇ ਸ਼ਾਮ ਨੂੰ ਦੀਵਾ-ਬੱਤੀ ਹੋਣ ਵੇਲ ਬੁੱਢੀਆਂ ਨੇ ਆਖਰੀ ਵਾਰ ਦੀਆਂ ਨੰਗੀਆਂ ਬੋਲੀਆਂ ਪਾਣੀਆਂ ਸ਼ੁਰੂ ਕੀਤੀਆਂ। ਸਵੇਰੇ ਤੇ ਨਿਕਾਹ ਸੀ ਤੇ ਬੁੱਢੀਆਂ ਦਿਲ ਦੀ ਡੰਝ ਲਾਹ ਰਹੀਆਂ ਸਨ। ਫਿੰਨੋ ਤੇ ਡੇਜੀ ਨੇ ਰਲ ਕੇ ਗੇੜਾ ਦਿੱਤਾ ਤੇ ਸਿਖਰਲੀ ਬੋਲੀ ਪਾਈ-

ਘਰ ਆ ਜਾ ਦਿਓਰਾ ਵੇ
ਕਿ ਭਾਬੀ ਸੂਰਮ ਸੂਰਾ ਖੇਡੇ।

ਇਸਤੋਂ ਬਾਦ ਧੜਮੱਚ ਪਾ ਕੇ ਫਿੰਨੋ ਨੇ ਸਭ ਤੋਂ ਸਿਖਰਲੀ ਤੇ ਨੰਗੀ ਬੋਲੀ ਪਾਈ-

ਬਾਜੀਗਰ ਬਾਜੀ ਪਾ ਗਿਆ
ਨੀ ਕੁੜੀਓ
ਬਾਜੀਗਰ ਬਾਜੀ ਪਾ ਗਿਆ

ਰੌਲਾ ਸਿਖਰ 'ਤੇ ਹੀ ਸੀ ਕਿ ਫੌਜੀ ਬੂਟਾਂ ਦੇ ਖੜਾਕ ਨਾਲ ਸਾਰੇ ਬਜ਼ਾਰ ਗੂੰਜ ਗਏ। ਪ੍ਰੀਤਮ ਭੱਜਾ ਆਇਆ ਤੇ ਉੱਚੀ ਸਾਰੀ ਕਿਹਾ -

''ਸੱਭੋ ਅੰਦਰ ਵੜ ਜਾਓ! ਸ਼ਹਿਰ ਫੌਜ ਨੇ ਸ਼ਾਂਭ ਲਿਆ ਜੇ! ਗੋਲੀ ਦਾ ਹੁਕਮ ਹੋ ਗਿਐ!''

ਸਭ ਪਾਸੇ ਵੀਰਾਨੀ ਹੋ ਗਈ। ਨਿਕਾਹ ਦੀਆਂ ਸੋਚਾਂ ਤੇ ਰੌਣਕਾਂ, ਸਭ ਛਾਈ-ਮਾਈਂ ਹੋ ਗਿਆ।

...ਜਿਸ ਦਿਨ ਨੂੰ ਸੰਤ ਦੇ ਚਾਟੜੇ ਤੇ ਭਾਰਤ ਸਰਕਾਰ ਸਾਲਾਂ ਤੋਂ ਉਡੀਕ ਰਹੇ ਸਨ, ਅਗਲੀ ਸਵੇਰ ਪਹਿਲੀ ਜੂਨ ਨੂੰ ਉਹ ਆਣ ਪੁੱਜਾ ਸੀ!

- - - -

ਪਹਿਲੀ ਜੂਨ ਤੋਂ ਤਿੰਨ੍ਹ ਜੂਨ ਤੱਕ ਵਿਹੜੇ ਨੇ ਕਿਸੇ ਤਰ੍ਹਾਂ ਭੁੱਖ ਕੱਟ ਲਈ। ਸਾਰੇ ਹੀ ਰੋਜ਼ ਦੇ ਰੋਜ਼ ਆਟਾ ਖਰੀਦਣ ਵਾਲੇ ਸਨ। ਚਾਰ ਜੂਨ ਸਾਰੇ ਬੰਦੇ ਪ੍ਰੀਤਮ ਪ੍ਰਧਾਨ ਦੇ ਮਗਰ ਲਗ ਕੇ ਬਾਹਰ ਆ ਗਏ। ਖਾਸ ਕਰ ਦੁੱਧ ਪੀਂਦੇ ਬੱਚੇ ਬੜੇ ਔਖੇ ਸਨ। ਤੋਪਾਂ ਦੇ ਗੋਲੇ ਇਉਂ ਚਲ ਰਹੇ ਸਨ, ਜਿਵੇ ਹਿੰਦ-ਪਾਕਿ ਦੀ ਲੜਾਈ ਲਗੀ ਹੋਵੇ! ਉਹਨਾਂ ਦੇ ਚੰਗੇ ਭਾਗਾਂ ਨੂੰ ਰਾਜਸਥਾਨ ਰਜਮੈਂਟ ਲਗੀ ਹੋਈ ਸੀ ਤੇ ਉਹਨਾਂ ਦੇ ਸਾਥ ਲਈ ਲੋਕਲ ਡੀ.ਐਸ.ਪੀ. ਛੀਨਾ ਸਾਹਿਬ ਨਾਲ ਸੀ। ਛੀਨੇ ਨੇ ਉਹਨਾਂ ਨੂੰ ਉਦਾਸੀਆਂ ਦੇ ਅਖਾੜੇ ਵਿਚੋਂ ਆਟੇ ਦੀਆਂ ਦੋ ਬੋਰੀਆਂ, ਖੰਡ ਦੀ ਬੋਰੀ ਤੇ ਆਲੂ ਚੁੱਕਵਾ ਦਿੱਤੇ। ਉਹ ਛੀਨੇ ਨੂੰ ਅਸੀਸਾਂ ਦੇਂਦੇ ਪਰਤ ਆਏ।

- - - -

ਪੰਜ ਤਰੀਕ ਤੱਕ ਬੜੀ ਮਾਰੋ-ਮਾਰ ਰਹੀ। ਸੱਤ-ਅੱਠ ਤੱਕ ਇਕਦਮ ਸ਼ਾਂਤੀ ਹੋ ਗਈ ਸੀ। ਇਸ ਦੌਰਾਨ ਰੌਲਾ ਪੈ ਗਿਆ ਸੀ ਕਿ ਸੰਤ ਅੰਦਰ ਮਾਰਿਆ ਗਿਐ। ਸੱਤ ਤਰੀਕ ਨੂੰ ਸਾਰੀ ਗਲੀ, ਸਾਰੇ ਬਜ਼ਾਰ ਤੇ ਹਰ ਨੁੱਕਰ ਫੌਜ ਤੇ ਪੰਜਾਬ ਪੁਲਸ ਨੇ ਘੇਰ ਲਈ। ਉਹ ਡਰ ਗਏ ਕਿ ਵਿਹੜੇ ਨੇ ਕੀ ਕਰ ਦਿੱਤੈ? ਪਰ ਹੌਲੀ-ਹੌਲੀ ਪੰਜਾਬ ਪੁਲਸ ਕੋਲੋਂ ਗੱਲ ਪਤਾ ਲਗੀ ਕਿ ਵੱਲੇ ਵਾਲੀ ਪੁਰਾਣੀ ਚੁੰਗੀ ਤੇ ਪੰਝੀ-ਤੀਹ ਹਜ਼ਾਰ ਸਿੱਖਾਂ ਦਾ ਮਾਰੋਖੋਰਾ ਗਰੁੱਪ ਜਾਨਾਂ ਤਲੀ 'ਤੇ ਧਰਕੇ ਹਰਮੰਦਰ ਵਲ ਵਧ ਰਿਹਾ ਹੈ, ਉਹਨਾਂ ਦੀ ਸਿੱਧੀ ਹੱਥੋ-ਹੱਥ ਲੜਾਈ ਫੌਜ ਨਾਲ ਹੋ ਪਈ ਹੈ। ਮਗਰੋਂ ਪਤਾ ਲਗਾ ਕਿ ਅਕਾਲ ਤਖਤ ਦੇ ਜਥੇਦਾਰ ਭਾਈ ਕਿਰਪਾਲ ਸਿੰਘ ਉਥੇ ਅਪੜ ਗਏ ਸਨ। ਉਹਨਾਂ ਦੇ ਕਹਿਣ 'ਤੇ ਸਿੱਖ ਘਰਾਂ ਨੂੰ ਪਰਤ ਗਏ ਸਨ। ਨਾਲ ਦੀ ਨਾਲ ਹੀ ਫੌਜ ਨੇ ਕੁੱਤੀ ਵਿਹੜਾ ਤੇ ਉਹਦੇ ਨਾਲ-ਨਾਲ ਹਰਿਮੰਦਰ ਸਾਹਿਬ ਵਲ ਜਾਂਦੇ ਸਾਰੇ ਰਾਹਾਂ ਦੇ ਨਾਕੇ ਚੁੱਕ ਲਏ ਸਨ। ਪਰ ਕਰਫਿਊ ਜਾਰੀ ਸੀ!

- - - -

ਅੱਠ ਜੂਨ ਦੀ ਸਵੇਰ ਥਾਣਾ ਬੀ.ਡਵੀਜਨ ਦੇ ਸਿਪਾਹੀ ਕੁੱਤੀ ਵਿਹੜੇ ਆ ਵੜੇ। ਉਹਨਾਂ ਨਾਲ ਮਦਰਾਸ ਰਜਮੈਂਟ ਦਾ ਮੇਜਰ ਸੀ। ਹੌਲਦਾਰ ਮਹਿੰਦਰੀ, ਜੀਹਨੂੰ ਵਿਹੜੇ ਦਾ ਬੱਚਾ-ਬੱਚਾ ਜਾਣਦਾ ਸੀ, ਸਿੱਧਾ ਹੀ ਕਹਿਣ ਲੱਗਾ -

'ਓ ਸੁਣੋ ਉਏ! ਹਰਮੰਦਰ ਸਾਹਿਬ 'ਚੋਂ ਲੋਥਾਂ ਚੁੱਕਣੀਆਂ ਨੇ। ਤੇ ਉਹਨਾਂ ਦਾ ਸਾਂਝਾ ਸਸਕਾਰ ਕਰਨੈ। ਬੰਦੇ ਥੋੜ੍ਹੇ ਨੇ ਤੇ ਲਾਸ਼ਾਂ ਬਹੁਤੀਆਂ ਜੇ! ਤੁਹਾਡੇ ਵਿਚੋਂ ਕੋਈ ਜੇ ਦਿਹਾੜੀ ਕਰਨਾ ਚਾਹੁੰਦੈ ਤਾਂ ਹੁਣੇ ਟੁਰ ਪਏ, ਦਿਹਾੜੀ ਦਾ ਕੋਈ ਅੰਤ ਨਹੀਂ ਜੇ! ਇਕ ਜਾਂ ਦੋ ਦਿਨ ਲਗਣੇ ਨੇ, ਤੇ ਰੁਪਈਆ ਚਾਰ-ਪੰਜ ਸੌ ਹੱਥ ਲਗ ਜੂ। ਤੇ ਬਾਕੀ ਰਹੀ ਸ਼ਰਾਬ! ਫੌਜ ਨੇ ਕਿਹਾ ਕਿ ਸ਼ਰਾਬ ਨਾਲ ਤੁਹਾਨੂੰ ਲੇਹੜ ਦਿਆਂਗੇ!''

ਸਭ ਪਾਸੇ ਚੁੱਪ ਵਰਤ ਗਈ। ਫੇਰ ਮਹਿੰਦਰੀ ਨੇ ਦੁਬਾਰਾ ਪੁੱਛਿਆ -

'ਬੋਲ ਬਈ ਪ੍ਰੀਤਮਾ?'

...ਪ੍ਰੀਤਮ ਕੀ ਬੋਲਦਾ? ਕਿਉਂਕਿ ਉਹਨਾਂ ਸਭਨਾਂ ਦੇ ਮਨ ਵਿਚ ਦੁਚਿੱਤੀ ਆ ਗਈ ਸੀ। ਪੈਸੇ ਹਰ ਕੋਈ ਕਮਾਣਾ ਚਾਹੁੰਦਾ ਸੀ, ਪਰ ਹਰ ਕੋਈ ਹਰਿਮੰਦਰ ਦੇ ਸਰਾਪ ਤੋਂ ਡਰਦਾ ਸੀ। ਹਰਿਮੰਦਰ ਉਹਨਾਂ ਦੇ ਅੰਦਰ ਤੇ ਵੱਸਦਾ ਹੀ ਸੀ, ਭਾਵੇਂ ਕਹਿਣ ਨੂੰ ਉਹ ਹਸਾਈ ਸਨ।

''ਉਏ, ਵਹਿਮ ਛੱਡੋ। ਸਿੱਖ ਤੇ ਮੈਂ ਵੀ ਆਂ। ਗੁਰੂ-ਘਰ ਦੀ ਸਫਾਈ ਸਮਝ ਕੇ ਹੀ ਕੰਮ ਕਰ ਦਿਓ। ਲਾਸ਼ਾਂ ਵਿਚ ਬੋ ਪੈ ਚਲੀ ਏ।'' ਮਹਿੰਦਰੀ ਨੇ ਸਪਸ਼ਟ ਕਿਹਾ।

ਉਹਦੇ ਏਨਾ ਕਹਿਣ 'ਤੇ ਕਈ ਤਿਆਰ ਹੋ ਪਏ। ਪ੍ਰੀਤਮ ਪ੍ਰਧਾਨ, ਕੀਮਤੀ, ਬੱਬੀ, ਤੁਰੀਂ ਬਾਦਸ਼ਾਹ, ਛੋਟੇ ਡੂਨਾ-ਪਾਪੜੀ ਤੇ ਹੋਰ ਤਿੰਨ੍ਹ-ਚਾਰ ਜਣੇ ਉਸੇ ਵੇਲੇ ਟੁਰ ਪਏ। ਅਗੇ ਜਾ ਕੇ ਉਹਨਾਂ ਵੇਖਿਆ ਕਿ ਬੁੱਢੇ ਬੋਦੂ ਤੇ ਦੀਸ਼ਾ ਵੀ ਪਰ੍ਹੇ ਕਸਾਈ ਵਿਹੜੇ ਦੇ ਸਕੂਲ ਦੇ ਬਾਹਰ ਬੈਠੇ ਹਨ। ਉਹਨਾਂ ਸੈਣਤ ਮਾਰ ਕੇ ਉਹਨਾਂ ਨੂੰ ਵੀ ਨਾਲ ਰਲਾ ਲਿਆ। ਸਾਰੇ ਰਲ ਕੇ ਫੌਜ ਦੇ ਮਿੰਨੀ ਟਰੱਕ ਵਿਚ ਚੜ੍ਹ ਗਏ।

ਟਰੱਕ ਅੱਧੇ ਮਿੰਟ ਦੇ ਵਕਫ਼ੇ ਨਾਲ ਹੀ ਘੰਟਾ-ਘਰ ਜਾ ਖੜੋਤਾ। ਉਥੋਂ ਦਾ ਦ੍ਰਿਸ਼ ਬੜਾ ਭਿਆਨਕ ਸੀ। ਤਕਰੀਬਨ ਸੱਤਰ-ਅੱਸੀ ਬੁੱਢੇ ਸਿੱਖ ਕੈਦੀ ਉਹਨਾਂ ਦੀਆਂ ਆਪਣੀਆਂ ਪੱਗਾਂ ਨਾਲ ਹੱਥ ਪਿੱਛੇ ਬੰਨ੍ਹ ਕੇ ਬਿਠਾਏ ਹੋਏ ਸਨ। ਸਾਰੇ ਹੀ ਸੱਤਰਾਂ ਦੇ ਆਸ-ਪਾਸ ਦੀ ਉਮਰ ਦੇ ਸਨ। ਅਮੀ ਚੰਦ ਸੋਢੇ ਵਾਲੇ ਦੀ ਦੁਕਾਨ ਤੋਂ ਲੈ ਕੇ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ ਦੇ ਸਟਾਲ ਤੱਕ ਫੌਜੀ ਖੜ੍ਹੇ ਸਨ। ਵਿਚ-ਵਿਚ ਉਹ ਬਿਨਾਂ ਕਿਸੇ ਗੱਲ ਦੇ ਬੁੱਢਿਆਂ ਨੂੰ ਠੁੱਡ ਮਾਰਨ ਲਗ ਪੈਂਦੇ ਸਨ। ਨਾਲ ਹੀ ਉੱਚੀ-ਉੱਚੀ ਬੋਲਦੇ -

''ਗਰਦਨ ਨੀਚੇ...।''

ਕੁੱਤੀ ਵਿਹੜੇ ਵਾਲੇ ਇਹ ਸੀਨ ਵੇਖ ਕੇ ਦਹਿਲ ਗਏ। ਕਲੇਜੇ ਉਹਨਾਂ ਦੇ ਮੂੰਹ ਨੂੰ ਆ ਗਏ। ਪਰ ਏਨੇ ਨੂੰ ਅੰਬਰਸਰ ਸ਼ਹਿਰ ਦਾ ਐਸ.ਐਸ.ਪੀ. ਸੀਤਲ ਦਾਸ ਆ ਗਿਆ। ਉਹਦਾ ਇਸ਼ਾਰਾ ਪਾਕੇ ਪੰਜਾਬ ਪੁਲਸ ਦੇ ਸਿਪਾਹੀ ਉਹਨਾਂ ਸਭਨਾਂ ਨੂੰ ਹਰਿਮੰਦਰ ਦੇ ਅੰਦਰ ਲੈ ਗਏ।

...ਹਰਿਮੰਦਰ ਦੇ ਅੰਦਰ ਜਾਣ ਵੇਲੇ ਕੁੱਤੀ ਵਿਹੜੇ ਦੇ ਹਰ ਬੰਦੇ ਨੇ ਸਿਰ 'ਤੇ ਸਾਫਾ ਬੰਨ੍ਹਿਆ ਤੇ ਜੋੜੇ ਲਾਹੇ। ਪੰਜਾਬ ਪੁਲਸ ਦੇ ਹਰ ਜਵਾਨ ਨੇ ਜੋੜੇ ਲਾਹੇ। ਪਰ ਅੰਦਰ ਜਾਕੇ ਵੇਖਿਆ ਕਿ ਮਦਰਾਸ ਰਜਮੈਂਟ ਦੇ ਹਰ ਜਵਾਨ ਦੇ ਬੂਟ ਪਾਏ ਹੋਏ ਸਨ। ਬਾਬੇ ਦੀਪ ਸਿੰਘ ਸ਼ਹੀਦ ਦੀ ਜਗ੍ਹਾ ਕੋਲ ਟੈਂਕ ਵੀ ਖੜ੍ਹਾ ਸੀ। ਥਾਂ-ਥਾਂ ਲੱਤਾਂ-ਬਾਹਾਂ, ਸਿਰ ਤੇ ਕਿਤੇ-ਕਿਤੇ ਪੂਰੀਆਂ ਲੋਥਾਂ ਪਈਆ ਸਨ। ਕੰਧਾਂ 'ਤੇ ਕਈ ਥਾਈਂ ਲੱਤਾਂ-ਬਾਹਾਂ ਦੇ ਲੋਥੜੇ ਚੰਬੜੇ ਹੋਏ ਸਨ। ਬੋਦੇ ਤੇ ਦੀਸ਼ੇ ਬੁੱਢੇ ਦੇ ਇਲਾਵਾ ਹਰ ਦਿਲ ਦਹਿਲ ਗਿਆ ਸੀ। ਪ੍ਰੀਤਮ ਦੇ ਕੰਨ 'ਚ ਛੋਟਾ ਡੂਨਾ-ਪਾਪੜੀ ਕਹਿਣ ਲਗਾ

''ਪਰਤ ਜਾਵਾਂ? ਮੈਨੂੰ ਉਲਟੀ ਆਉਂਦੀ ਹੈ।''

ਪ੍ਰੀਤਮ ਨੇ ਸਿਆਣਪ ਕੀਤੀ ਕਿ ਉਹਦਾ ਹੱਥ ਫੜ ਕੇ ਰੋਕ ਲਿਆ। ਫੇਰ ਪੰਜਾਬ ਪੁਲਸ ਦੇ ਜਵਾਨਾਂ ਦੀ ਮਦਦ ਨਾਲ ਸਭ ਸਟਰੈਚਰ ਲੈ ਕੇ ਲੋਥਾਂ ਦੇ ਟੋਟੇ ਇਕੱਠੇ ਕਰਨ ਲਗ ਪਏ। ਥੋੜ੍ਹੀ-ਥੋੜ੍ਹੀ ਦੇਰ ਬਾਦ ਖੜ੍ਹੇ ਟਰਕਾਂ ਵਿਚ ਲੱਦੀ ਜਾ ਰਹੇ ਸਨ। ਦੁਪਹਿਰ ਤੱਕ ਉਹਨਾਂ ਕੜਾਹ-ਪ੍ਰਸ਼ਾਦ ਦੀ ਪਰਚੀ ਪਾਸੇ ਤੱਕ ਦੀਆਂ ਸਾਰੀਆਂ ਨੁੱਕਰਾਂ ਸਾਫ ਕਰ ਲਈਆਂ ਸਨ। ਕਮਰਾ ਨੰਬਰ ਉਂਨੀ ਕੋਲ ਉਹਨਾਂ ਨੂੰ ਗਿਆਰਾਂ ਛੋਟੇ ਬੱਚਿਆਂ ਤੇ ਇਕ ਉਹਨਾਂ ਦੀ ਟੀਚਰ ਜਾਪਦੀ ਔਰਤ ਦੀਆਂ ਲੋਥਾਂ ਮਿਲੀਆਂ। ਸਭੇ ਗੋਲੀਆਂ ਨਾਲ ਵਿੰਨ੍ਹੀਆਂ ਸਨ। ਅਕਾਲ ਤਖ਼ਤ ਵਲ ਜਾਣਾ ਮਨ੍ਹਾ ਸੀ। ਕੜਾਹ ਪ੍ਰਸ਼ਾਦ ਵਾਲੇ ਕੜਾਹਿਆਂ ਵਾਲੇ ਕਮਰੇ ਵਿਚ ਦੋ ਝੁਲਸੀਆਂ ਖੋਪੜੀਆਂ ਸਨ। ਉਹ ਤੇ ਉਹਨਾਂ ਚੁੱਕ ਕੇ ਸਟਰੈਚਰਾਂ ਤੇ ਰੱਖ ਲਈਆਂ, ਪਰ ਬੱਚਿਆਂ ਦੀਆਂ ਲੋਥਾਂ ਚੁੱਕਣ ਵੇਲੇ ਸਭ ਦੇ ਦਿਲ ਰੋ ਪਏ। ਸਿਰਫ ਪੱਕੇ ਬੁੱਢੇ ਬੋਦੂ ਤੇ ਦੀਸ਼ੇ ਦੇ ਚਿਹਰੇ ਸਪਾਟ ਸਨ। ਉਹਨਾਂ ਲਈ ਤੇ ਇਹ ਸਭ ਆਮ ਸੀ। ਭਾਵੇਂ ਫੌਜੀਆਂ ਵਲੋਂ ਪੂਰੀ ਛੁੱਟੀ ਸੀ ਕਿ ਲਾਸ਼ਾਂ ਦੇ ਪਾਇਆ ਸੋਨਾ ਲਾਹ ਲਵੋ, ਤੁਹਾਡਾ ਹੀ ਹੈ! ਤੇ ਜੇਬਾਂ ਵਿਚੋਂ ਪੈਸਾ ਜਿੰਨਾ ਲੱਭੇ, ਤੁਹਾਡਾ ਹੈ! ਪਰ ਮਜਾਲ ਹੈ, ਕਿਸੇ ਹੱਥ ਲਾਇਆ, ਸਿਵਾਇ ਬੋਦੇ ਤੇ ਦੀਸ਼ੇ ਦੇ! ਤੇ ਜਾਂ ਫੇਰ ਮੱਘੇ ਦੇ, ਜੀਹਨੂੰ ਸੋਨੇ ਦੀ ਛਾਪ ਸਾਹਮਣੇ ਪਈ ਦਿਸ ਗਈ ਤੇ ਉਹਨੇ ਚੁੱਕ ਕੇ ਜੇਬ ਵਿਚ ਪਾ ਲਈ।

ਸ਼ਾਮ ਤੱਕ ਜਿੰਨਾ ਕੰਮ ਹੋ ਗਿਆ, ਉਹਨਾਂ ਕਰ ਦਿੱਤਾ ਤੇ ਫੌਜੀ ਉਹਨਾਂ ਨੂੰ ਲੋਥਾਂ ਦੇ ਨਾਲ ਹੀ ਟਕਰਾਂ ਵਿਚ ਬਿਠਾ ਕੇ ਨਾਲ ਲੈ ਗਏ। ਹੁਕਮ ਇਹ ਸੀ ਕਿ ਦੁਰਗਿਆਣਾ ਮੰਦਰ ਤੋਂ ਪਰ੍ਹੇ ਜਿਹੜਾ ਰਾਵਣ ਸਾੜਨ ਵਾਲਾ ਮੈਦਾਨ ਹੈ, ਉਥੇ ਇਹਨਾਂ ਲਾਸ਼ਾਂ ਦਾ ਸਮੂਹਕ ਸੰਸਕਾਰ ਕਰਨਾ ਹੈ। ਟਰੱਕ ਜਦੋਂ ਹਾਥੀ ਗੇਟ ਟੱਪੇ ਤੇ ਦੁਰਗਿਆਣੇ ਦੇ ਕੋਲੋਂ ਇਕ ਗਲੀ ਪਾਟਦੀ ਸੀ, ਜਿਹੜੀ ਸਿੱਧੀ ਹਿੰਦੂ ਕਾਲਜ ਨੂੰ ਜਾਂਦੀ ਸੀ, ਉਥੇ ਦੋ ਕੁ ਸੌ ਸ਼ਹਿਰੀ ਬਾਊ, ਤੇ ਲਾਲੇ ਤੇ ਲਾਲੀਆਂ ਭੰਗੜੇ ਪਾ ਰਹੇ ਸਨ। ਟਰੱਕ ਆਉਂਦੇ ਦੇਖ ਉਹ ਮਦਰਾਸ ਰਜਮੈਂਟ ਦੇ ਹਰ ਜਵਾਨ ਨੂੰ ਟਰੱਕ ਰੋਕ-ਰੋਕ ਕੇ ਲੱਡੂ ਖਵਾ ਰਹੇ ਸਨ, ਟਿੱਕੇ ਲਾ ਰਹੇ ਸਨ। ਨਾਲ-ਨਾਲ ਵਿਚ ਉਹ ਉੱਚੀ ਸਾਰੀ ਨਾਅਰੇ ਮਾਰਦੇ -

ਭਿੰਡਰੀਵਾਲਾ ਮਰ ਗਿਆ
ਤੇ ਮਾਮੀ ਰੰਡੀ ਕਰ ਗਿਆ

ਦੂਸਰਾ ਨਾਅਰਾ ਉਹ ਹੋਰ ਮਾਰਦੇ -

ਕੰਘਾ-ਕੜਾ ਤੇ ਕਿਰਪਾਨ
ਧੱਕ ਦਿੱਤਾ ਜੇ ਪਾਕਿਸਤਾਨ

ਪ੍ਰੀਤਮ ਪ੍ਰਧਾਨ, ਡੂਨਾ-ਪਾਪੜੀ ਤੇ ਉਹਨਾਂ ਦੇ ਸਾਥੀ ਬੜੇ ਹੈਰਾਨ ਸਨ। ਵਿਚੋਂ ਪ੍ਰੀਤਮ ਨੇ ਕਿਹਾ ਵੀ -

''ਇਹਨਾਂ ਦੱਲਿਆਂ ਨੂੰ ਕਾਹਦੀ ਖੁਸ਼ੀ ਚੜ੍ਹੀ ਏ?''

ਖਿਝਿਆ ਬੈਠਾ ਬੱਬੀ ਕਹਿਣ ਲਗਾ-

''...ਇਹਨਾਂ ਭੈਣ-- ਨੂੰ ਮਾਸੂਮ ਬਾਲਾਂ ਦੀਆਂ ਲੋਥਾਂ ਤੇ ਵਖਾਓ ਜਰਾ।''

...ਟਰੱਕ ਹੌਲੀ-ਹੌਲੀ ਚਲਦੇ ਉਹਨਾਂ ਭੀੜ ਵਾਲਿਆਂ ਲਾਲਿਆਂ ਕੋਲੋਂ ਲੰਘਕੇ ਦੁਰਗਿਆਣੇ ਵਲ ਮੁੜ ਗਏ। ਅਗੇ ਰਾਵਣ ਵਾਲੀ ਗਰਾਊਂਡ ਕੋਲ ਜਾਕੇ ਸਭਨਾਂ ਵੇਖਿਆ ਵੱਡੇ-ਵੱਡੇ ਟੋਏ ਫੌਜੀਆਂ ਪੁੱਟੇ ਹੋਏ ਸਨ। ਨਾਮਾਤਰ ਲੱਕੜਾਂ ਸਨ। ਫੌਜੀਆਂ ਦਾ ਇਸ਼ਾਰਾ ਪਾਕੇ ਪ੍ਰੀਤਮ ਹੁਰਾਂ ਸਭੇ ਲਾਸ਼ਾਂ ਤੇ ਲੋਥੜੇ ਟੋਇਆਂ ਵਿਚ ਪਾ ਦਿੱਤੇ ਤੇ ਪਰ੍ਹੇ ਹੋ ਕੇ ਖੜੋ ਗਏ। ਫੌਜੀਆਂ ਨੇ ਹਰ ਟੋਏ ਤੇ ਪੈਟਰੋਲ ਛਿੜਕਿਆ ਤੇ ਲਾਂਬੂ ਲਾ ਦਿੱਤੇ...'!

ਵਾਪਸੀ ਤੇ ਪ੍ਰੀਤਮ ਹੁਰਾਂ ਨੂੰ ਪ੍ਰਤੀ ਜੀਅ ਮਜ਼ਦੂਰੀ ਵਜੋਂ ਦੌ-ਦੋ ਸੋ ਰੁਪਏ ਤੇ ਇਕ-ਇਕ ਬੋਤਲ ਮਿਲੀ। ਬੋਤਲ ਦੀ ਅੱਜ ਬੜੀ ਲੋੜ ਸੀ!

...ਘਰ ਜਾਕੇ ਹਰ ਇਕ ਨੇ ਦਾਰੂ ਪੀਤੀ ਤੇ ਪੀਤੀ ਹੋਈ ਵਿਚ ਹੀ ਆਪੋ-ਆਪਣੇ ਟੱਬਰਾਂ ਨੂੰ ਤੇ ਪਤਨੀਆਂ-ਬੱਚੀਆਂ ਨੂੰ ਅੱਜ ਲੋਥਾਂ ਵਾਲੀ ਵਿਖਿਆ ਸੁਣਾਈ।

- - - -

ਰਾਤ ਸਭਨਾਂ ਦੀ ਹੀ ਅੱਖਾਂ ਵਿਚ ਹੀ ਲੰਘੀ। ਬੱਚੇ ਵੀ ਡਰੇ ਹੋਏ ਸਨ ਤੇ ਕਿਤੇ-ਕਿਤੇ ਉਹਨਾਂ ਨੂੰ ਆਪਣੇ ਵਡੇਰਿਆਂ ਦੇ ਡਸਕੋਰੇ ਸੁਣਦੇ ਸਨ।

ਪਰ ਜੇ ਕੋਈ ਖੁਸ਼ ਸਨ, ਤਾਂ ਬੋਦੂ ਤੇ ਦੀਸ਼ਾ ਬੜੇ ਖੁਸ਼ ਸਨ। ਉਹਨਾਂ ਦੇ ਢਿੱਡ ਵਿਚ ਰੱਜਵੀਂ ਰੋਟੀ ਤੇ ਸ਼ਰਾਬ ਸੀ। ਜੇਬਾਂ ਵਿਚ ਸੋਨੇ ਦੀਆਂ ਮੁੰਦੀਆਂ, ਚੇਨੀਆਂ ਤੇ ਨੋਟ ਸਨ।

...ਦੀਸ਼ਾ ਤੇ ਮਗਰੋਂ ਵੀ ਕਈ ਸਾਲ ਇਹੀ ਉਡੀਕਦਾ ਰਿਹਾ ਸੀ ਕਿ ਇਕ-ਅੱਧ ਹੋਰ ਬਲੂ-ਸਟਾਰ ਕਦੋਂ ਹੋਏਗਾ? ਉਹਨੂੰ ਤੇ ਬੋਦੂ ਨੂੰ ਮੁੱਖ ਮੰਤਰੀ ਬਰਨਾਲੇ ਵਲੋਂ ਦੋ ਸਾਲ ਬਾਦ ਕਰਵਾਏ ਅਪਰੇਸ਼ਨ ਬਲੈਕ-ਥੰਡਰ ਵੇਲੇ ਵੀ ਇਹੀ ਅਫਸੋਸ ਰਿਹਾ ਸੀ ਕਿ ਇਸ ਵਾਰ ਬਲੂ ਸਟਾਰ ਵਰਗੀ ਮੌਜ ਕਿਉਂ ਨਹੀਂ ਸੀ ਲਗੀ...?

- - - -

ਇਹ ਸਮੇਂ ਬੜੇ ਵੀਰਾਨੀ ਦੇ ਸਨ। ਬਹੁਤਾ ਕਰਕੇ ਵਪਾਰੀ ਹਰਮੰਦਰ ਵਾਲੇ ਪਾਸੇ ਨਹੀਂ ਸਨ ਆ ਰਹੇ। ਉਹ ਸ਼ਹਿਰ ਦੇ ਬਾਕੀ ਹਿੱਸਿਆਂ ਵਿਚ ਵਣਜ ਕਰ, ਵੇਚ-ਵੱਟ ਕੇ ਟੁਰ ਜਾਂਦੇ ਸਨ। ਕੁੱਤੀ ਵਿਹੜੇ ਦੇ ਵਿਹਲੜ, ਜਿਹੜੇ ਪਹਿਲੇ ਅਫ਼ਗਾਨਾਂ ਨੇ ਪਿੰਡਿਆਂ ਤੇ ਤੇਲ ਮੱਲਦੇ, ਤੇ 'ਖੋਜਿਆਂ' ਤੇ ਪੱਤਰੀਆਂ ਵਾਚਦੇ ਭਾਟੜਿਆਂ ਦੀਆਂ ਲੱਤਾਂ ਘੁੱਟ ਕੇ ਬਖਸ਼ੀਸ਼ਾਂ ਲੈਂਦੇ ਸਨ, ਅੱਜਕਲ੍ਹ ਤੰਗ ਸਨ। ਵਿਹੜੇ ਦੀਆਂ ਜਿਹੜੀਆਂ ਚੂਹੜੀਆਂ ਘਰਵਾਲਿਆਂ ਦੀ ਮਰਜੀ ਨਾਲ ਧੰਦਾ ਕਰਕੇ ਚਾਰ ਛਿੱਲੜ ਬਣਾ ਲਿਆਂਦੀਆਂ ਸਨ, ਉਹ ਕੁਛ ਸੌਖੀਆਂ ਸਨ। ਪਰ ਉਹ ਅਫਗਾਨ ਗਾਹਕਾਂ ਕੋਲੋਂ ਬੜਾ ਬੱਚ ਕੇ ਚਲਦੀਆਂ, ਕਿਉਂਕਿ ਉਹ ਪੈਸੇ ਦੇਣ ਵਿਚ ਤਾਂ ਠੀਕ ਸਨ, ਪਰ ਪੁੱਠੀ-ਸਿੱਧੀ ਫਟੀਕ ਬੜੀ ਕਰਵਾਂਦੇ ਸਨ!

ਇਹਨੀਂ ਦਿਨੀਂ ਹੀ ਬੱਬੇ ਚੂਹੜੇ ਨੇ ਬੜਾ ਖੁੱਲ੍ਹਾ ਖਰਚ ਕਰਨਾ ਸ਼ੁਰੂ ਕਰ ਦਿੱਤਾ। ਉਹ ਨੌਜੁਆਨ ਸੀ ਤੇ ਕੁਆਰਾ! ਘਰ ਵੀ ਉਹਨੇ ਮਾਂ-ਪਿਊ ਨੂੰ ਕਈ ਵਾਰ ਕੁਛ ਨਕਦੀ ਫੜਾ ਦੇਣੀ, ਜਾਂ ਫੇਰ ਕਣਕ ਲੈ ਦੇਣੀ। ਵਿਚ-ਵਿਚ ਚਰਬੀ ਦੀ ਪੀਪੀ ਜਾਂ ਸਰ੍ਹੋਂ ਦਾ ਤੇਲ ਵੀ ਲੈ ਕੇ ਦੇ ਜਾਣਾ। ਕਦੀ-

ਕਦੀ ਉਹਦੇ ਨਾਲ ਉਹਦੀ ਉਮਰ ਦਾ ਹੀ ਜੋਟੀਦਾਰ ਮੁੰਡਾ ਕੀਪਾ ਵੀ ਹੋਣਾ, ਤੇ ਦੋਹਾਂ ਨੇ ਚੰਗੀ ਰਹਿਤਲ ਰੱਖ ਕੇ ਵਿਹੜੇ ਵਾਲਿਆਂ ਨੂੰ ਵਿਖਾਣੀ। ਭੁੱਖ ਨਾਲ ਘੁਲਦੇ ਤੇ ਬੋ-ਮਾਰੇ ਕਪੜਿਆਂ ਵਾਲੇ ਵਿਹੜੇ ਵਿਚ, ਇਹਨਾਂ ਦੀ ਰਹਿਤਲ ਵੇਖ ਕੇ ਕਈ ਮਗਰ ਲਗੇ ਕਿ ਆਖਰ ਏਸ ਖੁਸ਼ਹਾਲੀ ਦਾ ਭੇਦ ਕੀ ਹੈ?

ਗੱਲ ਪਰ ਬਾਹਰ 'ਮੁੱਚਰ ਘੇਬੇ' ਨੇ ਕੱਢੀ ਸੀ! ਗੱਲ ਕੱਢਣ-ਕੱਢਾਣ ਤੇ ਲਾਣ-ਬੁਝਾਣ ਦਾ ਮਾਹਰ ਮੁੱਚਰ ਦਾ ਅਸਲੀ ਨਾਂ ਵੱਜੋਂ ਘੇਬਾ ਸੀ, ਪਰ ਕਹਿੰਦੇ ਸਾਰੇ ਉਹਨੂੰ ਮੁੱਚਰ ਹੀ ਸਨ। ਮੁੱਚਰ ਤੇ ਉਹਦੀ ਘਰਵਾਲੀ ਦੇ ਭਾਗ ਏਨੇ ਫੁੱਟੇ ਹੋਏ ਸਨ ਕਿ ਉਹਨਾਂ ਦੇ ਘਰ ਹਰ ਵਾਰ ਜਦ ਔਲਾਦ ਹੁੰਦੀ, ਕਦੀ ਬੱਚਾ-ਬੱਚੀ ਨਾ ਹੁੰਦਾ, ਸਗੋਂ ਹਰ ਵਾਰ ਮੁੱਚਰ ਦੀ ਵਹੁਟੀ 'ਦੌਲੇ ਸ਼ਾਹ ਦੇ ਚੂਹੇ-ਚੂਹੀਆਂ' ਜੰਮਦੀ ਸੀ। ਪਹਿਲੇ ਇਕ ਦੋ ਚੂਹੇ ਤੇ ਮੁੱਚਰ ਮਹੀਨੇ-ਦੋ ਮਹੀਨੇ ਦੇ ਕਰਕੇ ਪੀਰ ਲਾਲਾਂ ਵਾਲੇ ਦੇ ਦਰ ਤੇ ਰੱਖ ਆਉਂਦਾ ਰਿਹਾ ਸੀ। ਵਿਚ ਇਕ-ਅਧ ਦੌਲੇ ਸ਼ਾਹ ਦੇ ਚੂਹੇ ਦੇ ਰੂਪ ਵਾਲੇ ਬੱਚੇ ਨੂੰ ਉਹਨਾਂ ਦੋਹਾਂ ਨੇ ਦਾਈ ਦੀ ਮਦਦ ਨਾਲ ਅੱਕ ਚੱਟਾ ਕੇ ਮਾਰ ਵੀ ਦਿੱਤਾ ਸੀ। ਫੇਰ ਪਤਾ ਨਹੀਂ ਦੋਹਾਂ ਮੀਆਂ-ਬੀਵੀ ਦੇ ਦਿਲ ਵਿਚ ਕੀ ਆਇਆ, ਉਹਨਾਂ ਫੈਸਲਾ ਕੀਤਾ ਸੀ ਕਿ ਹੁਣ ਬੱਚੇ ਰੱਖ ਲੈਣੇ ਨੇ! ਅਗਲੀ ਵਾਰ ਦੋ ਇੱਕਠੀਆਂ ਦੋਲੇ ਸ਼ਾਹ ਦੀਆਂ ਚੂਹੀਆਂ ਉਹਨਾਂ ਘਰ ਪੈਦਾ ਹੋਈਆਂ। ਦੋਹੇਂ ਕੁੜੀਆਂ ਦੇ ਰੂਪ ਵਿਚ ਸਨ। ਮੁੱਚਰ ਤੇ ਉਹਦੀ ਬੀਵੀ ਨੇ ਦੋਹੇਂ ਪਾਲ ਲਈਆਂ। ਉਹਨਾਂ ਦੇ ਬਾਕੀ ਸਾਰੇ ਹੀ ਕਾਰ-ਵਿਹਾਰ ਬਾਕੀ ਬੱਚਿਆਂ ਵਾਂਗ ਸਨ, ਪਰ ਇਕ ਤੇ ਬੋਲ ਨਹੀਂ ਸਨ ਸਕਦੀਆਂ, ਸਿਰਫ ਚੀਕ ਮਾਰਕੇ ਲੋੜ ਦੱਸਦੀਆਂ। ਦੂਸਰੇ ਉਹਨਾਂ ਦੇ ਦੋ-ਦੋ ਫੁੱਟ ਦੇ ਸਰੀਰ ਤੇ ਪੂਰੇ ਬੰਦੇ ਜਿੱਡੇ ਸਿਰ ਸਾਰੀ ਗਲੀ, ਸਾਰੇ ਵਿਹੜੇ ਨੂੰ ਡਰਾ ਦੇਂਦੇ। ਪਰ ਵਿਹੜਾ ਉਹਨਾਂ ਨੂੰ ਸਾਈਂ ਦੌਲੇ ਦਾ ਪਰਸ਼ਾਦ ਸਮਝ ਕੇ ਸਤਿਕਾਰ ਦੇਂਦਾ। ਦੋਹੇਂ ਕੁੜੀਆਂ (ਚੂਹੀਆਂ) ਭਾਵੇਂ ਹੁਣ ਤਕਰੀਬਨ ਅਠਾਰਾਂ-ਵੀਹ ਦੀਆਂ ਸਨ, ਪਰ ਵਧੇਰੇ ਕਕੇ ਨੰਗੀਆਂ ਹੀ ਰਹਿੰਦੀਆਂ ਤੇ ਜਿੱਥੇ ਜੀ ਕਰਦਾ, ਗਲੀ ਵਿਚ ਟੱਟੀ-ਪਿਸ਼ਾਬ ਕਰ ਦੇਂਦੀਆਂ।

ਮੁੱਚਰ ਤੇ ਉਹਦੀ ਵਹੁਟੀ ਅਕਸਰ ਉਹਨਾਂ ਚੀਕਾਂ ਮਾਰਦੀਆਂ ਚੂਹੀਆਂ ਨੂੰ ਢੱਕਦੇ ਰਹਿੰਦੇ।

...ਕੁਦਰਤ ਦੇ ਸੰਤਾਪ ਦਾ ਮਾਰਿਆ ਮੁੱਚਰ ਚੁਗਲਖੋਰ ਬਣ ਗਿਆ ਸੀ।

ਗੱਲ ਵੀ ਉਹਨੇ ਹੀ ਬਾਹਰ ਕੱਢੀ ਕਿ ਬੱਬੇ ਚੂਹੜੇ ਦੀ ਖੁਸ਼ਹਾਲੀ ਦਾ ਕੀ ਭੇਦ ਸੀ?

– – – –

ਗੱਲ ਅਸਲ ਵਿਚ ਏਹ ਸੀ ਕਿ ਗੁਰੂ ਰਾਮਦਾਸ ਜੀ ਵਲੋਂ ਵੱਸਾਏ ਅੰਬਰਸਰ ਵਿਚ ਕੱਛ ਵਲੋਂ ਆਏ ਮਾਰਵਾੜੀ ਵੀ ਵੱਸਾਏ ਗਏ ਸਨ। ਜਿੰਨੇ ਮਾਰਵਾੜੀ ਆਏ, ਉਹਨਾਂ ਵਿਚੋਂ ਅੱਧਿਓਂ ਵੱਧ ਨੂੰ ਬੰਦਿਆਂ ਦੀ ਮੂਤੇਹਰ ਚੂਸਣ ਦਾ ਠਰਕ ਸੀ। ਇਹ ਠਰਕ ਪੀੜ੍ਹੀ-ਦਰ-ਪੀੜ੍ਹੀ ਉਹਨਾਂ ਨੂੰ ਮਿਲਦਾ ਰਿਹਾ ਸੀ। ਬਹੁਤੇ ਮਾਰਵਾੜੀ ਇਹਦੇ ਸ਼ਿਕਾਰ ਸਨ। ਇਸ ਕੰਮ ਲਈ ਤੇ ਅਮੀਰ ਮਾਰਵਾੜੀਆਂ ਨੇ ਕਈ-ਕਈ ਨੌਜੁਆਨ ਲੌਂਡੇ ਰੱਖੇ ਹੋਏ ਸਨ, ਜਿਨ੍ਹਾਂ ਦਾ ਕੰਮ ਹੀ ਸਿਰਫ ਆਪਣੇ ਮਾਰਵਾੜੀ ਮਾਲਕਾਂ ਨੂੰ ਦਿਹਾੜੀ ਵਿਚ ਇਕ ਅੱਧ ਵਾਰ ਆਪਣਾ ਲਿੰਗ ਚੁਸਵਾਣਾ ਸੀ। ਬਾਕੀ ਸਾਰਾ ਦਿਨ ਉਹ ਵਿਹਲੇ ਸਨ, ਤੇ ਉਹਨਾਂ ਨੂੰ ਬੱਝੀ ਤਨਖਾਹ ਮਿਲਦੀ ਸੀ।

...ਹੁਣ ਦਿਨੋਂ-ਦਿਨ ਮਾਰਵਾੜੀਆਂ ਕੋਲ ਏਸ ਕੰਮ ਦੇ ਨਿਪੁੰਨ ਕਲਾਕਾਰ ਘਟਦੇ ਜਾ ਰਹੇ ਸਨ। ਉਂਜ ਤੇ ਕਈ ਪਠਾਣ ਵੀ ਏਸ ਕੰਮ ਵਿਚ ਸਨ, ਪਰ ਪਤਾ ਨਹੀਂ ਕਿਵੇਂ, ਸਫਾਈ-ਸੇਵਾ ਦਾ ਕੰਮ ਕਰਦੇ ਬੱਬੇ ਚੂਹੜੇ ਨੂੰ ਉਹਦੇ ਮਾਲਕ ਨੇ ਏਸ ਕੰਮ ਲਈ ਰਾਜ਼ੀ ਕਰ ਲਿਆ ਸੀ! ਬੱਬੇ ਨੇ ਅਗੋਂ ਕੀਪੇ ਨੂੰ ਰਲਾ ਲਿਆ ਸੀ। ਤੇ ਦੋਹੇਂ ਚੰਗੀ ਕਮਾਈ ਕਰਨ ਲਗੇ। ਮਾਲਕਾਂ ਦਾ ਸਿਰਫ ਇਕੋ ਹੁਕਮ ਸੀ ਕਿ ਸਾਫ ਸੁਥਰੇ ਬਣਕੇ ਰਹਿਣਾ ਹੈ, ਤੇ ਭੇਦ ਰੱਖਣਾ ਹੈ।

...ਉਹ ਤੇ ਬੇੜੀ ਬਹਿ ਜਾਏ ਮੁੱਚਰ ਦੀ, ਜੀਹਦੇ ਕੋਲ ਬੱਬਾ ਨਸ਼ਾ ਪੀਤੇ ਵਿਚ ਗੱਲ ਕਰ ਬੈਠਾ। ਤੇ ਉਹਨੇ ਸਾਰੇ ਕੁੱਤੀ ਵਿਹੜੇ ਵਿਚ ਗੱਲ ਘੁੰਮਾ ਦਿੱਤੀ। ਪਲਾਂ ਵਿਚ ਹੀ ਸਾਰੇ ਵਿਹੜੇ ਵਿਚ ਗੱਲ ਫੈਲ ਗਈ।

ਲੋਕਾਂ ਬੱਬੇ ਤੇ ਕੀਪੇ ਦਾ ਲੰਘਣਾ ਔਖਾ ਕਰ ਦਿੱਤਾ। ਉਹ ਜਿਧਰੋਂ ਦੀ ਲੰਘਣ, ਵਿਹੜੇ ਆਲੇ ਛੇੜਨ, 'ਅਖੇ ਉਹ ਚੂਪੇ ਜਾਂਦੇ ਆ! ਉਏ ਚੂਪੇ ਲੈ ਲਓ ਚੂਪੇ ਬਈ ਉਏ!'' ਅੱਕ ਕੇ ਬੱਬਾ ਤੇ ਕੀਪਾ, ਦੋਹੇਂ ਆਪੋ-ਆਪਣੀ ਟੱਬਰੀ ਲੈ ਕੇ ਪੱਤਰਾ ਵਾਚ ਗਏ। ਮੁੜ ਉਹ ਕਦੀ ਵੀ ਨਾ ਪਰਤੇ, ਸਗੋਂ ਸਮਾਂ ਪਾ ਕੇ ਆਪਣੇ ਹੋਰ ਅੰਗ-ਸਾਕ ਵੀ ਬੁਲਾ ਕੇ ਲੈ ਗਏ।

...ਦਰਅਸਲ ਉਹ ਕੰਢੀ ਵਲ ਟੁਰ ਗਏ ਸਨ। ਕੰਢੀ ਦਿਆਂ ਪਿੰਡਾਂ ਵਲ ਦੇ ਰਾਜਪੂਤਾਂ ਕੋਲ ਮੁਰਦੇ ਫੂਕਣ ਵਾਲੇ ਚੰਡਾਲ ਨਾਂਹ ਦੇ ਬਰਾਬਰ ਸਨ। ਉਥੋਂ ਦੇ ਬਾਹਮਣਾਂ ਤੇ ਰਾਜਪੂਤਾਂ ਵਿਚ ਚੰਡਾਲਾਂ ਦੀ ਭਾਰੀ ਮੰਗ ਸੀ, ਤੇ ਉਹ ਦੋਹੇਂ ਉਧਰ ਹੀ ਕਿਸੇ ਪਿੰਡ ਵਲ ਟਿਕ-ਟਿਕਾ ਗਏ।

...ਏਦਾਂ ਪਹਿਲੀ ਵਾਰ ਮਾਝੇ ਦੇ ਚੂਹੜਿਆਂ ਦਾ ਕੰਢੀ ਵਲ ਚੰਡਾਲ ਬਣ ਕੇ ਲਾਂਘਾ ਬਣਿਆ।

– – – –

ਵਿਹੜੇ ਦੇ ਲੋਕਾਂ ਵਿਚ ਤੇ ਮਾਰ ਅੱਜ ਅੰਤਾਂ ਦਾ ਉਤਸ਼ਾਹ ਸੀ। ਪਤਾ ਲਗਾ ਸੀ ਕਿ ਲਾਹੌਰ ਦੇ ਹਾਕਮ ਨਾਲ ਸਿੱਖਾਂ ਦੇ ਬਾਬੇ ''ਭਾਈ ਮਨੀ ਸਿੰਘ'' ਨਾਲ ਇਸ ਵਾਰ ਹਰਮੰਦਰ ਸਾਹਿਬ ਦੀ ਦੀਵਾਲੀ ਲੌਣ ਦਾ ਸਮਝੌਤਾ ਹੋ ਗਿਆ ਸੀ।

ਚੂਹੜਿਆਂ ਨੂੰ ਅੱਜ ਏਸ ਗੱਲ ਦਾ ਬੜਾ ਚਾਅ ਸੀ, ਕਿਉਂਕਿ ਪਿੰਡਾਂ ਦੇ ਸਿੱਖ ਮੇਲੇ-ਮੁਸਾਹਬੇ ਦੇ ਦਿਨਾਂ ਵਿਚ ਹਰਮੰਦਰ ਦੇ ਬਾਹਰ ਬਿਨ੍ਹਾਂ ਕਿਸੇ ਦਰੇਗ ਦੇ, ਭਿੱਟ ਦੇ, ਸਭ ਨੂੰ ਕੜਾਹ ਦੇ, ਖੀਰ ਦੇ ਖੁੱਲ੍ਹੇ ਗੱਫੇ ਦੇਂਦੇ ਸਨ। ਜਿਨ੍ਹਾਂ ਮਾਈਆਂ-ਭਾਈਆਂ ਦੇ ਪੁੱਤ-ਪੋਤੇ ਉੱਦਣ ਪੱਗ ਰੱਖ ਕੇ ਸਿੱਖ ਬਣਦੇ ਸਨ, ਉਹ ਤੇ ਵਿਹੜੇ ਵਾਲਿਆਂ ਨੂੰ ਕੌਡਾਂ ਵੀ ਲੁੱਟਾਂਦੇ ਤੇ ਤਾਂਬੇ ਦੇ ਪੈਸਿਆਂ ਦੀ ਸੋਟ ਕਰਦੇ ਸਨ। ... ਪਰ ਇਹ ਕੀ?

...ਹਰਮੰਦਰ ਤੋਂ ਕਈ ਕਰਮਾਂ ਪਹਿਲਾਂ ਹੀ ਸਿਪਾਹੀ ਪਹਿਰੇ ਤੇ ਖੜ੍ਹੇ ਦਿੱਸਣ ਲਗ ਪਏ। ਜਿਉਂ-ਜਿਉਂ ਵਿਹੜੇ ਆਲੇ ਅਗੇ ਵਧੇ ਤਾਂ ਉਜਾੜ-ਬੀਆਬਾਨ ਤੇ ਮੌਤ ਵਰਗੀ ਚੁੱਪ-ਚਾਂ ਸੀ। ਇਕ ਗੱਲ ਇਹ ਸੀ ਕਿ ਸਿਪਾਹੀ ਉਹਨਾਂ ਨੂੰ ਰੋਕ ਨਹੀਂ ਸਨ ਰਹੇ। ਅਗੇ ਜਾ ਕੇ ਉਹਨਾਂ ਕੀ ਵੇਖਿਆ, ਪਈ ਕੁਝ ਸਿੱਖ, ਜਿਹੜੇ ਅਣਭੋਲ ਹੀ ਉਥੇ ਆ ਫਸੇ ਸਨ, ਉਹਨਾਂ ਨੂੰ ਮੁਸ਼ਕਾਂ ਬੰਨ੍ਹ ਕੇ ਸਿਪਾਹੀਆਂ ਨੇ ਭੁੰਜੇ ਬਠਾਇਆ ਹੋਇਆ ਸੀ।

...ਉਹ ਤ੍ਰਹਿ ਕੇ ਕਾਫੀ ਪਿਛੇ ਹੀ ਰੁਕ ਗਏ। ਉਹਨਾਂ ਨੂੰ ਵੇਖ ਕੇ ਦੂਰ ਖੜ੍ਹੇ ਸਿਪਾਹਸਲਾਰ ਨੇ ਉਹਨਾਂ ਬਾਰੇ ਉਥੋਂ ਦੇ ਸਥਾਨਕ ਤਸੀਲੀਏ ਕੋਲੋਂ ਕੁਝ ਦਰਿਆਫਤ ਕੀਤੀ। ਉਹਨਾਂ ਬਾਬਤ ਪਤਾ ਲਗਣ ਤੇ ਉਹਨੇ ਸਿਪਾਹੀਆਂ ਨੂੰ ਉਹਨਾਂ ਵਲ ਜੂਠ ਸੁੱਟਣ ਦਾ ਹੁਕਮ ਦਿੱਤਾ। ਹੁਕਮ ਪਾਕੇ ਸਿਪਾਹੀਆਂ ਤੇ ਲਾਂਗਰੀ ਨੇ ਉਹਨਾਂ ਵਲ ਅੱਧ-ਖਾਧੇ ਰੋਟੀਆਂ ਦੇ ਟੋਟੇ, ਚੂਸੀਆਂ ਹੋਈਆਂ ਬੋਟੀਆਂ ਤੇ ਬਚੇ ਹੋਏ ਜ਼ਰਦੇ ਦੇ ਪਤੀਲੇ ਖਾਲੀ ਕਰ ਦਿੱਤੇ। ਉਹ ਵੱਡੇ ਅਜੇ ਜੱਕੋਤੱਕ ਵਿਚ ਹੀ ਸਨ ਕਿ ਬੱਚੇ ਜੂਠ ਤੇ ਟੁੱਟ ਪਏ। ਵੱਡਿਆਂ ਦੇ ਦਿਲ ਪਰ ਬੁੱਝੇ ਹੋਏ ਸਨ। ਕਿਸੇ ਜੂਠ ਚੁੱਕੀ, ਕਿਸੇ ਨਹੀਂ ਤੇ ਥੋੜੀ ਦੇਰ ਮਗਰੋਂ ਸਾਰੇ ਵਿਹੜੇ ਨੂੰ ਪਰਤ ਗਏ।

ਅਗਲੇ ਦਿਨ ਸਵੇਰੇ ਗੱਲ ਬਾਹਰ ਨਿਕਲੀ, ਜਦੋਂ ਮੁਨਾਦੀ ਵਾਲੇ ਨੇ ਸ਼ਹਿਰ ਦੇ ਅੰਦਰ 'ਹੋਕੇ' ਦਿੱਤੇ ਕਿ ਫੜੇ ਗਏ ਸਿੱਖਾਂ ਦੇ ਅੰਗ ਉਥੇ ਹਰਮੰਦਰ ਤੋਂ ਬਾਹਰ ਉਦਾਸੀਨ ਅਖਾੜੇ ਕੋਲ ਵੱਢੇ ਜਾਣਗੇ। ਅਸਲ ਵਿਚ ਲਾਹੌਰ ਦੇ ਹਾਕਮ ਨੇ ਬਾਬਾ ਮਨੀ ਸਿੰਘ ਨੂੰ ਦੀਵਾਲੀ ਵਾਲੇ ਦਿਨ ਧੋਖਾ ਦੇਣਾ ਸੀ। ਦੀਵਾਲੀ ਵਾਲੀ ਰਾਤ ਬਾਬਾ ਜੀ ਦਾ ਹੁਕਮ ਮੰਨ ਕੇ ਸੈਂਕੜੇ ਸਿੱਖਾਂ ਜੰਗਲਾਂ ਵਿਚੋਂ ਨਿਕਲ ਕੇ ਦੀਵਾਲੀ ਮਨਾਣ ਹਰਮੰਦਰ ਆਉਣਾ ਸੀ, ਤੇ ਉਥੋਂ ਹੀ ਮੁਗਲਾਂ ਫੜ ਕੇ ਸਾਰੇ ਸਿੱਖ ਮਾਰਨ ਦਾ ਗੁਪਤ ਫੈਸਲਾ ਲਿਆ ਹੋਇਆ ਸੀ। ਪਰ ਬਾਬੇ ਹੁਰਾਂ ਨੂੰ ਟੋਹੀਆਂ ਨੇ ਸਮੇਂ ਸਿਰ ਸਾਰੀ ਗੱਲ ਦੱਸ ਕੇ ਮੁਖਬਰੀ ਕਰ ਦਿੱਤੀ ਸੀ, ਤੇ ਬਾਬੇ ਹੁਰਾਂ ਸਾਰੇ ਸਿੱਖਾਂ ਨੂੰ ਨਾ ਆਉਣ ਦਾ ਗੁਪਤ ਬੋਲਾ ਫੇਰ ਦਿੱਤਾ ਸੀ। ਜਿਹੜੇ ਸੌ-ਪੰਜਾਹ ਸਿੱਖ ਅਣਭੋਲ ਜਾ ਫਸੇ ਸਨ, ਉਹਨਾਂ ਵਿਚੋਂ ਬਹੁਤੇ ਤੇ ਬਿਰਧ ਬਾਬੇ ਸਨ, ਜਾਂ ਬੱਚਿਆਂ ਵਾਲੀਆਂ ਦੋ-ਚਾਰ ਮਾਵਾਂ ਸਨ। ਨੌਜੁਆਨ ਤੇ ਮਸਾਂ ਪੰਝੀ-ਤੀਹ ਸਨ। ਬਾਕੀ ਹੋਰ ਕੋਈ ਬਹੁਤਾ ਸਰਗਰਮ ਸਿੱਖ ਸਰਦਾਰ ਲਾਹੌਰੀਆਂ ਦੇ ਹੱਥ ਨਹੀ ਸੀ ਲੱਗਾ।

ਜਦੋਂ ਲਾਹੌਰ ਦੇ ਹਾਕਮਾਂ ਦਾ ਹੁਕਮ ਮੰਨ ਕੇ ਸਾਰੇ ਅੰਬਰਸਰੀਏ ਕਤਲ ਹੋ ਰਹੇ ਸਿੱਖਾਂ ਨੂੰ ਵੇਖਣ ਲਈ ਉਦਾਸੀਨ ਅਖਾੜੇ ਕੋਲ ਖੜੇ ਸਨ, ਪਰ੍ਹਾਂ ਵਿਹੜੇ ਵਾਲੇ ਵੀ ਖੜੇ ਸਨ। ਸਿੱਖ ਅਡੋਲ ਹੀ ਜੱਲਾਦ ਵਲ ਵਧਦੇ ਤੇ ਕਤਲ ਹੋਈ ਜਾ ਰਹੇ ਸਨ। ਬਹੁਤੇ ਲਾਹੌਰ ਭੇਜ ਦਿੱਤੇ ਗਏ ਸਨ। ਇਥੇ ਸਿਰਫ ਬੁੱਢਿਆਂ ਤੇ ਬੱਚਿਆਂ ਦਾ ਕਤਲੇਆਮ ਹੋਣਾ ਸੀ। ਬਸ ਉਦੋਂ ਹੀ ਵਿਹੜੇ ਵਾਲੀਆਂ ਵੀ ਤੇ ਸ਼ਹਿਰ ਦੀਆਂ ਗੋਰੀਆਂ-ਫੱਬਦੀਆਂ, ਅੰਬਰਸਰਨਾਂ ਕੁਛ ਤੇ ਚੀਕਾਂ ਮਾਰਕੇ ਡਿੱਗ ਪਈਆਂ, ਕੁਝ ਅਰਧ-ਪਾਗਲ ਹੋ ਕੇ ਘਰਾਂ ਨੂੰ ਭੱਜ ਗਈਆਂ, ਜਦੋਂ ਇਕ ਸਿੰਘਣੀ ਕੋਲੋਂ ਦੋ ਕੁ ਸਾਲ ਦਾ ਬਾਲ ਖੋਹ ਕੇ ਜਲੌਦ ਨੇ ਦੋ ਟੋਟਿਆਂ ਵਿਚ ਚੀਰ ਕੇ ਅਡੋਲ ਬੈਠੀ ਦੇ ਪੈਰਾਂ ਵਿਚ ਸੁੱਟ ਦਿੱਤਾ ਸੀ। ਕੁਝ ਚਿਰ ਬਾਦ ਪਤਾ ਲਗਾ ਸੀ ਕਿ ਬਾਬਾ ਮਨੀ ਸਿੰਘ ਵੀ ਟੋਟੇ ਕਰ-ਕਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

– – – –

ਇਸ ਘਟਨਾ ਤੋਂ ਚੰਦ ਦਿਨਾਂ ਬਾਦ ਇਹ ਖਬਰ ਫੈਲ ਗਈ ਸੀ ਕਿ ਭਾਈ ਮਨੀ ਸਿੰਘ ਦੇ ਭਤੀਜੇ ਸਘੜ ਸਿੰਘ ਦਾ ਜੱਥਾ ਅੰਬਰਸਰ ਫਿਰ ਰਿਹਾ ਹੈ, ਉਹ ਬੜੇ ਗੁਪਤ ਰੂਪ ਵਿਚ ਹਰ ਘਰ ਕੋਲੋਂ ਇਕ-ਇਕ ਪੁੱਤਰ ਮੰਗ ਰਿਹਾ ਹੈ!

ਪਤਾ ਉਦੋਂ ਹੀ ਲਗਾ, ਜਦੋਂ ਵਿਹੜੇ ਦੇ ਕਿੰਨੇ ਹੀ ਮੁੱਛ-ਫੁੱਟ ਘਰਾਂ ਵਿਚੋਂ ਗਾਇਬ ਹੋ ਗਏ। ਉਹ ਸਾਰੇ ਉਹੀ ਸਨ, ਜਿਨ੍ਹਾਂ ਉਸ ਸਿੰਘਣੀ ਨੂੰ ਅਡੋਲ ਹੀ ਬਾਲਕ ਦੇ ਦੋ ਟੋਟੇ ਆਪਣੀ ਝੋਲੀ ਪਵਾਂਦੇ ਵੇਖਿਆ ਸੀ।

ਦੂਜੀ ਵੱਡੀ ਗੱਲ ਇਹ ਸੀ ਕਿ ਸਘੜ ਸਿੰਘ ਤੇ ਅਘੜ ਸਿੰਘ ਦੇ ਸ਼ਹੀਦੀ ਜਥੇ ਵਿਚ ਜਾਤ ਬਿਲਕੁਲ ਮਨਫੀ ਸੀ। ਉਹਦਾ ਜ਼ਿਕਰ ਕਰਨ ਤੱਕ ਦੀ ਮਨਾਹੀ ਸੀ!

ਇਸ ਦੌਰਾਨ ਕਿੰਨਾ ਹੀ ਪਾਣੀ ਪੁਲਾਂ ਹੇਠੋਂ ਲੰਘ ਗਿਆ ਸੀ। ਸਿੰਘ ਰਾਤ-ਬਰਾਤੇ ਘੋੜਿਆਂ ਤੇ ਚੜ੍ਹੇ ਆਉਂਦੇ ਤੇ ਵਿਹੜੇ ਵਾਲਿਆਂ ਦੇ ਕੋਲੋਂ ਹੀ ਜੰਗਲ ਵਿਚੋਂ ਲੰਘਦੇ ਸਣੇ ਘੋੜਿਆਂ ਦੇ, ਹਰਮੰਦਰ ਦੇ ਜਲ ਵਿਚ ਚੁੱਭਾ ਮਾਰਕੇ ਔਹ ਜਾਹ ਔਹ ਜਾਹ...! ਜਦ ਨੂੰ ਸਪਾਹੀਆਂ ਨੂੰ ਪਤਾ ਲਗਦਾ, ਸਿੰਘ ਹਰਨਾਂ ਦੇ ਸਿੰਗੀਂ ਜਾ ਚੜ੍ਹੇ ਹੁੰਦੇ ਸਨ। ਵਿਹੜੇ ਵਾਲੇ ਕਈ ਵਾਰ ਅੰਬਰਸਰੀਏ ਮਸਤਾਨਿਆਂ ਨੂੰ ਗੌਂਦੇ ਸੁਣਦੇ ਤਾਂ ਹੈਰਾਨ ਹੁੰਦੇ। ਮਸਤਾਨੇ ਸਾਰੇ ਸ਼ਹਿਰ ਵਿਚ ਭਰੇ ਹੋਏ ਸਨ। ਇਕ ਤੋਂ ਦੂਜੇ ਤੱਕ ਉਹਨਾਂ ਦੇ ਬੋਲ ਪੁੱਜਦੇ। ਕਮਲੇ ਕਿੰਨਾ-ਕਿੰਨਾ ਚਿਰ ਗੌਂਦੇ –

ਆ ਗਏ ਜੀ ਆ ਗਏ
ਸ਼ਹੀਦੀ ਟੋਲੇ ਆ ਗਏ...

ਇਸ ਦੌਰਾਨ ਅਠਾਰਵੀਂ ਸਦੀ ਦੇ ਅੱਧ ਵਿਚ ਅਬਦਾਲੀ ਦਾ ਪ੍ਰਕੋਪ ਅੰਬਰਸਰ ਤੇ ਪਿਆ। 1757 ਤੇ 1760 ਵਿਚ ਉਹਨੇ ਦੋ ਵਾਰ ਹਰਮੰਦਰ ਦੀ ਇਕ-ਇਕ ਇੱਟ ਉਖਾੜ ਕੇ ਉਤੇ ਖੋਤਿਆਂ ਦਾ ਹੱਲ ਚਲਵਾਇਆ। ਮਜਾਲ ਹੈ ਵਿਹੜੇ ਵਾਲਿਆਂ ਉਸ ਮਲਬੇ ਵਿਚੋਂ ਰੋੜੀ ਵੀ ਚੁੱਕੀ ਹੋਵੇ। ਸਿਰਫ ਡੱਗੂ ਮੱਲ ਇਕ ਕਾਲੀਨ ਦਾ ਟੋਟਾ ਚੁੱਕ ਲਿਆਇਆ ਸੀ! ਪਰ ਅਗਲੇ ਹੀ ਦਿਨ ਡੱਗੂ ਦੇ ਮੰਡੇ ਨੂੰ ਤੇਈਆ ਚੜ੍ਹ ਗਿਆ। ਮੁੰਡੇ ਦੇ ਮਗਰੋਂ ਲੱਥਾ ਤੇ ਉਹਦੀ ਘਰ ਦੀ ਨੂੰ ਚੜ੍ਹ ਗਿਆ ਸੀ। ਡੱਗੂ ਨੂੰ ਵਿਹੜੇ ਵਾਲਿਆਂ ਡਰਾਇਆ ਕਿ ਗੁਰੂ-ਘਰ ਨਾਲ ਵੈਰ ਕੀਤਾ ਈ, ਤਾਂ ਕੁਝ ਦਿਨਾਂ ਮਗਰੋਂ ਹੀ ਡੱਗੂ ਉਹ ਅੱਤ ਕੀਮਤੀ ਕਲੀਨ ਉਥੇ ਮਲਬੇ ਤੇ ਸੁੱਟ ਆਇਆ ਸੀ। ਭਾਵੇਂ ਸਾਰਾ ਟੱਬਰ ਠੰਡ ਵਿਚ ਮਗਰੋਂ ਭੁੰਜੇ ਅਲਾਣਾ ਸੌਂਦਾ ਰਿਹਾ ਸੀ।

1760 ਵਿਚ ਅਬਦਾਲੀ ਨੇ ਅੰਬਰਸਰ ਗਊ ਜਿਬਾਹ ਕਾਰਨ ਲਈ ਬੁੱਚੜਖਾਨਾ ਖੁਲਵਾ ਦਿੱਤਾ ਸੀ। ਗਊਆਂ ਨੂੰ ਮਿੱਟੀ ਨਾਲ ਮਿੱਟੀ ਹੋ ਚੁਕੇ ਹਰਮੰਦਰ ਸਾਹਿਬ ਦੇ ਅਹਾਤੇ ਦੇ ਬਾਹਰ ਜਿਬਾਹ ਕੀਤਾ ਜਾਂਦਾ ਸੀ। ਸ਼ਹਿਰੀਆਂ ਵਿਚੋ ਤੇ ਕੋਈ ਵੀ ਮੀਟ ਲੈਣ ਨਹੀਂ ਸੀ ਜਾਂਦਾ। ਸਿਰਫ ਮੁਗਲਾਂ ਦੇ ਕੁਛ ਘਰ, ਜਾ ਫੇਰ ਸ਼ਰੀਫਪੁਰ ਦੇ ਤੇ ਢਾਬ ਬਸਤੀ ਦੇ ਖਟੀਕ ਤੇ ਕੰਜਰ ਮੀਟ ਲੈਣ ਆਉਂਦੇ ਸਨ। ਬਹੁਤੇ ਕਸਾਈ ਉਹੀ ਸਨ, ਜਿਹੜੇ ਵਿਹੜੇ ਵਾਲਿਆਂ ਦੇ ਪੂਰਵਜ ਸਨ ਤੇ ਉਹਨਾਂ ਤੇ ਨਾਲ ਹੀ ਗੁਰੂ ਰਾਮ ਦਾਸ ਜੀ ਕੋਲੋ ਥਾਂ ਲੈਣ ਦੀ ਅਰਜ ਕਰਨ ਆਏ ਸਨ। ਇਹਨਾਂ ਵਿਚੋਂ ਪੀਰਾਂ ਦਿੱਤੇ ਕਸਾਈ ਦਾ ਟੱਬਰ ਬਹੁਤ ਫੈਲਿਆ ਸੀ। ਉਹਦੇ ਹੀ ਪੁੱਤ, ਪੋਤਰੇ ਹੁਣ ਗਊਆਂ ਜਿਬਾਹ ਕਰਦੇ ਤੇ ਕੱਟਾਈ ਕਰਕੇ ਵੇਚਦੇ ਸਨ।

*1760 ਵਿਚ ਅਬਦਾਲੀ ਨੇ ਅੰਬਰਸਰ ਗਊ ਜਿਬਾਹ ਕਾਰਨ ਲਈ ਬੁੱਚੜਖਾਨਾ ਖੁਲਵਾ ਦਿੱਤਾ ਸੀ। ਗਊਆਂ ਨੂੰ ਮਿੱਟੀ ਨਾਲ ਮਿੱਟੀ ਹੋ ਚੁਕੇ ਹਰਮੰਦਰ ਸਾਹਿਬ ਦੇ ਅਹਾਤੇ ਦੇ ਬਾਹਰ ਜਿਬਾਹ ਕੀਤਾ ਜਾਂਦਾ ਸੀ। ਸ਼ਹਿਰੀਆਂ ਵਿਚੋ ਤੇ ਕੋਈ ਵੀ ਮੀਟ ਲੈਣ ਨਹੀਂ ਸੀ ਜਾਂਦਾ। ਸਿਰਫ ਮੁਗਲਾਂ ਦੇ ਕੁਛ ਘਰ, ਜਾ ਫੇਰ ਸ਼ਰੀਫਪੁਰ ਦੇ ਤੇ ਢਾਬ ਬਸਤੀ ਦੇ ਖਟੀਕ ਤੇ ਕੰਜਰ ਮੀਟ ਲੈਣ ਆਉਂਦੇ ਸਨ। ਬਹੁਤੇ ਕਸਾਈ ਉਹੀ ਸਨ, ਜਿਹੜੇ ਵਿਹੜੇ ਵਾਲਿਆਂ ਦੇ ਪੂਰਵਜ ਸਨ ਤੇ ਉਹਨਾਂ ਤੇ ਨਾਲ ਹੀ ਗੁਰੂ ਰਾਮ ਦਾਸ ਜੀ ਕੋਲੋ ਥਾਂ ਲੈਣ ਦੀ ਅਰਜ ਕਰਨ ਆਏ ਸਨ। ਇਹਨਾਂ ਵਿਚੋਂ ਪੀਰਾਂ ਦਿੱਤੇ ਕਸਾਈ ਦਾ ਟੱਬਰ ਬਹੁਤ ਫੈਲਿਆ ਸੀ। ਉਹਦੇ ਹੀ ਪੁੱਤ, ਪੋਤਰੇ ਹੁਣ ਗਊਆਂ ਜਿਬਾਹ ਕਰਦੇ ਤੇ ਕੱਟਾਈ ਕਰਕੇ ਵੇਚਦੇ ਸਨ।*

ਇਸ ਦੌਰਾਨ ਅੰਬਰਸਰੀਆਂ ਵੀ ਤੇ ਵਿਹੜੇ ਵਾਲਿਆਂ ਵੀ, ਅਬਦਾਲੀ ਦੇ ਨੱਕ ਤੇ ਸਬੂਤੀ ਇੱਟ ਵੱਜਦੀ ਵੇਖੀ। ਉਹਨਾਂ ਚਰਖੜੀਆਂ ਤੇ ਚੜ੍ਹਦੇ ਸਿੰਘ ਵੇਖੇ! ਮੱਸੇ ਰੰਘੜ ਦਾ ਬਿਨਾਂ ਸਿਰ ਤੋਂ ਧੜ ਵੇਖਿਆ, ਤੇ ਅੰਤ ਉਸੇ ਹੀ ਹਰਮੰਦਰ ਵਿਚ ਮੁੜ ਜਲ ਭਰੀਂਦਾ ਤੇ ਉੱਸਰੀਂਦਾ ਤੱਕਿਆ!

– – – –

ਇਹ ਤੇ ਹੁਣ ਗੱਲਾਂ 'ਚੋਂ ਗੱਲਾਂ ਨਿਕਲੀ ਆਉਂਦੀਆਂ ਨੇ ਪਈ ਸੰਨ ਸੱਤਰ ਵਿਚ, ਜਦੋਂ ਇੰਦਰਾ ਪੂਰੀ ਕਹਿੰਦੀ-ਕਹਾਂਦੀ ਪ੍ਰਧਾਨ ਮੰਤਰੀ ਸੀ, ਅੰਬਰਸਰ ਆਪ ਚੱਲ ਕੇ ਆਈ ਸੀ। ਉਦੋਂ ਬਾਕੀ ਕਾਂਗਰਸੀਆਂ ਦੀ ਰੀਸੇ ਅੰਬਰਸਰ ਦੀ ਬਾਲਮੀਕ ਬਰਾਦਰੀ ਨੇ ਵੀ ਪੂਰਾ ਕੱਠ ਕੀਤਾ ਸੀ। ਇਧਰੋਂ ਵਿਹੜੇ ਆਲੇ ਚੂਹੜਿਆਂ ਨੂੰ ਵੀ ਖੁੱਲ੍ਹਾ ਸੱਦਾ ਸੀ ਕਿ ਉਹ ਹਾਲ ਗੇਟ ਦੇ ਅੰਦਰ ਜਦੋਂ ਇੰਦਰਾ ਗਾਂਧੀ ਗਲ ਵਿਚ ਹਾਰ ਪਵਾਏਗੀ, ਉਦੋਂ ਤੁਸੀਂ ਵੀ ਆਪਣੇ ਪ੍ਰਧਾਨ ਨਾਲ ਵੀਹ-ਤੀਹ ਬੰਦੇ ਆ ਕੇ ਇੰਦਰਾ ਜੀ ਦਾ ਸਤਿਕਾਰ ਕਰਿਓ! ਤੇ ਵਿਹੜੇ ਆਲਿਆਂ ਨੂੰ ਚਾਅ ਚੜ੍ਹ ਗਿਆ ਸੀ! ਉਹਨੀਂ ਦਿਨੀ ਇੰਦਰਾ ਨੂੰ ਸਤੀ, ਦੁਰਗਾ, ਭਵਾਨੀ ਤੇ ਮਾਂ ਜਾਂ 'ਭਾਰਤ-ਪੁੱਤਰੀ' ਕਿਹਾ ਜਾਂਦਾ ਸੀ। ਨਾਲ ਹੀ ਬਾਲਮੀਕੀਆਂ ਵਿਚ ਪਰਚਾਰ ਸੀ ਕਿ ਉਹ ਗਾਂਧੀ ਬਾਬਾ ਦੀ ਨੂੰਹ ਹੈ। ਕਿਉਂਕਿ ਉਹਨੇ ਫਿਰੋਜ਼ ਨੂੰ ਗੋਦ ਲੈ ਲਿਆ ਸੀ। ਹੋਰ ਵੀ ਉਸ ਨਾਲ ਸਬੰਧਿਤ ਪਰੀ-ਕਥਾਵਾਂ ਜੋੜਦੇ ਸਨ। ਤੇ ਬਸ, ਵਿਹੜੇ ਵਾਲਿਆਂ ਫੱਟ ਮੁਲਖੇ ਢੋਲੀ ਨੂੰ ਆਗੂ ਚੁਣ ਲਿਆ ਸੀ। ਮੁਲਖਾ ਢੋਲੀ ਟਕਸਾਲੀ ਕਾਂਗਰਸੀ ਸੀ ਤੇ ਕਾਂਗਰਸ ਦੇ ਹਰ ਜਲਸੇ ਵਿਚ ਅਗੇ ਹੋ ਕੇ ਮੁਖਤੋ-ਮੁਖਤੀ ਢੋਲ ਵੱਜਾਂਦਾ ਸੀ। ਕਾਂਗਰਸੀਆਂ ਵੀ ਉਸ ਨੂੰ ਬਾਲਮੀਕੀ ਸੈਲ ਦਾ ਪ੍ਰਧਾਨ ਬਣਾਕੇ ਨਵਾਜਿਆ ਸੀ।

... ਪਰ ਉਦੋਂ ਬੜੀ ਬਦਮਗਜੀ ਹੋਈ, ਜਦੋਂ ਹਾਲ ਗੇਟ ਵਾਲੇ ਦਫਤਰ ਤੋਂ ਇੰਦਰਾ ਨੇ ਹਾਰ ਪਵਾ ਕੇ ਟੁਰਨਾ ਸੀ, ਮੁਲਖੇ ਨੇ ਆਪਣੇ ਗਰੁੱਪ ਦੇ ਵੀਹਾਂ-ਤੀਹਾਂ ਮੈਂਬਰਾਂ ਨੂੰ ਧੋਖਾ ਦਿੱਤਾ, ਕੱਲੇ ਨੇ ਜਾਕੇ ਮੰਤਰੀਆਂ-ਸੰਤਰੀਆਂ ਤੇ ਹੋਰ ਚਿੱਟ-ਕਪੜੀਆਂ ਵਿਚ ਸ਼ਾਮਲ ਹੋ ਕੇ ਇੰਦਰਾ ਨੂੰ ਹਾਰ ਜਾ ਪਾਏ। ਵਿਹੜੇ ਆਲੇ ਤੇ ਬਸ ਦੂਰੋਂ ਹੱਥ ਮੱਲਦੇ ਰਹਿ ਗਏ ਸਨ। ਜਲੂਸ ਜਦੋਂ ਅਗੇ ਵਧਿਆ ਤਾਂ ਮੁਲਖਾ ਵੀ ਜੀਪਾਂ ਵਿਚ ਸਵਾਰ ਹੋ ਕੇ ਅੱਗੇ ਦਾ ਅੱਗੇ ਟੁਰ ਗਿਆ। ਪਰ ਉਦੋਂ ਹੀ ਕਿਤੇ ਹਾਲ ਗੇਟ ਦੇ ਨਜ਼ਦੀਕ ਕਿਸੇ ਕੋਠੇ ਤੋਂ ਖਾਲਸਾ ਕਾਲਿਜ ਅੰਬਰਸਰ ਦੇ ਮੁੰਡਿਆਂ ਨੇ ਇੰਦਰਾ ਤੇ ਇੱਟਾਂ ਚਲਾ ਦਿੱਤੀਆਂ। ਲਗੀਆਂ ਤੇ ਕਿਸੇ ਨੂੰ ਨਾਂਹ, ਪਰ ਇੰਦਰਾ ਨੇ ਦੌਰਾ ਵਿਚੇ ਛੱਡ ਦਿੱਤਾ ਤੇ ਗੱਡੀਆਂ ਪਿਛਾਂਹ ਭੱਜਾ ਲਈਆਂ। ਘਬਰਾਈ ਪੰਜਾਬ-ਪੁਲਸ ਨੇ ਮਗਰ ਲਗੀ ਕਾਂਗਰਸੀਆਂ ਦੀ ਭੀੜ ਨੂੰ ਹੀ ਛਿਤਰੌਲ ਸ਼ੁਰੂ ਕਰ ਦਿੱਤੀ। ਕਈ ਐਮ.ਐਲ.ਏ. ਤੇ ਸਿਰਕੱਢ ਕਾਂਗਰਸੀ ਵੀ ਪਰਸ਼ਾਦ ਲੈ ਹਟੇ। ਮੁਲਖੇ ਨੂੰ ਤੇ ਚੰਗੀਆਂ ਵੱਜੀਆਂ। ਉਹ ਪਰ ਕੀ ਜਾਣਦਾ ਸੀ ਕਿ ਹੁਣ ਉਹਦੀ ਮੰਦੀ ਹਾਲਤ ਸ਼ੁਰੂ ਹੋਣ ਵਾਲੀ ਹੈ? ਰਾਤ ਤੇ ਉਹ ਸੱਟਾਂ ਕਰਕੇ ਘਰ ਹੀ ਲੇਟਿਆ ਰਿਹਾ। ਪਰ ਜਿਉਂ ਹੀ ਸਵੇਰੇ ਉਹ ਢੋਲ ਟੰਗਣ ਆਪਣੀ ਕਿੱਲੀ ਤੇ ਆਇਆ, ਪੂਰੇ ਵਿਹੜੇ ਨੇ ਗਾਹਲਾਂ ਤੇ ਝਾੜੂਆਂ ਨਾਲ ਉਹਦਾ ਸੁਆਗਤ ਕੀਤਾ। ਉਹ ਤੇ ਹੋਟਲਾਂ ਵਾਲਿਆਂ ਤੇ ਮੁਲਖੇ ਦਿਆ ਭਤੀਜਿਆਂ ਉਹਦਾ ਬਚਾ ਕਰ ਦਿੱਤਾ। ਲੱਤਾ, ਘਸੁੰਨਾ ਦੇ ਨਾਲ ਕੁੱਟਿਆ। ਪਰ ਸਭ ਤੋਂ ਅਖੀਰ ਵਿਚ ਹੱਥ ਜੋੜਕੇ ਕੂੜੇ ਦੀ ਰੇਹੜੀ ਢੋਣ ਵਾਲੀ ਡੇਜ ਬੌਣੀ ਨੂੰ ਰੋਕਿਆ ਗਿਆ, ਕਿਉਂਕਿ ਉਹ ਗੁੱਸੇ ਵਿਚ ਅੰਨ੍ਹੀ ਹੋਈ ਡਿੱਗੇ ਪਏ ਮੁਲਖੇ ਦੀ ਪਿੱਠ ਵਿਚ ਆਪਣੇ ਝਾੜੂ ਦੀ ਮੁੱਠ ਘੁਸੇੜਨ ਦਾ ਯਤਨ ਕਰ ਰਹੀ ਸੀ।

...ਮੁਲਖੇ ਨੂੰ ਕਦੀ ਵੀ ਵਿਹੜੇ ਆਲਿਆਂ ਮਾਫ ਨਾ ਕੀਤਾ। ਜਲਦੀ ਹੀ ਮੁਲਖਾ ਢੋਲੀ ਖਾਲਸਾ ਕਾਲਿਜ ਅੰਬਰਸਰ ਦੇ ਸਾਹਮਣੇ ਬਣੇ ਖੋਲਿਆਂ ਚੋਂ ਇਕ ਵਿਚ ਜਾ ਵੱਸਿਆ। ਉਹ ਥਾਂ ਪਿੰਡ ਕੋਟ-ਖਾਲਸਾ ਦੇ ਚੂਹੜਿਆਂ ਨੂੰ ਅਲਾਟ ਸੀ ਤੇ ਉਹਨਾਂ ਮੁਲਖੇ ਨੂੰ ਵੱਸਾ ਲਿਆ। ਮੁੜਕੇ ਮੁਲਖਾ ਖਾਲਸਾ ਕਾਲਿਜ ਦੇ ਭੰਗੜੇ ਆਲੇ ਮੁੰਡਿਆ ਦਾ ਢੋਲੀ ਬਣ ਗਿਆ ਤੇ ਪੰਜਾਬ ਵਿਚ ਨੰਬਰ ਇਕ ਦਾ ਢੋਲੀ ਮਸ਼ਹੂਰ ਹੋਇਆ ਸੀ! ਬਾਕੀ ਤੇ ਭਾਵੇਂ ਸਭ ਭੁੱਲ-ਭੁੱਲਾ ਗਏ ਸਨ, ਪਰ ਕੁੱਤੀ ਵਿਹੜੇ ਵਾਲੇ ਭਰਪੂਰ ਗੱਟੇ ਵਾਲੇ ਨੂੰ ਮੁਲਖਾ ਨਹੀਂ ਸੀ ਭੁੱਲਦਾ! ਭਰਪੂਰ ਬੜਾ ਜ਼ਹਿਰੀ ਬੰਦਾ ਸੀ, ਤੇ ਉਹ ਇੰਦਰਾ ਵੇਲੇ ਹੋਈ ਘਟਨਾ ਤੋਂ ਬੜੀ ਹੀਣਤਾ ਮੰਨ ਗਿਆ ਸੀ। ਭਰਪੂਰ ਹੀ ਇੱਕਲਾ ਬੰਦਾ ਸੀ, ਜੀਹਨੇ ਟੱਟੀ ਚੁੱਕਣ ਦਾ ਕੰਮ ਛੱਡ ਕੇ ਅੰਬਰਸਰ ਦੇ ਭੜਭੂੰਜਿਆਂ ਦੀ ਸ਼ਗਿਰਦੀ ਕੀਤੀ ਸੀ ਤੇ ਉਹਨਾਂ ਕੋਲੋਂ ਗੁੜ ਦਾ ਰੰਗਦਾਰ ਗੱਟਾ ਬਣਾਨਾ ਸਿੱਖਿਆ ਸੀ। ਫੇਰ ਸਾਰੀ ਉਮਰ ਉਹਨੇ ਮੋਟੇ ਬਾਂਸ ਦੇ ਦੁਪਹਿਰੇ ਆਪੇ ਬਣਾਏ ਗੱਟੇ ਦੀ ਲੇਟੀ ਟੰਗਣੀ ਤੇ ਬਾਬਾ ਸਾਹਿਬ ਚੌਕ, ਫਰੀਦ ਦੇ ਚੌਂਕ, ਲਛਮਣ ਸਰ ਤੋਂ ਲੈ ਕੇ ਫੱਟ ਵਾਲੀ ਗਲੀ ਤੱਕ ਆ ਕੇ ਬਸ ਕਰਨੀ। ਨਾਲ ਗੌਂਦੇ ਫਿਰਨਾ –

ਗੱਟਾ ਲਾਚੀਆਂ ਵਾਲਾ
ਜੀ ਲਾਚੀ ਦਾਣਿਆਂ ਵਾਲਾ
ਖਾ ਲਓ, ਖਾ ਲਓ ਮੇਰੀ ਜਾਨ
ਗੱਟਾ ਲਾਚੀਆਂ ਵਾਲਾ।

ਇਹੀ ਭਰਪੂਰ ਜਦੋਂ ਵੀ ਕਿਤੇ ਮੁਲਖੇ ਨੂੰ ਵੇਖਦਾ, ਜਿਹੜਾ ਕਿ ਉਹਨੂੰ ਅਕਸਰ ਛੇਹਰਟੇ ਦੇ ਮੇਲੇ, ਬਾਬੇ ਸ਼ਹੀਦਾਂ ਦੀ ਮੱਸਿਆ-ਸੰਗਰਾਦਾਂ ਜਾਂ ਫੇਰ ਦੁਰਗਿਆਣੇ ਮੰਦਰ 'ਹਨੂਮਾਨ-ਸੈਨਾ' ਨੂੰ ਮੱਥਾ ਟਕੌਣ ਵੇਲੇ ਢੋਲ ਵੱਜਾਂਦਾ ਮਿਲ ਪੈਂਦਾ, ਭਰਪੂਰ ਫੱਟ ਟੋਨ ਬਦਲ ਕੇ ਉੱਚੀ-ਉੱਚੀ ਗੌਣ ਲਗ ਪੈਂਦਾ–

ਓ ਮੇਰਾ ਗੱਟਾ ਗਿਆ ਸੀ ਦਿੱਲੀ
ਮੁਲਖੇ ਦੀ ਭੈਣ ਉਥੇ ਮਿਲੀ
ਓ ਗੱਟਾ ਲਾਚੀਆਂ ਵਾਲਾ ।

ਮੁਲਖਾ ਤੇ ਭਰਪੂਰ ਨੂੰ ਵੇਖਦਿਆਂ ਹੀ ਉਰ੍ਹੇ ਪਰ੍ਹੇ ਹੋ ਜਾਂਦਾ ਸੀ।

– – – –

**ਬਾਕੀ ਅਗਲੇ ਅੰਕ 'ਚ**

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, 94171-88904.

---

Suitable match for Handsome khatri boy, Assistant professor in maths. 6', 18-11-1982, 4:12 AM, Ludhiana, manglik, status family. Contact : 98785-31166. raman.mlp@gmail.com

## ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2'' ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6'' ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

## ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/ US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

# Classified Plus

## ਡਰਾਈਵਰ ਦੀ ਲੋੜ

ਗਰੈਵਲ ਟਰੱਕ ਲਈ ਡਰਾਈਵਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜਰਬਾ ਹੋਵੇ। ਵਧੀਆ ਤਨਖ਼ਾਹ। ਸੰਪਰਕ 780-271-5061, Email : gak.nijjar@yahoo.ca

## ਨੈਨੀ ਦੀ ਲੋੜ

ਬਜ਼ੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)




## City Estates

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਮੰਦ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)

011 91 98147 11263 or 011 91 98729 73304


## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**


## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154



9222-51 Avenue, Edmonton, AB T6E 5L8

Phone: 780-439-9818, Fax: 780-439-1257



# ਕਾਨ ਫ਼ਿਲਮ ਸਮਾਰੋਹ ਸਭ ਤੋਂ ਵੱਡਾ ਤਮਾਸ਼ਾ

ਦੀਪਾ ਗਹਿਲੋਤ

ਹਰ ਸਾਲ ਇਸ ਸਮਾਰੋਹ ਵਿਚ ਆਪਣੀ ਹਾਜ਼ਰੀ ਦਰਜ ਕਰਵਾਉਣਾ ਹੁਣ ਬਾਲੀਵੁੱਡ ਵਿਚ ਆਮ ਹੋ ਗਿਆ ਹੈ। ਕੁਝ ਲੋਕ ਤਾਂ ਇਹ ਸੋਚ ਕੇ ਵੀ ਇਸ ਸਮਾਰੋਹ ਵਿਚ ਜਾਂਦੇ ਹਨ ਕਿ ਇਸ ਨਾਲ ਭਾਰਤੀ ਸਿਨੇਮਾ ਨੂੰ ਇਕ ਗਲੋਬਲ ਪਲੇਟਫ਼ਾਰਮ ਮਿਲੇਗਾ। ਕਹਿਣ ਨੂੰ ਕਾਨ ਫ਼ਿਲਮ ਸਮਾਰੋਹ ਵਿਚ ਭਾਰਤ ਦੀ ਮੌਜੂਦਗੀ ਬੜੇ ਹੀ ਜ਼ੋਰ-ਸ਼ੋਰ ਨਾਲ ਦਿਖਾਈ ਜਾਂਦੀ ਹੈ। ਕੋਈ ਵੱਡੀ ਪਾਰਟੀ ਹੋਵੇ ਜਾਂ ਫ਼ਿਰ ਰੈਡ ਕਾਰਪੇਟ ਭਾਰਤੀ ਸਿਤਾਰੇ ਕੋਈ ਮੌਕਾ ਆਪਣੇ ਹੱਥੋਂ ਜਾਣ ਨਹੀਂ ਦਿੰਦੇ। ਜਿਉਂ ਹੀ ਕਾਨ ਫ਼ਿਲਮ ਸਮਾਰੋਹ ਸ਼ੁਰੂ ਹੁੰਦਾ ਹੈ, ਤੁਹਾਨੂੰ ਅਜਿਹੇ-ਅਜਿਹੇ ਫ਼ਿਲਮਕਾਰ ਦੇਖਣ ਨੂੰ ਮਿਲ ਜਾਂਦੇ ਹਨ ਜਿਨ੍ਹਾਂ ਦਾ ਨਾਮ ਤੁਸੀਂ ਪਹਿਲਾਂ ਕਦੇ ਸੁਣਿਆ ਵੀ ਨਹੀਂ ਹੁੰਦਾ। ਸ਼ਰਲਿਨ ਚੋਪੜਾ, ਅਮੀਸ਼ਾ ਪਟੇਲ ਅਤੇ ਪੂਜਾ ਗੁਪਤਾ ਵਰਗੀਆਂ ਅਭਿਨੇਤਰੀਆਂ ਨੂੰ ਹੀ ਦੇਖ ਲਓ, ਜਿਨ੍ਹਾਂ ਲਈ ਕਾਨ ਸਮਾਰੋਹ ਦੇ ਰੈਡ ਕਾਰਪੇਟ 'ਤੇ ਹੋਣਾ ਜਾਂ ਫਿਰ ਕਿਸੇ ਵੱਡੀ ਫ਼ਿਲਮ ਦੇ ਪ੍ਰੀਮੀਅਰ ਨੂੰ ਅਟੈਂਡ ਕਰਨਾ ਹੀ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ।

ਐਸ਼ਵਰਿਆ ਰਾਏ ਅਤੇ ਸੋਨਮ ਕਪੂਰ ਇਕ ਕਾਸਮੈਟਿਕ ਕੰਪਨੀ ਨਾਲ ਜੁੜੇ ਹੋਣ ਕਾਰਨ ਇਸ ਸਮਾਰੋਹ ਵਿਚ ਹਿੱਸਾ ਲੈਣ ਆਈਆਂ ਹਨ ਅਤੇ ਹਾਂ ਮਲਿੱਕਾ ਸ਼ੈਰਾਵਤ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ। ਰੈਡ ਕਾਰਪੇਟ 'ਤੇ ਉਨ੍ਹਾਂ ਦੇ ਕਪੜੇ ਹੋਣ ਜਾਂ ਫਿਰ ਅਦਾਵਾਂ, ਲਗਦਾ ਹੈ ਜਿਵੇਂ ਉਹ ਪੈਦਾ ਹੀ ਸਿਰਫ਼ ਪੋਜ਼ ਦਿਖਾਉਣ ਲਈ ਹੋਈ ਹੋਵੇ। ਕੁਝ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਸਮਾਰੋਹ ਦੌਰਾਨ ਉਹ ਕੁਝ ਫ਼ੋਟੋਗ੍ਰਾਫ਼ਰ ਨਿਯੁਕਤ ਕਰਦੀ ਹੈ ਜਿਹੜੇ ਹਰ ਸਮੇਂ ਉਨ੍ਹਾਂ ਦੇ ਪਿਛੇ ਘੁੰਮਦੇ ਰਹਿੰਦੇ ਹਨ। ਅਜਿਹਾ ਕਰਨ ਨਾਲ ਕੌਮਾਂਤਰੀ ਬਾਜ਼ਾਰ ਵਿਚ ਉਨ੍ਹਾਂ ਦਾ ਮਾਣ ਵਧਦਾ ਹੈ। ਘੱਟੋ ਘੱਟ ਉਹ ਤਾਂ ਅਜਿਹਾ ਹੀ ਸੋਚਦੀ ਹੋਵੇਗੀ।

## ਫ਼ਿਲਮਾਂ ਦਾ ਵੱਡਾ ਬਾਜ਼ਾਰ – ਕਾਨ

ਕਾਨ ਫ਼ਿਲਮ ਸਮਾਰੋਹ ਵਿਚ ਸ਼ੋਅਬਾਜ਼ੀ ਕਰਨ ਵਾਲਿਆਂ ਦੀ ਸੂਚੀ ਤਾਂ ਬਹੁਤ ਲੰਮੀ ਹੈ ਪਰ ਜੇਕਰ ਨਜ਼ਰ ਦੂਜੇ ਪਾਸੇ ਫੇਰੀ ਜਾਵੇ ਤਾਂ ਭਾਰਤੀ ਸਿਨੇਮਾ ਨਾਲ ਜੁੜੇ ਲੋਕ ਇਸ ਸਮਾਰੋਹ ਵਿਚ ਇਸ ਲਈ ਵੀ ਆਉਂਦੇ ਹਨ ਕਿਉਂਕਿ ਕਾਨ ਫ਼ਿਲਮਾਂ ਦਾ ਇਕ ਬਹੁਤ ਵੱਡਾ ਬਾਜ਼ਾਰ ਹੈ। ਭਾਰਤ ਦੇ ਵੱਡੇ ਵੱਡੇ ਫ਼ਿਲਮਕਾਰ ਇਸ ਸਮਾਰੋਹ ਵਿਚ ਇਸ ਲਈ ਆਉਂਦੇ ਹਨ ਤਾਂ ਕਿ ਉਹ ਆਪਣੀਆਂ ਫ਼ਿਲਮਾਂ ਕੌਮਾਂਤਰੀ ਖ਼ਰੀਦਦਾਰਾਂ ਨੂੰ ਦਿਖਾ ਸਕਣ ਅਤੇ ਵੇਚ ਸਕਣ। ਅੱਜ ਦੀ ਤਾਰੀਕ ਵਿਚ ਤਾਂ ਹਾਲਾਤ ਇਹ ਹੋ ਗਏ ਹਨ ਕਿ ਜੇਕਰ ਕੋਈ ਫ਼ਿਲਮਕਾਰ ਆਪਣੀ ਪੰਜ ਮਿੰਟ ਦੀ ਫ਼ਿਲਮ ਵੀ ਇਥੇ ਲਿਆਉਂਦਾ ਹੈ ਤਾਂ ਗਾ-ਗਾ ਕੇ ਦੁਨੀਆ ਨੂੰ ਦਸਦਾ ਹੈ। ਅਜਿਹਾ ਲਗਦਾ ਹੈ ਜਿਵੇਂ ਭਾਰਤੀ ਸਿਨੇਮਾ ਦੁਨੀਆ ਨੂੰ ਕਹਿ ਰਿਹਾ ਹੋਵੇ ਕਿ ਕੋਈ ਤਾਂ ਉਸ ਨੂੰ ਗੰਭੀਰਤਾ ਨਾਲ ਲਵੇ। ਇਸ ਸਮਾਰੋਹ ਵਿਚ ਭਾਰਤੀ ਸਿਨੇਮਾ ਦੀਆਂ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ ਸ਼ਰਮੀਲਾ ਟੈਗੋਰ, ਨੰਦਿਤਾ ਦਾਸ ਅਤੇ ਵਿਦਿਆ ਬਾਲਨ ਸਮਾਰੋਹ ਦੀ ਜਿਊਰੀ ਦਾ ਹਿੱਸਾ ਰਹਿ ਚੁੱਕੀਆਂ ਹਨ।

ਕਈ ਸਾਲ ਬੀਤ ਗਏ ਜਦੋਂ ਕਿਸੇ ਭਾਰਤੀ ਫ਼ਿਲਮ ਨੂੰ ਕਾਨ ਫ਼ਿਲਮ ਸਮਾਰੋਹ ਦੇ ਮੁਕਾਬਲਾ ਵਰਗ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ ਹੋਵੇ। 1994 ਵਿਚ ਸ਼ਾਜੀ ਦੀ 'ਸਵਾਹਮ' ਮੁਕਾਬਲੇ ਦਾ ਹਿੱਸਾ ਬਣੀ ਸੀ, ਇਸ ਤੋਂ ਇਲਾਵਾ ਮਨੀਸ਼ ਝਾਅ ਦੀ ਫ਼ਿਲਮ 'ਅ ਵੈਰੀ ਵੈਰੀ ਸਾਈਲੈਂਟ ਫ਼ਿਲਮ', ਮੁਰਲੀ ਨਾਇਰ ਦੀ 'ਅਰਿਮਪਾਰਾ', ਵਿਨੋਦ ਗਣਾਤਰਾ ਦੀ 'ਹੇਡਾ ਹੋਡਾ' ਅਤੇ ਗੀਤਾਂਜਲੀ ਰਾਵ ਦੀ ਐਨੀਮੇਸ਼ਨ ਫ਼ਿਲਮ 'ਪ੍ਰਿੰਟੇਡ ਰੇਨਬੋ' ਨੂੰ ਇਸ ਸਮਾਰੋਹ ਵਿਚ ਇਨਾਮ ਤਾਂ ਨਹੀਂ ਮਿਲ ਸਕਿਆ ਪਰ ਸ਼ਲਾਘਾ ਜ਼ਰੂਰ ਮਿਲੀ।

ਹਾਲ ਹੀ ਵਿਚ ਇਨਾਮ ਜਿੱਤਣ ਵਾਲੀਆਂ ਫ਼ਿਲਮਾਂ ਵਿਚ ਮੁਰਲੀ ਨਾਇਰ ਦੀ 'ਮਰਾਨਾ ਸਿੰਹਾਸਨਮ' ਅਤੇ ਮੀਰਾ ਨਾਇਰ ਦੀ 'ਸਲਾਮ ਬੰਬੇ' ਸ਼ਾਮਲ ਹਨ। ਸਮੇਂ ਦੇ ਪਹੀਏ ਨੂੰ ਜੇਕਰ ਥੋੜ੍ਹਾ ਅਤੀਤ ਵੱਲ ਲੈ ਜਾਈਏ ਤਾਂ 1946 ਵਿਚ ਚੇਤਨ ਆਨੰਦ ਦੀ ਫ਼ਿਲਮ 'ਨੀਚਾ ਨਗਰ' ਨੇ ਇਸ ਸਮਾਰੋਹ ਵਿਚ ਗ੍ਰਾਂ ਪ੍ਰੀ ਪੁਰਸਕਾਰ ਜਿੱਤਿਆ ਸੀ। ਇਸ ਪੁਰਸਕਾਰ ਦੇ ਦਸ ਸਾਲ ਬਾਅਦ ਸਤਿਆਜੀਤ ਰੇਅ ਦੀ ਫ਼ਿਲਮ 'ਪਾਥੇਰ ਪੰਚਾਲੀ' ਨੂੰ ਸਭ ਤੋਂ ਵਧੀਆ ਹਿਊਮਨ ਡਾਕੂਮੈਂਟ ਪੁਰਸਕਾਰ ਮਿਲਿਆ।

## ਭਾਰਤੀ ਸਿਨੇਮਾ ਦੇ 100 ਸਾਲ

ਇਸੇ ਸਾਲ ਭਾਰਤੀ ਸਿਨੇਮਾ ਨੇ 100 ਸਾਲ ਪੂਰੇ ਕੀਤੇ ਹਨ। ਇਨ੍ਹਾਂ 100 ਸਾਲਾਂ ਦਾ ਜਸ਼ਨ ਕਾਨ ਫ਼ਿਲਮ ਸਮਾਰੋਹ ਵਿਚ ਵੀ ਮਨਾਇਆ ਗਿਆ ਪਰ 'ਨੀਚਾ ਨਗਰ' ਦੀ ਗੱਲ ਕਿਸੇ ਨੇ ਨਹੀਂ ਕੀਤੀ। ਇਸ ਫ਼ਿਲਮ ਵਿਚ ਅਦਾਕਾਰੀ ਕਰਨ ਵਾਲੀ ਕਾਮਿਨੀ ਕੌਸ਼ਲ ਮੰਨੀ ਬੈਠੀ ਸੀ ਕਿ ਸਮਾਰੋਹ ਤੋਂ ਉਸ ਨੂੰ ਸੱਦਾ ਆਵੇਗਾ ਪਰ ਅਜਿਹਾ ਨਹੀਂ ਹੋਇਆ। ਜ਼ਾਹਰ ਹੈ ਇਸ ਗੱਲ ਤੋਂ ਉਹ ਕਾਫ਼ੀ ਨਿਰਾਸ਼ ਸੀ। ਸਮਾਰੋਹ ਵਿਚ ਫ਼ਿਲਮਾਂ ਦੀ ਚੋਣ ਕਰਨ ਵਾਲੀ ਇਕ ਸਿਲੈਕਟਰ ਨੂੰ ਇਹ ਕਹਿੰਦੇ ਹੋਏ ਵੀ ਸੁਣਿਆ ਗਿਆ ਹੈ ਕਿ ਜਿਹੜੀਆਂ ਫ਼ਿਲਮਾਂ ਭਾਰਤ ਤੋਂ ਆਉਂਦੀਆਂ ਹਨ ਉਹ ਆਪਣੇ ਵਿਸ਼ੇ ਅਤੇ ਆਪਣੀ ਤਕਨੀਕ ਵਿਚ 30 ਸਾਲ ਪੁਰਾਣੀਆਂ ਹੁੰਦੀਆਂ ਹਨ। ਐਨਾ ਹੀ ਨਹੀਂ ਉਸ ਮੁਤਾਬਕ ਬਾਲੀਵੁੱਡ ਫ਼ਿਲਮਾਂ ਹਾਲੀਵੁੱਡ ਦੀ ਨਕਲ ਹੁੰਦੀਆਂ ਹਨ। ਇਸੇ ਲਈ ਵਿਦੇਸ਼ੀ ਦਰਸ਼ਕਾਂ ਨੂੰ ਲੁਭਾਉਣ ਵਿਚ ਇਹ ਅਸਫ਼ਲ ਰਹਿੰਦੀਆਂ ਹਨ। ਕ੍ਰਾਸ-ਓਵਰ ਸਿਨੇਮਾ ਦੇ ਨਾਮ 'ਤੇ ਭਾਰਤ ਵਿਚ ਭਾਵੇਂ ਕਿੰਨਾ ਹੀ ਹੋ-ਹੱਲਾ ਕਿਉਂ ਨਾ ਕਰ ਦਿੱਤਾ ਜਾਵੇ ਪਰ ਸੱਚ ਤਾਂ ਇਹ ਹੈ ਕਿ ਬਾਲੀਵੁੱਡ ਅਜੇ ਵੀ ਅਜਿਹੀਆਂ ਫ਼ਿਲਮਾਂ ਨਹੀਂ ਬਣਾ ਸਕਿਆ ਜੋ ਵਿਦੇਸ਼ਾਂ ਵਿਚ ਵਸੇ ਐਨ.ਆਰ.ਆਈਜ਼. ਦਰਸ਼ਕਾਂ ਤੋਂ ਇਲਾਵਾ ਕਿਸੇ ਹੋਰ ਨੂੰ ਖਿੱਚ ਸਕਣ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਭਾਰਤੀ ਫ਼ਿਲਮਕਾਰ ਚਾਹੁੰਦੇ ਹਨ ਕਿ ਉਹ ਆਸਕਰ ਜਿੱਤਣ ਅਤੇ ਫਿਰ ਕਾਨ ਮੁਕਾਬਲੇ ਵਿਚ ਹਿੱਸਾ ਲੈਣ। ਕਹਿਣ ਦਾ ਮਤਲਬ ਇਹ ਹੈ ਕਿ ਭਾਵੇਂ ਬਾਲੀਵੁੱਡ ਸਿਤਾਰੇ ਇਸ ਸਮਾਰੋਹ ਵਿਚ ਕਿੰਨਾ ਹੀ ਨੱਚ ਗਾ ਲੈਣ, ਕਿੰਨੀ ਹੀ ਵਾਰ ਰੈਡ ਕਾਰਪੇਟ 'ਤੇ ਪੋਜ਼ ਦੇ ਲੈਣ; ਇਸ ਗੱਲ ਦੀ ਖ਼ੁਸ਼ੀ ਮਨਾ ਲੈਣ ਕਿ ਉਨ੍ਹਾਂ ਨੇ ਕੁਝ ਕੌਮਾਂਤਰੀ ਲੋਕਾਂ ਨਾਲ ਪਛਾਣ ਬਣਾ ਲਈ ਹੈ, ਜਿਸ ਦਾ ਫ਼ਾਇਦਾ ਉਨ੍ਹਾਂ ਨੂੰ ਬਿਜ਼ਨਸ ਵਿਚ ਹੋਵੇਗਾ ਪਰ ਸੱਚ ਤਾਂ ਇਹ ਹੈ ਕਿ ਅਜੇ ਵੀ ਦਿੱਲੀ ਬਹੁਤ ਦੂਰ ਹੈ। ਹਾਂ ਮੈਂ ਇਹ ਜ਼ਰੂਰ ਮੰਨਦੀ ਹਾਂ ਕਿ ਕਾਨ ਵਿਚ ਦਿਖਾਈਆਂ ਜਾਣ ਵਾਲੀਆਂ ਭਾਰਤੀ ਫ਼ਿਲਮਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਇਸ ਸਾਲ ਅਮਿਤ ਕੁਮਾਰ ਦੀ 'ਮਾਨਸੂਨ ਸ਼ੂਟਆਊਟ' ਮੁਕਾਬਲੇ ਤੋਂ ਬਾਹਰ ਦਿਖਾਈ ਗਈ। 'ਬੰਬੇ ਟਾਕੀਜ਼' ਦੀ ਸਪੈਸ਼ਲ ਸਕਰੀਨਿੰਗ ਹੋਈ। ਅਨੁਰਾਗ ਕਸ਼ਯਪ ਦੀ 'ਅਗਲੀ' ਡਾਇਰੈਕਟਰ ਫ਼ੋਰਟਨਾਈਟ ਸੈਕਸ਼ਨ ਵਿਚ ਦਿਖਾਈ ਗਈ ਅਤੇ 'ਦ ਲੰਚਬਾਕਸ' ਨੂੰ ਇੰਟਰਨੈਸ਼ਨਲ ਕ੍ਰਿਟੀਕਸ ਵੀਕ ਵਿਚ ਦਿਖਾਇਆ ਗਿਆ।







## ਭਾਰਤੀ ਬਾਜ਼ਾਰ ਦੀ ਤਲਾਸ਼

ਹੋ ਸਕਦਾ ਹੈ ਕਿ ਕਾਨ ਫ਼ਿਲਮ ਸਮਾਰੋਹ ਵਿਚ ਦਿਖਾਈਆਂ ਜਾਣ ਵਾਲੀਆਂ ਫ਼ਿਲਮਾਂ ਨੂੰ ਕੁਝ ਕੌਮਾਂਤਰੀ ਖ਼ਰੀਦਦਾਰ ਮਿਲ ਜਾਣ ਪਰ ਸਿੱਕੇ ਦਾ ਇਕ ਪਹਿਲੂ ਇਹ ਵੀ ਹੈ ਕਿ ਵਿਦੇਸ਼ੀ ਖ਼ਰੀਦਦਾਰ ਵੀ ਆਪਣੀਆਂ ਫ਼ਿਲਮਾਂ ਲਈ ਭਾਰਤੀ ਬਾਜ਼ਾਰ ਤਲਾਸ਼ ਰਹੇ ਹਨ। ਇਹ ਵੀ ਹੋ ਸਕਦਾ ਹੈ ਕਿ ਕੁਝ ਲੋਕ ਚੰਗੇ ਭਾਰਤੀ ਕਲਾਕਾਰਾਂ ਵਿਚ ਦਿਲਚਸਪੀ ਰਖਦੇ ਹੋਣ। ਪਰ ਜਿਥੋਂ ਤਕ ਇਸ ਸਮਾਰੋਹ ਦੀ ਗੱਲ ਹੈ ਵਿਦੇਸ਼ੀ ਖ਼ਰੀਦਦਾਰਾਂ ਦੀ ਦਿਲਚਸਪੀ ਸਿਰਫ਼ ਚੰਗੀਆਂ ਫ਼ਿਲਮਾਂਮ ਵਿਚ ਹੁੰਦੀ ਹੈ ਅਤੇ ਭਾਰਤ ਤੋਂ ਆਉਣ ਵਾਲੀਆਂ ਅਜਿਹੀਆਂ ਫ਼ਿਲਮਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਭਾਰਤੀ ਫ਼ਿਲਮਕਾਰ ਕੌਮਾਂਤਰੀ ਬਾਜ਼ਾਰ ਨੂੰ ਭਰਮਾਉਣ ਦੀ ਕਿੰਨੀ ਹੀ ਕੋਸ਼ਿਸ਼ ਕਿਉਂ ਨਾ ਕਰ ਲੈਣ; ਸੱਚ ਤਾਂ ਇਹੀ ਹੈ ਕਿ ਉਨ੍ਹਾਂ ਤੋਂ ਅਜਿਹਾ ਹੋ ਨਹੀਂ ਰਿਹਾ। ਇਹ ਸਮਾਰੋਹ ਇਕ ਬਹੁਤ ਹੀ ਮਹਿੰਗੀ ਛੁੱਟੀ ਸਾਬਤ ਹੋ ਸਕਦਾ ਹੈ ਜਾਂ ਫ਼ਿਰ ਲੋਕਾਂ ਨਾਲ ਸੰਪਰਕ ਬਣਾਉਣ ਦਾ ਇਕ ਮੌਕਾ। ਪਰ ਅਸਲ ਮਜ਼ਾ ਤਾਂ ਉਦੋਂ ਆਵੇਗਾ ਜਦੋਂ ਕੋਈ ਭਾਰਤੀ ਫ਼ਿਲਮ ਇਸ ਸਮਾਰੋਹ ਦੇ ਮੁਕਾਬਲਾ ਵਰਗ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋਵੇਗੀ। ਉਦੋਂ ਰੈਡ ਕਾਰਪੇਟ 'ਤੇ ਖੜੇ ਹੋ ਕੇ ਦੁਨੀਆ ਨੂੰ ਇਹ ਦੱਸਣ ਵਿਚ ਮਜ਼ਾ ਆਵੇਗਾ ਕਿ ਭਾਰਤੀ ਫ਼ਿਲਮਾਂ ਵਿਚ ਵੀ ਦਮ ਹੈ ਪਰ ਜਦੋਂ ਤਕ ਅਜਿਹਾ ਨਹੀਂ ਹੁੰਦਾ ਉਦੋਂ ਤਕ ਇਹ ਸਭ ਤਮਾਸ਼ਾ ਹੈ।




# ਆਬ ਦੇ ਨਿਸ਼ਾਨ 'ਚ ਚੇਤਨਾ ਦੇ ਮੰਥਨ

ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreetsingh.media@gmail.com



ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭਿ ਕੋਇ
ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਫ਼ਾ 472, ਪੰਕਤੀ 14

ਕਹਿੰਦੇ ਨੇ ਸੁਫ਼ਨੇ ਦਾ ਡਰਾਉਣਾ ਜ਼ਿੰਦਗੀ ਦੇ ਅਸਲ ਦਾ ਡਰ ਹੁੰਦਾ ਹੈ। ਉਸ ਡਰ 'ਚੋਂ ਜੇ ਅਸੀ ਗੰਭੀਰਤਾ ਦੇ ਨਿਸ਼ਾਨ ਲੱਭਦੇ ਹੋਏ ਆਪਣੀ ਜ਼ਿੰਦਗੀ 'ਚ ਪੇਸ਼ ਹੋ ਰਹੀ ਤ੍ਰਾਸਦੀ ਖ਼ਿਲਾਫ਼ ਇੱਕ ਜੁਟ ਹੋਈਏ ਤਾਂ ਹੀ ਕੁਝ ਵਾਜਬ ਹੈ। ਸੁਫਨੇ ਅੰਦਰ ਤੁਰਦਾ ਹੋਇਆ ਇਹ ਖ਼ੌਫ਼ ਸਾਡੇ ਅੱਜ ਦਾ ਸੱਚ ਹੈ। ਅਜਿਹੇ ਬਹੁਤ ਸਾਰੇ ਖ਼ੌਫ਼ ਹੋ ਸਕਦੇ ਹਨ ਜੋ ਵਿਅਕਤੀਗਤ ਰੂਪ 'ਚ ਵੱਖੋ ਵੱਖਰੇ ਹੋ ਸਕਦੇ ਹਨ ਪਰ ਆਉਣ ਵਾਲੇ ਸਮੇਂ 'ਚ ਸਾਫ ਪਾਣੀਆਂ ਦੀ ਸਮੱਸਿਆ ਅਤੇ ਕੁਦਰਤ ਨਾਲ ਛੇੜਛਾੜ ਸਾਡੇ ਲਈ ਨਵੀਂ ਤ੍ਰਾਸਦੀ ਨੂੰ ਜਨਮ ਦੇਵੇਗੀ। ਇਹਨਾਂ ਸਾਰੇ ਪਹਿਲੂਆਂ ਨੂੰ ਮਨਦੀਪ ਸਿੰਘ ਔਜਲਾ ਦੀ ਛੋਟੀ ਫ਼ਿਲਮ 'ਆਬ' ਬਹੁਤ ਸੁੱਚਜੇ ਢੰਗ ਨਾਲ ਪੇਸ਼ ਕਰਦੀ ਹੈ। ਪਰ ਉਸ ਤੋਂ ਪਹਿਲਾਂ ਮੈਂ ਇੱਕ ਪਹਿਲੂ ਹੋਰ ਪੇਸ਼ ਕਰਨਾ ਚਾਹੁੰਦਾ ਹਾਂ ਜੋ ਸੁਰਜੀਤ ਪਾਤਰ ਹੁਰਾਂ ਦੀ ਕਥਨੀ ਤੋਂ ਸਮਝਿਆ ਜਾ ਸਕਦਾ ਹੈ।

ਸੁਰਜੀਤ ਪਾਤਰ ਹੁਰਾਂ ਨੇ ਮੈਨੂੰ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਮਨੁੱਖ 95 ਫੀਸਦੀ ਕੁਦਰਤ ਹੈ 5 ਫੀਸਦੀ ਸੱਭਿਆਚਾਰ ਭਾਵ ਕਿ ਮਨੁੱਖ ਅੰਦਰ ਜ਼ਿਆਦਾ ਪਾਣੀ ਹੈ ਅਤੇ ਉਹ ਕੁਦਰਤ ਦੀ ਬਰਕਤ ਹੈ ਉਸ ਤੋਂ ਬਾਅਦ ਉਹ ਉਹ ਹੈ ਜੋ ਉਸ ਦੀ ਰੂਪ ਰੇਖਾ ਸੱਭਿਆਚਾਰ ਤੈਅ ਕਰਦਾ ਹੈ। ਇਸੇ ਕਰਕੇ ਮੇਰੇ ਜ਼ਿਆਦਾ ਕਿਤਾਬਾਂ ਦੇ ਸਿਰਲੇਖ ਕੁਦਰਤ ਅਤੇ ਸੱਭਿਆਚਾਰ ਤੇ ਆਪਸੀ ਰਿਸ਼ਤੇ ਦੀ ਹੋਂਦ ਚੋਂ ਇਤਿਫਾਕੀਆ ਬਣਦੇ ਗਏ। ਜਿਵੇਂ ਕਿ 'ਬਿਰਖ ਅਰਜ਼ ਕਰੇ, ਹਵਾ ਵਿੱਚ ਲਿਖੇ ਹਰਫ਼, ਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ, ਸੁਰਜ਼ਮੀਨ ਆਦਿ। ਸੁਰਜੀਤ ਪਾਤਰ ਮੁਤਾਬਕ ਸੱਭਿਆਚਾਰਕ ਸ਼ਬਦਾਵਲੀ ਅੰਦਰ ਘੜੇ ਗਏ ਨਵੇਂ ਪਦਾਰਥਕ ਸ਼ਬਦਾਂ ਨੇ ਕੁਦਰਤ ਅਤੇ ਸੱਭਿਆਚਾਰ ਵਿਚਲੀ ਸੰਧੀ ਨੂੰ ਪ੍ਰਭਾਵਤ ਕੀਤਾ ਹੈ।

ਇਸੇ ਤਰ੍ਹਾਂ ਮਨਦੀਪ ਸਿੰਘ ਔਜਲਾ ਵੀ ਆਪਣੀ ਫ਼ਿਲਮ ਦਾ ਅਧਾਰ ਦੁਬਾਰਾ ਉਸ ਮੁਹਾਨੇ ਤੋਂ ਮਹਿਸੂਸ ਕਰਾਉਂਦੇ ਹੋਏ ਇਸ਼ਾਰਾ ਕਰਦੇ ਹਨ ਕਿ ਸੱਭਿਆਚਾਰ ਅੰਦਰ ਗੁਰਮਤਿ ਫਲਸਫ਼ੇ ਦਾ ਕਿਹਾ 'ਪਹਿਲਾਂ ਪਾਣੀ ਜੀਉ ਹੈ' ਦੇ ਮਾਇਨੇ ਅਸੀ ਗਵਾਉਂਦੇ ਜਾ ਰਹੇ ਹਾਂ। ਮਨਦੀਪ ਔਜਲਾ ਮਨੋਵਿਗਿਆਨਕ ਸਮਝ ਨੂੰ ਬਹੁਤ ਖੂਬਸੂਰਤ ਬਿਆਨਦਾ ਹੈ। ਇਸੇ ਕਰਕੇ ਇਹ ਫ਼ਿਲਮ ਕਪਿਊਟਰੀ ਐਨੀਮੇਸ਼ਨ ਨਾਲ ਕਹਿਣ ਕਰਕੇ ਵਧੇਰੇ ਪ੍ਰਭਾਵਸ਼ਾਲੀ ਜਾਪਦੀ ਹੈ ਕਿਉਂ ਕਿ ਸਾਰੀ ਫ਼ਿਲਮ ਇੱਕ ਸੁਫ਼ਨੇ ਨੂੰ ਬਿਆਨ ਕਰ ਰਹੀ ਹੈ ਅਤੇ ਸੁਫ਼ਨੇ ਅੰਦਰਲੇ ਦ੍ਰਿਸ਼ ਕੁਝ ਇਸੇ ਤਰ੍ਹਾਂ ਬੇਤਰਤੀਬੇ ਅਤੇ ਘੱਟ ਸਪੱਸ਼ਟ ਹੁੰਦੇ ਹਨ। ਕਹਾਣੀ ਸਿੱਧੀ ਸਾਦੀ ਹੈ ਪਰ ਇਸ ਕਹਾਣੀ ਦੇ ਪ੍ਰਤੀਕ ਬਹੁਤ ਅਰਥਪੂਰਨ ਹਨ। ਸੰਸਾਰ ਉਸ ਦੌਰ 'ਚ ਹੈ ਜਦੋਂ ਕੁਝ ਕੁ ਮਨੁੱਖ ਜਾਤੀ ਅਤੇ ਜੀਵ ਜੰਤੂ ਬਚੇ ਹੋਏ ਹਨ। ਇਸ ਦੌਰਾਨ ਤਮਾਮ ਕਾਇਨਾਤ 'ਚ ਪਾਣੀ ਦੀ ਸਾਂਝ ਕਿਹੋ ਜਿਹੀ ਹੈ ਅਤੇ ਇਸ ਦੇ ਦੂਸ਼ਿਤ ਹੋਣ ਦਾ ਪ੍ਰਭਾਵ ਸਮੁੱਚੇ ਰੂਪ 'ਚ ਕਿੰਝ ਪੈ ਰਿਹਾ ਹੈ; ਇਸ ਨੂੰ ਕਹਿਣ ਦਾ ਢੰਗ ਵੀ ਪਾਣੀ ਦੀਆਂ ਲਹਿਰਾਂ ਵਰਗਾ ਹੀ ਹੈ। ਜਿਵੇਂ ਕੀੜੇ ਦੇ ਪਾਣੀ ਪੀਣ ਤੋਂ ਬਾਅਦ ਮੌਤ, ਫਿਰ ਇੱਕ ਮੱਖੀ ਦਾ ਪਾਣੀ ਪੀਕੇ ਮਰਨਾ ਅਤੇ ਫਿਰ ਆਬ(ਫ਼ਿਲਮ ਵਿਚਲਾ ਕਿਰਦਾਰ) ਦਾ ਪਾਣੀ ਪੀ ਕੇ ਮਰਨਾ ਅਤੇ ਉਸ ਤੋਂ ਬਾਅਦ ਨੀਰ(ਅਮਰ ਨੂਰੀ) ਅਤੇ ਉਹਦੇ ਪਿਤਾ(ਜਸਬੀਰ ਜੱਸੀ) ਦਾ ਅਫਸੋਸ ਕਰਦੇ ਹੋਏ ਮੰਥਨ ਕਰਨਾ ਤੇ ਅਖੀਰ ਸੁਫ਼ਨੇ 'ਚੋਂ ਜਾਗਣਾ ਇਹ ਪਾਣੀ ਦੇ ਉਸੇ ਵੇਗ ਦੀ ਤਰ੍ਹਾਂ ਹੀ ਬਿਆਨ ਕੀਤਾ ਗਿਆ ਹੈ ਜਿਸ ਤਰ੍ਹਾਂ ਦਰਿਆਵਾਂ 'ਚ ਹੁੰਦਾ ਹੈ। ਪਾਣੀ ਦੀ ਸਮੁੱਚੀ ਗੱਲ ਕਰਨ ਤੋਂ ਪਹਿਲਾਂ ਇਹ ਵੀ ਦੱਸਣਾ ਬਣਦਾ ਹੈ ਕਿ ਪੂਰੇ ਸੰਸਾਰ 'ਚ ਬਹੁਮਤ ਉਹਨਾਂ ਦੇਸ਼ਾਂ ਦਾ ਹੈ ਜਿੱਥੇ ਵਾਤਾਵਰਨ ਦੇ ਮੁੱਦੇ ਕਦੀ ਵੀ ਚੁਣਾਵੀ ਮੁੱਦੇ ਨਹੀਂ ਬਣਦੇ। ਇੱਕ ਖੋਜ ਮੁਤਾਬਕ ਹਜ਼ਾਰਾਂ ਲੋਕਾਂ ਨੂੰ ਜਦੋਂ ਪਿਛਲੇ ਦੱਸ ਸਾਲਾਂ ਦੌਰਾਨ ਵਾਤਾਵਰਨ 'ਤੇ ਲਿਖੇ ਲੇਖ ਵੱਖ ਵੱਖ ਅਖ਼ਬਾਰਾਂ ਚੋਂ ਪੜ੍ਹਾਏ ਗਏ ਤਾਂ ਬਾਅਦ 'ਚ ਉਹਨਾਂ ਦੀ ਰਾਏ ਸੀ ਕਿ ਇਹ ਮੁੱਦਾ ਗੰਭੀਰ ਨਹੀਂ ਹੈ। ਜਿਵੇਂ ਕਿ ਪਿੰਡਾਂ 'ਚ ਅਸੀ ਦੇਖਦੇ ਹਾਂ ਕਿ ਪਾਣੀ ਵਾਲੀਆਂ ਟੈਂਕੀਆਂ ਭਰ ਜਾਂਦੀ ਹਨ ਤਾਂ ਵੀ ਅਸੀ ਮੋਟਰ ਦੇਰ ਨਾਲ ਬੰਦ ਕਰਦੇ ਹਾਂ ਅਜਿਹੀਆਂ ਛੋਟੀਆਂ ਛੋਟੀਆਂ ਅਣਗਹਿਲੀਆਂ 'ਚ ਅਸੀਂ ਪਾਣੀ ਦੀ ਦੁਰਵਰਤੋਂ ਕਰਦੇ ਹਾਂ ਅਤੇ ਅਜਾਈਂ ਪਾਣੀ ਨੂੰ ਗਵਾਉਂਦੇ ਹਾਂ। ਵਾਤਾਵਰਨ ਨਾਲ ਸਬੰਧਤ 1974 ਦਾ ਐਕਟ ਵੀ ਸਾਡੇ ਲਈ ਗੰਭੀਰ ਨਹੀਂ। ਤਮਾਮ ਲੈਦਰ ਕੰਪਲੈਕਸ ਸਨਅਤ ਅਤੇ ਹੋਰ ਅਦਾਰੇ ਸ਼ਰੇਆਮ ਨਿਯਮਾਂ ਨੂੰ ਅਣਗੋਲਿਆਂ ਕਰਦੇ ਹਨ। ਇਸ ਬਾਰੇ ਅਸਲ ਅਤੇ ਨਾਟਕੀ ਬਿੰਬ ਕਿੰਝ ਸੰਸਾਰ 'ਚ ਵਾਪਰ ਰਿਹਾ ਹੈ; ਅਮੋਲ ਪਾਲੇਕਰ ਦੀ ਫ਼ਿਲਮ 'ਥੋੜ੍ਹਾ ਰੂਮਾਨੀ ਹੋ ਜਾਏਂ" ਦਾ ਇੱਕ ਸੰਵਾਦ ਇਸ ਨੁਕਤੇ ਨੂੰ ਬਹੁਤ ਖੂਬਸੂਰਤ ਬਿਆਨ ਕਰਦਾ ਹੈ। ਇਸ ਫ਼ਿਲਮ 'ਚ ਇਸ ਸੰਵਾਦ ਹੈ ਕਿ ਜਿਹਨੂੰ ਇੱਕ ਕਿਰਦਾਰ ਕੁਝ ਇੰਝ ਬਿਆਨ ਕਰਦਾ ਹੈ। ਆਦਮੀ ਕਹਿੰਦਾ ਹੈ ਕਿ ਅਕਾਲ ਹੈ ਤੇ ਮੈਂ ਮੀਂਹ ਲਿਆਵਾਂਗਾ ਪੰਜ ਹਜ਼ਾਰ ਰੁਪਏ 'ਚ ਉਹੀ ਬਾਰਿਸ਼ ਜਿਹੜੀ ਅੰਬਰਾਂ ਚੋਂ ਆਉਂਦੀ ਏ, ਕਿਣ ਮਿਣ 'ਚ ਗਾਉਂਦੀ ਏ, ਪਹਾੜਾਂ ਤੋਂ ਫਿਸਲਦੀ ਏ,ਨਦੀਆਂ 'ਚ ਚਲਦੀ ਹੈ। ਨਹਿਰਾਂ 'ਚ ਮਚਲਦੀ ਹੈ, ਖੂਹਾਂ ਖੱਡਿਆਂ 'ਚ ਮਿਲਦੀ ਹੈ। ਛੱਤਾਂ 'ਤੇ ਗਿਰਦੀ ਹੈ ਗਲੀਆਂ 'ਚ ਫਿਰਦੀ ਹੈ। ਮੋੜ 'ਤੇ ਸੰਭਲਦੀ ਹੈ ਫਿਰ ਅੱਗੇ ਨਿਕਲਦੀ ਹੈ। ਉਹੀ ਮੀਂਹ....ਇਹ ਮੀਂਹ ਅਕਸਰ ਗਿਲਾ ਹੁੰਦਾ ਏ। ਇਹਨੂੰ ਪਾਣੀ ਵੀ ਕਹਿੰਦੇ ਹਨ। ਉਰਦੂ 'ਚ ਆਬ, ਮਰਾਠੀ 'ਚ ਪਾਨੀ, ਤਮਿਲ 'ਚ ਤੱਨੀ, ਕੰਨੜ 'ਚ ਨੀਰ ਅਤੇ ਬੰਗਾਲੀ 'ਚ ਜੌਲ ਵੀ ਕਹਿੰਦੇ ਨੇ....ਸੰਸਕ੍ਰਿਤ 'ਚ ਜਿਹਨੂੰ ਵਾਰੀ, ਨੀਰ, ਜੀਵਨ, ਅੰਮ੍ਰਿਤ, ਉਦ ਤੇ ਅੰਬੂ ਵੀ ਕਹਿੰਦੇ ਹਨ। ਗ੍ਰੀਕ 'ਚ ਇਹਨੂੰ ਐਕਵਾਪਿਊਰਾ, ਅੰਗਰੇਜ਼ੀ 'ਚ ਵਾਟਰ, ਫ੍ਰੈਂਚ 'ਚ ਔਰ ਅਤੇ ਰਸਾਇਣ ਸ਼ਾਸ਼ਤਰ 'ਚ ਇਹਨੂੰ ਐੱਚ ਟੂ ਓ ਵੀ ਕਹਿੰਦੇ ਹਨ। ਇਹ ਪਾਣੀ ਜਦੋਂ ਅੱਖ ਚੋਂ ਵਹਿੰਦਾ ਹੈ ਤਾਂ ਹੰਝੂ ਕਹਾਉਂਦਾ ਹੈ ਜਦੋਂ ਚਿਹਰੇ 'ਤੇ ਛਾ ਜਾਵੇ ਤਾਂ ਰੌਬਾਬ ਬਣ ਜਾਂਦਾ ਹੈ। ਕੋਈ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ ਅਤੇ ਕਦੀ ਕਦੀ ਇਹ ਪਾਣੀ ਸਰਕਾਰੀ ਫਾਈਲਾਂ 'ਚ ਆਪਣੇ ਖੂਹ ਸਣੇ ਚੋਰੀ ਹੋ ਜਾਂਦਾ ਹੈ। ਪਾਣੀ ਤਾਂ ਪਾਣੀ ਹੈ, ਪਾਣੀ ਤਾਂ ਜ਼ਿੰਦਗਾਨੀ ਹੈ। ਇਸ ਲਈ ਜਦੋਂ ਰੂਹ ਦੀ ਨਦੀ ਸੁੱਕੀ ਹੋਵੇ ਤੇ ਮਨ ਦਾ ਹਿਰਨ ਪਿਆਸਾ ਹੋਵੇ ਤੇ ਦਿਮਾਗ 'ਚ ਲੱਗੀ ਹੋਵੇ ਅੱਗ ਅਤੇ ਪਿਆਰ ਦੀ ਗਾਗਰ ਖਾਲੀ ਹੋਵੇ ਉਦੋਂ ਮੈਂ ਹਮੇਸ਼ਾ ਬਾਰਿਸ਼ ਨਾਮ ਦਾ ਗਿੱਲੇ ਪਾਣੀ ਦੀ ਸਿਫਾਰਸ਼ ਕਰਦਾ ਹਾਂ। ਮੇਰੀ ਮੰਨੋਂ ਤਾਂ ਇਹ ਬਾਰਿਸ਼ ਖਰੀਦੋ, ਸਸਤੀ ਸੁੰਦਰ, ਟਿਕਾਊ ਬਾਰਿਸ਼ ਸਿਰਫ ਪੰਜ ਹਜ਼ਾਰ ਰੁਪਏ 'ਚ....ਇਸ ਤੋਂ ਘੱਟ ਰੇਟ 'ਤੇ ਜੇ ਕੋਈ ਤੁਹਾਨੂੰ ਦੇਵੇ ਤਾਂ ਚੋਰ ਦੀ ਸਜ਼ਾ ਹੋਵੇ। ਤੁਹਾਡੀ ਜੁਤੀ ਮੇਰੇ ਸਿਰ 'ਤੇ.....ਮੇਰੀ ਤੇ ਸਿਰਫ ਮੇਰੀ ਬਾਰਿਸ਼ ਖਰੀਦੋ...!

ਸੋ ਇਸੇ ਅੰਦਾਜ਼ ਬਾਰੇ ਮਨਦੀਪ ਵਿਅੰਗ 'ਚ ਨਾ ਜਾ ਕੇ ਇਹਨੂੰ ਸਹਿਮ ਦੇ ਵਿੱਚੋਂ ਸਮਝਾਉਂਦੇ ਹਨ। ਜਜ਼ਬਾਤ ਦੀ ਬੁਣਕਰ ਵੀ ਅਜਿਹੀ ਹੈ ਕਿ ਲੋਕਾਂ ਕੋਲ ਪਾਣੀ ਦੀ ਘਾਟ ਹੈ ਸਾਫ ਪਾਣੀ ਨਹੀਂ ਹੈ ਅਤੇ ਇਸ ਕੀਮਤੀ ਨਾਮ ਨੂੰ ਉਹ ਆਪਣੇ ਨਾਮ ਵਜੋਂ ਵਰਤ ਰਹੇ ਹੁੰਦੇ ਹਨ। ਜਿਵੇਂ ਕਿ ਫ਼ਿਲਮ ਵਿਚਲੇ ਕਿਰਦਾਰਾਂ ਦੇ ਨਾਮ ਆਬ ਅਤੇ ਨੀਰ ਹੈ। ਸੋ ਮੈਂ ਇਸ ਫ਼ਿਲਮ ਰਾਹੀਂ ਇਹ ਵੀ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਤਮਾਮ ਬਜ਼ਾਰ 'ਚ ਕੁਦਰਤ ਅਤੇ ਪਦਾਰਥਵਾਦੀ ਬਨਾਮ ਜੋ ਸੰਵਾਦ ਚੱਲ ਰਿਹਾ ਹੈ ਉਸ 'ਚ ਹਾਲਾਤ ਕਲਾ ਰਾਹੀਂ ਚਰਚਾ 'ਚ ਲਿਆਂਦੇ ਜਾਣ ਤਾਂ ਕੁਝ ਸਾਰਥਕਤਾ ਦੀ ਉਮੀਦ ਵੱਧ ਜਾਂਦੀ ਹੈ। ਅਨਵਰ ਜਮਾਲ ਆਪਣੀ ਫ਼ਿਲਮ ਸਵਰਾਜ-ਦੀ ਲਿਟਿਲ ਰਪਬਲਿਕ, ਵਿਜੈ ਆਨੰਦ ਦੀ ਫ਼ਿਲਮ ਗਾਈਡ, ਮਨੋਜ ਕੁਮਾਰ ਦੀ ਸ਼ੋਰ, ਆਸ਼ੂਤੋਸ਼ ਗੋਵਾਰੀਕਰ ਦੀ ਲਗਾਨ, ਅਮੋਲ ਦੀ ਥੋੜ੍ਹਾ ਰੂਮਾਨੀ ਹੋ ਜਾਏਂ ਜਾਂ ਇੰਡੀਅਨ ਓਸ਼ਨ ਬੈਂਡ ਦਾ ਗੀਤ ਮਾਂ ਰੇਵਾ ਇਹ ਸਾਰੇ ਵੱਖਰੇ ਵੱਖਰੇ ਕੋਣ ਦੇ ਇਸ਼ਾਰੇ ਨੇ ਪਰ ਪਾਣੀ ਦੀ ਕਹਾਣੀ ਨੂੰ ਆਪਣੇ ਮਿਜਾਜ਼ ਮੁਤਾਬਕ ਮਹਿਸੂਸਦੇ ਹਨ। ਅਜਿਹੇ 'ਚ ਇੱਕ ਪੱਖ ਇਹ ਹੈ ਕਿ ਪ੍ਰਸ਼ਾਸ਼ਨ ਕੀ ਕਰਦਾ ਹੈ ਸਰਕਾਰ ਕੀ ਕਰਦੀ ਹੈ ਜਿਸ ਬਾਰੇ ਪ੍ਰਸਿੱਧ ਦਸਤਾਵੇਜ਼ੀ ਫ਼ਿਲਮ 'ਐਨ ਇਨਕਨਵੀਨਅਟ ਟਰੁੱਥ' ਇਸ਼ਾਰਾ ਕਰਦੀ ਹੈ ਅਤੇ ਐਪਟਨ ਸਿਨਕਲੇਅਰ ਵਰਗੇ ਚਿੰਤਕ ਦੀ ਕਹੀ ਗੱਲ ਨੂੰ ਕਹਿੰਦੀ ਉਸ ਸਿਸਟਮ ਦੇ ਕੰਮ ਕਰਨ ਦੇ ਸੁਭਾਅ ਨੂੰ ਬਿਆਨ ਕਰਦੀ ਹੈ। ਸਿਨਕਲੇਅਰ ਕਹਿੰਦਾ ਹੈ ਕਿ ਜਦੋਂ ਕੋਈ ਅਧਿਕਾਰੀ ਤੁਹਾਡੀ ਕਹੀ ਗੱਲ 'ਤੇ ਗੰਭੀਰ ਹੁੰਦਾ ਉਹਨੂੰ ਨਹੀਂ ਸਮਝ ਰਿਹਾ ਤਾਂ ਯਾਦ ਰੱਖੋ ਉਹਨੂੰ ਤਨਖ਼ਾਹ ਹੀ ਨਾ ਸਹਿਮਤ ਹੋਣ ਲਈ ਦਿੱਤੀ ਜਾਂਦੀ ਹੈ। ਦੂਜਾ ਪੱਖ ਇਹ ਹੈ ਕਿ ਅਸੀ ਖੁਦ ਜ਼ਿੰਮੇਵਾਰੀ ਕਿਵੇਂ ਲਈਏ ਅਤੇ ਪਾਣੀ ਦੀ ਬੇਹਤਰੀ ਲਈ ਕੀ ਕਰੀਏ। ਇਹਨਾਂ ਸਾਰੀਆਂ ਗੱਲਾਂ ਵੱਲ ਮਨਦੀਪ ਸਿੰਘ ਔਜਲਾ ਦੀ ਫ਼ਿਲਮ 'ਆਬ' ਬਹੁਤ ਛੋਟੇ ਪਰ ਸਾਰਥਕ ਕੈਨਵਸ ਨਾਲ ਵਾਜਬ ਗੱਲ ਕਰਦੀ ਹੈ। ਸਰਦੂਲ ਸਿੰਕਦਰ ਦਾ ਗਾਇਆ ਪਹਿਲਾਂ ਪਾਣੀ ਜੀਉ ਹੈ ਇੱਕ ਪੁਕਾਰ ਹੈ। ਜਜ਼ਬਾਤ ਬਹੁਤ ਸਾਰੇ ਹਨ ਪਰ ਫ਼ਿਲਮ ਨੂੰ ਵੇਖਕੇ ਕੁਝ ਗੱਲਾਂ ਖੁਦ ਸੋਚੋ...ਕਿਉਂ ਕਿ ਇਹ ਸਾਂਝਾ ਮਸਲਾ ਹੈ। ਅਖੀਰ 'ਤੇ ਜਗਤਾਰ ਦੀਆਂ ਕਹੀਆਂ ਕੁਝ ਸਤਰਾਂ ਨਾਲ ਮਨੁੱਖੀ ਸੁਭਾਅ ਦੇ ਬੇਮੁੱਖ ਹੋਏ ਵਰਤਾਰੇ ਨੂੰ ਬਿਆਨ ਕਰ ਰਿਹਾ ਹਾਂ..ਇਹ ਜ਼ਰੂਰ ਸਾਨੂੰ ਆਪਣਾ ਅੰਦਰ ਟਟੋਲਨ ਦਾ ਇਸ਼ਾਰਾ ਕਰਦੀਆਂ ਹਨ ।

ਪਰ ਤਾਂ ਲੈ ਆਇਆ ਸਜਾਵਟ ਦੇ ਲਈ, ਤਾਂ ਸੀ ਕਮਾਲ
ਦਰਦ ਵੀ ਪੰਛੀ ਦਾ ਲੈਂ ਆਉਂਦਾ ਪਰਾਂ ਦੇ ਨਾਲ ਨਾਲ।

ਹੈ ਉਡ ਉਡ ਮਿਲਕੇ ਪੁੱਛਦੀ ਰੇਤ ਹਰ ਆਉਂਦੇ ਮੁਸਾਫਿਰ ਨੂੰ
ਚੁਰਾ ਕੇ ਲੈ ਗਿਆ ਕਿਹੜਾ ਜੋ ਇੱਥੇ ਸੀ ਨਦੀ ਵਹਿੰਦੀ।

ਪਰਿੰਦੇ ਬਸਤੀਆਂ ਛੱਡ ਕੇ ਤੁਰ ਜਾਂਦੇ ਨੇ ਜੰਗਲ ਨੂੰ
ਜਦੋਂ ਦੇ ਲੋਕ ਰੱਖਣ ਲੱਗ ਪਏ ਨੇ ਪਰ ਕਿਤਾਬਾਂ ਵਿੱਚ।



Royal

Royal Executive Homes

TOWN HOUSES IN WILDWOOD

HURRY ONLY 3 LEFT



Available from 1232 sq ft. to 1589 sq ft. with attached Single and Double Garage. Starting price: $ ~~309,900~~

PRICE REDUCED

Now only $289,900

- Excellent Location
- Close to all Amenities
- Transit Access
- Affordable Prices
- Future Rec Center
- Close to white Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen




SHOW HOME OPEN NOW

For Show Home Hours:
Contact 780-965-7390

Wild Wood TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com



Jessy Parihar



Ranjit Deol

Call Sales Contact :
Roohi@ 780-905-6970 OR
Kul Bhatia @ 780-266-5500

SOHAIL QUADRI, MLA

EDMONTON - MILL WOODS



# WISHING YOU A HAPPY 146th CANADA DAY!

Committees and Councils the MLA is a member of:

- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807-34 Ave Edmonton AB, T6E 5X9 – 780-414-1000
edmonton.millwoods@assembly.ab.ca



BRIDGEPORT HOMES LTD.

BEST PRICES IN TOWN
WE ASSURE BEATING MARKET PRICE

Spical Offer $350000.00 only

Now New Homes in wildwood crs (South Edmonton)
loaded with Upgrades & Ready to Move

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718